**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@LOW COST
Call Sukhi Gill:510-207-9067
CA DRE Lic.#01180969
Jassi Gill
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 31, July 30, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਤੰਬਰ ਵਿਚ!

## ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਸਤੰਬਰ ਵਿਚ ਕਰਵਾਉਣ ਲਈ ਰਾਹ ਖੁੱਲ੍ਹ ਗਿਆ ਹੈ। ਇਸ ਸਬੰਧੀ ਕੇਂਦਰ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਹਰੀ ਝੰਡੀ ਦਿਖਾ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਇਹ ਸਤੰਬਰ ਦੇ ਕਿਸੇ ਵੀ ਐਤਵਾਰ ਚੋਣਾਂ ਕਰਾਉਣ ਦੇ ਪੱਖ ਵਿਚ ਹੈ। ਇਸ ਨੇ ਕਮਿਸ਼ਨ ਨੂੰ ਸਤੰਬਰ ਮਹੀਨੇ ਦੀ ਕੋਈ ਢੁਕਵੀਂ ਤਾਰੀਖ ਸੁਝਾਉਣ ਲਈ ਕਿਹਾ ਹੈ। ਇਸ ਤੋਂ ਤੁਰੰਤ ਬਾਅਦ ਚੋਣਾਂ ਬਾਰੇ ਨੋਟੀਫਿਕੇਸ਼ਨ ਜਾਰੀ ਹੋ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਕਮਿਸ਼ਨ ਵੱਲੋਂ ਚੋਣਾਂ 11 ਸਤੰਬਰ ਨੂੰ ਕਰਵਾਉਣ ਲਈ ਕਹਿ ਦਿੱਤਾ ਗਿਆ ਹੈ।

ਚੇਤੇ ਰਹੇ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਕਰਵਾਉਣ ਲਈ ਪਿਛਲੇ ਕੁਝ ਸਮੇਂ ਤੋਂ ਜੰਗੀ ਪੱਧਰ 'ਤੇ ਯਤਨ ਕਰ ਰਿਹਾ ਸੀ। ਆਗੂਆਂ ਦਾ ਮੰਨਣਾ ਸੀ ਕਿ ਜੇ ਸ਼੍ਰੋਮਣੀ ਕਮੇਟੀ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋ ਜਾਣ ਤਾਂ ਵਿਧਾਨ ਸਭਾ ਚੋਣਾਂ ਵਿਚ ਵੱਡੇ ਸਿਆਸੀ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ। ਪੰਜਾਬ ਕਾਂਗਰਸ ਇਸ ਯਤਨ ਵਿਚ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਕਿਸੇ ਨਾ ਕਿਸੇ ਢੰਗ-ਤਰੀਕੇ ਫਰਵਰੀ ਤੱਕ ਟਾਲੀਆਂ ਜਾਣ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਦਾ ਫਾਇਦਾ ਵਿਧਾਨ ਸਭਾ ਚੋਣਾਂ ਵਿਚ ਲੈਣ ਤੋਂ ਦੂਰ ਹੀ ਰੱਖਿਆ ਜਾਵੇ ਪਰ ਕੇਂਦਰ ਦੀ ਨਵੀਂ ਸਰਗਰਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ ਕਿਉਂਕਿ ਚੋਣਾਂ ਦੇ ਐਲਾਨ ਨਾਲ ਹੀ ਚੋਣ ਜ਼ਾਬਤਾ ਲਾਗੂ ਹੋ ਜਾਣਾ ਹੈ। ਇਨ੍ਹਾਂ ਚੋਣਾਂ ਤੋਂ ਬਾਅਦ ਵਿਧਾਨ ਸਭਾ ਚੋਣਾਂ ਵਾਲਾ ਜ਼ਾਬਤਾ ਲਾਗੂ ਜੋ ਜਾਵੇਗਾ। ਇਉਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਗ੍ਰਾਂਟਾਂ ਵੰਡਣ ਦਾ ਕੰਮ ਹੁਣ ਵਿਚਾਲੇ ਹੀ ਰਹਿ ਗਿਆ ਹੈ। ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈਆਂ ਸਾਰੀਆਂ ਲੋਕ-ਲੁਭਾਊ ਸਕੀਮਾਂ ਧਰੀਆਂ-ਧਰਾਈਆਂ ਰਹਿ ਗਈਆਂ ਹਨ।

ਗੁਰਦੁਆਰਾ ਚੋਣ ਕਮਿਸ਼ਨ ਦੇ ਮੁਖੀ ਜਸਟਿਸ ਹਰਫੂਲ ਸਿੰਘ ਬਰਾੜ ਨੇ ਕਿਹਾ ਕਿ ਚੋਣਾਂ ਲਈ ਸਾਰੀਆਂ ਤਿਆਰੀਆਂ ਮੁਕੰਮਲ ਹਨ। ਉਹ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਕਮਿਸ਼ਨਰਾਂ ਨਾਲ ਮੀਟਿੰਗਾਂ ਕਰਕੇ ਵੱਖ-ਵੱਖ ਪੱਖਾਂ ਦੀ ਪੜਚੋਲ ਕਰ ਰਹੇ ਹਨ। ਉਚ-ਪੱਧਰੀ ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਵੱਲੋਂ ਕਮਿਸ਼ਨ ਨੂੰ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਕੇਂਦਰ 4, 11 ਜਾਂ 18 (ਐਤਵਾਰ ਵਾਲੇ ਦਿਨ) ਸਤੰਬਰ ਨੂੰ ਚੋਣਾਂ ਕਰਾਉਣਾ ਚਾਹੁੰਦਾ ਹੈ। ਇਨ੍ਹਾਂ ਤਿੰਨਾਂ ਸੂਬਿਆਂ ਅਤੇ ਕੇਂਦਰ ਸ਼ਾਸਤ ਚੰਡੀਗੜ੍ਹ ਦੇ ਕਮਿਸ਼ਨਰਾਂ ਦੀ ਮੀਟਿੰਗ 26 ਜੁਲਾਈ ਨੂੰ ਕੀਤੀ ਗਈ ਅਤੇ ਇਸ ਬਾਰੇ ਵਿਚਾਰਾਂ ਕੀਤੀਆਂ ਗਈਆਂ। ਸਾਰੇ ਰਾਜਾਂ ਵਿਚ ਇਕੋ ਦਿਨ ਗੁਰਦੁਆਰਾ ਚੋਣਾਂ ਹੋਣਗੀਆਂ। ਇਸ ਗੱਲ 'ਤੇ ਵੀ ਵਿਚਾਰ-ਚਰਚਾ ਕੀਤੀ ਗਈ ਕਿ ਹਰਿਆਣਾ 'ਚ ਗੁਰਦੁਆਰਾ ਚੋਣਾਂ, ਹਿਸਾਰ ਜ਼ਿਮਨੀ ਚੋਣ ਨਾਲ ਟਕਰਾ ਸਕਦੀਆਂ ਹਨ।




*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਪਹਿਲੇ ਸੈਸ਼ਨ ਦਾ ਉਦਘਾਟਨ ਕਰਦੇ ਹੋਏ।*

# ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦਾ ਵੀ.ਸੀ. ਗੁਰਸਿੱਖ ਨੂੰ ਲਾਉਣਾ ਜ਼ਰੂਰੀ ਨਹੀਂ:ਬਾਦਲ

## ਬਾਦਲ ਨੇ ਛੇੜਿਆ ਨਵਾਂ ਵਿਵਾਦ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਉਦਘਾਟਨ ਕਰਦਿਆਂ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਵਾਂ ਵਿਵਾਦ ਛੇੜ ਲਿਆ ਹੈ। ਸਿੱਖੀ ਬਾਰੇ ਖੋਜ ਅਤੇ ਅਧਿਐਨ ਲਈ ਸ਼ੁਰੂ ਕੀਤੀ ਗਈ ਇਸ ਯੂਨੀਵਰਸਿਟੀ ਦੇ ਉਦਘਾਟਨੀ ਸਮਾਰੋਹ ਤੋਂ ਬਾਅਦ ਪੱਤਰਕਾਰਾਂ ਨਾਲ ਗੁਫਤਗੂ ਦੌਰਾਨ ਸ. ਬਾਦਲ ਨੇ ਕਹਿ ਦਿੱਤਾ ਕਿ ਯੂਨੀਵਰਸਿਟੀ ਦਾ ਵੀ.ਸੀ. ਕਿਸੇ ਗੁਰਸਿੱਖ ਨੂੰ ਲਾਉਣਾ ਜ਼ਰੂਰੀ ਨਹੀਂ ਹੈ। ਬਾਦਲ ਦੇ ਇਸ ਬਿਆਨ ਦੀ ਪੰਥਕ ਜਥੇਬੰਦੀਆਂ ਨੇ ਤਿੱਖੀ ਨੁਕਤੀਚੀਨੀ ਕੀਤੀ ਹੈ। ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ 'ਤੇ ਬਣਾਈ ਗਈ ਯੂਨੀਵਰਸਿਟੀ ਦਾ ਉਪ ਕੁਲਪਤੀ ਨਾ ਸਿਰਫ ਗੁਰਸਿੱਖ ਸਗੋਂ ਅੰਮ੍ਰਿਤਧਾਰੀ ਵੀ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ 25 ਜੁਲਾਈ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਨੂੰ ਸਮੁੱਚੀ ਮਾਨਵਤਾ ਨੂੰ ਸਮਰਪਿਤ ਕੀਤਾ। ਸਮਾਗਮ ਤੋਂ ਬਾਅਦ ਯੂਨੀਵਰਸਿਟੀ ਦਾ ਉਪ ਕੁਲਪਤੀ ਕਿਸੇ ਗੁਰਸਿੱਖ ਵਿਅਕਤੀ ਨੂੰ ਨਾ ਲਾਏ ਜਾਣ ਬਾਰੇ ਜਾਰੀ ਚਰਚਾ ਸਬੰਧੀ ਯੂਨੀਵਰਸਿਟੀ ਦੇ ਬਾਨੀ ਉਪ ਕੁਲਪਤੀ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਜਥੇਬੰਦੀਆਂ ਦਾ ਇਕ-ਨੁਕਾਤੀ ਪ੍ਰੋਗਰਾਮ ਆਲੋਚਨਾ ਕਰਕੇ ਲੋਕਾਂ ਨੂੰ ਗੁੰਮਰਾਹ ਕਰਨਾ ਹੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਉਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਵੀ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਨੇ ਰੱਖਿਆ ਸੀ। ਜਿਨ੍ਹਾਂ ਵਲੋਂ ਹੁਣ ਬੇਵਜ੍ਹਾ ਅਲੋਚਨਾ ਕੀਤੀ ਜਾ ਰਹੀ ਹੈ, ਉਨ੍ਹਾਂ ਨੂੰ ਸਪਸ਼ਟ ਹੋਣਾ ਚਾਹੀਦਾ

*(ਬਾਕੀ ਸਫਾ 6 'ਤੇ)*

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੈਟਰਿੰਗ ਦੇ ਬਾਦਸ਼ਾਹ
**Raja SWEETS & CATERING**
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com


HealthyBody Healthy Mind!
Sikh Sports Association of U.S.A.
(a non-profit organisation)
presents
ਪੰਜਵੀਆਂ ਸਾਲਾਨਾ ਖੇਡਾਂ
"OPEN TO ALL COMMUNITIES"
5th Annual Games
30-31 JULY 2011
KABADDI & SOCCER IS SPONSORED BY
Northern California Sports Club
Golf
Badmindton
Soccer
Volleyball
Basketball
Lawn Tennis
Wrestling
Kabaddi
Track & Field
Field Hockey
JAMES LOGAN HIGH SCHOOL
1800 H STREET UNION CITY, CA 94587
Sikh Sports Association of USA
ਕਬੱਡੀ ਅਤੇ ਸਾਕਰ ਨੂੰ ਸਪਾਂਸਰ ਨੌਰਦਨ ਕੈਲੀਫੋਰਨੀਆਂ ਸਪੋਰਟਸ ਕਲੱਬ (ਯੂਨਿਅਨ ਸਿਟੀ) ਵੱਲੋਂ ਕੀਤਾ ਜਾ ਰਿਹਾ ਹੈ।
ਕੈਲੀਫੋਰਨੀਆਂ ਦੀਆਂ ਇੱਕੋ ਇੱਕ ਸਲਾਨਾ ਖੇਡਾਂ ਜਿੱਥੇ 1350 ਤੋਂ ਵੱਧ ਖਿਡਾਰੀ ਹਰੇਕ ਸਾਲ ਭਾਗ ਲੈਂਦੇ ਹਨ।
To advertise in our souvenir, set up a booth or banner ad, please call
Ph: (866) 499.0032.
Come and enjoy the biggest sports event of the year with your family
FOR REGISTRATION VISIT WWW.SIKHSPORTS.COM
Donations: Sikh Sports 4430 Deer Field Way, Danville, CA 94506
Sikh Sports Association of USA is a non-profit organization

# ਪੰਜਾਬੀ ਨੌਜਵਾਨ ਦਾ ਕੈਨੇਡਾ ਵਿਚ ਕਤਲ

**ਗੁਰਦਾਸਪੁਰ:** ਇਥੋਂ ਨੇੜਲੇ ਬਲਾਕ ਡੇਰਾ ਬਾਬਾ ਨਾਨਕ ਦੇ ਪਿੰਡ ਅਰਲੀਭੰਨ ਦੇ ਨੌਜਵਾਨ ਦਾ ਕੈਨੇਡਾ ਦੇ ਸ਼ਹਿਰ ਕੈਲਗਰੀ ਵਿਚ ਕਥਿਤ ਤੌਰ 'ਤੇ ਇਕ ਵਿਦੇਸ਼ੀ ਔਰਤ ਵੱਲੋਂ ਕਤਲ ਕਰਵਾ ਦਿੱਤਾ ਗਿਆ। ਇਹ ਦੋਸ਼ ਮ੍ਰਿਤਕ ਦੇ ਭਰਾ ਤੇ ਪਿੰਡ ਅਰਲੀਭੰਨ ਦੇ ਸਰਪੰਚ ਜਥੇਦਾਰ ਬਲਵੰਤ ਸਿੰਘ ਨੇ ਲਾਏ ਹਨ। ਉਸ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਗੁਰਵਿੰਦਰ ਸਿੰਘ (49) ਆਪਣੇ ਵਿਆਹ ਤੋਂ ਕੁਝ ਸਮਾਂ ਬਾਅਦ ਰੋਜ਼ੀ ਰੋਟੀ ਕਮਾਉਣ ਲਈ ਕੈਨੇਡਾ ਚਲਾ ਗਿਆ ਸੀ ਜੋ ਕੁਝ ਕਾਨੂੰਨੀ ਅੜਚਣਾਂ ਕਾਰਨ ਮੁੜ ਵਤਨ ਨਹੀਂ ਪਰਤ ਸਕਿਆ। ਉਸ ਨੇ ਦੱਸਿਆ ਕਿ ਵਿਦੇਸ਼ 'ਚ ਪੱਕੇ ਹੋਣ ਲਈ ਉਸ ਦੇ ਭਰਾ ਨੇ ਫਿਲਪੀਨੀ ਔਰਤ ਨਾਲ ਕੋਰਟ ਮੈਰਿਜ ਕੀਤੀ ਹੋਈ ਸੀ ਜਿਸ ਦੇ ਦੋ ਹੋਰ ਬੱਚੇ ਸਨ। ਉਸ ਨੇ ਦੱਸਿਆ ਕਿ ਉਸ ਦੇ ਭਰਾ ਨੇ ਕੁਝ ਦਿਨ ਪਹਿਲਾਂ ਫੋਨ ਕੀਤਾ ਸੀ ਕਿ ਉਕਤ ਔਰਤ ਨੇ ਉਸ ਦੇ ਤਕਰੀਬਨ 18 ਹਜ਼ਾਰ ਡਾਲਰ ਹੇਰਾਫੇਰੀ ਨਾਲ ਹਥਿਆ ਲਏ ਸਨ। ਬੀਤੇ ਸ਼ੁੱਕਰਵਾਰ ਉਸ ਦਾ ਭਰਾ ਗੁਰਵਿੰਦਰ ਸਿੰਘ ਤੇ ਉਸ ਦਾ ਇਕ ਸਾਥੀ ਉਕਤ ਔਰਤ ਦੇ ਘਰ ਗਿਆ ਤੇ ਉਥੇ ਉਸ ਔਰਤ ਦੇ ਇਕ ਭਣੇਵੇਂ ਤੇ ਉਸ ਦੇ ਹੋਰ ਸਾਥੀਆਂ ਨੇ ਗੁਰਵਿੰਦਰ ਸਿੰਘ ਤੇ ਉਸ ਦੇ ਸਾਥੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਦੋਵਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਹਸਪਤਾਲ ਵਿਚ ਉਸ ਦੀ ਮੌਤ ਹੋ ਗਈ।


M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ





ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



Vista CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business






We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com






$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013

# ਸੌਣ ਦਾ ਮਹੀਨਾ, ਵੇ ਤੂੰ ਆਇਆ ਗੱਡੀ ਜੋੜ ਕੇ...

**ਸੈਕਰਾਮੈਂਟੋ (ਰਾਜਾ):** "ਸੌਣ ਦਾ ਮਹੀਨਾ, ਵੇ ਤੂੰ ਆਇਆ ਗੱਡੀ ਜੋੜ ਕੇ, ਅਸਾਂ ਨਹੀਂ ਜਾਣਾ ਸਹੁਰੇ, ਲੈ ਜਾ ਗੱਡੀ ਮੋੜ ਕੇ" ਇਕ ਬੀਬੀ ਨੇ ਬੋਲੀ ਚੁੱਕੀ ਤਾਂ ਝੱਟ ਹੀ ਦੂਜੀਆਂ ਨੇ ਇਸ ਦਾ ਸਿਰਾ ਫੜ੍ਹ ਕੇ ਇਕ ਪਿਛੋਂ ਇਕ ਬੋਲੀਆਂ ਦੀ ਝੜੀ ਲਾ ਦਿੱਤੀ। ਬਾਹਰ ਗਰਮੀ ਵੀ ਬਥੇਰੀ ਸੀ, ਮਹੀਨਾ ਵੀ ਸੌਣ ਦਾ ਸੀ ਪਰ ਇਹ ਨਜ਼ਾਰਾ ਭਲੇ ਵੇਲਿਆਂ ਦੇ ਪੰਜਾਬ ਦੇ ਕਿਸੇ ਪਿੰਡ ਵਿਚ ਬੋਹੜ ਦੀ ਛਾਂ ਹੇਠ ਜੰਮੇ ਗਿੱਧੇ ਦੇ ਪਿੜ ਦਾ ਨਹੀਂ ਸੀ ਸਗੋਂ ਇਥੇ ਰੋਜ਼ਵਿਲ ਟਾਊਨ ਦੇ ਫੇਅਰ ਗਰਾਊਂਡ ਦਾ ਸੀ। ਰੰਗ-ਬਰੰਗੀਆਂ ਪੁਸ਼ਾਕਾਂ-ਸੂਟਾਂ ਅਤੇ ਘੱਗਰੀਆਂ-ਓੜਨਿਆਂ ਵਿਚ ਸਜੀਆਂ ਬੀਬੀਆਂ ਪੰਜਾਬ ਦੇ ਉਨ੍ਹਾਂ ਪੁਰਾਣੇ ਵੇਲਿਆਂ ਦਾ ਨਜ਼ਾਰਾ ਬੰਨ੍ਹਣ ਦੀ ਕੋਸ਼ਿਸ਼ ਕਰ ਰਹੀਆਂ ਸਨ ਜਦੋਂ ਸੌਣ ਮਹੀਨੇ ਪੇਕੀਂ ਆਈਆਂ ਵਿਆਹੀਆਂ ਅਤੇ ਕੁਆਰੀਆਂ ਕੁੜੀਆਂ ਗਿੱਧੇ ਦਾ ਪਿੜ ਬੰਨ੍ਹਿਆ ਕਰਦੀਆਂ ਸਨ।

ਤੀਆਂ ਦਾ ਉਹ ਪੁਰਾਣਾ ਤਾਂ ਸੰਕਲਪ ਹੀ ਨਹੀਂ ਰਿਹਾ ਜਦੋਂ ਇਹ ਆਪ ਮੁਹਾਰੇ ਹੋਇਆ ਕਰਦੀਆਂ ਸਨ ਅਤੇ ਇਨ੍ਹਾਂ ਨੂੰ ਮੇਲਾ ਨਹੀਂ ਸਗੋਂ ਤੀਆਂ ਤੀਜ ਦੀਆਂ ਕਿਹਾ ਜਾਂਦਾ ਸੀ। ਹੁਣ ਤਾਂ ਗੁਆਚੇ ਸਭਿਆਚਾਰ ਦੇ ਹੇਰਵੇ ਵਜੋਂ ਇਕ ਯਤਨ ਜਿਹਾ ਜ਼ਰੂਰ ਕੀਤਾ ਜਾਂਦਾ ਪੁਰਾਣੇ ਵੇਲਿਆਂ ਨੂੰ ਚੇਤੇ ਕਰਨ ਦਾ। ਇਹ ਵੀ ਦਿਲਚਸਪ ਗੱਲ ਹੈ ਕਿ ਬਾਹਰ ਅਮਰੀਕਾ, ਕੈਨੇਡਾ ਵਿਚ ਤੀਆਂ ਵਿਸਾਖ ਮਹੀਨੇ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ ਅਤੇ ਫਿਰ ਮੱਘਰ ਤੱਕ ਚੱਲੀ ਜਾਂਦੀਆਂ ਹਨ। ਬਹੁਤੀਆਂ ਬੀਬੀਆਂ ਨੂੰ ਤਾਂ ਸ਼ਾਇਦ ਦੇਸੀ ਮਹੀਨਿਆਂ ਦੇ ਨਾਂ ਵੀ ਨਾ ਚੇਤੇ ਹੋਣ।

ਰੋਜ਼ਵਿਲ 'ਚ ਵੈਸੇ ਤਾਂ ਹਰ ਸਾਲ ਹੀ ਇਹ ਤੀਆਂ ਦਾ ਮੇਲਾ ਇਸੇ ਸਥਾਨ 'ਤੇ ਲੱਗਦਾ ਹੈ ਪਰ ਇਸ ਵਾਰ ਇਸ ਦਾ ਨਜ਼ਾਰਾ ਕੁਝ ਵੱਖਰਾ ਹੀ ਸੀ। ਬੀਬੀਆਂ ਦਾ ਇਕੱਠ ਇੰਨਾ ਭਾਰੀ ਸੀ ਕਿ ਕੁਰਸੀਆਂ ਵੀ ਘੱਟ ਪੈ ਗਈਆਂ। ਕਈਆਂ ਨੂੰ ਭੁੰਜੇ ਬੈਠ ਕੇ ਜਾਂ ਖੜ੍ਹੇ ਹੋ ਕੇ ਇਸ ਮੇਲੇ ਦਾ ਅਨੰਦ ਮਾਣਨਾ ਪਿਆ। ਸਟੇਜ ਨੂੰ ਪੁਰਾਣੇ ਪੰਜਾਬ ਦੇ ਸਭਿਆਚਾਰ ਦੀ ਝਲਕ ਦੇਣ ਲਈ ਚਰਖੇ, ਮਧਾਣੀਆਂ, ਪੱਖੀਆਂ, ਬਾਗ ਅਤੇ ਫੁਲਕਾਰੀਆਂ ਨਾਲ ਸ਼ਿੰਗਾਰਿਆ ਗਿਆ ਸੀ।

ਮੇਲੇ ਦਾ ਅਰੰਭ ਮੁਟਿਆਰਾਂ ਵਲੋਂ ਪੇਸ਼ ਕੀਤੇ ਗਏ ਪੰਜਾਬੀ ਲੋਕ ਨਾਚ ਨਾਲ ਹੋਇਆ ਅਤੇ ਇਸ ਪਿਛੋਂ ਰਵਾਇਤੀ ਪਹਿਰਾਵੇ ਤੇ ਸ਼ਿੰਗਾਰ ਵਿਚ ਸਜੀਆਂ ਬੀਬੀਆਂ ਨੇ ਤ੍ਰਿੰਜਣ ਦੇ ਥੀਮ 'ਤੇ ਗਿੱਧੇ ਦਾ ਪਿੜ ਬੰਨ੍ਹਿਆ। ਇਹ ਗਿੱਧਾ ਆਪਣੇ ਆਪ ਵਿਚ ਇਕ ਵੱਖਰਾ ਹੀ ਨਜ਼ਾਰਾ ਸੀ ਅਤੇ ਕੁਝ ਦਰਸ਼ਕਾਂ ਦਾ ਖਿਆਲ ਸੀ ਕਿ ਇਸ ਨੂੰ ਲਫਜ਼ਾਂ 'ਚ ਬੰਨ੍ਹਣਾ ਮੁਸ਼ਕਿਲ ਹੈ। ਤ੍ਰਿੰਜਣ ਦਾ ਪੂਰਾ ਮਾਹੌਲ ਸਿਰਜਿਆ ਗਿਆ ਸੀ। ਤ੍ਰਿੰਜਣ ਤੋਂ ਬਾਅਦ ਲੋਕ ਗੀਤ ਪੇਸ਼ ਹੋਏ। ਇਨ੍ਹਾਂ ਗੀਤਾਂ ਨੇ ਅੱਜ ਤੋਂ ਪੰਜਾਹ ਸਾਲ ਪਹਿਲਾਂ ਦੇ ਵੇਲਿਆਂ ਨੂੰ ਚੇਤੇ ਕਰਾ ਦਿੱਤਾ। "ਕੋਠੇ 'ਤੇ ਸਪੀਕਰ ਲਾਈ ਰੱਖਦਾ" ਗੀਤ ਉਤੇ ਮਰਦ ਅਤੇ ਔਰਤ ਦੇ ਰੂਪ ਵਿਚ ਨ੍ਰਿਤ ਪੇਸ਼ ਕਰਕੇ ਬੀਬੀਆਂ ਨੇ ਚੰਗਾ ਰੰਗ ਬੰਨ੍ਹਿਆ। "ਸਹੇਲੀਆਂ" ਥੀਮ 'ਤੇ ਗਿੱਧਾ ਵੀ ਵਧੀਆ ਰਿਹਾ। ਪ੍ਰੋਗਰਾਮ ਦੇ ਅਖੀਰ 'ਤੇ "ਰੋਜ਼ਵਿਲ ਦਾ ਗਿੱਧਾ" ਪੇਸ਼ ਹੋਇਆ ਅਤੇ ਇਸ ਮੇਲੇ ਦੀ ਖਾਸ ਪੇਸ਼ਕਾਰੀ ਹੋ ਨਿਬੜਿਆ। ਇਸ ਗਿੱਧੇ ਵਿਚ ਇਕ ਪਿਛੋਂ ਇਕ ਕੁਆਰੀਆਂ, ਸਜ ਵਿਆਹੀਆਂ ਅਤੇ ਹੰਢੀਆਂ-ਵਰਤੀਆਂ ਸੁਆਣੀਆਂ ਨੇ ਬੋਲੀਆਂ ਪਾ ਕੇ ਆਪਣੇ ਮਨ ਦੀਆਂ ਪੂਰੀਆਂ ਰੀਝਾਂ ਪੂਰੀਆਂ ਕੀਤੀਆਂ।

ਨਵੀਆਂ ਕੁੜੀਆਂ-ਚਿੜੀਆਂ ਦੇ ਰੁਝਾਨ ਨੂੰ ਮੁੱਖ ਰੱਖ ਕੇ ਮੇਲੇ ਦੇ ਅਖੀਰ ਵਿਚ ਓਪਨ ਡਾਂਸ ਦਾ ਵੀ ਪ੍ਰਬੰਧ ਸੀ ਜਿਸ ਵਿਚ ਇਕ ਪਿਛੋਂ ਇਕ ਬੀਟ ਵਾਲੇ ਗੀਤਾਂ ਉਤੇ ਬੀਬੀਆਂ ਨੇ ਹੁਲਾਰੇ ਲੈ ਲੈ ਖੂਬ ਅੱਡੀ ਖੜਕਾਈ। ਇਸ ਮੌਕੇ ਭਾਂਤ ਸੁਭਾਂਤੀ ਖਰੀਦਦਾਰੀ-ਜਿਊਲਰੀ, ਮੇਕਅਪ, ਸੂਟਾਂ ਅਤੇ ਸਜਾਵਟੀ ਵਸਤਾਂ ਦੇ ਸਟਾਲ ਵੀ ਲੱਗੇ ਹੋਏ ਸਨ ਜਿਥੋਂ ਸ਼ੌਕੀਨਾਂ ਨੇ ਭਰਵੀਂ ਖਰੀਦਦਾਰੀ ਕੀਤੀ ਅਤੇ ਫਿਰ ਮੇਲਾ ਅਗਲੇ ਸਾਲ ਮੁੜ ਇਕੱਠੇ ਹੋਣ ਦੇ ਵਾਅਦੇ ਨਾਲ ਖਿੰਡ ਗਿਆ।







## ਇੰਗਲੈਂਡ ਦੇ ਕਬੱਡੀ ਪ੍ਰੇਮੀਆਂ ਵਲੋਂ ਮਾਣਕ ਪਰਿਵਾਰ ਦੀ ਮਾਲੀ ਮਦਦ

**ਸਿਆਟਲ (ਬਿਊਰੋ):** ਕਲੀਆਂ ਦੇ ਬਾਦਸ਼ਾਹ ਕਰਕੇ ਜਾਣੇ ਜਾਂਦੇ ਲੋਕ ਗਾਇਕ ਕੁਲਦੀਪ ਮਾਣਕ ਦੇ ਪਰਿਵਾਰ ਉਪਰ ਦੁਖਾਂ ਦੇ ਹੜ ਆਉਣ 'ਤੇ ਨਾਮੀ ਕਬੱਡੀ ਪ੍ਰੋਮੋਟਰ ਚੰਨਾ ਆਮਲਗੀਰ ਦੀ ਅਪੀਲ 'ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਹੁਦੇਦਾਰਾਂ ਨੇ ਮਾਣਕ ਪਰਿਵਾਰ ਨੂੰ 2 ਹਜ਼ਾਰ ਪੌਂਡ ਦੀ ਫੌਰੀ ਮਦਦ ਭੇਜ ਦਿੱਤੀ ਹੈ।

ਫੈਡਰੇਸ਼ਨ ਦੇ ਪ੍ਰਧਾਨ ਭਜੀ ਖੀਰਾਂਵਾਲੀ, ਸ਼ੀਰਾ ਸੰਮੀ, ਮਾਨੀ ਗਾਖਲ, ਮੇਜਰ ਗਾਖਲ, ਸਵਰਨਾ ਸੌਂਸਪੁਰ, ਛਿੰਦੀ ਏਵਨ ਦੀ ਹਿੰਮਤ ਸਦਕਾ ਇਹ ਸਹਾਇਤਾ ਇਕੱਤਰ ਹੋ ਸਕੀ। ਉਘੇ ਕਬੱਡੀ ਕੁਮੈਂਟੇਟਰ ਰਵਿੰਦਰ ਕੋਛੜ ਤੋਂ ਬਿਨਾ ਕਬੱਡੀ ਪ੍ਰੇਮੀਆਂ ਭਿੰਦਾ ਮਠਡਾ, ਸੰਤੋਖ ਢੇਸੀ, ਕਲੇਰ ਅਤੇ ਮਨਪ੍ਰੀਤ ਬਧਣੀ ਨੇ ਮਾਣਕ ਪਰਿਵਾਰ ਲਈ ਇਹ ਰਕਮ ਇਕੱਠੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਸ੍ਰੀ ਚੰਨਾ ਆਲਮਗੀਰ ਦੀ ਇਹ ਅਪੀਲ ਲੰਡਨ ਤੋਂ ਨਿਕਲਦੇ ਪੰਜਾਬੀ ਅਖਬਾਰ ਦੇਸ-ਪਰਦੇਸ ਵਿਚ ਛਪੀ ਸੀ। ਅਖਬਾਰ ਨੇ ਵੀ ਇਸ ਮਾਮਲੇ ਵਿਚ ਮਦਦ ਕੀਤੀ। ਇਸੇ ਦੌਰਾਨ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੀ ਮਾਣਕ ਦੀ ਮਦਦ ਉਤੇ ਉਤਰ ਆਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੁਧਿਆਣਾ ਦੇ ਡੀ ਸੀ ਨੂੰ ਸਾਰੀ ਰਿਪੋਰਟ ਤਿਆਰ ਕਰਨ ਲਈ ਆਖਿਆ ਹੈ। ਚੰਨਾ ਆਲਮਗੀਰ ਨੇ ਸਮੂਹ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ੁਭ ਚਿੰਤਕਾਂ ਦੀਆਂ ਦੁਆਵਾਂ ਸਦਕਾ ਮਾਣਕ ਦੀ ਸਿਹਤ ਪਹਿਲਾਂ ਦੇ ਮੁਕਾਬਲੇ ਸੁਧਰ ਰਹੀ ਹੈ। ਹੋਰ ਜਾਣਕਾਰੀ ਲਈ ਚੰਨਾ ਆਲਮਗੀਰ ਨਾਲ ਫੋਨ 206-478-7744 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


**Restaurant For Sale**

**Elegant Indian Restaurant for sale in Indianapolis, Indiana**

**High Traffic Area *Good Customer Base*
**Plenty of Parking *Been Open Since 1993*
**Beer/Wine License *55 Seat*

ਇੰਡੀਅਨਐਪੋਲਿਸ (ਇੰਡੀਆਨਾ) 'ਚ ਵਧੀਆ ਚਲਦਾ
ਇੰਡੀਅਨ ਰੈਸਟੋਰੈਂਟ ਵਿਕਾਊ ਹੈ
> 55 ਬੰਦਿਆਂ ਦੇ ਬੈਠਣ ਲਈ ਟੇਬਲ
> ਬੀਅਰ ਅਤੇ ਵਾਈਨ ਦਾ ਲਾਇਸੈਂਸ
>ਵਧੀਆ ਪਾਰਕਿੰਗ >1993 ਤੋਂ ਵਧੀਆ

**Call (317) 513-8510**


# ਬਰਨਾਲਾ ਪੰਜਾਬ ਦਾ ਸਭ ਤੋਂ ਵੱਡਾ ਗਦਾਰ: ਬਾਦਲ

**ਨਾਭਾ (ਪੰਜਾਬ ਟਾਈਮਜ਼ ਬਿਊਰੋ:** ਆਪਣੇ ਨਵੇਂ ਪੈਦਾ ਹੋਏ ਸਿਆਸੀ ਸ਼ਰੀਕ ਖ਼ਿਲਾਫ਼ ਖੁੱਲ੍ਹ ਕੇ ਭੜਾਸ ਕੱਢਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਬਕਾ ਮੁੱਖ ਮੰਤਰੀ ਤੇ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੂੰ ਪੰਜਾਬ ਦਾ ਸਭ ਤੋਂ ਵੱਡਾ ਗੱਦਾਰ ਗਰਦਾਨਦਿਆਂ ਕਿਹਾ ਕਿ ਬਰਨਾਲਾ ਨੇ ਹਮੇਸ਼ਾਂ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਰਾਜ ਦੇ ਲੋਕਾਂ ਦੇ ਹਿੱਤਾਂ ਨੂੰ ਗਿਰਵੀ ਰੱਖ ਕੇ ਪੰਜਾਬ ਦਾ ਵੱਡਾ ਨੁਕਸਾਨ ਕੀਤਾ ਹੈ ਜਿਸ ਨੂੰ ਕਦੇ ਪੂਰਿਆ ਨਹੀਂ ਜਾ ਸਕਦਾ। ਸ. ਬਾਦਲ ਨੇ 26 ਜੁਲਾਈ ਨੂੰ ਨਾਭਾ ਵਿਖੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਕਿਹਾ ਕਿ ਭਾਵੇਂ ਰਾਜੀਵ-ਲੌਂਗੋਵਾਲ ਸਮਝੌਤਾ ਸੀ ਜਾਂ ਪੰਜਾਬ ਦੇ ਪਾਣੀਆਂ ਬਾਰੇ ਹੋਈ ਸੰਧੀ ਪਰ ਸ. ਬਰਨਾਲਾ ਨੇ ਹਮੇਸ਼ਾ ਕੇਂਦਰ ਵਿਚਲੀ ਕਾਂਗਰਸ ਸਰਕਾਰ ਦੀ ਕਠਪੁਤਲੀ ਬਣ ਕੇ ਦੋਗਲੀ ਭੂਮਿਕਾ ਅਦਾ ਕੀਤੀ ਹੈ।

ਸ. ਬਾਦਲ ਨੇ ਵਿਰੋਧੀਆਂ ਵੱਲੋਂ ਆਪਣੇ 'ਤੇ ਲਾਏ ਜਾ ਰਹੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ 24 ਜੁਲਾਈ, 1985 ਨੂੰ ਹੋਇਆ ਰਾਜੀਵ-ਲੌਂਗੋਵਾਲ ਸਮਝੌਤਾ ਪੰਜਾਬ ਦੇ ਹਿੱਤ ਵਿਚ ਨਹੀਂ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕੇਂਦਰ ਵੱਲੋਂ ਰਚੀਆਂ ਗਈਆਂ ਸਾਜਿਸ਼ਾਂ ਬਾਰੇ ਸੁਚੇਤ ਕੀਤਾ ਸੀ ਪਰ ਸ. ਬਰਨਾਲਾ ਨੇ ਮੁੱਖ ਮੰਤਰੀ ਦੀ ਕੁਰਸੀ ਦੇ ਲਾਲਚ ਵਿਚ ਕਾਂਗਰਸ ਦੇ ਹੱਥਾਂ ਵਿਚ ਖੇਡ ਕੇ ਸੰਤ ਲੌਂਗੋਵਾਲ ਨੂੰ ਗੁੰਮਰਾਹ ਕਰਕੇ ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਦਸਤਖ਼ਤ ਕਰਵਾ ਦਿੱਤੇ ਸਨ। ਸ. ਬਾਦਲ ਨੇ ਦੋਸ਼ ਲਾਇਆ ਕਿ ਸ. ਬਰਨਾਲਾ ਨੇ ਆਪਣੀ ਮੁੱਖ ਮੰਤਰੀ ਦੀ ਕੁਰਸੀ ਬਚਾਉਣ ਲਈ ਕਾਨੂੰਨੀ ਮਾਹਿਰਾਂ ਦੀ ਸਲਾਹ ਦੇ ਉਲਟ ਪੰਜਾਬ ਦੇ ਪਾਣੀਆਂ ਬਾਰੇ ਇਰਾਡੀ ਟ੍ਰਿਬਿਊਨਲ ਦੀ ਸਥਾਪਨਾ ਕਰਵਾ ਕੇ ਵੱਡਾ ਧਰੋਹ ਕਮਾਇਆ ਸੀ।

ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਸ. ਬਰਨਾਲਾ ਨੇ ਆਪਣੀ ਪਾਰਟੀ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਕਾਂਗਰਸ ਕੋਲੋਂ ਆਪਣੇ ਰਾਜਪਾਲ ਦੇ ਅਹੁਦੇ ਦੀ ਮਿਆਦ ਵਿਚ ਵਾਧਾ ਕਿਵੇਂ ਕਰਵਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਸ. ਬਰਨਾਲਾ ਦੀਆਂ ਇਹ ਸਰਗਰਮੀਆਂ ਉਨ੍ਹਾਂ ਦਾ ਪੰਜਾਬ ਵਿਰੋਧੀ ਚਿਹਰਾ ਬੇਨਕਾਬ ਕਰਦੀਆਂ ਹਨ।


**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: **773-416-8526**
or 773-935-VISA, SagarATM@yahoo.com




**www.GoldCoastATM.com**



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**
**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

**Law Offices Of Jaspreet Singh**

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

# ਪੰਜਾਬ ਦੀ ਸਿਆਸਤ ਵਿਚ ਬਰਨਾਲਾ ਧੜਾ ਸਰਗਰਮ

## ਬਾਦਲ ਵਿਰੋਧੀ ਧੜਿਆਂ ਵੱਲੋਂ ਗੱਠਜੋੜ ਬਣਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸੀਨੀਅਰ ਅਕਾਲੀ ਸਿਆਸਤਦਾਨ ਤੇ ਤਾਮਿਲਨਾਡੂ ਦੇ ਰਾਜਪਾਲ


ਸੁਰਜੀਤ ਸਿੰਘ


ਰਵੀਇੰਦਰ ਸਿੰਘ

ਸੁਰਜੀਤ ਸਿੰਘ ਬਰਨਾਲਾ ਦੀ ਸੂਬੇ ਵਿਚ ਸਰਗਰਮ ਰਾਜਨੀਤੀ ਵਿਚ ਕਿਸੇ ਸਮੇਂ ਵੀ ਵਾਪਸੀ ਸੰਭਵ ਹੈ। ਮਿਲੀ ਜਾਣਕਾਰੀ ਮੁਤਾਬਕ ਸ. ਬਰਨਾਲਾ ਦੀ ਰਾਜਪਾਲ ਦੇ ਅਹੁਦੇ 'ਤੇ ਮਿਆਦ 30 ਜੂਨ ਨੂੰ ਖ਼ਤਮ ਹੋ ਗਈ ਹੈ। ਕੇਂਦਰ ਸਰਕਾਰ ਦੇ ਅਗਲੇ ਹੁਕਮਾਂ ਤੱਕ ਭਾਵੇਂ ਉਹ ਇਸ ਵਿਧਾਨਕ ਅਹੁਦੇ 'ਤੇ ਬਰਕਰਾਰ ਰਹਿਣਗੇ ਪਰ ਉਨ੍ਹਾਂ ਦੇ ਅਹੁਦੇ ਦੀ ਮਿਆਦ ਵਧਣ ਜਾਂ ਕਿਸੇ ਹੋਰ ਸੂਬੇ ਦਾ ਰਾਜਪਾਲ ਨਿਯੁਕਤ ਹੋਣ ਦੀਆਂ ਸੰਭਾਵਨਾ ਘੱਟ ਹੀ ਹੈ। ਸ. ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਤੇ ਕੇਂਦਰ ਵਿਚ ਕਈ ਵਾਰੀ ਮੰਤਰੀ ਵੀ ਰਹਿਣ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵਿਚ ਵੀ ਕਈ ਅਹਿਮ ਅਹੁਦਿਆਂ 'ਤੇ ਰਹੇ।

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਉਨ੍ਹਾਂ ਨੂੰ 1999 ਵਿਚ ਰਾਜਪਾਲ ਨਿਯੁਕਤ ਕੀਤਾ ਸੀ। ਉਸ ਤੋਂ ਬਾਅਦ ਯੂ.ਪੀ.ਏ. ਦੇ ਰਾਜ ਦੌਰਾਨ ਵੀ ਸ. ਬਰਨਾਲਾ ਤਕਰੀਬਨ 11 ਸਾਲਾਂ ਤੋਂ ਰਾਜਪਾਲ ਹੀ ਚੱਲੇ ਆ ਰਹੇ ਹਨ। ਇਸ ਸਮੇਂ ਦੌਰਾਨ ਉਹ ਉਤਰਾਖੰਡ, ਆਂਧਰਾ ਪ੍ਰਦੇਸ਼ ਦੇ ਰਾਜਪਾਲ ਵੀ ਰਹੇ। ਸ. ਬਰਨਾਲਾ ਨੇ ਪਿਛਲੇ ਦੋ ਕੁ ਮਹੀਨਿਆਂ ਦੌਰਾਨ ਪੰਜਾਬ ਦੇ ਕਈ ਦੌਰੇ ਵੀ ਕੀਤੇ ਤੇ ਵੱਖ-ਵੱਖ ਅਕਾਲੀ ਧੜਿਆਂ ਖਾਸਕਰ ਰਵੀਇੰਦਰ ਸਿੰਘ ਤੇ ਪਰਮਜੀਤ ਸਿੰਘ ਸਰਨਾ ਨਾਲ ਗੁਪਤ ਮੀਟਿੰਗਾਂ ਵੀ ਕੀਤੀਆਂ। ਇਨ੍ਹਾਂ ਸਰਗਰਮੀਆਂ ਤੋਂ ਸੰਭਵ ਹੈ ਕਿ ਇਹ ਬਜ਼ੁਰਗ ਅਕਾਲੀ ਨੇਤਾ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅਹਿਮ ਭੂਮਿਕਾ ਨਿਭਾਉਣ ਦੇ ਰੌਂਅ ਵਿਚ ਹਨ। ਸ਼੍ਰੋਮਣੀ ਅਕਾਲੀ ਦਲ ਨੇ ਬਰਨਾਲਾ ਦੇ ਪੁੱਤਰ ਗਗਨਜੀਤ ਸਿੰਘ ਬਰਨਾਲਾ ਤੇ ਉਨ੍ਹਾਂ ਦੇ ਹਮਾਇਤੀ ਬਲਦੇਵ ਸਿੰਘ ਮਾਨ ਨੂੰ ਸਾਲ 2009 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ।

ਤਾਮਿਲਨਾਡੂ ਦੇ ਰਾਜਪਾਲ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਇਸ ਤੋਂ ਬਾਅਦ ਸੂਬੇ ਦੀ ਰਾਜਨੀਤੀ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਗਏ ਤੇ ਉਨ੍ਹਾਂ ਨੇ ਵੱਖਰਾ ਅਕਾਲੀ ਧੜਾ ਵੀ ਕਾਇਮ ਕੀਤਾ ਹੋਇਆ ਹੈ। ਬੀਬੀ ਬਰਨਾਲਾ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਨਵੇਂ ਰਾਜਪਾਲ ਦੀ ਨਿਯੁਕਤੀ ਤੋਂ ਬਾਅਦ ਸ. ਬਰਨਾਲਾ ਵਾਪਸ ਪੰਜਾਬ ਆ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸਪੱਸ਼ਟ ਕਿਹਾ ਗਿਆ ਹੈ ਕਿ ਸ. ਬਰਨਾਲਾ ਦੇ ਅਹੁਦੇ ਦੀ ਮਿਆਦ ਨਾ ਵਧਾਈ ਜਾਵੇ ਤੇ ਕਿਸੇ ਹੋਰ ਸੂਬੇ ਵਿੱਚ ਨਾ ਭੇਜਿਆ ਜਾਵੇ। ਬੀਬੀ ਬਰਨਾਲਾ ਨੇ ਕਿਹਾ ਕਿ ਸ. ਬਰਨਾਲਾ ਪੰਜਾਬ ਦੀ ਰਾਜਨੀਤੀ ਵਿਚ ਸਰਗਰਮ ਹੋਣ ਦੇ ਇੱਛੁਕ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦਾ ਗਠਨ ਕੀਤਾ ਹੋਇਆ ਹੈ ਤੇ ਉਹ ਪਾਰਟੀ ਦੀ ਕਮਾਨ ਸੰਭਾਲਣਗੇ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੀ ਵੀ ਇਹੀ ਇੱਛਾ ਹੈ ਕਿ ਸ. ਬਰਨਾਲਾ ਪੰਜਾਬ ਆ ਕੇ ਰਾਜਨੀਤੀ ਵਿਚ ਸਰਗਰਮ ਹੋਣ। ਬੀਬੀ ਬਰਨਾਲਾ ਨੇ ਕਿਹਾ ਕਿ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ 'ਤੇ ਪਰਿਵਾਰਵਾਦ ਭਾਰੂ ਹੋਣ ਕਾਰਨ ਅਕਾਲੀ ਆਗੂ ਮਾਯੂਸੀ ਦੇ ਆਲਮ ਵਿਚ ਹਨ। ਇਸ ਤੋਂ ਮੰਦਭਾਗੀ ਗੱਲ ਕੀ ਹੋਵੇਗੀ ਕਿ ਪਿਛਲੇ ਸਮੇਂ ਦੌਰਾਨ ਕਈ ਅਕਾਲੀ ਆਗੂ ਕਾਂਗਰਸ ਵਿਚ ਵੀ ਸ਼ਾਮਲ ਹੋ ਗਏ ਸਨ। ਉਨ੍ਹਾਂ ਕਿਹਾ ਕਿ ਪੰਥਕ ਆਗੂਆਂ ਨੂੰ ਕਾਂਗਰਸ ਵਿੱਚ ਧੱਕਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਸਪੁੱਤਰ ਜੋ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ, ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅਸੀਂ ਅਕਾਲੀ ਦਲ ਕਾਇਮ ਕਰਕੇ ਇਕ ਨਵਾਂ ਪਲੇਟਫਾਰਮ ਮੁਹੱਈਆ ਕਰਾਇਆ ਹੈ। ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਨਵੰਬਰ-ਦਸੰਬਰ ਵਿਚ ਹੋਣ ਦੀਆਂ ਸੰਭਾਵਨਾ ਹੈ ਤੇ ਇਸ ਵਾਰ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਵੱਲੋਂ ਹਮਖਿਆਲ ਪਾਰਟੀਆਂ ਨਾਲ ਮਿਲ ਕੇ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 26ਵੀਂ ਬਰਸੀ ਮੌਕੇ ਪਾਰਟੀ ਦੇ ਵਿਧਾਨ ਸਭਾ ਚੋਣਾਂ ਸਬੰਧੀ ਗੱਠਜੋੜ ਤੇ ਪਾਰਟੀ ਦੇ ਜਥੇਬੰਦਕ ਢਾਂਚੇ ਸਬੰਧੀ ਅਹਿਮ ਫੈਸਲੇ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਗੱਠਜੋੜ ਵਾਲੀਆਂ ਪਾਰਟੀਆਂ ਵਿਚ ਪੀਪਲਜ਼ ਪਾਰਟੀ ਆਫ ਪੰਜਾਬ, ਸ਼੍ਰੋਮਣੀ ਅਕਾਲੀ ਦਲ 1920, ਲੋਕ ਭਲਾਈ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ. (ਐਮ) ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਮੇਤ ਕੁਝ ਹੋਰ ਪਾਰਟੀਆਂ ਅਤੇ ਸੰਤ ਸਮਾਜ ਤੇ ਫੈਡਰੇਸ਼ਨਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੁਣ ਇਕ ਪਰਿਵਾਰ ਦੀ ਪਾਰਟੀ ਬਣ ਚੁੱਕੀ ਹੈ ਜਿਸ ਵਿਚ ਸੂਬੇ ਦੀ ਵਾਗਡੋਰ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਹੱਥ, ਪਾਰਟੀ ਦੀ ਵਾਗਡੋਰ ਪੁੱਤਰ ਸੁਖਬੀਰ ਬਾਦਲ ਦੇ ਹੱਥ ਹੈ। ਉਨ੍ਹਾਂ ਕਿਹਾ ਕਿ 25 ਸਾਲ ਰਾਜ ਕਰਨ ਤੇ ਵਿਧਾਨ ਸਭਾ ਦੀਆਂ ਚੋਣਾਂ 'ਚ ਸਾਰੀਆਂ ਸੀਟਾਂ 'ਤੇ ਜਿੱਤ ਦਾ ਦਾਅਵਾ ਕਰਨ ਵਾਲੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ 17 ਸੀਟਾਂ ਜਿੱਤ ਲੈਣ ਤਾਂ ਬਹੁਤ ਹੈ।

## ਹਿਜ਼ਬ-ਉਲ-ਤਹਿਰੀਰ ਵੱਲੋਂ ਪਾਕਿਸਤਾਨ ਵਿਚ ਬਗ਼ਾਵਤ ਦੀ ਕੋਸ਼ਿਸ਼

**ਇਸਲਾਮਾਬਾਦ:** ਪਾਬੰਦੀਸ਼ੁਦਾ ਅਤਿਵਾਦੀ ਗਰੁਪ ਹਿਜ਼ਬ-ਉਲ-ਤਹਿਰੀਰ ਨੇ ਪਾਕਿਸਤਾਨ ਵਿਚ ਮਿਸਰ ਵਾਂਗ ਬਗ਼ਾਵਤ ਕਰਨ ਦੀ ਯੋਜਨਾ ਬਣਾਈ ਸੀ। ਇਸੇ ਦੌਰਾਨ ਪਾਕਿ ਫ਼ੌਜ ਦੇ ਵੀ ਕਈ ਅਧਿਕਾਰੀਆਂ ਦਾ ਇਸ ਗਰੁਪ ਨਾਲ ਰਾਬਤਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪਾਕਿਸਤਾਨ ਫ਼ੌਜ ਦੇ ਕੁਝ ਸੀਨੀਅਰ ਅਧਿਕਾਰੀਆਂ ਨੂੰ ਇਸ ਗਰੁਪ ਨਾਲ ਸਬੰਧਤ ਹੋਣ ਕਾਰਨ ਮਈ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਗ੍ਰਿਫ਼ਤਾਰੀਆਂ ਮਗਰੋਂ ਹਿਜ਼ਬ-ਉਲ-ਤਹਿਰੀਰ ਦੀ ਬਗ਼ਾਵਤ ਯੋਜਨਾ ਅਸਫ਼ਲ ਹੋ ਗਈ ਸੀ।

ਪਾਕਿ ਮੀਡੀਆ 'ਦਿ ਐਕਸਪ੍ਰੈੱਸ ਟ੍ਰਿਬਿਊਨ' ਅਨੁਸਾਰ ਅਪਰੈਲ ਵਿਚ ਪੰਜਾਬ ਪੁਲੀਸ, ਆਈ.ਐਸ. ਆਈ. ਤੇ ਫੈਡਰਲ ਸਰਕਾਰ ਵਿਚਕਾਰ ਹੋਏ ਪੱਤਰ-ਵਿਹਾਰ 'ਚ ਇਹ ਗੱਲ ਸਾਹਮਣੇ ਆਈ ਸੀ ਕਿ ਹਿਜ਼ਬ-ਉਲ-ਤਹਿਰੀਰ ਪਾਕਿ ਫ਼ੌਜ ਤੇ ਅਕਾਦਮਿਕ ਸੰਸਥਾਵਾਂ ਵਿਚ ਬਗ਼ਾਵਤ ਕਰਵਾਉਣ ਦੀ ਤਿਆਰੀ ਵਿਚ ਹੈ ਜਿਸ ਮਗਰੋਂ ਪਾਕਿ ਫ਼ੌਜ ਹਰਕਤ ਵਿਚ ਆ ਗਈ ਸੀ। ਪਾਕਿਸਤਾਨ ਦੇ ਚੌਕਸੀ ਵਿਭਾਗ ਅਨੁਸਾਰ ਇਹ ਗਰੁਪ ਮਿਸਰ ਵਾਂਗ ਪਾਕਿ ਵਿਚ ਵੀ ਬਗ਼ਾਵਤ ਦੀ ਲਹਿਰ ਚਲਾਉਣਾ ਚਾਹੁੰਦਾ ਸੀ।


**US ON WHEELS**



**Looking for Truck Drivers for all 40 states**

**Contact:Gogi Ghumman (916) 257-7865**

**Truck For Sale**

**2007 Freightliner Columbia Truck For Sale**
**Miles:8 Lac,10 Thousands**
**Also One Reefer For Sale,**
**Model:2000, Good Condition**

**Contact:Gogi Ghumman (916) 257-7865**



Amandeep Singh
**Ph:916-712-2735**
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234




**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਪੈਕਟ੍ਰਮ ਘੁਟਾਲਾ:ਰਾਜਾ ਨੇ ਮਨਮੋਹਨ ਤੇ ਚਿਦੰਬਰਮ ਨੂੰ ਵੀ ਘੜੀਸਿਆ

## *ਦੋਵਾਂ ਆਗੂਆਂ ਦੀ ਸਹਿਮਤੀ ਨਾਲ ਹੋਇਆ ਸੀ ਫੈਸਲਾ*

**ਨਵੀਂ ਦਿੱਲੀ:** 2-ਜੀ ਸਪੈਕਟ੍ਰਮ 'ਚ ਸਭ ਕੁਝ ਗਵਾ ਚੁੱਕੇ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਨੇ ਕਿਹਾ ਹੈ ਕਿ ਇਸ ਕੇਸ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਦੀ ਵੀ ਬਰਾਬਰ ਦੀ ਜ਼ਿੰਮੇਵਾਰੀ ਬਣਦੀ ਹੈ। ਰਾਜਾ ਨੇ ਅਦਾਲਤ 'ਚ ਦਾਅਵਾ ਕੀਤਾ ਹੈ ਕਿ ਦੋਵੇਂ ਆਗੂਆਂ ਨੂੰ ਸਾਰੀ ਗੱਲ ਦਾ ਪਤਾ ਸੀ ਅਤੇ ਜੋ ਵੀ ਹੋਇਆ, ਇਨ੍ਹਾਂ ਦੀ ਸਹਿਮਤੀ ਨਾਲ ਹੀ ਹੋਇਆ ਹੈ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਤਤਕਾਲੀ ਵਿੱਤ ਮੰਤਰੀ ਪੀ. ਚਿਦੰਬਰਮ ਨੂੰ ਵੀ 2-ਜੀ ਸਪੈਕਟ੍ਰਮ ਮਾਮਲੇ ਵਿਚ ਸ਼ਾਮਲ ਕੀਤਾ ਜਾਵੇ ਕਿਉਂਕਿ ਸਪੈਕਟ੍ਰਮ ਲਾਇਸੈਂਸਾਂ ਦੀ ਹਿੱਸੇਦਾਰੀ ਵੇਚਣ ਬਾਰੇ ਇਨ੍ਹਾਂ ਦੋਵਾਂ ਆਗੂਆਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਉਨ੍ਹਾਂ ਤਾਂ ਇਸ ਕੇਸ ਵਿਚ ਸ੍ਰੀ ਪੀ. ਚਿਦੰਬਰਮ ਨੂੰ ਗਵਾਹ ਬਣਾਉਣ ਲਈ ਵੀ ਜ਼ੋਰ ਪਾਇਆ ਹੈ। ਰਾਜਾ ਦੇ ਇਸ ਦਾਅਵੇ ਤੋਂ ਬਾਅਦ ਭਾਜਪਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਗ੍ਰਹਿ ਮੰਤਰੀ ਪੀ.ਚਿਦੰਬਰਮ ਕੋਲੋਂ ਅਸਤੀਫੇ ਦੀ ਮੰਗ ਕੀਤੀ ਹੈ।

2-ਜੀ ਸਪੈਕਟ੍ਰਮ ਘੁਟਾਲੇ ਵਿਚ ਆਪਣੇ ਖ਼ਿਲਾਫ਼ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਵਿਰੋਧ ਕਰਦਿਆਂ ਡੀ.ਐਮ.ਕੇ. ਦੇ 47 ਸਾਲਾ ਸੰਸਦ ਮੈਂਬਰ ਰਾਜਾ ਨੇ 25 ਜੁਲਾਈ ਨੂੰ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਓ.ਪੀ. ਸੈਣੀ ਦੀ ਅਦਾਲਤ ਵਿਚ ਆਪਣੇ ਵਕੀਲ ਰਾਹੀਂ ਦਾਅਵਾ ਕੀਤਾ ਕਿ 2-ਜੀ ਸਪੈਕਟ੍ਰਮ ਦੀ ਨੀਲਾਮੀ ਦੇ ਉਸ ਦੇ ਫੈਸਲੇ ਵਿਚ ਕੁਝ ਵੀ ਗਲਤ ਨਹੀਂ ਸੀ। ਉਹ ਤਾਂ ਕੌਮੀ ਜਮਹੂਰੀ ਗੱਠਜੋੜ ਸਰਕਾਰ ਅਤੇ ਆਪਣੇ ਤੋਂ ਪਹਿਲਾਂ ਵਾਲੇ ਮੰਤਰੀਆਂ ਵੱਲੋਂ ਬਣਾਈਆਂ ਨੀਤੀਆਂ ਦਾ ਹੀ ਪਾਲਣ ਕਰ ਰਿਹਾ ਸੀ। ਰਾਜਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੁਸ਼ੀਲ ਕੁਮਾਰ ਨੇ ਅਦਾਲਤ ਨੂੰ ਦੱਸਿਆ ਕਿ ਜਦੋਂ ਸ੍ਰੀ ਚਿਦੰਬਰਮ ਵਿੱਤ ਮੰਤਰੀ ਸਨ ਤਾਂ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦੱਸਿਆ ਸੀ ਕਿ ਸਿੱਧੇ ਵਿਦੇਸ਼ੀ ਨਿਵੇਸ਼ ਲਈ ਲਾਇਸੈਂਸਧਾਰਕਾਂ ਵੱਲੋਂ ਜਿਹੜੇ ਸ਼ੇਅਰ ਵੇਚੇ ਗਏ ਹਨ, ਉਨ੍ਹਾਂ ਦਾ ਮਤਲਬ ਲਾਇਸੈਂਸ ਦੀ ਕੀਮਤ ਨਹੀਂ ਲਿਆ ਜਾਣਾ ਚਾਹੀਦਾ।

ਸ੍ਰੀ ਸੁਸ਼ੀਲ ਕੁਮਾਰ ਨੇ ਦਲੀਲ ਦਿੱਤੀ ਕਿ ਸ਼ੇਅਰ ਵੇਚਣ ਦਾ ਮਤਲਬ ਲਾਇਸੈਂਸ ਵੇਚਿਆ ਜਾਣਾ ਨਹੀਂ ਹੈ। ਇਸ ਲਈ 2-ਜੀ ਸਪੈਕਟ੍ਰਮ ਅਲਾਟ ਕਰਨ ਵਿਚ ਉਨ੍ਹਾਂ ਦਾ ਮੁਵੱਕਿਲ ਏ. ਰਾਜਾ ਭ੍ਰਿਸ਼ਟਾਚਾਰ ਦਾ ਮੁਲਜ਼ਮ ਨਹੀਂ ਹੈ। ਇਹ ਮਾਮਲਾ ਪ੍ਰਧਾਨ ਮੰਤਰੀ ਅਤੇ ਤਤਕਾਲੀ ਵਿੱਤ ਮੰਤਰੀ ਵੱਲੋਂ ਵੀ ਵਿਚਾਰਿਆ ਗਿਆ ਸੀ। ਵਕੀਲ ਨੇ ਦਾਅਵਾ ਕੀਤਾ ਕਿ ਤਤਕਾਲੀ ਵਿੱਤ ਮੰਤਰੀ ਜੋ ਹੁਣ ਗ੍ਰਹਿ ਮੰਤਰੀ ਹਨ, ਨੇ ਪ੍ਰਧਾਨ ਮੰਤਰੀ ਕੋਲ ਸਪਸ਼ਟ ਕੀਤਾ ਸੀ ਕਿ 2-ਜੀ ਲਾਇਸੈਂਸਾਂ ਦੀ ਹਿੱਸੇਦਾਰੀ ਵੇਚਣ ਦਾ ਮਤਲਬ ਲਾਇਸੈਂਸ ਦੀ ਵਿਕਰੀ ਨਹੀਂ ਹੈ ਅਤੇ ਇਹ ਅਮਲ ਕਾਰਪੋਰੇਟ ਕਾਨੂੰਨ ਅਨੁਸਾਰ ਹੀ ਅਪਣਾਇਆ ਗਿਆ ਹੈ। ਵਕੀਲ ਮੁਤਾਬਕ ਹੁਣ ਪ੍ਰਧਾਨ ਮੰਤਰੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ।

ਉਨ੍ਹਾਂ ਤਰਕ ਦਿੱਤਾ ਕਿ ਜਦੋਂ ਹਿੱਸੇਦਾਰੀ ਵੇਚਣ ਦਾ ਮਤਲਬ ਲਾਇਸੈਂਸ ਦੀ ਵਿਕਰੀ ਰਾਸ਼ੀ ਨਹੀਂ ਸੀ ਤਾਂ ਫਿਰ ਇਸ ਤੋਂ ਮੁਨਾਫਾ ਹਾਸਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਤੇ ਨਾ ਹੀ ਇਸ ਬਾਰੇ ਕੋਈ ਭ੍ਰਿਸ਼ਟਾਚਾਰ ਹੋਇਆ ਹੈ। ਜੇ ਰਾਜਾ 'ਤੇ ਟੈਲੀਕਾਮ ਨੀਤੀ ਦਾ ਪਾਲਣ ਕਰਨ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ ਤਾਂ ਫਿਰ 1993 ਤੋਂ ਲੈ ਕੇ ਉਨ੍ਹਾਂ ਤੋਂ ਪਹਿਲੇ ਸਾਰੇ ਟੈਲੀਕਾਮ ਮੰਤਰੀਆਂ 'ਤੇ ਮੁਕੱਦਮੇ ਚੱਲਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਏ. ਰਾਜਾ ਨਾਲ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ। ਵਕੀਲ ਨੇ ਦਾਅਵਾ ਕੀਤਾ ਕਿ ਰਾਜਾ ਨੇ ਤਾਂ ਕੇਵਲ 2003 ਵਿਚ ਕੈਬਨਿਟ ਵੱਲੋਂ 2-ਜੀ ਸਪੈਕਟ੍ਰਮ ਦੀ ਬੋਲੀ ਨਾ ਕਰਵਾਉਣ ਦੇ ਫੈਸਲੇ ਦੀ ਹੀ ਪਾਲਣਾ ਕੀਤੀ, ਇਸ ਲਈ ਉਸ 'ਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਉਨ੍ਹਾਂ-2 ਜੀ ਸਪੈਕਟ੍ਰਮ ਅਲਾਟਮੈਂਟ ਨਾਲ ਸਰਕਾਰੀ ਖਜ਼ਾਨੇ ਨੂੰ ਘਾਟਾ ਪੈਣ ਦੇ ਸੀ.ਬੀ.ਆਈ. ਦੇ ਦਾਅਵੇ ਨੂੰ ਚੁਣੌਤੀ ਦਿੱਤੀ ਤੇ ਕਿਹਾ ਕਿ ਘਾਟਾ ਪੈਣ ਬਾਰੇ ਸੀ.ਬੀ.ਆਈ. ਨੂੰ ਕੋਈ ਦਾਅਵਾ ਕਰਨ ਦਾ ਅਧਿਕਾਰ ਨਹੀਂ। ਇਸ ਬਾਰੇ ਸਰਕਾਰ ਨੂੰ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।

ਸੀ.ਬੀ.ਆਈ. ਦੇ ਯੂਨੀਟੈਕ ਵਾਇਰਲੈਸ ਤੇ ਸਵੈਨ ਟੈਲੀਕਾਮ ਵੱਲੋਂ ਆਪਣੀ ਹਿੱਸੇਦਾਰੀ ਦੀ ਵਿਕਰੀ ਤੋਂ ਹਾਸਲ ਮੁਨਾਫੇ ਬਾਰੇ ਉਠਾਏ ਸਵਾਲਾਂ 'ਤੇ ਕਿੰਤੂ ਕਰਦਿਆਂ ਉਨ੍ਹਾਂ ਕਿਹਾ ਕਿ ਐਸ. ਟੈਲ ਨੇ ਵੀ ਇਸੇ ਤਰ੍ਹਾਂ ਹਿੱਸੇਦਾਰੀ ਦੀ ਵਿਕਰੀ ਤੋਂ 2230 ਕਰੋੜ ਰੁਪਏ ਕਮਾਏ ਸਨ ਪਰ ਉਸ ਬਾਰੇ ਜਾਂਚ ਏਜੰਸੀ ਨੇ ਕੋਈ ਕਿੰਤੂ ਨਹੀਂ ਕੀਤਾ। ਆਪਣੀ ਨੀਤੀ ਨੂੰ ਜਾਇਜ਼ ਠਹਿਰਾਉਂਦਿਆਂ ਸਾਬਕਾ ਟੈਲੀਕਾਮ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਨੀਤੀ ਸਦਕਾ ਹੀ ਮੋਬਾਈਲ ਫੋਨ ਕਾਲ ਦਰਾਂ ਸਸਤੀਆਂ ਹੋਈਆਂ ਅਤੇ ਮੋਬਾਈਲ ਫੋਨ ਹਰ ਆਮ ਬੰਦੇ ਦੀ ਪਹੁੰਚ ਵਿਚ ਆ ਗਿਆ।

# ਮਨਪ੍ਰੀਤ ਬਾਦਲ ਦੀ ਅਗਵਾਈ 'ਚ ਤੀਜੇ ਫਰੰਟ ਦਾ ਮੂੰਹ-ਮੱਥਾ ਬਣਨ ਲੱਗਾ

**ਅੰਮ੍ਰਿਤਸਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੀ ਸਿਆਸਤ ਵਿਚ ਨਵੀਂ ਸਫਬੰਦੀ ਉਭਰਨ ਲੱਗ ਪਈ ਹੈ। ਇਸ ਨਵੀਂ ਸਫਬੰਦੀ ਨਾਲ ਸੂਬੇ ਵਿਚ ਰਵਾਇਤੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਬਰਾਬਰ ਤੀਜੇ ਫਰੰਟ ਦਾ ਮੂੰਹ-ਮੱਥਾ ਬਣਨਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਸ. ਮਨਪ੍ਰੀਤ ਸਿੰਘ ਬਾਦਲ ਆਪਣੇ ਤਾਏ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਦਲ ਵਜੋਂ ਅੱਗੇ ਆ ਰਹੇ ਹਨ।

ਸ. ਮਨਪ੍ਰੀਤ ਸਿੰਘ ਬਾਦਲ ਵੱਲੋਂ ਕਾਮਰੇਡਾਂ ਨਾਲ ਹੱਥ ਮਿਲਾਉਣ ਦਾ ਸਪਸ਼ਟ ਸੰਕੇਤ ਦਿੱਤਾ ਗਿਆ ਹੈ। ਬਜ਼ੁਰਗ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਦੀ ਅਗਵਾਈ ਵਿਚ ਚੱਲ ਰਿਹਾ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਅਜਿਹੇ ਫਰੰਟ ਲਈ ਅਹੁਲ ਰਿਹਾ ਹੈ। ਸ. ਸੁਰਜੀਤ ਸਿੰਘ ਬਰਨਾਲਾ ਵੱਲੋਂ ਸਰਗਰਮ ਸਿਆਸਤ ਵਿਚ ਕੁੱਦਣ ਦੇ ਸੰਕੇਤ ਕਾਰਨ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਖੇਮੇ ਵਿਚ ਵੀ ਵਾਹਵਾ ਹਲ-ਚਲ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਇਕ ਸਮਾਗਮ ਦੌਰਾਨ ਸ. ਸੁਰਜੀਤ ਸਿੰਘ ਬਰਨਾਲਾ ਨੂੰ ਦਲ ਦਾ ਸਭ ਤੋਂ ਵੱਡਾ ਗੱਦਾਰ ਵੀ ਐਲਾਨ ਦਿੱਤਾ ਹੈ। ਉਨ੍ਹਾਂ ਦੇ ਇਸ ਐਲਾਨ ਤੋਂ ਸਾਰੀਆਂ ਧਿਰਾਂ ਹੈਰਾਨ ਹਨ ਕਿ ਸ. ਬਾਦਲ ਨੂੰ ਇਹ ਕਹਿਣ ਦੀ ਕੀ ਲੋੜ ਪੈ ਗਈ ਹੈ। ਇਸ ਤੋਂ ਇਲਾਵਾ ਅਕਾਲੀ ਦਲ (1920) ਅਤੇ ਹੋਰ ਛੋਟੀਆਂ ਪਾਰਟੀਆਂ ਵੀ ਤੀਜੇ ਫਰੰਟ ਵਿਚ ਦਿਲਚਸਪੀ ਲੈਣ ਲੱਗ ਪਈਆਂ ਹਨ। ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆਂ ਭਾਵੇਂ ਅਜੇ ਤੀਜੇ ਫਰੰਟ ਦੀ ਹੋਂਦ ਸਵੀਕਾਰ ਕਰਨ ਤੋਂ ਇਨਕਾਰੀ ਹਨ ਪਰ ਸਿਆਸੀ ਮਾਹਰਾਂ ਮੁਤਾਬਕ ਸ. ਰਾਮੂਵਾਲੀਆ ਨੂੰ ਸਿਆਸੀ ਪਿੜ ਵਿਚ ਕੋਈ ਤਾਂ ਚੋਣ ਕਰਨੀ ਹੀ ਪਵੇਗੀ ਕਿਉਂਕਿ ਉਹ ਇਕੱਲੇ ਸਿਆਸੀ ਪਿੜ ਵਿਚ ਕਾਮਯਾਬੀ ਦੇ ਝੰਡੇ ਗੱਡਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ ਹਨ।

ਇਸੇ ਦੌਰਾਨ ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਜੇਕਰ ਖੱਬੇ ਪੱਖੀ ਪਾਰਟੀਆਂ (ਸੀ.ਪੀ.ਆਈ. ਅਤੇ ਸੀ.ਪੀ.ਐਮ.) ਵਿਧਾਨ ਸਭਾ ਚੋਣਾਂ ਲਈ ਗਠਜੋੜ ਕਰਨ ਵਾਸਤੇ ਪਾਰਟੀ ਕੋਲ ਪਹੁੰਚ ਕਰਨਗੀਆਂ ਤਾਂ ਮਿਲ ਕੇ ਚੋਣ ਲੜਨ ਬਾਰੇ ਵਿਚਾਰ ਕੀਤਾ ਜਾਵੇਗਾ। ਯਾਦ ਰਹੇ ਕਿ ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਚੰਡੀਗੜ੍ਹ ਆ ਕੇ ਕਹਿ ਚੁੱਕੇ ਹਨ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਸ. ਮਨਪ੍ਰੀਤ ਸਿੰਘ ਬਾਦਲ ਨਾਲ ਗਠਜੋੜ ਬਣਾਉਣ ਲਈ ਲਗਾਤਾਰ ਗੱਲਬਾਤ ਕਰ ਰਹੀ ਹੈ।

ਵੱਖ-ਵੱਖ ਥਾਂਵਾਂ 'ਤੇ ਰੈਲੀਆਂ ਦੌਰਾਨ ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪਤਾ ਲੱਗਾ ਹੈ ਕਿ ਖੱਬੇ ਪੱਖੀ ਪਾਰਟੀਆਂ ਚੋਣ ਸਮਝੌਤਾ ਕਰਨਾ ਚਾਹੁੰਦੀਆਂ ਹਨ। ਜੇਕਰ ਇਹ ਪਾਰਟੀਆਂ ਰਸਮੀ ਤੌਰ 'ਤੇ ਪੀਪਲਜ਼ ਪਾਰਟੀ ਕੋਲ ਪਹੁੰਚ ਕਰਨਗੀਆਂ ਤਾਂ ਪਾਰਟੀ ਹਾਂ-ਪੱਖੀ ਹੁੰਗਾਰਾ ਭਰੇਗੀ। ਅਜੇ ਤੱਕ ਰਸਮੀ ਤੌਰ 'ਤੇ ਕਿਸੇ ਪਾਰਟੀ ਨੇ ਪਹੁੰਚ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਮਝੌਤਾ ਸਿਧਾਂਤਾਂ ਅਤੇ ਪੰਜਾਬ ਦੇ ਏਜੰਡੇ 'ਤੇ ਆਧਾਰਤ ਹੋਵੇਗਾ। ਬਸਪਾ ਨਾਲ ਸਮਝੌਤੇ ਬਾਰੇ ਉਨ੍ਹਾਂ ਕਿਹਾ ਕਿ ਅਜੇ ਤੱਕ ਬਸਪਾ ਨੇ ਵੀ ਪਾਰਟੀ ਕੋਲ ਪਹੁੰਚ ਨਹੀਂ ਕੀਤੀ।

ਇਸ ਦੇ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਅਗਲੀ ਸਰਕਾਰ ਪੀਪਲਜ਼ ਪਾਰਟੀ ਦੀ ਹੀ ਬਣੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੀ ਟਿੱਪਣੀ ਕਿ 'ਮਨਪ੍ਰੀਤ ਨੇ ਪਾਰਟੀ ਛੱਡ ਕੇ ਆਪਣਾ ਰਾਜਸੀ ਜੀਵਨ ਤਬਾਹ ਕਰ ਲਿਆ ਹੈ', ਬਾਰੇ ਉਨ੍ਹਾਂ ਕਿਹਾ, "ਮੈਂ ਪਾਰਟੀ ਨਹੀਂ ਸੀ ਛੱਡੀ, ਸਗੋਂ ਮੈਨੂੰ ਤਾਂ ਪਾਰਟੀ ਵਿਚੋਂ ਕੱਢਿਆ ਗਿਆ ਸੀ। ਨਾਲੇ ਬਾਦਲ ਸਾਹਿਬ ਮੇਰੇ ਰਾਜਸੀ ਭਵਿੱਖ ਦਾ ਫਿਕਰ ਨਾ ਕਰਨ।" ਉਨ੍ਹਾਂ ਕਿਹਾ ਕਿ ਪਾਰਟੀ ਦਾ ਢਾਂਚਾ 31 ਅਗਸਤ ਤੱਕ ਮੁਕੰਮਲ ਕਰ ਲਿਆ ਜਾਵੇਗਾ। ਥੋੜ੍ਹੇ ਜਿਹੇ ਸਮੇਂ ਵਿਚ ਹੀ 18 ਲੱਖ ਜਣੇ ਪਾਰਟੀ ਦੇ ਮੈਂਬਰ ਬਣੇ ਹਨ।

## ਕੇਟ ਮਿਡਲਟਨ ਵੀ ਫੋਨ ਹੈਕਿੰਗ ਦਾ ਸ਼ਿਕਾਰ

ਲੰਡਨ: ਫੋਨ ਹੈਕਿੰਗ ਸਕੈਂਡਲ 'ਚ ਘਿਰੇ ਅਖ਼ਬਾਰ 'ਨਿਊਜ਼ ਆਫ ਦਿ ਵਰਲਡ' ਬਾਰੇ ਨਸ਼ਰ ਹੋਈ ਮੀਡੀਆ ਰਿਪੋਰਟ 'ਚ ਪ੍ਰਿੰਸ ਵਿਲੀਅਮ ਦੀ ਪਤਨੀ ਕੇਟ ਮਿਡਲਟਨ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਫੋਨ ਹੈਕ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਹੈ।

'ਦਿ ਸੰਡੇ ਟੈਲੀਗ੍ਰਾਫ' ਵੱਲੋਂ ਪ੍ਰਕਾਸ਼ਤ ਰਿਪੋਰਟ ਮੁਤਾਬਕ ਫੋਨ ਹੈਕਿੰਗ ਦਾ ਘੇਰਾ ਜਿੰਨਾ ਸਮਝਿਆ ਜਾ ਰਿਹਾ ਹੈ, ਉਸ ਤੋਂ ਕਿਤੇ ਵਿਸ਼ਾਲ ਹੈ। ਇਸ ਵਿਚ ਸ਼ਾਹੀ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਨੇੜਲੇ ਸਬੰਧੀਆਂ ਦੇ ਫੋਨ ਵੀ ਹੈਕ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਫੋਨ ਹੈਕਿੰਗ ਸਕੈਂਡਲ ਦੀ ਮੁਢਲੀ ਜਾਂਚ ਦੌਰਾਨ ਪ੍ਰਿੰਸ ਵਿਲੀਅਮ, ਪ੍ਰਿੰਸ ਹੈਰੀ ਤੇ ਤਿੰਨ ਸ਼ਾਹੀ ਸਹਾਇਕਾਂ ਦੇ ਫੋਨ ਹੈਕ ਹੋਣ ਬਾਰੇ ਵੇਰਵੇ ਮਿਲੇ ਹਨ। ਇਨ੍ਹਾਂ ਤੱਕ ਪਹੁੰਚ ਪ੍ਰਾਈਵੇਟ ਖੋਜੀ ਗਲੈਨ ਮਲਕੇਅਰ ਤੇ 'ਨਿਊਜ਼ ਆਫ ਦਿ ਵਰਲਡ' ਦੇ ਸ਼ਾਹੀ ਘਰਾਣੇ ਦੇ ਮਾਮਲਿਆਂ ਬਾਰੇ ਸੰਪਾਦਕ ਕਲਾਈਵ ਗੁੱਡਮੈਨ ਵੱਲੋਂ ਕੀਤੀ ਗਈ ਸੀ।

# ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦਾ ਵੀ.ਸੀ. ਗੁਰਸਿੱਖ ਨੂੰ ਲਾਉਣਾ ਜ਼ਰੂਰੀ ਨਹੀਂ:ਬਾਦਲ

ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਲਈ ਹੈ, ਇਸ ਲਈ ਇਸ ਯੂਨੀਵਰਸਿਟੀ ਦਾ ਵੀ.ਸੀ. ਕਿਸੇ ਵੀ ਧਰਮ ਨਾਲ ਸਬੰਧਤ ਸਕਾਲਰ ਨੂੰ ਲਾਇਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਪਹਿਲੇ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਮੌਕੇ ਯੂਨੀਵਰਸਿਟੀ ਕੈਂਪਸ ਵਿਚ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੀ ਸਥਾਪਨਾ ਨਾਲ ਸਿੱਖ ਪੰਥ ਵੱਲੋਂ ਇਕ ਸਦੀ ਤੋਂ ਲਿਆ ਜਾ ਰਿਹਾ ਸੁਪਨਾ ਸਾਕਾਰ ਹੋ ਗਿਆ ਹੈ। ਹੁਣ ਅੱਜ ਦੇ ਦਿਨ ਨੂੰ ਸਿੱਖ ਇਤਿਹਾਸ ਵਿਚ ਸੁਨਹਿਰੀ ਦਿਨ ਵਜੋਂ ਯਾਦ ਕੀਤਾ ਜਾਂਦਾ ਰਹੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ 'ਤੇ ਬਣੀ ਇਹ ਯੂਨੀਵਰਸਿਟੀ ਕਿਸੇ ਵੀ ਧਾਰਮਿਕ ਗ੍ਰੰਥ ਦੇ ਨਾਂ ਉਤੇ ਬਣੀ ਸੰਸਾਰ ਦੀ ਪਹਿਲੀ ਯੂਨੀਵਰਸਿਟੀ ਹੋਵੇਗੀ ਅਤੇ ਇਸ ਦਾ ਦੁਨੀਆਂ ਭਰ ਦੀਆਂ ਯੂਨੀਵਰਸਿਟੀਆਂ ਵਿਚੋਂ ਵਿਲੱਖਣ ਸਥਾਨ ਹੋਵੇਗਾ। ਯੂਨੀਵਰਸਿਟੀ ਦਾ ਮੁੱਖ ਮੰਤਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਰਬੱਤ ਦੇ ਭਲੇ ਦੀ ਕਲਿਆਣਕਾਰੀ ਵਿਚਾਰਧਾਰਾ ਨੂੰ ਪੂਰੇ ਸੰਸਾਰ ਵਿਚ ਫੈਲਾਉਣਾ ਹੋਵੇਗਾ।

ਉਨ੍ਹਾਂ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਮਿਸ਼ਨਰੀ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਾਡੇ ਸਾਹਮਣੇ ਇਸ ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਵਿਸ਼ਵ ਪੱਧਰੀ ਬਣਾਉਣ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਉਨ੍ਹਾਂ ਯੂਨੀਵਰਸਿਟੀ ਵੱਲੋਂ ਗਰੀਬ ਤੇ ਪੇਂਡੂ ਵਿਦਿਆਰਥੀਆਂ ਲਈ 10 ਫ਼ੀਸਦੀ ਸੀਟਾਂ ਰਾਖਵੀਆਂ ਰੱਖਣ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ।

ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਬਾਨੀ ਕੁਲਪਤੀ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਤੇ ਸਿੱਖ ਧਰਮ ਦਾ ਪ੍ਰਚਾਰ-ਪਸਾਰ ਕਰਨ ਦੇ ਨਾਲ-ਨਾਲ ਵਿਦਿਅਕ ਖੇਤਰ ਵਿਚ ਵੀ ਅਹਿਮ ਯੋਗਦਾਨ ਪਾ ਰਹੀ ਹੈ। 84 ਏਕੜ ਭੂਮੀ ਉਤੇ 500 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਇਹ ਯੂਨੀਵਰਸਿਟੀ ਪੂਰੇ ਵਿਸ਼ਵ ਵਿਚ ਉਚੇਰੀ ਸਿੱਖਿਆ ਤੇ ਖੋਜ ਦੇ ਖੇਤਰ ਵਿਚ ਆਪਣੀ ਕਿਸਮ ਦੀ ਪਹਿਲੀ ਸੰਸਥਾ ਹੋਵੇਗੀ।

ਯੂਨੀਵਰਸਿਟੀ ਦੇ ਬਾਨੀ ਉਪ ਕੁਲਪਤੀ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਦੱਸਿਆ ਕਿ ਇਸ ਯੂਨੀਵਰਸਿਟੀ ਵਿਚ ਦੁਨੀਆਂ ਭਰ ਦੇ ਧਰਮਾਂ ਦੇ ਅਧਿਐਨ ਦੇ ਨਾਲ ਨਾਲ ਸਿੱਖ ਧਰਮ ਦੇ ਅਧਿਐਨ ਅਤੇ ਖੋਜ ਲਈ 21 ਵਿਭਾਗ ਬਣਾਏ ਗਏ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿਚ ਨੈਨੋ ਤਕਨਾਲੋਜੀ, ਬਾਇਓ ਤਕਨਾਲੋਜੀ, ਇੰਜੀਨੀਅਰਿੰਗ ਫਿਜ਼ਿਕਸ, ਇੰਸਟਰੂਮੈਂਟੇਸ਼ਨ ਇੰਜੀਨੀਅਰਿੰਗ ਵਰਗੀਆਂ ਨਵੀਨਤਮ ਵਿਧਾਵਾਂ ਦੀ ਪੜ੍ਹਾਈ ਵੀ ਹੋਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਸਾਹਮਣੇ ਇਸ ਯੂਨੀਵਰਸਿਟੀ ਦਾ ਅਕਾਦਮਿਕ ਮਿਆਰ ਦੁਨੀਆਂ ਭਰ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ ਮੁਕਾਬਲੇ ਦਾ ਬਣਾਉਣ ਦਾ ਟੀਚਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਅਹਿਮ ਮਸਲੇ ਵਿਚਾਰੇ

**ਅੰਮ੍ਰਿਤਸਰ :** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ 22 ਜੁਲਾਈ ਨੂੰ ਹੋਈ ਮੀਟਿੰਗ ਵਿਚ ਸਿੰਘ ਸਾਹਿਬਾਨ ਨੇ ਕਈ ਅਹਿਮ ਮਾਮਲੇ ਵਿਚਾਰੇ। ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਜਥੇਦਾਰ ਗੁਰਬਚਨ ਸਿੰਘ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਜੋਤਇੰਦਰ ਸਿੰਘ ਹਾਜ਼ਰ ਸਨ। ਇਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੈਸ਼ਨਲ ਸਿੱਖ ਧਰਮ ਪ੍ਰਚਾਰ ਕਮੇਟੀ ਇਟਲੀ ਨੂੰ ਪਾਵਨ ਸਰੂਪ ਭੇਜਣ ਮੌਕੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਇਟਲੀ ਕਮੇਟੀ ਦੇ ਪ੍ਰਧਾਨ ਵਿਚਾਲੇ ਹੋਏ ਤਕਰਾਰ ਤੇ ਅਣ-ਅਧਿਕਾਰਤ ਸੁਨਹਿਰੀ ਪਾਵਨ ਸਰੂਪਾਂ ਦੀ ਛਪਾਈ ਦਾ ਮੁੱਦਾ ਸ਼ਾਮਲ ਸਨ। ਮੀਟਿੰਗ ਮਗਰੋਂ ਜਾਣਕਾਰੀ ਦਿੰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਟਲੀ ਭੇਜੇ ਗਏ ਪਾਵਨ ਸਰੂਪਾਂ ਬਾਰੇ ਚੱਲ ਰਹੇ ਵਿਵਾਦ ਬਾਰੇ ਦੋਵੇ ਧਿਰਾਂ, ਸ਼੍ਰੋਮਣੀ ਕਮੇਟੀ ਤੇ ਨੈਸ਼ਨਲ ਸਿੱਖ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਹਰਵੰਤ ਸਿੰਘ ਦਾਦੂਵਾਲ ਨੂੰ ਸੱਦਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਜਿਨ੍ਹਾਂ ਸ਼ਿਕਾਇਤ ਕੀਤੀ ਸੀ, ਨੇ ਆਪਣਾ ਪੱਖ ਪੇਸ਼ ਕਰ ਦਿੱਤਾ ਹੈ ਜਦੋਂਕਿ ਭਾਈ ਦਾਦੂਵਾਲ ਨੇ ਇਸ ਮੀਟਿੰਗ ਵਿਚ ਪਹੁੰਚਣ ਤੋਂ ਅਸਮਰੱਥਾ ਪ੍ਰਗਟ ਕੀਤੀ ਸੀ। ਉਨ੍ਹਾਂ ਕਿਹਾ ਕਿ ਭਾਈ ਦਾਦੂਵਾਲ ਨੂੰ ਅਗਲੀ ਮੀਟਿੰਗ ਵਿਚ ਸੱਦਿਆ ਜਾਵੇਗਾ। ਭਾਈ ਦਾਦੂਵਾਲ ਨੇ ਇਸ ਬਾਰੇ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਭੇਜਿਆ ਸੀ। ਉਨ੍ਹਾਂ ਲਿਖਿਆ ਹੈ ਕਿ ਛੁੱਟੀ ਨਾ ਮਿਲਣ ਕਾਰਨ ਉਹ ਸਪੱਸ਼ਟੀਕਰਨ ਦੇਣ ਨਹੀਂ ਆ ਸਕਦੇ ਤੇ ਅਗਲੀ ਮੀਟਿੰਗ ਵਿਚ ਆਪਣਾ ਪੱਖ ਪੇਸ਼ ਕਰਨ ਜ਼ਰੂਰ ਆਉਣਗੇ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅਣ-ਅਧਿਕਾਰਤ ਸਰੂਪਾਂ ਦੀ ਛਪਾਈ ਦੇ ਵਿਵਾਦ ਬਾਰੇ ਵਿਚਾਰ ਕਰਨ ਲਈ ਪਰਵਾਸੀ ਸਿੱਖ ਸੁਰਿੰਦਰ ਸਿੰਘ ਢੇਸੀ ਨੂੰ ਸੱਦਿਆ ਗਿਆ ਸੀ ਪਰ ਉਨ੍ਹਾਂ ਨੇ ਇਸ ਵਾਰ ਆਉਣ ਤੋਂ ਅਸਮਰੱਥਾ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਉਹ ਅਗਲੀ ਮੀਟਿੰਗ ਵਿਚ ਸਪੱਸ਼ਟੀਕਰਨ ਦੇਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ ਨੇ ਵੀ ਆਪਣਾ ਪੱਖ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਰਿੰਦਰ ਸਿੰਘ ਢੇਸੀ ਤਾਂ ਦੋਸ਼ੀ ਹਨ ਹੀ ਪਰ ਬਾਕੀ ਪੜਤਾਲ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ. ਢੇਸੀ ਨੇ ਇਹ ਪਾਵਨ ਸਰੂਪ ਛਪਵਾਏ ਹਨ। ਸ. ਢੇਸੀ ਦੇ ਸਪੱਸ਼ਟੀਕਰਨ ਤੋਂ ਬਾਅਦ ਹੀ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਲੇਸ਼ੀਆ ਦੇ ਸਿੱਖ ਸਰਵਣ ਸਿੰਘ, ਦਲਜੀਤ ਸਿੰਘ ਤੇ ਅਵਤਾਰ ਸਿੰਘ ਵੱਲੋਂ 13 ਫੁੱਟ ਦਾ ਗੁਰੂ ਗ੍ਰੰਥ ਸਾਹਿਬ ਤਿਆਰ ਕਰਨ ਤੇ ਉਨ੍ਹਾਂ ਨੂੰ ਅੱਗੇ ਮੁੱਲ ਵੇਚਣ 'ਤੇ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਅਕਾਲ ਤਖਤ ਸਾਹਿਬ 'ਤੇ ਸੱਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਨਿਹੰਗ ਧਰਮ ਸਿੰਘ ਖੰਨਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਤੇ ਅਪਮਾਨਜਨਕ ਸ਼ਬਦ ਬੋਲੇ ਸਨ। ਉਨ੍ਹਾਂ ਵਿਰੁੱਧ ਸ਼ਿਕਾਇਤ ਦੇ ਆਧਾਰ 'ਤੇ ਉਨ੍ਹਾਂ ਨੂੰ ਕਈ ਵਾਰ ਬੁਲਾਇਆ ਗਿਆ ਸੀ ਪਰ ਉਹ ਨਹੀਂ ਆਏ। ਇਸ ਲਈ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੰਦਿਆਂ ਸੰਗਤਾਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਉਸ ਦਾ ਸਮਾਜਿਕ, ਰਾਜਸੀ ਤੇ ਧਾਰਮਿਕ ਬਾਈਕਾਟ ਕਰਨ। ਦਾਦਾ ਲਸ਼ਮਣ ਦਾਸ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕਰਨ ਦੇ ਦੋਸ਼ ਵਿਚ ਸਪੱਸ਼ਟੀਕਰਨ ਲਈ ਸੱਦਿਆ ਗਿਆ ਸੀ। ਉਨ੍ਹਾਂ ਨੇ ਸਪੱਸ਼ਟੀਕਰਨ ਦਿੱਤਾ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਕਿ ਉਨ੍ਹਾਂ ਦੀ ਇਮਾਰਤ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖੇ ਗਏ ਹਨ। ਜਿਸ ਬੇਸਮੈਂਟ ਵਿਚ ਪਾਵਨ ਸਰੂਪ ਰੱਖੇ ਹੋਏ ਸਨ, ਉਥੇ ਪਾਣੀ ਭਰ ਗਿਆ ਸੀ ਜਿਸ ਨਾਲ ਪਾਵਨ ਸਰੂਪ ਖ਼ਰਾਬ ਹੋ ਗਏ ਤੇ ਉਨ੍ਹਾਂ ਦੀ ਬੇਅਦਬੀ ਹੋਈ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਬਾਰੇ ਪੜਤਾਲ ਕਰਨ ਮਗਰੋਂ ਹੀ ਕੋਈ ਕਾਰਵਾਈ ਕੀਤੀ ਜਾਵੇਗੀ। ਇਕ ਅਦਾਲਤ ਵੱਲੋਂ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੇ ਕੱਢੇ ਗਏ ਵਰੰਟਾਂ ਬਾਰੇ ਜਥੇਦਾਰ ਨੇ ਕਿਹਾ ਕਿ ਕਿਸੇ ਵੀ ਤਖ਼ਤ ਦਾ ਜਥੇਦਾਰ ਕਿਸੇ ਦੁਨਿਆਵੀ ਅਦਾਲਤ ਵਿਚ ਪੇਸ਼ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਜਥੇਦਾਰ ਨੰਦਗੜ੍ਹ ਵੀ ਪੇਸ਼ ਨਹੀਂ ਹੋਣਗੇ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਵੀ ਹਦਾਇਤ ਕਰ ਦਿੱਤੀ ਗਈ ਹੈ ਤੇ ਹੋਰ ਵੀ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੀ ਸਜ਼ਾ ਮੁਆਫ ਕਰਵਾਈ ਜਾ ਸਕੇ।







ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



**Short Sale Specialist**

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans
Call: Sohanpreet 'Sam' Chahal
@916-612-5773
Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਮਨਪ੍ਰੀਤ ਬਾਦਲ ਵੱਲੋਂ ਕਾਮਰੇਡਾਂ ਨਾਲ ਹੱਥ ਮਿਲਾਉਣ ਦਾ ਸੰਕੇਤ

**ਅੰਮ੍ਰਿਤਸਰ(ਪੰਜਾਬ ਟਾਈਮਜ਼ ਬਿਊਰੋ):** ਮਨਪ੍ਰੀਤ ਬਾਦਲ ਵੱਲੋਂ ਕਾਮਰੇਡਾਂ ਨਾਲ ਹੱਥ ਮਿਲਾਉਣ ਦਾ ਸੰਕੇਤ ਦਿੱਤਾ ਗਿਆ ਹੈ। ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਜੇਕਰ ਖੱਬੇ ਪੱਖੀ ਪਾਰਟੀਆਂ ਸੀ.ਪੀ.ਆਈ. ਤੇ ਸੀ.ਪੀ.ਐਮ. ਆਗਾਮੀ ਵਿਧਾਨ ਸਭਾ ਚੋਣਾਂ ਲਈ ਗਠਜੋੜ ਕਰਨ ਵਾਸਤੇ ਪਾਰਟੀ ਕੋਲ ਪਹੁੰਚ ਕਰਨਗੀਆਂ ਤਾਂ ਮਿਲ ਕੇ ਚੋਣ ਲੜਨ ਬਾਰੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਹਾਂਸੀ-ਬੁਟਾਣਾ ਨਹਿਰ 'ਤੇ ਹਰਿਆਣਾ ਵੱਲੋਂ ਬਣਾਈ ਜਾ ਰਹੀ ਕੰਧ ਦਾ ਵਿਰੋਧ ਕਰਦਿਆਂ ਪੰਜਾਬ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਸੱਦਣ ਲਈ ਵੀ ਆਖਿਆ।

ਇਥੇ ਵੱਖ-ਵੱਖ ਥਾਂਵਾਂ 'ਤੇ ਰੈਲੀਆਂ ਨੂੰ ਸੰਬੋਧਨ ਕਰਨ ਮਗਰੋਂ ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪਤਾ ਲੱਗਾ ਹੈ ਕਿ ਖੱਬੇ ਪੱਖੀ ਪਾਰਟੀਆਂ ਚੋਣ ਸਮਝੌਤਾ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਪਾਰਟੀਆਂ ਰਸਮੀ ਤੌਰ 'ਤੇ ਪੀਪਲਜ਼ ਪਾਰਟੀ ਕੋਲ ਪਹੁੰਚ ਕਰਨਗੀਆਂ ਤਾਂ ਪਾਰਟੀ ਹਾਂ-ਪੱਖੀ ਹੁੰਗਾਰਾ ਭਰੇਗੀ। ਉਨ੍ਹਾਂ ਕਿਹਾ ਕਿ ਅਜੇ ਤੱਕ ਰਸਮੀ ਤੌਰ 'ਤੇ ਕਿਸੇ ਪਾਰਟੀ ਨੇ ਪਹੁੰਚ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਮਝੌਤਾ ਸਿਧਾਂਤਾਂ ਤੇ ਏਜੰਡੇ 'ਤੇ ਆਧਾਰਤ ਹੋਵੇਗਾ।

ਬਸਪਾ ਨਾਲ ਸਮਝੌਤਾ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਸ. ਬਾਦਲ ਨੇ ਕਿਹਾ ਕਿ ਅਜੇ ਤੱਕ ਬਸਪਾ ਨੇ ਵੀ ਪਾਰਟੀ ਕੋਲ ਪਹੁੰਚ ਨਹੀਂ



ਕੀਤੀ। ਹਾਂਸੀ-ਬੁਟਾਣਾ ਨਹਿਰ 'ਤੇ ਹਰਿਆਣਾ ਸਰਕਾਰ ਵੱਲੋਂ ਬਣਾਈ ਜਾ ਰਹੀ ਕੰਧ ਦਾ ਵਿਰੋਧ ਕਰਦਿਆਂ ਸ. ਬਾਦਲ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਲਏ ਸਟੈਂਡ ਦਾ ਸਮਰਥਨ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਹਮੇਸ਼ਾਂ ਵਿਤਕਰਾ ਹੁੰਦਾ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਸਲੇ 'ਤੇ ਸਰਬ ਪਾਰਟੀ ਮੀਟਿੰਗ ਸੱਦੇ।

ਉਨ੍ਹਾਂ ਦਾਅਵਾ ਕੀਤਾ ਕਿ ਅਗਲੀ ਸਰਕਾਰ ਪੀਪਲਜ਼ ਪਾਰਟੀ ਦੀ ਸਰਕਾਰ ਬਣੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੀ ਟਿੱਪਣੀ ਕਿ 'ਮਨਪ੍ਰੀਤ ਨੇ ਪਾਰਟੀ ਛੱਡ ਕੇ ਆਪਣਾ ਰਾਜਸੀ ਜੀਵਨ ਤਬਾਹ ਕਰ ਲਿਆ ਹੈ', ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਪਾਰਟੀ ਨਹੀਂ ਸੀ ਛੱਡੀ ਸਗੋਂ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਸੀ। ਉਨ੍ਹਾਂ ਕਿਹਾ ਕਿ ਬਾਦਲ ਸਾਹਿਬ ਮੇਰੇ ਭਵਿੱਖ ਦਾ ਫਿਕਰ ਨਾ ਕਰਨ। ਉਨ੍ਹਾਂ ਕਿਹਾ ਕਿ ਪਾਰਟੀ ਦਾ ਢਾਂਚਾ 31 ਅਗਸਤ ਤੱਕ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਥੋੜ੍ਹੇ ਸਮੇਂ ਵਿਚ 18 ਲੱਖ ਵਿਅਕਤੀ ਪਾਰਟੀ ਦੇ ਮੈਂਬਰ ਬਣੇ ਹਨ।

## ਬਾਦਲ ਨੇ ਪੰਥਕ ਏਜੰਡਾ ਤਿਆਗਿਆ:ਰਵੀਇੰਦਰ



**ਜਲੰਧਰ:** ਅਕਾਲੀ ਦਲ 1920 ਨੇ ਕਿਹਾ ਕਿ ਬਾਦਲਾਂ ਦੀ ਸੂਬੇ ਦੀ ਸਿਆਸਤ ਤੋਂ ਅਜਾਰੇਦਾਰੀ ਖ਼ਤਮ ਕੀਤੇ ਬਿਨਾਂ ਪੰਜਾਬ ਦਾ ਭਲਾ ਨਹੀਂ ਹੋ ਸਕਦਾ। ਪਾਰਟੀ ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਸੂਬੇ ਦੀ ਸਿਆਸਤ ਤੇ ਸਰਕਾਰ 'ਤੇ ਕਬਜ਼ਾ ਜਮਾਈ ਬੈਠੇ ਬਾਦਲਾਂ ਨੇ ਪੰਜਾਬ ਦਾ ਸਭ ਤੋਂ ਵੱਧ ਨੁਕਸਾਨ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਥ ਦੀਆਂ ਸਿਰਮੌਰ ਸੰਸਥਾਵਾਂ ਦਾ ਜਿੰਨਾ ਘਾਣ ਬਾਦਲਾਂ ਨੇ ਕੀਤਾ ਹੈ, ਓਨਾ ਘਾਣ 200 ਰਾਜ ਕਰਨ ਵਾਲੀ ਅੰਗਰੇਜ਼ਾਂ ਦੀ ਹਕੂਮਤ ਨੇ ਵੀ ਨਹੀਂ ਕੀਤਾ ਸੀ।

ਸ. ਰਵੀਇੰਦਰ ਨੇ ਕਿਹਾ ਕਿ ਆਗਾਮੀ ਸ਼੍ਰੋਮਣੀ ਕਮੇਟੀ ਤੇ ਵਿਧਾਨ ਸਭਾ ਚੋਣਾਂ ਅਕਾਲੀ ਦਲ 1920 ਵੱਲੋਂ ਹਮਖ਼ਿਆਲ ਪਾਰਟੀਆਂ ਨਾਲ ਮਿਲ ਕੇ ਲੜੀਆਂ ਜਾਣਗੀਆਂ ਤੇ ਇਸ ਲਈ ਪਾਰਟੀਆਂ ਨਾਲ ਗੱਲਬਾਤ ਕਰਨ ਵਾਸਤੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਸ. ਰਵੀਇੰਦਰ ਨੇ ਕਿਹਾ ਕਿ ਸੁਨਹਿਰੀ ਅੱਖਰਾਂ ਵਾਲੇ ਸਰੂਪਾਂ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਧਾਰੀ ਚੁੱਪ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਥਕ ਏਜੰਡਾ ਤਿਆਗ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸੁਨਹਿਰੀ ਅੱਖਰਾਂ ਵਾਲੇ ਸਰੂਪਾਂ ਬਾਰੇ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਗਲਤੀ ਬਹੁਤ ਸਾਫ਼ ਤੇ ਸਪਸ਼ਟ ਹੈ। ਇਸ ਮਾਮਲੇ ਬਾਰੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਤੋਂ ਸਾਫ਼ ਹੈ ਕਿ ਸ. ਬਾਦਲ ਨੂੰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਕੋਈ ਫ਼ਿਕਰ ਨਹੀਂ ਰਹੀ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਆਪਣੀ ਚੁੱਪ ਤੋੜਨ ਤਾਂ ਜੋ ਸਿੱਖਾਂ ਨੂੰ ਪਤਾ ਲੱਗ ਸਕੇ ਕਿ ਇਸ ਸਬੰਧੀ ਉਹ ਕੀ ਸੋਚਦੇ ਹਨ।

# ਕੈਪਟਨ ਵੱਲੋਂ ਬਾਦਲ 'ਤੇ ਰਾਜੀਵ-ਲੌਂਗੋਵਾਲ ਸਮਝੌਤਾ ਤੋੜਨ ਦਾ ਦੋਸ਼

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਧੋਖਾ ਕਰਕੇ ਰਾਜੀਵ-ਲੌਂਗੋਵਾਲ ਸਮਝੌਤਾ ਤੋੜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸ. ਬਾਦਲ ਨੇ ਅਜਿਹਾ ਆਪਣੀਆਂ ਸਿਆਸੀ ਇੱਛਾਵਾਂ ਦੀ ਪੂਰਤੀ ਲਈ ਕੀਤਾ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਦੀ 26ਵੀਂ ਵਰ੍ਹੇਗੰਢ ਮੌਕੇ ਕੈਪਟਨ ਨੇ ਕਿਹਾ ਕਿ ਸ. ਬਾਦਲ ਭਾਵੇਂ ਹੁਣ ਸੰਤ ਲੌਂਗੋਵਾਲ ਬਾਰੇ ਮਗਰਮੱਛ ਦੇ ਅੱਥਰੂ ਵਹਾਉਂਦੇ ਰਹੇ ਹਨ ਜਦਕਿ ਸ. ਬਾਦਲ ਹੀ ਸੰਤ ਲੌਂਗੋਵਾਲ ਨੂੰ ਇਤਿਹਾਸ ਦੀ ਬਹੁਤ ਹੀ ਕਠਿਨ ਤੇ ਗੰਭੀਰ ਹਾਲਤ 'ਚ ਲੈ ਕੇ ਆਏ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸ. ਬਾਦਲ ਨੇ ਇਹ ਸਭ ਕੁਝ ਆਪਣੀਆਂ ਵਿਅਕਤੀਗਤ ਸਿਆਸੀ ਇਛਾਵਾਂ ਨੂੰ ਪੂਰਾ ਕਰਨ ਲਈ ਕੀਤਾ ਹੈ।



ਉਨ੍ਹਾਂ ਕਿਹਾ ਕਿ ਜੇ ਸੰਤਾਂ ਨੂੰ ਧੋਖਾ ਨਾ ਦਿੱਤਾ ਜਾਂਦਾ ਤਾਂ ਸੂਬੇ ਦੀ ਹਾਲਤ ਵੱਖਰੀ ਹੋਣੀ ਸੀ ਤੇ ਸੰਤ ਲੌਂਗੋਵਾਲ ਦੀ ਹੱਤਿਆ ਤੋਂ ਬਾਅਦ ਹੋਣ ਵਾਲੇ ਖ਼ੂਨ ਖਰਾਬੇ ਤੋਂ ਬਚਿਆ ਜਾ ਸਕਦਾ ਸੀ। ਸਾਬਕਾ ਮੁੱਖ ਮੰਤਰੀ ਨੇ ਸ. ਬਾਦਲ ਨੂੰ ਕਿਹਾ ਕਿ ਉਹ ਜਨਤਕ ਤੌਰ 'ਤੇ ਖੁਲਾਸਾ ਕਰਨ ਕਿ ਉਹ ਪਹਿਲਾਂ ਸੰਤਾਂ ਦੀ ਹਮਾਇਤ ਕਰਕੇ ਬਾਅਦ ਵਿਚ ਪਿਛੇ ਕਿਉਂ ਹਟੇ ਸਨ। ਉਨ੍ਹਾਂ ਕਿਹਾ ਕਿ ਸ. ਬਾਦਲ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਉਜਾੜਿਆ ਹੈ ਅਤੇ ਹੁਣ ਇਸ ਦੇ ਦੋਸ਼ ਕਾਂਗਰਸ ਸਿਰ ਮੜ ਰਿਹਾ ਹੈ। ਉਨ੍ਹਾਂ ਕਿਹਾ ਕਿ ਖਾੜਕੂਵਾਦ ਦੌਰਾਨ ਸ. ਬਾਦਲ ਦੜ ਵੱਟ ਕੇ ਆਪਣੇ-ਆਪ ਨੂੰ ਬਚਾਉਂਦਾ ਰਿਹਾ ਅਤੇ ਪੰਜਾਬ ਦੇ ਨੌਜਵਾਨ ਮੌਤ ਦੇ ਮੂੰਹੋਂ ਪੈਂਦੇ ਰਹੇ।

ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਦਿੱਤੇ ਬਿਆਨ 'ਤੇ ਸਖ਼ਤ ਪ੍ਰਤੀਕਰਮ ਦਿੰਦਿਆਂ ਇਸ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਾਰੀ ਦੁਨੀਆ ਜਾਣਦੀ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕਰਨ ਤੋਂ ਕਾਂਗਰਸ ਭੱਜੀ ਸੀ।


# ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਗੁਰਦੁਆਰਾ ਚੋਣ ਕਮਿਸ਼ਨ ਸਰਗਰਮ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੀਆਂ ਪਿਛਲੇ ਕਾਫ਼ੀ ਸਮੇਂ ਤੋਂ ਲਟਕ ਰਹੀਆਂ ਚੋਣਾਂ ਬਾਰੇ ਭਾਵੇਂ ਅਜੇ ਤੱਕ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕੋਈ ਫ਼ੈਸਲਾ ਨਹੀਂ ਕੀਤਾ ਗਿਆ ਪਰ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦਫ਼ਤਰ ਵੱਲੋਂ ਚੋਣਾਂ ਬਾਰੇ ਆਪਣੀ ਤਿਆਰੀ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ 26 ਜੁਲਾਈ ਨੂੰ ਸਾਰੀਆਂ ਸਿੱਖ ਪਾਰਟੀਆਂ ਤੇ ਸਿੱਖ ਸੰਗਠਨਾਂ ਦੇ ਆਗੂਆਂ ਦੀ ਸਾਂਝੀ ਬੈਠਕ ਸੱਦ ਲਈ ਹੈ। ਇਸ ਵਿਚ ਉਨ੍ਹਾਂ ਸਾਰੀਆਂ ਪਾਰਟੀਆਂ ਤੇ ਸੰਗਠਨਾਂ ਨੂੰ ਸੱਦਿਆ ਗਿਆ ਹੈ ਜਿਨ੍ਹਾਂ ਵੱਲੋਂ ਚੋਣ ਨਿਸ਼ਾਨ ਲਈ ਦਰਖਾਸਤਾਂ ਦਿੱਤੀਆਂ ਗਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਵੱਲੋਂ ਇਹ ਬੈਠਕ ਪਾਰਟੀਆਂ ਤੇ ਸੰਗਠਨਾਂ ਨੂੰ ਦਿੱਤੇ ਜਾਣ ਵਾਲੇ ਚੋਣ ਨਿਸ਼ਾਨਾਂ ਦਾ ਫ਼ੈਸਲਾ ਤੇ ਰਾਏ ਲੈਣ ਲਈ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਚੋਣ ਕਮਿਸ਼ਨ ਵੱਲੋਂ ਸੱਦੀ ਬੈਠਕ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬੈਠਕ ਵਿਚ ਇਕ ਵਾਰ ਫਿਰ ਚੋਣ ਕਮਿਸ਼ਨ ਨੂੰ ਮੰਗ ਕੀਤੀ ਜਾਵੇਗੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬੋਗਸ ਵੋਟਾਂ ਦੀ ਸਮਾਪਤੀ ਲਈ ਵੋਟਰਾਂ ਨੂੰ ਸ਼ਨਾਖ਼ਤੀ ਕਾਰਡ ਜਾਰੀ ਕੀਤੇ ਜਾਣ।

# ਵਿਦੇਸਾਂ 'ਚੋਂ ਡਿਪੋਰਟ ਹੋਏ ਲੋਕਾਂ ਨੂੰ ਮੁੜ ਮਿਲਣਗੇ ਪਾਸਪੋਰਟ

**ਜਲੰਧਰ:** ਡਿਪੋਰਟ ਹੋਏ ਲੋਕਾਂ ਨੂੰ ਪਾਸਪੋਰਟ ਮਿਲਣ ਦੀ ਆਸ ਬੱਝੀ ਹੈ। ਖੇਤਰੀ ਪਾਸਪੋਰਟ ਦਫ਼ਤਰ ਅਗਸਤ ਵਿਚ ਚਾਰ ਦਿਨਾਂ ਦੀ ਮੈਗਾ ਪਾਸਪੋਰਟ ਲੋਕ ਅਦਾਲਤ ਵਿਚ 13 ਸਾਲਾਂ ਤੋਂ ਡਿਪੋਰਟ ਲੋਕਾਂ ਪਾਸਪੋਰਟ ਜਾਰੀ ਕਰੇਗਾ। ਦੇਸ਼ ਵਿਚ ਪਹਿਲੀ ਵਾਰ ਕਿਸੇ ਪਾਸਪੋਰਟ ਦਫ਼ਤਰ ਵਿਚ 4500 ਕੇਸ ਨਿਬੇੜਨ ਲਈ ਅਦਾਲਤ ਲਾਈ ਜਾ ਰਹੀ ਹੈ। 12 ਤੋਂ 15 ਅਗਸਤ ਤੱਕ ਲਾਈ ਜਾਣ ਵਾਲੀ ਲੋਕ ਅਦਾਲਤ ਵਿਚ 2500 ਕੇਸ ਵਿਦੇਸ਼ਾਂ 'ਚੋਂ ਕੱਢੇ ਲੋਕਾਂ ਦੇ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਵਿਦੇਸ਼ਾਂ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿਣ 'ਤੇ ਗ੍ਰਿਫ਼ਤਾਰ ਕਰਕੇ ਵਾਪਸ ਭਾਰਤ ਭੇਜ ਦਿੱਤਾ ਸੀ ਤੇ ਵਿਦੇਸ਼ਾਂ ਵਿਚਲੇ ਭਾਰਤੀ ਦੂਤਘਰਾਂ ਨੇ ਇਨ੍ਹਾਂ ਲੋਕਾਂ ਦੇ ਮਾਮਲੇ ਵਿਚ ਜਵਾਬ ਨਹੀਂ ਭੇਜੇ ਸਨ ਤੇ ਇਨ੍ਹਾਂ ਦੇ ਪਾਸਪੋਰਟ ਬਣਨ ਤੋਂ ਰਹਿ ਗਏ ਸਨ।




13 ਸਾਲ ਤੋਂ ਵੀ ਵੱਧ ਸਮੇਂ ਤੋਂ ਜਵਾਬ ਨਾ ਆਉਣ 'ਤੇ ਉਨ੍ਹਾਂ ਦੀਆਂ ਫਾਈਲਾਂ ਬੰਦ ਕਰ ਦਿੱਤੀਆਂ ਸਨ। ਖੇਤਰੀ ਪਾਸਪੋਰਟ ਅਫ਼ਸਰ ਪ੍ਰਨੀਤ ਸਿੰਘ ਦਾ ਕਹਿਣਾ ਹੈ ਕਿ ਵਿਦੇਸ਼ਾਂ ਤੋਂ ਕੱਢੇ ਗਏ ਲੋਕਾਂ ਨੂੰ ਲੋਕ ਅਦਾਲਤ ਵਿਚ ਹਾਜ਼ਰ ਹੋਣ ਲਈ ਪੱਤਰ ਭੇਜੇ ਗਏ ਹਨ ਤੇ ਉਨ੍ਹਾਂ ਨੂੰ ਪਾਸਪੋਰਟ ਜਾਰੀ ਕਰਨ ਦੇ ਮਾਮਲੇ ਵਿਚ ਵਿਦੇਸ਼ ਮੰਤਰਾਲੇ ਨਾਲ ਵੀ ਸਲਾਹ ਕਰ ਲਈ ਗਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇ ਕੇਸ ਬੰਦ ਹੋ ਗਏ ਹਨ, ਉਨ੍ਹਾਂ ਨੂੰ ਫਾਈਲਾਂ ਮੁੜ ਅਪਲਾਈ ਕਰਨੀਆਂ ਹੋਣਗੀਆਂ। ਅਜੇ ਵੀ ਗ਼ੈਰ-ਕਾਨੂੰਨੀ ਤੌਰ 'ਤੇ ਵਿਦੇਸ਼ਾਂ ਵਿਚ ਰਹਿਣ ਵਾਲਿਆਂ ਦੀ ਦੇਸ਼ ਵਾਪਸ ਆਉਣ ਦੀ ਗਿਣਤੀ ਕਾਫੀ ਹੈ।

ਇਥੇ ਜ਼ਿਕਰਯੋਗ ਹੈ ਕਿ ਵਿਦੇਸ਼ਾਂ ਵਿਚ ਜਿਹੜੇ ਭਾਰਤੀ ਗ਼ੈਰ-ਕਾਨੂੰਨੀ ਤਰੀਕੇ ਨਾਲ ਗਏ ਹਨ, ਉਨ੍ਹਾਂ ਨੂੰ ਭੇਜਣ ਵਾਲੇ ਏਜੰਟ ਪਾਸਪੋਰਟ ਲੈ ਲੈਂਦੇ ਹਨ ਤੇ ਵਾਪਸ ਨਹੀਂ ਕਰਦੇ। ਇਹੋ ਜਿਹੇ ਮਾਮਲਿਆਂ ਵਿਚ ਭਾਰਤੀ ਦੂਤਘਰ ਐਮਰਜੰਸੀ ਪਰਚੀ 'ਤੇ ਉਨ੍ਹਾਂ ਨੂੰ ਵਾਪਸ ਭੇਜ ਦਿੰਦੇ ਹਨ। ਪਾਸਪੋਰਟ ਅਧਿਕਾਰੀ ਨੇ ਦੱਸਿਆ ਕਿ ਦੋਹਰਾ ਪਾਸਪੋਰਟ ਰੱਖਣ ਵਾਲਿਆਂ ਦੇ 500 ਕੇਸ ਵੀ ਲੋਕ ਅਦਾਲਤ ਵਿਚ ਲਾਏ ਗਏ ਹਨ ਤੇ ਇਸ ਮਾਮਲੇ ਵਿਚ ਜ਼ੁਰਮਾਨਾ ਪਾ ਕੇ ਇਹ ਮਾਮਲੇ ਹੱਲ ਕਰ ਦਿੱਤੇ ਜਾਣਗੇ।

# ਜਥੇਦਾਰ ਮੱਕੜ ਚੰਡੀਗੜ੍ਹ 'ਚ ਮਾਂ ਬੋਲੀ ਨੂੰ ਨੁੱਕਰੇ ਲਾਉਣ ਤੋਂ ਖ਼ਫ਼ਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਪੰਜਾਬ ਦੀ ਰਾਜਧਾਨੀ ਵਿਚ ਹੀ ਮਾਂ ਬੋਲੀ ਪੰਜਾਬੀ ਨੂੰ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਨੁਕਰੇ ਲਾਉਣਾ ਵੱਡਾ ਦੁਖਾਂਤ ਹੈ ਤੇ ਉਹ ਇਸ ਮੁੱਦੇ ਉਪਰ ਹੰਗਾਮੀ ਕਦਮ ਚੁੱਕਣਗੇ।

ਸ. ਮੱਕੜ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੀ ਰਾਜਧਾਨੀ ਵਿਚ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸਰਕਾਰੀ ਭਾਸ਼ਾ ਅੰਗਰੇਜ਼ੀ ਥੋਪ ਕੇ ਪੰਜਾਬੀ ਭਾਸ਼ਾ ਨੂੰ ਅੱਖੋਂ-ਪਰੋਖੇ ਕਰਨਾ ਡਾਹਢਾ ਦੁਖਦਾਈ ਮਾਮਲਾ ਹੈ ਕਿਉਂਕਿ ਚੰਡੀਗੜ੍ਹ ਪੰਜਾਬ ਦਾ ਅਨਿੱਖੜਵਾਂ ਹਿੱਸਾ ਹੈ ਤੇ ਪੰਜਾਬੀ ਬੋਲਦੇ ਪਿੰਡਾਂ ਨੂੰ ਉਜਾੜ ਕੇ ਇਸ ਨੂੰ ਰਾਜਧਾਨੀ ਵਜੋਂ ਵਸਾਇਆ ਗਿਆ ਸੀ।

ਉਨ੍ਹਾਂ ਕਿਹਾ ਕਿ ਇਹ ਬਦਕਿਸਮਤੀ ਵਾਲੀ ਗੱਲ ਹੈ ਕਿਉਂਕਿ ਨਾਲ ਲਗਦੇ ਹਿਮਾਚਲ ਪ੍ਰਦੇਸ਼ ਤੇ ਹਰਿਆਣੇ ਤੋਂ ਇਲਾਵਾ ਹੁਣ ਬੰਗਾਲ ਰਾਜ ਵਿਚ ਵੀ ਪੰਜਾਬੀ ਭਾਸ਼ਾ ਨੂੰ ਯੋਗ ਸਥਾਨ ਦੇਣ ਦੀ



ਗੱਲ ਤੁਰੀ ਹੈ ਜਦਕਿ ਪੰਜਾਬੀਆਂ ਦੀ ਰਾਜਧਾਨੀ ਵਿਚ ਮਾਂ ਬੋਲੀ ਦੀ ਕੋਈ ਹੋਂਦ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਜੋ ਚੰਡੀਗੜ੍ਹ ਯੂ.ਟੀ. ਦੇ ਪ੍ਰਸ਼ਾਸਕ ਵੀ ਹਨ, ਨੂੰ ਇੱਥੇ ਪੰਜਾਬੀ ਭਾਸ਼ਾ ਦੀ ਹੋ ਰਹੀ ਦੁਰਗਤੀ ਨੂੰ ਦੂਰ ਕਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਦੱਸਣਯੋਗ ਹੈ ਕਿ ਹੁਣ ਯੂ.ਟੀ. ਦੇ ਸਕੂਲਾਂ ਵਿਚ ਵੀ ਪੰਜਾਬੀ ਭਾਸ਼ਾ ਪੜ੍ਹਾਉਣ ਦਾ ਪ੍ਰਬੰਧ ਪੂਰੀ ਤਰ੍ਹਾਂ ਨਾਕਸ ਹੋ ਚੁੱਕਾ ਹੈ ਤੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਪੜ੍ਹਨ ਦੇ ਮੌਕੇ ਖਤਮ ਹੁੰਦੇ ਜਾਣ ਕਾਰਨ ਪੰਜਾਬੀਆਂ ਦੀ ਨਵੀਂ ਪੌਦ ਆਪਣੀ ਮਾਂ ਬੋਲੀ ਤੋਂ ਟੁੱਟਦੀ ਜਾ ਰਹੀ ਹੈ।

ਜਥੇਦਾਰ ਮੱਕੜ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਖ਼ਿਲਾਫ਼ ਅਦਾਲਤ ਵੱਲੋਂ ਜਾਰੀ ਕੀਤੇ ਗੈਰ-ਜ਼ਮਾਨਤੀ ਵਾਰੰਟਾਂ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਹ ਵਾਰੰਟ ਡੇਰਾ ਸਿਰਸਾ ਦੇ ਕਿਸੇ ਬੰਦੇ ਵਲੋਂ ਜਾਰੀ ਕਰਵਾਏ ਗਏ ਹਨ ਤੇ ਉਲਟਾ ਉਸ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਹੋਣਾ ਚਾਹੀਦਾ ਹੈ।

## ਬਗੈਰ ਤਲਾਕ ਪਰਵਾਸੀ ਭਾਰਤੀ ਨੇ ਹੋਰ ਵਿਆਹ ਕਰਵਾਇਆ

**ਹੁਸ਼ਿਆਰਪੁਰ:** ਅਮਰੀਕਾ ਰਹਿੰਦੇ 48 ਸਾਲਾ ਵਿਅਕਤੀ ਵੱਲੋਂ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਇਕ ਹੋਰ ਵਿਆਹ ਕਰਵਾ ਲਿਆ ਗਿਆ ਹੈ। ਇਸ ਵਿਅਕਤੀ ਨੇ ਵਿਦੇਸ਼ ਵਿਚ ਪੱਕੇ ਹੋਣ ਲਈ ਆਪਣੀ ਸਾਲੀ ਨਾਲ ਵੀ ਕਾਗਜ਼ੀ ਵਿਆਹ ਕਰਵਾਇਆ ਸੀ। ਲਖਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪੰਡੋਰੀ ਨੇ ਇਸ ਸਾਲ ਜਨਵਰੀ 'ਚ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਪੱਡਾ ਧਾਲੀਵਾਲ ਦੀ ਮਨਦੀਪ ਕੌਰ ਨਾਲ ਵਿਆਹ ਕਰਾ ਲਿਆ। ਪਤਾ ਲੱਗਣ 'ਤੇ ਅਮਰੀਕਾ ਰਹਿੰਦੀ ਪਹਿਲੀ ਪਤਨੀ ਨੇ ਹੁਸ਼ਿਆਰਪੁਰ ਦੇ ਐਨ.ਆਰ.ਆਈ ਥਾਣੇ ਵਿਚ ਦਰਖਾਸਤ ਦਿੱਤੀ ਤੇ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੂੰ ਕੇਸ ਦੀ ਪੈਰਵਾਈ ਕਰਨ ਦੀ ਅਪੀਲ ਕੀਤੀ ਹੈ।

ਐਨ.ਆਰ.ਆਈ ਥਾਣੇ ਪਹੁੰਚੇ ਸ. ਰਾਮੂਵਾਲੀਆ ਨੇ ਦੱਸਿਆ ਕਿ ਇਹ ਮਾਮਲਾ ਸਿਰਫ ਧੋਖੇ ਨਾਲ ਵਿਆਹ ਕਰਵਾਉਣ ਦਾ ਹੀ ਨਹੀਂ ਬਲਕਿ ਵਿਦੇਸ਼ 'ਚ ਪੱਕਾ ਹੋਣ ਲਈ ਗੈਰ ਇਖਲਾਕੀ ਤਰੀਕੇ ਅਪਨਾਉਣ ਦਾ ਵੀ ਹੈ। ਉਨ੍ਹਾਂ ਦੱਸਿਆ ਕਿ ਲਖਵਿੰਦਰ ਸਿੰਘ ਨੇ ਅਮਰੀਕਾ ਜਾਣ ਲਈ ਆਪਣੀ ਪਤਨੀ ਪਰਮਜੀਤ ਕੌਰ ਦੀ ਸ਼ਾਦੀਸ਼ੁਦਾ ਭੈਣ ਚਰਨਜੀਤ ਕੌਰ ਨਾਲ ਫ਼ਰਜ਼ੀ ਵਿਆਹ ਕਰਵਾਇਆ ਤੇ ਅਮਰੀਕਾ ਪੁੱਜ ਕੇ ਅਸਲੀ ਪਤਨੀ ਨਾਲ ਰਹਿਣ ਲੱਗ ਪਿਆ ਜਿਸ ਤੋਂ ਉਸ ਦੇ ਤਿੰਨ ਬੱਚੇ ਵੀ ਹਨ। ਪੱਕੇ ਹੋਣ ਤੋਂ ਬਾਅਦ ਉਸ ਨੇ ਚਰਨਜੀਤ ਕੌਰ ਤੋਂ ਕਾਗਜ਼ਾਂ 'ਚ ਹੀ ਤਲਾਕ ਲੈ ਲਿਆ। ਇਸ ਸਾਲ ਜਨਵਰੀ 'ਚ ਉਸ ਨੇ ਭਾਰਤ ਆ ਕੇ ਕਪੂਰਥਲਾ ਦੀ ਕੁੜੀ ਨਾਲ ਫ਼ਿਰ ਵਿਆਹ ਕਰਵਾ ਲਿਆ।

ਸ਼ਿਕਾਇਤਕਰਤਾ ਨੇ ਪਤੀ ਦਾ ਆਪਣੀ ਭੈਣ ਨਾਲ ਫ਼ਰਜ਼ੀ ਸਾਕ ਦਾ ਜ਼ਿਕਰ ਨਹੀਂ ਕੀਤਾ ਪਰ ਪੁਲੀਸ ਜਾਂਚ ਨੇ ਇਹ ਤੱਥ ਸਾਹਮਣੇ ਲੈ ਆਂਦਾ ਹੈ। ਦੂਜੇ ਪਾਸੇ ਲਖਵਿੰਦਰ ਨੇ ਜਿਸ ਲੜਕੀ ਨਾਲ ਤੀਜਾ ਵਿਆਹ ਕਰਵਾਇਆ, ਉਸ ਦੇ ਘਰਦਿਆਂ ਨੂੰ ਪਹਿਲੇ ਵਿਆਹ ਤੇ ਬੱਚਿਆਂ ਬਾਰੇ ਨਹੀਂ ਦੱਸਿਆ ਸਗੋਂ ਚਰਨਜੀਤ ਕੌਰ ਨਾਲ ਹੋਇਆ ਫ਼ਰਜ਼ੀ ਤਲਾਕਨਾਮਾ ਦਿਖਾ ਕੇ ਆਪਣੇ ਆਪ ਨੂੰ ਤਲਾਕਸ਼ੁਦਾ ਦੱਸਿਆ।

# ਹਮਖਿਆਲ ਪਾਰਟੀਆਂ ਨਾਲ ਚੋਣ ਸਮਝੌਤੇ ਤੋਂ ਗੁਰੇਜ ਨਹੀਂ–ਮਨਪ੍ਰੀਤ ਬਾਦਲ

**ਪੰਜਾਬ ਦੇ ਸਾਬਕਾ ਵਿੱਤ ਮੰਤਰੀ ਅਤੇ ਹੁਣ ਪੀਪਲਜ਼ ਪਾਰਟੀ ਆਫ ਪੰਜਾਬ ਦੇ ਕਾਰਜਕਾਰੀ ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਵੱਲ ਸਮੂਹ ਪੰਜਾਬੀਆਂ ਦੀਆਂ ਨਿਗਾਹਾਂ ਹਨ ਕਿ ਉਹ ਪੰਜਾਬ ਦੇ ਮੌਜੂਦਾ ਨਿੱਘਰ ਰਹੇ ਹਾਲਾਤ ਨੂੰ ਮੋੜਾ ਦੇਣ ਲਈ ਕੀ ਕਰ ਸਕਣਗੇ? ਵੱਡੀ ਗਿਣਤੀ ਵਿਚ ਦੇਸ ਪਰਦੇਸ ਵਿਚ ਵਸਦੇ ਪੰਜਾਬੀਆਂ ਵਲੋਂ ਪੰਜਾਬ ਨੂੰ ਵਿਕਾਸ ਦੇ ਨਵੇਂ ਪੰਧ 'ਤੇ ਪਾਉਣ ਅਤੇ ਭ੍ਰਿਸ਼ਟਾਚਾਰ ਤੇ ਨਸ਼ਾਖੋਰੀ ਦੀ ਦਲਦਲ ਵਿਚੋਂ ਕੱਢਣ ਲਈ ਸ. ਮਨਪ੍ਰੀਤ ਸਿੰਘ ਬਾਦਲ 'ਤੇ ਵੱਡੀ ਟੇਕ ਰੱਖੀ ਜਾ ਰਹੀ ਹੈ। ਪੰਜਾਬ ਟਾਈਮਜ਼ ਦੇ ਕਾਰਟੂਨਿਸਟ ਟੋਨੀ ਕਲੇਰ ਨੇ ਪਿਛਲੇ ਦਿਨੀਂ ਉਨ੍ਹਾਂ ਨਾਲ ਇਕ ਖਾਸ ਮੁਲਾਕਾਤ ਕੀਤੀ। ਪਾਠਕਾਂ ਦੀ ਦਿਲਚਸਪੀ ਲਈ ਇਸ ਮੁਲਾਕਾਤ ਦੇ ਕੁਝ ਅੰਸ਼ ਪੇਸ਼ ਹਨ,**



*ਮਨਪ੍ਰੀਤ ਸਿੰਘ ਬਾਦਲ ਨਾਲ ਲੇਖਕ ਤੇ ਕਾਰਟੂਨਿਸਟ ਟੋਨੀ ਕਲੇਰ*

**ਸਵਾਲ:** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ, ਤੁਸੀਂ ਇਹ ਚੋਣਾਂ ਇਕੱਲੇ ਲੜੋਗੇ ਜਾਂ ਫਿਰ ਕਿਸੇ ਹੋਰ ਸਿਆਸੀ ਪਾਰਟੀ ਨਾਲ ਰਲ ਕੇ?

**ਜਵਾਬ:** ਸਾਡਾ ਮਨੋਰਥ ਪੰਜਾਬ ਨੂੰ ਮੌਜੂਦਾ ਗਰਕੀ ਵਿਚੋਂ ਕੱਢਣਾ ਹੈ ਅਤੇ ਇਸ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਵੱਲ ਕਦਮ ਪੁੱਟਣਾ ਹੈ। ਇਸ ਮਾਮਲੇ ਵਿਚ ਜਿਸ ਵੀ ਸਿਆਸੀ ਪਾਰਟੀ ਦੇ ਵਿਚਾਰ ਸਾਡੇ ਨਾਲ ਮਿਲਦੇ ਹੋਣਗੇ ਸਾਨੂੰ ਉਸ ਨਾਲ ਚੋਣ ਸਮਝੌਤਾ ਕਰਨ ਵਿਚ ਝਿਜਕ ਨਹੀਂ ਹੋਵੇਗੀ।

**ਸਵਾਲ:** ਮਾਲਵੇ ਵਿਚ ਫੈਲ ਰਹੇ ਕੈਂਸਰ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

**ਜਵਾਬ:** ਮਾਲਵੇ ਦੇ ਕੁਝ ਜ਼ਿਲਿਆਂ ਵਿਚ ਵਾਕਿਆ ਹੀ ਕੈਂਸਰ ਦਾ ਰੋਗ ਫੈਲਿਆ ਹੋਇਆ ਹੈ ਜੋ ਕਿ ਬੜੀ ਚਿੰਤਾ ਦਾ ਵਿਸ਼ਾ ਹੈ। ਸਰਕਾਰ ਨੂੰ ਇਸ ਬਾਰੇ ਬਹੁਤ ਕੁਝ ਕਰਨ ਦੀ ਲੋੜ ਹੈ। ਇਲਾਕਾ ਗਰੀਬ ਹੋਣ ਕਰਕੇ ਗਰੀਬ ਆਦਮੀ ਇਲਾਜ ਕਰਵਾਉਣ ਤੋਂ ਵੀ ਅਸਮਰਥ ਹੈ ਕਿਉਂਕਿ ਇਲਾਜ ਮਹਿੰਗਾ ਵੀ ਬਹੁਤ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਕੈਂਸਰ ਲਈ ਵਿਸ਼ੇਸ਼ ਹਸਤਪਾਲ ਬਣਾਉਣ ਦੇ ਨਾਲ ਨਾਲ ਮਰੀਜਾਂ ਦੀ ਪੈਸੇ ਨਾਲ ਵੀ ਮਦਦ ਕਰਨੀ ਚਾਹੀਦੀ ਹੈ। ਜੇ ਅਸੀਂ ਚੋਣ ਜਿੱਤ ਕੇ ਸਰਕਾਰ ਵਿਚ ਆਏ ਤਾਂ ਲਾਜ਼ਮੀ ਤੌਰ 'ਤੇ ਇਸ ਪਾਸੇ ਵੱਲ ਧਿਆਨ ਦੇਵਾਂਗੇ।

**ਸਵਾਲ:** ਤੁਸੀਂ ਆਪਣੀਆਂ ਰੈਲੀਆਂ ਵਿਚ ਕਿਹਾ ਹੈ ਕਿ ਮੈਂ ਨਿਜ਼ਾਮ ਬਦਲ ਦਿਆਂਗਾ। ਕੀ ਐਸਾ ਸੰਭਵ ਹੈ?

**ਜਵਾਬ:** ਦੇਖੋ ਜੀ ਅੱਜ ਪੰਜਾਬ ਦਾ ਨੌਜਵਾਨ ਬੇਰੁਜ਼ਗਾਰ ਹੈ। ਨੌਕਰੀ ਨਾ ਮਿਲਣ ਕਰਕੇ ਨਿਰਾਸ਼ ਹੋਇਆ ਨੌਜਵਾਨ ਜਾਂ ਬਾਹਰ ਨੂੰ ਭੱਜਦਾ ਹੈ ਜਾਂ ਨਸ਼ਿਆਂ ਵੱਲ। ਘਰਾਂ ਦੇ ਘਰ ਤਬਾਹ ਹੋ ਰਹੇ ਹਨ। ਸਾਡੀ ਸਰਕਾਰ ਬਣੀ ਤਾਂ ਨੌਕਰੀ ਦੇ ਸਾਧਨ ਮੁਹੱਈਆ ਕਰਵਾਵਾਂਗੇ। ਰਿਸ਼ਵਤਖੋਰੀ ਨੂੰ ਲਗਾਮ ਪਾਵਾਂਗੇ। ਅਫਸਰਸ਼ਾਹੀ ਦੇ ਆਪਹੁਦਰੇਪਣ ਖਤਮ ਕਰਾਂਗੇ ਅਤੇ ਲੋਕਾਂ ਪ੍ਰਤੀ ਜਵਾਬਦੇਹ ਬਣਾਵਾਂਗੇ। ਲੋਕਾਂ ਨੂੰ ਆਪਣੇ ਨਿੱਕੇ ਮੋਟੇ ਕੰਮ ਕਰਵਾਉਣ ਜਾਂ ਬਦਲੀਆਂ ਕਰਵਾਉਣ ਲਈ ਖੱਜਲ ਨਹੀਂ ਹੋਣਾ ਪਵੇਗਾ। ਲਾਲ ਬੱਤੀਆਂ ਦਾ ਸਿਲਸਿਲਾ ਬੰਦ ਕੀਤਾ ਜਾਏਗਾ। ਨਿਜ਼ਾਮ ਬਦਲਣਾ ਬੇਸ਼ਕ ਮੁਸ਼ਕਿਲ ਹੈ ਪਰ ਜੇ ਆਪਣੇ ਆਪ ਤੋਂ ਸ਼ੁਰੂ ਕਰੀਏ ਤਾਂ ਅਸੰਭਵ ਵੀ ਨਹੀਂ। ਅਸੀਂ ਨਿਜ਼ਾਮ ਨੂੰ ਬਦਲਣਾ ਆਪਣੇ ਆਪ ਤੋਂ ਸ਼ੁਰੂ ਕਰਾਂਗੇ। ਪੰਜਾਬ ਇਸ ਸਮੇਂ ਜਿਸ ਤਬਾਹੀ ਦੇ ਕੰਢੇ 'ਤੇ ਬੈਠਾ ਹੈ, ਉਸ ਤੋਂ ਬਚਾਉਣ ਲਈ ਵੱਡੇ ਹੰਭਲੇ ਦੀ ਲੋੜ ਹੈ। ਅਸੀਂ ਆਪਣੀ ਤਰਫੋਂ ਇਸ ਮਾਮਲੇ ਵਿਚ ਪੂਰਾ ਟਿੱਲ ਲਾਵਾਂਗੇ।

**ਸਵਾਲ:** ਆਪਣੀ ਪਾਰਟੀ ਦੇ ਜ਼ਿਲਾ ਪ੍ਰਧਾਨ ਅਤੇ ਯੂਥ ਵਿੰਗ ਕਦੋਂ ਬਣਾ ਰਹੇ ਹੋ?

**ਜਵਾਬ:** ਅਗਸਤ ਮਹੀਨੇ ਵਿਚ ਜ਼ਿਲਾ ਪ੍ਰਧਾਨ ਅਤੇ ਯੂਥ ਵਿੰਗ ਬਣਾ ਦਿੱਤੇ ਜਾਣਗੇ।

**ਸਵਾਲ:** ਪਰਵਾਸੀ ਭਾਰਤੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਕੁਝ ਕਹਿਣਾ ਚਾਹੋਗੇ? ਪਰਵਾਸੀ ਖਾਸ ਕਰਕੇ ਆਪਣੀਆਂ ਜਾਇਦਾਦਾਂ 'ਤੇ ਜਬਰੀ ਕਬਜ਼ਿਆਂ ਤੋਂ ਪ੍ਰੇਸ਼ਾਨ ਹਨ।

**ਜਵਾਬ:** ਮੈਂ ਪਰਵਾਸੀ ਪੰਜਾਬੀਆਂ ਦੀ ਦਿਲੋਂ ਇੱਜ਼ਤ ਕਰਦਾ ਹਾਂ ਅਤੇ ਸਮਝਦਾ ਹਾਂ ਕਿ ਪੰਜਾਬ ਵਿਚ ਅੱਜ ਜੋ ਨਜ਼ਰ ਆਉਂਦਾ ਹੈ ਉਸ ਵਿਚ ਬਹੁਤ ਵੱਡਾ ਹਿੱਸਾ ਪਰਵਾਸੀ ਪੰਜਾਬੀਆਂ ਦਾ ਹੈ। ਉਹ ਪੈਸਾ ਕਮਾ ਕੇ ਪਿਛੇ ਭੇਜ ਰਹੇ ਹਨ। ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਉਹ ਕਈ ਸਾਲਾਂ ਬਾਅਦ ਇਥੇ ਪਰਤਦੇ ਹਨ ਤਾਂ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਕਿਸੇ ਨੇ ਕਬਜ਼ਾ ਕੀਤਾ ਹੋਇਆ ਹੁੰਦਾ ਹੈ। ਬਹੁਤੀ ਵਾਰ ਇਨ੍ਹਾਂ ਕਬਜ਼ਿਆਂ ਵਿਚ ਪੁਲਿਸ ਅਤੇ ਅਫਸਰਸ਼ਾਹੀ ਦੀ ਮਿਲੀਭੁਗਤ ਹੁੰਦੀ ਹੈ। ਸਾਡੀ ਸਰਕਾਰ ਆਉਣ 'ਤੇ ਅਸੀਂ ਪੁਲਿਸ ਅਤੇ ਅਫਸਰਸ਼ਾਹੀ ਉਪਰ ਇਸ ਮਾਮਲੇ ਵਿਚ ਖਾਸ ਨਿਗਾਹ ਰੱਖਾਂਗੇ। ਦੋਸ਼ੀ ਪਾਏ ਗਏ ਅਫਸਰਾਂ ਨੂੰ ਬਖਸ਼ਿਆ ਨਹੀਂ ਜਾਏਗਾ।

ਬਾਕੀ ਮੈਂ ਆਪ ਅਮਰੀਕਾ/ਕੈਨੇਡਾ ਜਾ ਰਿਹਾ ਹਾਂ, ਮੇਰੀ ਪੰਜਾਬੀ ਭਰਾਵਾਂ ਨੂੰ ਅਪੀਲ ਹੈ ਕਿ ਉਹ ਆਪਣੀਆਂ ਮੁਸ਼ਕਿਲਾਂ ਦੱਸਣ ਲਈ ਬੇਝਿਜਕ ਹੋ ਕੇ ਮੇਰੇ ਤੱਕ ਪਹੁੰਚ ਕਰਨ। ਪਰਵਾਸੀ ਭਰਾਵਾਂ ਨੂੰ ਇਹ ਵੀ ਅਪੀਲ ਹੈ ਕਿ ਉਹ ਸਾਡੀ ਗੱਲ ਸੁਣਨ ਲਈ ਸਾਡੇ ਪ੍ਰੋਗਰਾਮਾਂ ਵਿਚ ਜ਼ਰੂਰ ਪਹੁੰਚਣ। ਪੰਜਾਬ ਦੀ ਕਾਇਆ ਕਲਪ ਲਈ ਸਾਨੂੰ ਉਨ੍ਹਾਂ ਦੀ ਮਦਦ ਦੀ ਖਾਸ ਤੌਰ 'ਤੇ ਲੋੜ ਹੈ।

*–ਮੁਲਾਕਾਤੀ:ਟੋਨੀ ਕਲੇਰ*

# ਸੱਤ ਜਥੇਬੰਦੀਆਂ ਵੱਲੋਂ ਚੋਣ ਨਿਸ਼ਾਨ ਲੈਣ ਤੋਂ ਇਨਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਚੋਣ ਕਮਿਸ਼ਨ ਮੁਖੀ ਹਰਫੂਲ ਸਿੰਘ ਬਰਾੜ ਦੇ ਰਵੱਈਏ ਖ਼ਿਲਾਫ਼ ਸੱਤ ਪੰਥਕ ਜਥੇਬੰਦੀਆਂ ਨੇ ਰੋਸ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਚੋਣ ਨਿਸ਼ਾਨ ਲੈਣ ਤੋਂ ਇਨਕਾਰ ਕਰ ਦਿੱਤੀ ਹੈ। ਕਮਿਸ਼ਨ ਵੱਲੋਂ ਇਨ੍ਹਾਂ ਪਾਰਟੀਆਂ ਨੂੰ 26 ਜੁਲਾਈ ਨੂੰ ਚੋਣ ਨਿਸ਼ਾਨ ਲੈਣ ਲਈ ਸੱਦਿਆ ਗਿਆ ਸੀ। ਇਨ੍ਹਾਂ ਜਥੇਬੰਦੀਆਂ ਨੇ ਕਮਿਸ਼ਨਰ ਨੂੰ ਮਿਲ ਕੇ ਇਕ ਮੰਗ ਪੱਤਰ ਵੀ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ 1920, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਖਾਲਸਾ ਐਕਸ਼ਨ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਸ਼੍ਰੋਮਣੀ ਅਕਾਲੀ ਦਲ (ਦਿੱਲੀ), ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੋਵੇਂ ਧੜਿਆਂ ਨੇ ਚੋਣ ਨਿਸ਼ਾਨ ਲੈਣ ਤੋਂ ਇਨਕਾਰ ਕਰ ਦਿੱਤਾ।। ਗੁਰਦੁਆਰਾ ਚੋਣ ਕਮਿਸ਼ਨਰ ਨੂੰ ਦਿੱਤੇ ਮੰਗ ਪੱਤਰ ਵਿਚ ਇਸ ਗੱਲ 'ਤੇ ਰੋਸ ਪ੍ਰਗਟ ਕੀਤਾ ਗਿਆ ਕਿ ਕਮਿਸ਼ਨ ਵਲੋਂ ਚੋਣ ਨਿਸ਼ਾਨ ਅਲਾਟ ਕਰਨ ਵਾਸਤੇ ਲਿਖਤੀ ਰੂਪ 'ਚ ਸੱਦਾ ਦੇਣ ਦੀ ਥਾਂ ਟੈਲੀਫੋਨ 'ਤੇ ਸੱਦ ਲਿਆ ਗਿਆ ਹੈ। ਮੰਗ ਪੱਤਰ 'ਚ ਨਵੀਂ ਬਣੀ ਵੋਟਰ ਸੂਚੀ ਵਿਚ ਗੈਰ ਸਿੱਖਾਂ ਨੂੰ ਵੋਟਰ ਬਣਾਏ ਜਾਣ ਦੇ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਇਨ੍ਹਾਂ ਦੀਆਂ ਵੋਟਾਂ ਕੱਟਣ ਦੀ ਮੰਗ ਕੀਤੀ ਗਈ ਹੈ। ਕਮਿਸ਼ਨਰ ਉੱਤੇ ਗੈਰ ਸਿੱਖਾਂ ਦੀਆਂ ਵੋਟਾਂ ਕੱਟਣ ਦਾ ਵਾਅਦਾ ਕਰਕੇ ਅਜੇ ਤੱਕ ਕੋਈ ਕਾਰਵਾਈ ਨਾ ਕਰਨ ਦੀ ਵੀ ਨਿੰਦਾ ਕੀਤੀ ਗਈ ਹੈ।

ਮੰਗ ਪੱਤਰ ਵਿਚ ਵੋਟਰਾਂ ਦੇ ਸ਼ਨਾਖ਼ਤੀ ਕਾਰਡ ਬਣਾਉਣ ਤੋਂ ਟਾਲਾ ਵੱਟਣ ਕਾਰਨ ਚੋਣਾਂ ਵਿਚ ਜਾਅਲੀ ਵੋਟਾਂ ਭੁਗਤਣ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ। ਇਸ ਸੂਰਤ ਵਿਚ ਚੋਣ ਬੂਥਾਂ ਨੇੜੇ ਕਿਸੇ ਤਰ੍ਹਾਂ ਦੀ ਅਣਸੁਖਾਵੀ ਘਟਨਾ ਵਾਪਰਨ ਦੀ ਜ਼ਿੰਮੇਵਾਰੀ ਕਮਿਸ਼ਨਰ ਸਿਰ ਹੋਵੇਗੀ। ਮੰਗ ਪੱਤਰ ਦੀ ਇਕ ਕਾਪੀ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਸਕੱਤਰ ਨੂੰ ਵੀ ਭੇਜੀ ਗਈ ਹੈ। ਮੰਗ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਮੰਗਾਂ ਬਾਰੇ ਕਮਿਸ਼ਨਰ ਕੋਲ ਪਹਿਲਾਂ ਵੀ ਮਾਮਲਾ ਉਠਾਇਆ ਗਿਆ ਸੀ ਪਰ ਕੋਈ ਕਾਰਵਾਈ ਨਾ ਕਰਨ ਕਰਕੇ ਇਹ ਕਦਮ ਚੁੱਕਿਆ ਗਿਆ ਹੈ।


FARMERS

Now at new location: 2774 Aborn Road , San Jose, CA 95121

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation

**Ph: 408-771-2438**

*408-580-6063, 408-687-7566*

Fax: 408-273-6001

*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209–815–1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**

*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209–815–1869**

# ਗੁਰਦੁਆਰਾ ਦਸ਼ਮੇਸ਼ ਦਰਬਾਰ 'ਚ ਬੱਚਿਆਂ ਦਾ ਸਫਲ ਗੁਰਮਤਿ ਕੈਂਪ

ਬੇਕਰਜ਼ਫੀਲਡ (ਮਾਨ ਮਨਦੀਪ): ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ 16 ਜੁਲਾਈ ਤੋਂ 23 ਜੁਲਾਈ ਤੱਕ ਬੱਚਿਆਂ ਦਾ ਵਿਸ਼ੇਸ਼ ਗੁਰਮਤਿ ਕੈਂਪ ਲਾਇਆ ਗਿਆ ਜਿਸ ਦੌਰਾਨ ਬੱਚਿਆਂ ਨੂੰ ਗੁਰਮੁਖੀ ਲਿਪੀ, ਗੁਰਮਤਿ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਮਲਟੀ ਮੀਡੀਏ ਦੀ ਵਰਤੋਂ ਕਰਦਿਆਂ ਕਲਾਸਾਂ ਲਾਈਆਂ ਗਈਆਂ। ਗਿਆਨੀ ਹਰਜੀਤ ਸਿੰਘ ਮੋਗੇ ਵਾਲਿਆਂ ਅਤੇ ਹਜ਼ੂਰੀ ਰਾਗੀ ਭਾਈ ਕੁਲਵੰਤ ਸਿੰਘ ਨੇ ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਦਿੱਤੀ।

ਗੁਰੂ ਘਰ ਵਲੋਂ ਜਾਰੀ ਇਕ ਬਿਆਨ ਅਨੁਸਾਰ ਕੈਂਪ ਵਿਚ ਸ਼ਾਮਲ ਬੱਚਿਆਂ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ।







ਪਹਿਲੇ ਬਾਬਾ ਅਜੀਤ ਸਿੰਘ ਗਰੁਪ ਦੀ ਅਗਵਾਈ ਜਪਨੀਤ ਕੌਰ ਨੇ, ਦੂਜੇ ਬਾਬਾ ਜੁਝਾਰ ਸਿੰਘ ਗਰੁਪ ਦੀ ਹਰਪ੍ਰੀਤ ਕੌਰ, ਤੀਜੇ ਬਾਬਾ ਜੋਰਾਵਰ ਸਿੰਘ ਗਰੁਪ ਦੀ ਪ੍ਰਭਲੀਨ ਕੌਰ ਅਤੇ ਚੌਥੇ ਬਾਬਾ ਫਤਿਹ ਸਿੰਘ ਗਰੁਪ ਦੀ ਅਗਵਾਈ ਸੁਖਦੀਪ ਕੌਰ ਨੇ ਕੀਤੀ। ਕੈਂਪ ਦੌਰਾਨ ਬੱਚਿਆਂ ਦੇ ਮਨੋਰੰਜਨ ਅਤੇ ਉਨ੍ਹਾਂ ਦੇ ਖਾਣ ਪੀਣ ਦਾ ਵੀ ਪੂਰਾ ਧਿਆਨ ਰੱਖਿਆ ਗਿਆ। ਸ਼ਾਮ ਨੂੰ ਧਾਰਮਿਕ ਫਿਲਮਾਂ ਦਿਖਾਈਆਂ ਗਈਆਂ ਅਤੇ ਖੇਲਣ ਲਈ ਪਾਰਕ ਵੀ ਲਿਜਾਇਆ ਗਿਆ।

ਕੈਂਪ ਦੇ ਅਖੀਰਲੇ ਦਿਨ 23 ਜੁਲਾਈ ਨੂੰ ਗੁਰੂ ਘਰ ਦੇ ਦਰਬਾਰ ਹਾਲ ਵਿਚ ਕੈਂਪ ਦੌਰਾਨ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕਰਨ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਬਾਬਾ ਅਜੀਤ ਸਿੰਘ ਗਰੁਪ ਨੇ ਇਹ ਗੱਲ ਸਿੱਧ ਕਰ ਦਿੱਤੀ, "ਅਜੀਤ ਮੇਰਾ ਨਾਮ ਹੈ ਜੀਤਾ ਨਹੀਂ ਜਾਊਂਗਾ।" ਇਸ ਗਰੁਪ ਵਿਚੋਂ ਨਵਲੀਨ ਕੌਰ, ਯਾਸ਼ਮੀਨ ਕੌਰ, ਜਸਲੀਨ ਕੌਰ ਤੇ ਤੇਗਵੀਰ ਸਿੰਘ ਦਾ ਸਨਮਾਨ ਕੀਤਾ ਗਿਆ। ਬਾਬਾ ਜੁਝਾਰ ਸਿੰਘ ਗਰੁਪ ਵਿਚੋਂ ਚੇਤਨ ਸਿੰਘ ਤੇ ਜਸ਼ਨਦੀਪ ਕੌਰ ਨੇ ਚੰਗੇ ਅੰਕ ਹਾਸਲ ਕੀਤੇ। ਬਾਬਾ ਜੋਰਾਵਰ ਸਿੰਘ ਗਰੁਪ ਵਿਚੋਂ ਹਰਲੀਨ ਕੌਰ, ਗੁਰਸ਼ਾਨ ਸਿੰਘ ਤੇ ਸੰਗਰਾਮ ਸਿੰਘ ਨੇ ਇਨਾਮ ਪ੍ਰਾਪਤ ਕੀਤੇ। ਬਾਬਾ ਫਤਿਹ ਸਿੰਘ ਗਰੁਪ ਵਿਚੋਂ ਰਜਮਨਵੀਰ ਕੌਰ ਤੇ ਹਰਲੀਨ ਕੌਰ ਜੇਤੂ ਰਹੇ। ਕੈਂਪ ਦਾ ਸਭ ਤੋਂ ਵਧੀਆ ਵਿਦਿਆਰਥੀ ਹੋਣ ਦਾ ਮਾਣ ਜਸਪ੍ਰੀਤ ਸਿੰਘ ਨੇ ਹਾਸਲ ਕੀਤਾ। ਇਸ ਮੌਕੇ ਬੋਲਦਿਆਂ ਡਾ. ਸਿਮਰਤਾ ਕੌਰ ਰਾਹਲ ਨੇ ਬੱਚਿਆਂ ਨੂੰ ਸਿੱਖੀ ਨਾਲ ਜੁੜੇ ਰਹਿਣ ਦਾ ਸੁਨੇਹਾ ਦਿੱਤਾ ਅਤੇ ਕਿਹਾ ਕਿ ਜੇ ਸਿੱਖੀ ਨਾਲ ਜੁੜੇ ਰਹੋਗੇ ਤਾਂ ਕਦੇ ਡੋਲੋਗੇ ਨਹੀਂ। ਅਖੀਰ ਵਿਚ ਭਾਈ ਸ਼ਵਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

## ਜਥੇਦਾਰ ਪ੍ਰੀਤਮ ਸਿੰਘ ਸਰੀਂਹ ਸੁਰਗਵਾਸ

**ਟਰੇਸੀ (ਬਿਊਰੋ):** ਜਥੇਦਾਰ ਪ੍ਰੀਤਮ ਸਿੰਘ ਸਰੀਂਹ ਸਨਿਚਰਵਾਰ 23 ਜੁਲਾਈ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸਦੀਵੀਂ ਵਿਛੋੜਾ ਦੇ ਗਏ। ਉਹ ਕਰੀਬ 90 ਸਾਲਾਂ ਦੇ ਸਨ ਅਤੇ ਇਥੇ ਆਪਣੇ ਸਪੁੱਤਰ ਪਾਸ ਕੋਈ ਦੋ



ਮਹੀਨੇ ਪਹਿਲਾਂ ਹੀ ਪਹੁੰਚੇ ਸਨ। ਜਥੇਦਾਰ ਸਰੀਂਹ ਆਪਣੇ ਪਿਛੇ ਤਿੰਨ ਧੀਆਂ ਅਤੇ ਇਕ ਪੁੱਤਰ ਤੋਂ ਇਲਾਵਾ ਪੋਤਰਿਆਂ-ਦੋਹਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਧਰਮ ਪਤਨੀ ਦਾ ਕੋਈ ਦੋ ਕੁ ਮਹੀਨੇ ਪਹਿਲਾਂ ਹੀ ਦਿਹਾਂਤ ਹੋ ਗਿਆ ਸੀ।

ਜਥੇਦਾਰ ਸਰੀਂਹ ਦਾ ਅੰਤਿਮ ਸਸਕਾਰ 30 ਜੁਲਾਈ ਸਨਿਚਰਵਾਰ ਨੂੰ ਸਵੇਰੇ 11 ਵਜੇ ਇਥੇ ਫਰਾਈ ਮੈਮੋਰੀਅਲ ਚੈਪਲ (16101 ਵੈਸਟ ਗਰਾਂਟ ਲਾਈਨ ਰੋਡ) ਵਿਖੇ ਕੀਤਾ ਜਾਏਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ ਵਿਖੇ ਹੋਵੇਗੀ।

ਜਥੇਦਾਰ ਸਰੀਂਹ ਅਕਾਲੀ ਦਲ (ਬਾਦਲ) ਦੇ ਜ਼ਿਲਾ ਜਲੰਧਰ ਦੇ ਜ਼ਿਲਾ ਜਥੇਦਾਰ ਸਨ। ਉਹ ਕੋਈ ਵੀਹ ਵਰ੍ਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਮੈਂਬਰ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰ ਰਹੇ। ਉਹ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਦੇ ਲੰਮਾ ਸਮਾਂ ਪ੍ਰਧਾਨ ਵੀ ਰਹੇ। ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਉਨ੍ਹਾਂ ਦੇ ਸਪੁਤਰ ਗੁਰਮੀਤ ਸਿੰਘ ਸੰਧੂ ਫੋਨ 209-640-5137 ਰਾਹੀਂ ਕੀਤਾ ਜਾ ਸਕਦਾ ਹੈ।

## ਭਾਰਤੀ ਨੌਜਵਾਨ ਕਤਲ

**ਚੰਡੀਗੜ੍ਹ:** ਕੁਰੂਕਸ਼ੇਤਰ ਦੇ ਇਕ ਨੌਜਵਾਨ ਦੀ ਅਮਰੀਕਾ ਦੇ ਇੰਡੀਆਨਾ ਸੂਬੇ ਵਿਖੇ ਅਣਪਛਾਤੇ ਹਮਲਾਵਰਾਂ ਵੱਲੋਂ ਹੱਤਿਆ ਕਰ ਦਿੱਤੀ ਗਈ। 30 ਸਾਲਾ ਦੀਪਕ ਸ਼ਰਮਾ 11 ਜੁਲਾਈ ਨੂੰ ਆਪਣੇ ਕੰਮ ਤੋਂ ਘਰ ਵਾਪਸ ਆ ਰਿਹਾ ਸੀ ਤਾਂ ਕੁਝ ਅਣਪਛਾਤੇ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ।

ਦੀਪਕ ਦੇ ਪਿਤਾ ਸਰਵਣ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਦੀਪਕ ਦੇ ਕਤਲ ਬਾਰੇ ਉਸ ਦੇ ਕਿਸੇ ਦੋਸਤ ਨੇ ਫੋਨ ਰਾਹੀਂ ਸੂਚਿਤ ਕੀਤਾ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਦੀਪਕ ਦੀ ਹੱਤਿਆ ਦਾ ਮਾਮਲਾ ਅਮਰੀਕਾ ਸਰਕਾਰ ਕੋਲ ਉਠਾਵੇ ਤਾਂ ਜੋ ਉਸ ਦੀ ਮੌਤ ਦੇ ਅਸਲੀ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

# ਸਿੱਖ ਜਰਨੈਲ ਬਿਕਰਮ ਸਿੰਘ ਦੇ ਫ਼ੌਜ ਮੁਖੀ ਬਣਨ ਦਾ ਰਾਹ ਪੱਧਰਾ

**ਨਵੀਂ ਦਿੱਲੀ:** ਭਾਰਤ ਦੇ ਮੌਜੂਦਾ ਥਲ ਸੈਨਾ ਮੁਖੀ ਜਨਰਲ ਵੀ.ਕੇ. ਸਿੰਘ ਦੀ ਜਨਮ ਤਾਰੀਖ ਦਾ ਵਿਵਾਦ ਮੁੱਕਣ ਤੋਂ ਬਾਅਦ ਕਲਕੱਤਾ ਵਿਖੇ ਤਾਇਨਾਤ ਦੂਜੇ ਨੰਬਰ ਦੇ ਸਭ ਤੋਂ ਸੀਨੀਅਰ ਸਿੱਖ ਲੈਫਟੀਨੈਂਟ ਜਰਨਲ ਬਿਕਰਮ ਸਿੰਘ ਦਾ ਸੈਨਾ ਮੁਖੀ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ। ਰੱਖਿਆ ਮੰਤਰਾਲੇ ਨੇ ਕਿਹਾ ਕਿ ਜੇਕਰ ਜਨਰਲ ਵੀ.ਕੇ. ਸਿੰਘ ਦੀ ਜਨਮ ਤਾਰੀਖ਼ ਨੂੰ ਲੈ ਕੇ ਕੋਈ ਵਿਵਾਦ ਸੀ ਤਾਂ ਉਨ੍ਹਾਂ ਨੂੰ ਯੂ.ਪੀ.ਐਸ.ਸੀ. ਵਿਚ ਅਰਜ਼ੀ ਦਾਖਲ ਕਰਨ ਦੇ ਦੋ ਵਰ੍ਹਿਆਂ ਦੇ ਅੰਦਰ-ਅੰਦਰ ਠੀਕ ਕਰਵਾ ਲੈਣਾ ਚਾਹੀਦਾ ਸੀ।

ਵੀ.ਕੇ. ਸਿੰਘ ਦੇ ਜਨਮ ਤਾਰੀਖ਼ ਵਿਵਾਦ ਬਾਰੇ ਰੱਖਿਆ ਮੰਤਰਾਲੇ ਨੇ ਫੈਸਲਾ ਦਿੱਤਾ ਹੈ ਕਿ ਮੌਜੂਦਾ ਸੈਨਾ ਮੁਖੀ ਨੂੰ ਤਰੱਕੀ ਦਾ ਲਾਭ 1950 ਨੂੰ ਆਧਾਰ ਬਣਾ ਕੇ ਦਿੱਤਾ ਗਿਆ ਹੈ। ਇਸ ਲਈ ਥਲ ਸੈਨਾ ਮੁਖੀ ਜਨਰਲ ਵੀ.ਕੇ. ਸਿੰਘ ਦੀ 10 ਮਈ 1950 ਜਨਮ ਮਿਤੀ ਨੂੰ ਹੀ ਅੰਤਿਮ ਮੰਨਿਆ ਜਾਵੇ। ਉਕਤ ਵਿਵਾਦ ਦਾ ਸੁਚੱਜੇ ਢੰਗ ਨਾਲ ਹੱਲ ਕਰਾਉਣ 'ਚ ਅਹਿਮ ਰੋਲ ਅਦਾ ਕਰਨ ਵਾਲੇ ਰੱਖਿਆ ਮੰਤਰੀ ਐਂਟਨੀ ਦੀ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਸ਼ਲਾਘਾ ਕਰਦਿਆਂ ਖੁਸ਼ੀ ਜਤਾਈ ਕਿ ਸਾਬਕਾ ਸੈਨਾ ਮੁਖੀ ਜਨਰਲ ਜੇ.ਜੇ. ਸਿੰਘ ਤੋਂ ਬਾਅਦ ਇਕ ਹੋਰ ਸਿੱਖ ਜਨਰਲ ਬਿਕਰਮ ਸਿੰਘ ਨੂੰ ਸੈਨਾ ਮੁਖੀ ਦੇ ਅਹੁਦੇ ਦੀ ਜ਼ਿੰਮੇਵਾਰੀ ਨਿਭਾਉਣ ਦਾ ਮਾਣ ਪ੍ਰਾਪਤ ਹੋਵੇਗਾ।



ਇਸ ਵਿਵਾਦ ਬਾਰੇ ਤਰਲੋਚਨ ਸਿੰਘ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਰੱਖਿਆ ਮੰਤਰੀ ਏ.ਕੇ. ਐਂਟਨੀ ਨੂੰ ਪੱਤਰ ਭੇਜ ਕੇ ਮਸਲੇ ਦਾ ਯੋਗ ਹੱਲ ਲੱਭਣ ਦੀ ਮੰਗ ਕੀਤੀ ਸੀ ਤਾਂ ਜੋ ਤਰੱਕੀ ਦੀ ਕਤਾਰ ਵਿਚ ਮੌਜੂਦ ਹੋਰ ਅਧਿਕਾਰੀਆਂ 'ਤੇ ਕੋਈ ਮਾੜਾ ਪ੍ਰਭਾਵ ਨਾ ਪਵੇ ਤੇ ਉਨ੍ਹਾਂ ਨੂੰ ਆਪਣੀ ਸੀਨੀਆਰਤਾ ਦੇ ਅਧਾਰ 'ਤੇ ਤਰੱਕੀ ਮਿਲ ਸਕੇ। ਪੱਤਰ ਵਿਚ ਇਹ ਜਾਣਕਾਰੀ ਵੀ ਦਿੱਤੀ ਗਈ ਸੀ ਕਿ ਜੇਕਰ ਉਕਤ ਮਾਮਲੇ ਵਿਚ ਜਨਮ ਤਾਰੀਖ਼ ਦੇ ਅਧਾਰ 'ਤੇ ਮੌਜੂਦਾ ਫੌਜ ਮੁਖੀ ਦਾ ਸੇਵਾ ਕਾਲ ਵਧਾਇਆ ਜਾਂਦਾ ਹੈ ਤਾਂ ਇਸ ਨਾਲ ਕਈ ਹੋਰ ਸੀਨੀਅਰ ਫੌਜ ਅਧਿਕਾਰੀ ਜਿਨ੍ਹਾਂ ਦੀਆਂ ਤਰੱਕੀਆਂ ਹੋਣ ਵਾਲੀਆਂ ਹਨ, ਆਪਣੇ ਹੱਕ ਤੋਂ ਵਾਂਝੇ ਰਹਿ ਜਾਣਗੇ। ਸ. ਤਰਲੋਚਨ ਸਿੰਘ ਨੇ ਖੁਲਾਸਾ ਕੀਤਾ ਕਿ ਮੌਜੂਦਾ ਮੁਖੀ ਜਨਰਲ ਵੀ.ਕੇ. ਸਿੰਘ ਦਾ ਸੈਨਾ ਮੁਖੀ ਵਜੋਂ ਸੇਵਾ ਕਾਲ ਵਧਾ ਦਿੱਤਾ ਜਾਂਦਾ ਤਾਂ ਕਲਕੱਤਾ ਵਿਖੇ ਤਾਇਨਾਤ ਦੂਜੇ ਨੰਬਰ ਦੇ ਸੀਨੀਅਰ ਜਨਰਲ ਸ. ਬਿਕਰਮ ਸਿੰਘ ਦਾ ਸੈਨਾ ਮੁਖੀ ਦੇ ਅਹੁਦੇ ਤਕ ਪਹੁੰਚਣ ਦਾ ਹੱਕ ਮਾਰਿਆ ਜਾਣਾ ਸੀ।

ਦੱਸਣਯੋਗ ਹੈ ਕਿ ਪਿਛੋਕੜ ਵਿਚ ਵਰ੍ਹਾ 2004 ਦੌਰਾਨ ਵੀ ਅਜਿਹੀ ਹਾਲਤ ਬਣ ਗਈ ਸੀ ਜਦੋਂ ਸਰਕਾਰ ਵੱਲੋਂ ਸੈਨਾ ਮੁਖੀ ਦਾ ਸੇਵਾ ਕਾਲ ਵਧਾਉਣ ਦੀ ਯੋਜਨਾ ਤਹਿਤ ਜਨਰਲ ਜੇ.ਜੇ. ਸਿੰਘ ਦਾ ਹੱਕ ਮਾਰਿਆ ਜਾਣਾ ਸੀ। ਉਸ ਵੇਲੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਤਰਲੋਚਨ ਸਿੰਘ ਨੇ ਤੱਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਮਾਮਲੇ ਦੀ ਗੰਭੀਰਤਾ ਤੋਂ ਜਾਣੂ ਕਰਵਾਇਆ ਜਿਸ ਤੋਂ ਬਾਅਦ ਸੈਨਾ ਮੁਖੀ ਦੇ ਸੇਵਾ ਕਾਲ ਵਧਾਉਣ ਤੇ ਰੋਕ ਲਾ ਕੇ ਜਨਰਲ ਜੇ.ਜੇ. ਸਿੰਘ ਨੂੰ ਸੈਨਾ ਮੁਖੀ ਬਣਾਇਆ ਗਿਆ।



# ਲੋਕਾਂ ਨੂੰ ਤੀਜੇ ਫ਼ਰੰਟ ’ਤੇ ਬਹੁਤਾ ਯਕੀਨ ਨਹੀਂ ਰਿਹਾ: ਰਾਮੂਵਾਲੀਆ

**ਜਲੰਧਰ:** ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਹੁਣ ਤੀਜੇ ਫ਼ਰੰਟ ’ਤੇ ਬਹੁਤਾ ਯਕੀਨ ਨਹੀ ਰਿਹਾ ਹਾਲਾਂਕਿ ਉਹ ਅਜੇ ਵੀ ਤੀਜੇ ਫਰੰਟ ਦੀ ਕਾਇਮੀ ਲਈ ਸਿਰਤੋੜ ਯਤਨ ਕਰਨਗੇ। ਉਨ੍ਹਾਂ ਐਲਾਨ ਕੀਤਾ ਕਿ ਲੋਕ ਭਲਾਈ ਪਾਰਟੀ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ’ਤੇ ਚੋਣਾਂ ਲੜੇਗੀ। ਇਨ੍ਹਾਂ ’ਚੋਂ 62 ਸੀਟਾਂ ਦੀ ਨਿਸ਼ਾਨਦੇਹੀ ਕਰਕੇ ਉਮੀਦਵਾਰ ਤੈਅ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ।

ਮਾਝਾ-ਦੁਆਬਾ ਜ਼ਿਲ੍ਹਿਆਂ ਦੇ ਚੋਣਵੇਂ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਰਾਮੂਵਾਲੀਆ ਨੇ ਕਿਹਾ ਕਿ ਤੀਜੇ ਫਰੰਟ ’ਤੇ ਲੋਕ ਹੁਣ ਇਤਬਾਰ ਨਹੀਂ ਕਰ ਰਹੇ। ਉਨ੍ਹਾਂ ਇਸ ਗੱਲ ਤੋਂ ਸਪੱਸ਼ਟ ਇਨਕਾਰ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸੀਟਾਂ ਦੇ ਲੈਣ-ਦੇਣ ਦੀ ਕੋਈ ਗੱਲਬਾਤ ਚੱਲ ਰਹੀ ਹੈ ਪਰ ਉਨ੍ਹਾਂ ਇਸ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ। ਰਾਮੂਵਾਲੀਆ ਨੇ ਕਿਹ ਕਿ ਗੈਰ ਅਕਾਲੀ ਤੇ ਗੈਰ ਕਾਂਗਰਸੀ ਤੀਜਾ ਫਰੰਟ ਬਣਾਉਣ ਦੇ ਉਹ ਹਾਮੀ ਹਨ ਪਰ ਇਸ ਵਿਚ ਲੋਕਾਂ ਨਾਲ ਠੱਗੀ ਨਹੀਂ ਵੱਜਣੀ ਚਾਹੀਦੀ ਕਿਉਂਕਿ ਲੋਕਾਂ ’ਚ ਤੀਜੇ ਫਰੰਟ ਬਾਰੇ ਨਿਰਾਸ਼ਾ ਪਾਈ ਜਾ ਰਹੀ ਹੈ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਤੀਜਾ ਫਰੰਟ ਬਣਾਉਣ ਦਾ ਸਮਾਂ ਆ ਗਿਆ ਹੈ।

ਉਨ੍ਹਾਂ ਕਿਹਾ ਕਿ ਰਾਜਨੀਤੀ ਦਾ ਨਿਰੋਲ ਸਵਾਰਥੀ ਬਣ ਜਾਣ ਕਾਰਨ ਲੋਕ ਸੇਵਾ ਦੇ ਸਿਧਾਂਤ ਦੀ ਤਕਰੀਬਨ ਮੌਤ ਹੋ ਗਈ ਹੈ ਜਿਸ ਕਾਰਨ ਅੱਜ ਪੰਜਾਬ ਦੇ ਹਾਲਾਤ ਇਹ ਹਨ ਕਿ ਇਥੇ ਹਰ ਆਮ ਆਦਮੀ ਦਾ ਦਮ ਘੁੱਟ ਰਿਹਾ ਹੈ ਤੇ ਲੋਕਾਂ ਨੂੰ ਨਿਰਾਸ਼ਾ ਨੇ ਨਿਢਾਲ ਕੀਤਾ ਪਿਆ ਹੈ। ਸਮਾਜ ਨੂੰ ਹਰ ਇਕ ਉੱਤੇ ਬੇਇਤਬਾਰੀ ਹੋਈ ਪਈ ਹੈ। ਇਸੇ ਕਰਕੇ ਲੋਕ ਤੀਜੇ ਬਦਲ ਦੇ ਹਾਮੀ ਨਹੀਂ ਬਣ ਰਹੇ।

ਉਨ੍ਹਾਂ ਕਿਹਾ ਕਿ ਲੋਕ ਭਲਾਈ ਪਾਰਟੀ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਆਉਂਦੀਆਂ ਵਿਧਾਨ ਸਭਾ ਚੋਣਾਂ ਲੜੇਗੀ ਜਿਨ੍ਹਾਂ ’ਚ ਬੇਰੁਜ਼ਗਾਰੀ, ਮਿਲਾਵਟ, ਨੌਜਵਾਨ ਲੜਕੇ ਲੜਕੀਆਂ ਦਾ ਆਰਥਿਕ, ਮਾਨਸਿਕ ਤੇ ਸਰੀਰਕ ਸ਼ੋਸ਼ਣ ਰੋਕਣਾ, ਭ੍ਰਿਸ਼ਟਾਚਾਰ ਵਿਰੁੱਧ ਲੜਾਈ, ਨਸ਼ਿਆਂ ਵਿਚ ਡੁੱਬ ਰਹੀ ਜਵਾਨੀ, ਮਹਿੰਗੀ ਵਿਦਿਆ, ਮਹਿੰਗਾ ਇਲਾਜ, ਕਿਸਾਨੀ ਮਸਲਿਆਂ ਦਾ ਸਮੂਹਿਕ ਹੱਲ, ਲੁਟੇਰੀ ਰਾਜਨੀਤੀ ਦੇ ਕੋਹੜ ਵਿਰੁੱਧ ਜਾਗ੍ਰਿਤੀ ਤੇ ਨਰੋਈ ਜਥੇਬੰਦੀ ਬਣਾਉਣੀ ਤੇ ਹੋਰ ਮਾਮਲੇ ਸ਼ਾਮਲ ਹਨ।

## Matrimonials

*ਜੀਵਨ ਸਾਥੀ ਦੀ ਲੋੜ*

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

Suitable US citizen match for professionally qualified Jatt Sikh handsome boy, 28, 5’8", Contact Cell No. 704 733 8382 or email-kds0083@gmail.com

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਰੇਡੀਓ ਚੜ੍ਹਦੀ ਕਲਾ ਸੁਣੋ
RADIO CHARDI KALA
ਹੁਣ ਦੁਨੀਆਂ ਭਰ ਵਿਚ www.radiock.com ‘ਤੇ
ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ
> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City
ਰੇਡੀਓ ਚੜ੍ਹਦੀ ਕਲਾ ਚੈਨਲ 1 ’ਤੇ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ‘ਤੇ ਜਾਓ www.radiock.com
Radio CK, PO Box 296, Fremont, CA 94537



Business Opportunity
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
Sharanjeet Kaur
Ph:317-332-1387
spkaurus@yahoo.co.in - www.shopherbalife.com/skaur

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

Desi Cuts and Color Plus
For Men, Women & Children

Grand Opening

Ph:510-429-0786
Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 (Behind Tacobell)

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸ੍ਰੀ ਦਰਬਾਰ ਸਾਹਿਬ ਵਿਖੇ ਦੋ ਧੜੇ ਹੋਏ ਆਹਮੋ-ਸਾਹਮਣੇ

## ਸੰਤ ਕਾਨਾਂਵੇਸੀਆਂ ਦੀ ਪੇਸ਼ੀ ਮੌਕੇ ਹੋਇਆ ਟਕਰਾਅ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਇਕ ਵਾਰ ਫਿਰ 'ਖਾਲਸੇ' ਆਹਮੋ ਸਾਹਮਣੇ ਹੋ ਗਏ। ਇਥੇ 22 ਜੁਲਾਈ ਨੂੰ ਹਾਲਤ ਉਸ ਵੇਲੇ ਤਣਾਅਪੂਰਨ ਹੋ ਗਏ ਜਦੋਂ ਕਾਨਾਂਵੇਸੀਆਂ ਵਾਲੇ ਸੰਤ ਸੁਰਿੰਦਰ ਸਿੰਘ ਦੇ ਸਮਰਥਕਾਂ ਤੇ ਦਮਦਮੀ ਟਕਸਾਲ (ਤੀਜੀ ਧਿਰ ਅਜਨਾਲੇ ਵਾਲੇ) ਦੇ ਸਿੰਘਾਂ ਵਿਚਾਲੇ ਤਕਰਾਰ ਹੋ ਗਿਆ। ਇਸ ਉਤੇ ਕੁਝ ਸਿੰਘਾਂ ਨੇ ਤਲਵਾਰਾਂ ਲਹਿਰਾਉਣੀਆਂ ਸ਼ੁਰੂ ਕਰ ਦਿੱਤੀਆਂ।

ਸੂਤਰਾਂ ਅਨੁਸਾਰ ਹਾਲਾਤ ਉਸ ਵੇਲੇ ਤਣਾਅਪੂਰਨ ਬਣੇ ਜਦੋਂ ਸੰਤ ਸੁਰਿੰਦਰ ਸਿੰਘ ਕਾਨਾਂਵੇਸੀਆਂ, ਸਿੰਘ ਸਾਹਿਬਾਨ ਕੋਲ ਪੇਸ਼ ਹੋ ਕੇ ਤੇ ਆਪਣੀ ਗਲਤੀ ਦਾ ਅਹਿਸਾਸ ਕਰ ਕੇ ਤਨਖਾਹ ਲਵਾਉਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਜਾ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇ ਸਮਰਥਕਾਂ ਵਿਚੋਂ ਕਿਸੇ ਨੇ ਜੈਕਾਰਾ ਬੁਲਾ ਦਿੱਤਾ ਜਿਸ ਨੂੰ ਦਮਦਮੀ ਟਕਸਾਲ ਦੇ ਸਿੰਘਾਂ ਨੇ ਸਿੱਖ ਮਰਿਆਦਾ ਵਿਰੋਧੀ ਦੱਸਦਿਆਂ ਉਨ੍ਹਾਂ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਿੰਘ ਸਾਹਿਬਾਨ ਕੋਲ ਪੇਸ਼ ਹੋਣ ਲਈ ਕਿਹਾ। ਉਨ੍ਹਾਂ ਸਿੰਘ ਸਾਹਿਬਾਨ ਕੋਲ ਜਾਣ ਤੋਂ ਇਨਕਾਰ ਕੀਤਾ ਜਿਸ ਕਾਰਨ ਤੂੰ-ਤੂੰ ਮੈਂ-ਮੈਂ ਹੋ ਗਈ ਤੇ ਪਰਿਕਰਮਾ ਵਿਚ ਕਾਫੀ ਰੌਲਾ-ਰੱਪਾ ਪੈ ਗਿਆ। ਇਸ ਦੌਰਾਨ ਧੱਕਾ-ਮੁੱਕੀ ਵੀ ਹੋਈ ਤੇ ਕੁਝ ਸਿੰਘਾਂ ਨੇ ਕਿਰਪਾਨਾਂ ਵੀ ਕੱਢ ਲਈਆਂ। ਇਸ ਦੌਰਾਨ ਮੌਕੇ 'ਤੇ ਮੌਜੂਦ ਸੰਗਤਾਂ ਨੇ ਦੋਵਾਂ ਧਿਰਾਂ ਨੂੰ ਸਮਝਾ ਕੇ ਮਾਹੌਲ ਸ਼ਾਂਤ ਕੀਤਾ। ਟਕਸਾਲ ਦੇ ਮੁਖੀ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ ਇਹ ਕਿਹਾ ਸੀ ਕਿ ਉਨ੍ਹਾਂ ਮਰਿਆਦਾ ਦੇ ਵਿਰੁੱਧ ਜੈਕਾਰਾ ਬੁਲਾਇਆ ਹੈ ਜਦੋਂਕਿ ਪਰਿਕਰਮਾ ਵਿਚ ਉਨ੍ਹਾਂ ਨੂੰ ਅਜਿਹਾ ਨਹੀਂ ਸੀ ਕਰਨਾ ਚਾਹੀਦਾ ਕਿਉਂਕਿ ਉਹ ਅਜੇ ਦੋਸ਼ ਮੁਕਤ ਵੀ ਨਹੀਂ ਹੋਏ ਸਨ। ਉਨ੍ਹਾਂ ਇਸ ਗੱਲੋਂ ਇਨਕਾਰ ਕੀਤਾ ਕਿ ਉਨ੍ਹਾਂ ਦੇ ਕਿਸੇ ਸਿੰਘ ਨੇ ਕਿਰਪਾਨ ਲਹਿਰਾਈ ਸੀ।



ਪੇਸ਼ੀ ਮੌਕੇ ਪੁੱਜੇ ਦੋਹਾਂ ਧੜਿਆਂ ਦੇ ਸਮਰਥਕ।

ਸੰਤ ਕਾਨਾਂਵੇਸੀਆਂ ਵਿਰੁੱਧ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤ ਆਈ ਸੀ ਕਿ ਉਨ੍ਹਾਂ ਦੀ ਹਾਜ਼ਰੀ 'ਚ ਗੁਰਦੁਆਰੇ ਵਿਚ ਹੋ ਰਹੇ ਗੁਰਬਾਣੀ ਦੇ ਕੀਰਤਨ ਦੌਰਾਨ ਸੰਗਤਾਂ ਨੱਚੀਆਂ ਤੇ ਭੰਗੜੇ ਪਾਏ ਗਏ। ਉਨ੍ਹਾਂ ਨੂੰ ਇਸ ਮਾਮਲੇ 'ਚ 22 ਜੁਲਾਈ ਨੂੰ ਤਲਬ ਕੀਤਾ ਗਿਆ ਸੀ। ਉਨ੍ਹਾਂ ਸਿੰਘ ਸਾਹਿਬਾਨ ਕੋਲ ਇਹ ਗਲਤੀ ਮੰਨੀ ਤੇ ਕਿਹਾ ਕਿ ਇਹ ਸਭ ਅਚਾਨਕ ਹੀ ਹੋਇਆ ਤੇ ਅੱਗੋਂ ਨਹੀਂ ਹੋਵੇਗਾ।

ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਨੂੰ ਜਪੁਜੀ ਸਾਹਿਬ ਦੇ 51 ਪਾਠ ਕਰਨ ਦੀ ਧਾਰਮਿਕ ਤਨਖਾਹ ਸੁਣਾਈ ਗਈ। ਸਿ ਤੋਂ ਇਲਾਵਾ ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲੇ ਨੂੰ ਵੀ ਉਥੇ ਉਸ ਮੌਕੇ ਹਾਜ਼ਰ ਹੋਣ ਕਾਰਨ ਧਾਰਮਿਕ ਸਜ਼ਾ ਸੁਣਾਈ ਗਈ।

# ਕੁਲਦੀਪ ਮਾਣਕ ਦੇ ਇਲਾਜ ਦਾ ਖਰਚਾ ਸਰਕਾਰ ਕਰੇਗੀ

**ਲੁਧਿਆਣਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਡੀ.ਐਮ.ਸੀ. ਹਸਪਤਾਲ ਵਿਖੇ ਜੇਰੇ ਇਲਾਜ ਉਘੇ ਪੰਜਾਬੀ ਗਾਇਕ ਕੁਲਦੀਪ ਮਾਣਕ ਦੀ ਬਿਮਾਰੀ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕਰਨ ਲਈ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਰਾਹੁਲ ਤਿਵਾੜੀ ਨੂੰ ਆਦੇਸ਼ ਦਿੱਤੇ ਹਨ। ਸ੍ਰੀ ਤਿਵਾੜੀ ਨੇ ਸ੍ਰੀ ਏ.ਕੇ. ਸ਼ਰਮਾ ਸੈਕਟਰੀ ਜ਼ਿਲ੍ਹਾ ਰੈਡ ਕਰਾਸ ਨੂੰ ਕੁਲਦੀਪ ਮਾਣਕ ਕੋਲ ਭੇਜਿਆ ਤੇ ਮੁੱਖ ਮੰਤਰੀ ਦੇ ਆਦੇਸ਼ ਤੋਂ ਜਾਣੂ ਕਰਵਾਇਆ।



ਉਨ੍ਹਾਂ ਕਿਹਾ ਕਿ ਇਲਾਜ 'ਤੇ ਜੋ ਵੀ ਖਰਚ ਆਵੇਗਾ, ਉਹ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਮੁੱਖ ਮੰਤਰੀ ਨੂੰ ਅਦਾਇਗੀ ਹਿੱਤ ਭੇਜ ਦਿੱਤੇ ਜਾਣਗੇ ਤੇ ਅਜਿਹੀਆਂ ਹਦਾਇਤਾਂ ਡੀ.ਐਮ.ਸੀ. ਹਸਪਤਾਲ ਦੇ ਪ੍ਰਸ਼ਾਸਨ ਨੂੰ ਵੀ ਕਰ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਸ੍ਰੀ ਮਾਣਕ ਪਿਛਲੇ ਦਿਨਾਂ ਤੋਂ ਸਥਾਨਕ ਦਯਾਨੰਦ ਹਸਪਤਾਲ ਵਿਖੇ ਦਾਖਲ ਹਨ।

# ਕੈਲੀਫੋਰਨੀਆਪੰਜਾਬੀ ਗੀਤਕਾਰੀ ਮੰਚ ਦੀ ਸਥਾਪਨਾ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਗੀਤਕਾਰੀ ਨੂੰ ਪ੍ਰਫੁਲਤ ਕਰਨ ਲਈ ਪੰਜਾਬੀ ਗੀਤਕਾਰੀ ਮੰਚ, ਕੈਲੀਫੋਰਨੀਆ ਦੀ ਸਥਾਪਨਾ ਕੀਤੀ ਗਈ ਹੈ। ਇਥੇ ਡੈਨੀ ਰੈਸਟੋਰੈਂਟ ਵਿਖੇ ਵਿਖੇ ਗੀਤਕਾਰਾਂ ਦੀ ਇਕ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਸ੍ਰੀ ਪਲਵਿੰਦਰ ਮਾਹੀ ਨੇ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ ਗੀਤਕਾਰਾਂ ਦੀ ਇਸ ਭਰਪੂਰ ਇਕੱਤਰਤਾ 'ਤੇ ਖੁਸ਼ੀ ਪ੍ਰਗਟਾਈ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਤੇ ਗੀਤਕਾਰ ਬਿੱਕਰ ਸਿੰਘ ਕੰਮੇਆਣਾ, ਜਿਨ੍ਹਾਂ ਦੀ ਬਿੱਕਰ ਸਿੰਘ ਐਸ਼ੀ ਨਾਂ ਹੇਠ ਗੀਤਾਂ ਦੀ ਕਿਤਾਬ 1967 ਵਿਚ ਛਪੀ ਸੀ, ਨੇ ਕਿਹਾ ਕਿ ਪੰਜਾਬੀ ਗੀਤਕਾਰੀ, ਪੰਜਾਬੀ ਕਾਵਿ ਸਾਹਿਤ ਦੀ ਪਹਿਲੀ ਵਿਧਾ ਹੈ। ਖੁਸ਼ੀ ਦੇ ਸਮਾਗਮਾਂ ਤੋਂ ਸੋਗਾਂ ਤੱਕ ਜਾਂ ਲੋਰੀਆਂ ਤੋਂ ਵੈਣਾਂ ਤੱਕ ਪੰਜਾਬੀ, ਖੁਸ਼ੀ ਜਾਂ ਗਮੀ ਗੀਤਾਂ ਨਾਲ ਹੀ ਪ੍ਰਗਟਾਉਂਦੇ ਹਨ ਪਰ ਦੋਹਰੇ ਅਰਥਾਂ ਵਾਲੇ ਅਤੇ ਰਿਸ਼ਤਿਆਂ ਨੂੰ ਵਿਗਾੜ ਕੇ ਪੇਸ਼ ਕਰਨ ਵਾਲੇ ਗੀਤ ਲੱਚਰਤਾ ਦੇ ਘੇਰੇ ਵਿਚ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਸੰਸਥਾ ਨਵੇਂ ਗੀਤਕਾਰਾਂ ਲਈ ਟ੍ਰੇਨਿੰਗ ਸੈਂਟਰ ਵੀ ਹੋਵੇਗੀ। 'ਸਮਾਜਿਕ ਵਿਵਸਥਾ ਦੀ ਪੀੜਾ ਤੇ ਸਮਾਜਵਾਦ' ਦੇ ਲੇਖਕ ਐਮ.ਆਰ. ਪਾਲ ਨੇ ਕਿਹਾ ਕਿ ਲੋਕਪੱਖੀ ਅਤੇ ਵਧੀਆ ਸਾਹਿਤਕਾਰ ਉਹ ਹੁੰਦਾ ਹੈ ਜੋ ਉਸਾਰੂ ਸਾਹਿਤ ਦੀ ਸਿਰਜਣਾ ਕਰਦਾ ਹੈ, ਅਸਲੀ ਸਾਹਿਤ ਉਹ ਹੁੰਦਾ ਹੈ ਜੋ ਦੱਬੇ-ਕੁਚਲੇ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰੇ।

ਗੀਤਕਾਰ ਮੱਖਣ ਲੁਹਾਰ ਨੇ ਕਿਹਾ ਕਿ ਸਾਹਿਤਕ ਖੇਤਰ ਵਿਚ ਗੀਤਕਾਰੀ ਦਾ ਇਤਿਹਾਸ ਮਨੁੱਖਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਇਸ ਨੂੰ ਖੋਜਣ, ਸੰਭਾਲਣ ਤੇ ਪ੍ਰਫੁੱਲਤ ਕਰਨ ਦੀ ਲੋੜ ਹੈ। ਸਾਹਿਤਕਾਰ ਮਨਜੀਤ ਕੌਰ ਸੇਖੋਂ ਨੇ ਕਿਹਾ ਕਿ ਲੱਚਰਤਾ ਨੂੰ ਠੱਲ੍ਹ ਪਾਉਣ ਲਈ ਗੀਤਕਾਰਾਂ ਦੀ ਆਪਣੀ ਸਭਾ ਦੀ ਜ਼ਰੂਰਤ ਹੈ ਤਾਂ ਕਿ ਪਰਿਵਾਰ ਵਿਚ ਇਕੱਠੇ ਬੈਠ ਕੇ ਸੁਣਨ ਵਾਲੇ ਗੀਤਾਂ ਦੀ ਸਿਰਜਣਾ ਹੋ ਸਕੇ। 'ਪੰਜਾਬ ਮੇਲ' ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਸਾਰੂ ਅਤੇ ਮਿਆਰੀ ਗੀਤਕਾਰੀ ਨੂੰ ਅੱਗੇ ਲਿਆਉਣ ਲਈ ਗੀਤਕਾਰਾਂ ਦੀ ਸਭਾ, ਸਹੀ ਦਿਸ਼ਾ ਵੱਲ ਚੁੱਕਿਆ ਪਹਿਲਾ ਕਦਮ ਹੈ।

ਗੀਤਕਾਰ ਕੁਲਵੰਤ ਸੇਖੋਂ ਨੇ ਗੀਤਕਾਰਾਂ ਦੀ ਵੱਖਰੀ ਸਭਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਨ੍ਹਾਂ ਵੀ ਆਪਣਾ ਸਹਿਤਕ ਘਰ ਮਿਲ ਗਿਆ ਹੈ। ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਤੇ ਸੈਕਰਾਮੈਂਟੋ ਦੇ ਜਨਰਲ ਸਕੱਤਰ ਦਲਬੀਰ ਦਿਲ ਨਿੱਝਰ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਗੀਤਕਾਰੀ ਦੀ ਇਸ ਸਭਾ ਦਾ ਪੂਰਾ ਸਾਥ ਦੇਵੇਗੀ। ਪੰਜਾਬੀ ਸਾਹਿਤ ਸਭਾ ਬੇ ਏਰੀਆ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਪੰਜਾਬੀ ਗੀਤਕਾਰਾਂ ਦੀ ਹੋਂਦ ਵਿਚ ਆਈ ਇਸ ਸਭਾ ਨੂੰ ਸਮੇਂ ਦੀ ਸਹੀ ਲੋੜ ਦੱਸਿਆ। ਪੰਜਾਬੀ ਸਾਹਿਤ ਸਭਾ ਬੇ ਏਰੀਆ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਫੋਨ ਰਾਹੀਂ ਵਧਾਈ ਦਿੱਤੀ। ਜੱਸੀ ਹੈਪੋਵਾਲੀਆ ਦਾ ਨਜ਼ਰੀਆ ਸੀ ਕਿ ਸਭਾ ਨੂੰ ਸੰਪੂਰਨ ਕਰਨ ਲਈ ਇਕ ਹੋਰ ਮੀਟਿੰਗ ਸੱਦੀ ਜਾਵੇ। ਸੰਗੀਤਕਾਰ ਮਲਕੀਤ ਸੰਧੂ ਨੇ ਕਿਹਾ ਕਿ ਸਭਾ ਦੀ ਸਫਲਤਾ ਲਈ ਗੀਤਕਾਰ ਭਾਈਚਾਰੇ ਨੂੰ ਇਕ-ਮੁੱਠ ਹੋਣਾ ਚਾਹੀਦਾ ਹੈ। ਉਭਰ ਰਹੇ ਗੀਤਕਾਰ ਰਾਜ ਸੂਦ ਨੇ ਕਿਹਾ ਕਿ ਇਸ ਮੀਟਿੰਗ ਵਿਚ ਸਿੱਖਣ ਲਈ ਬਹੁਤ ਕੁਝ ਮਿਲਿਆ ਹੈ।

ਹੋਰ ਬੁਲਾਰਿਆਂ ਵਿਚ ਸ਼ਾਮਲ ਸਨ ਸਰਵਸ੍ਰੀ ਗੁਰਦੀਸ਼ ਧਾਲੀਵਾਲ, ਜੀਵਨ ਰੱਤੂ, ਹਰਜੀਤ ਸਿੰਘ ਹਠੂਰ, ਇੰਦਰਜੀਤ ਗਰੇਵਾਲ ਥਰੀਕੇ, ਸੋਨੂੰ ਚੱਠਾ (ਚੱਠਾ ਵੀਡੀਓ ਪ੍ਰੋਡਕਸ਼ਨ), ਹਰਜਿੰਦਰ ਸਿੰਘ, ਸੁਧੀਰ ਮੋਹਣ, ਹਰਪਿੰਦਰ ਸਹੋਤਾ ਤੇ ਬਿੱਕਰਮਜੀਤ ਸਿੰਘ ਢਿੱਲੋਂ। ਮੈਗਜ਼ੀਨ 'ਇੰਡੋ ਯ.ਐਸ. ਡਾਇਲਾਗ' ਦੇ ਪ੍ਰਕਾਸ਼ਕ ਤੇ ਸੰਪਾਦਕ ਕੁਲਦੀਪ ਧਾਲੀਵਾਲ ਨੇ ਫੋਨ ਰਾਹੀਂ ਗੀਤਕਾਰਾਂ ਦੀ ਵੱਖਰੀ ਸਭਾ ਬਣਾਉਣ 'ਤੇ ਵਧਾਈ ਦਿੱਤੀ। ਮੀਟਿੰਗ ਦੌਰਾਨ ਸ਼ਾਇਰ ਕਮਲ ਬੰਗਾ ਦੀ ਨਵੀਂ ਛਪੀ ਕਿਤਾਬ 'ਪੂਰਬ ਤੋਂ ਪੱਛਮ' ਦੀ ਘੁੰਡ ਚੁਕਾਈ ਦੀ ਰਸਮ ਵੀ ਅਦਾ ਕੀਤੀ ਗਈ। ਉਭਰ ਰਹੇ ਗੀਤਕਾਰ ਅਜੈਪਾਲ ਸਿੰਘ ਬਾਠ ਨੇ ਸੁਝਾਅ ਦਿੱਤਾ ਕਿ ਸਭਾ ਦੀ ਪੰਜ ਮੈਂਬਰੀ ਕਮੇਟੀ ਹੀ ਚੁਣੀ ਜਾਵੇ ਜੋ ਇਸ ਦੀ ਰੂਪ-ਰੇਖਾ ਤਿਆਰ ਕਰਕੇ ਇਸ ਨੂੰ ਸੰਪੂਰਨ ਕਰਨ ਲਈ ਅਗਲੀ ਮੀਟਿੰਗ ਸੱਦੇ। ਇਸ ਸੁਝਾਅ ਨੂੰ ਸਰਬਸੰਮਤੀ ਨਾਲ ਮੰਨ ਲਿਆ ਗਿਆ। ਅਖੀਰ 'ਤੇ ਸਰਬਸੰਮਤੀ ਨਾਲ ਪੰਜ ਮੈਂਬਰੀ ਕਮੇਟੀ ਦੀ ਚੋਣ ਵੀ ਕੀਤੀ ਜਿਸ ਵਿਚ ਬਿੱਕਰ ਸਿੰਘ ਕੰਮੇਆਣਾ, ਮੱਖਣ ਲੁਹਾਰ, ਤਾਰਾ ਸਿੰਘ ਸਾਗਰ, ਰਾਜ ਕੁਮਾਰ ਸੂਦ ਤੇ ਗੁਰਦੀਸ਼ ਧਾਰੀਵਾਲ ਸ਼ਾਮਲ ਕੀਤੇ ਗਏ।

ਇੰਟਰਨੈਸ਼ਨਲ ਪ੍ਰੋਮੋਟਰ ਜੱਸੀ ਬੰਗਾ ਨੇ ਟੈਲੀਫੋਨ 'ਤੇ ਇਸ ਮੰਚ ਦੇ ਬਣਨ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਅਖੀਰ ਵਿਚ ਗੀਤਾਂ ਅਤੇ ਸ਼ਾਇਰੋ-ਸ਼ਾਇਰੀ ਦਾ ਦੌਰ ਚੱਲਿਆ। ਡੈਨੀ ਰੈਸਟੋਰੈਂਟ ਦੇ ਮਾਲਕ ਗੁਰਿੰਦਰ ਗਿੱਲ ਨੇ ਖੁਦ ਸਭਾ ਵਿਚ ਹਾਜ਼ਰ ਹੋ ਕੇ ਸਭਾ ਨੂੰ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

*To Advertise with Punjab Times*
**Call: 847-359-0746**
*web:wwwpunjabtimesusa.com*

# ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ 'ਚ ਪ੍ਰਦੂਸ਼ਣ ਵਧਿਆ

## ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਿਸ਼ੇਸ਼ ਅਧਿਐਨ ਕਰਾਏਗਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਵਧ ਰਹੇ ਪ੍ਰਦੂਸ਼ਣ ਤੱਤ ਆਰ.ਐਸ.ਪੀ.ਐਮ. ਬਾਰੇ ਵਿਸ਼ੇਸ਼ ਅਧਿਐਨ ਕਰਾਉਣ ਦਾ ਫੈਸਲਾ ਕੀਤਾ ਹੈ। ਇਹ ਅਧਿਐਨ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਕੋਲੋਂ ਕਰਵਾਇਆ ਜਾਵੇਗਾ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ 23 ਜੁਲਾਈ ਨੂੰ ਮੀਟਿੰਗ ਕੀਤੀ।

ਸੂਚਨਾ ਕੇਂਦਰ ਵਿਖੇ ਹੋਈ ਮੀਟਿੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਅਧਿਕਾਰੀ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਉੱਚ ਅਧਿਕਾਰੀ ਸ਼ਾਮਲ ਸਨ। ਸ. ਪੰਨੂ ਨੇ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਹਰ ਹਫਤੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀ ਹਵਾ ਵਿਚ ਫੈਲੇ ਪ੍ਰਦੂਸ਼ਣ ਤੱਤ ਸਲਫਰ ਡਾਈਆਕਸਾਈਡ ਤੇ ਨਾਈਟਰਸ ਆਕਸਾਈਡ ਦੇ ਪੱਧਰ ਤੇ ਸਾਹ ਰਾਹੀਂ ਹਵਾ ਵਿਚੋਂ ਮਨੁੱਖੀ ਸਰੀਰ ਅੰਦਰ ਜਾਣ ਵਾਲੇ ਪ੍ਰਦੂਸ਼ਣ ਤੱਤ ਜਿਨ੍ਹਾਂ ਨੂੰ ਆਰ.ਐਸ.ਪੀ.ਐਮ. ਕਿਹਾ ਜਾਂਦਾ ਹੈ, ਦੇ ਪੱਧਰ ਦੇ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਲਫਰ ਡਾਈਆਕਸਾਈਡ ਤੇ ਨਾਈਟਰਸ ਆਕਸਾਈਡ ਦੀ ਮਾਤਰਾ ਤਾਂ ਨਿਰਧਾਰਤ ਸੀਮਾ ਅੰਦਰ ਹੈ ਪਰ ਆਰ.ਐਸ.ਪੀ.ਐਮ. ਦੀ ਮਾਤਰਾ ਜ਼ਿਆਦਾ ਹੈ।

ਇਸ ਲਈ ਉਨ੍ਹਾਂ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਆਰ.ਐਸ.ਪੀ.ਐਮ. ਦੇ ਤੱਤਾਂ ਬਾਰੇ ਵਿਸ਼ੇਸ਼ ਅਧਿਐਨ ਕਰਨ ਲਈ ਕਿਹਾ ਹੈ। ਇਸ ਅਧਿਐਨ 'ਤੇ ਹੋਣ ਵਾਲਾ ਸਾਰਾ ਖਰਚਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੀਤਾ ਜਾਵੇਗਾ ਤੇ ਅਧਿਐਨ ਦੀ ਰਿਪੋਰਟ ਆਉਣ ਉਪਰੰਤ ਬੋਰਡ ਵੱਲੋਂ ਆਪਣੇ ਸੁਝਾਅ ਸਰਕਾਰ ਨੂੰ ਭੇਜੇ ਜਾਣਗੇ ਤਾਂ ਜੋ ਇਸ ਧਾਰਮਿਕ ਸਥਾਨ ਦੇ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਰੱਖਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਬੋਰਡ ਵੱਲੋਂ ਇੱਥੇ ਬਰਸਾਤ ਦੇ ਪਾਣੀ ਦਾ ਸ੍ਰੀ ਦਰਬਾਰ ਸਾਹਿਬ ਦੀਆਂ ਦੀਵਾਰਾਂ 'ਤੇ ਪੈ ਰਹੇ ਪ੍ਰਭਾਵ ਬਾਰੇ ਵੀ ਅਧਿਐਨ ਕੀਤਾ ਜਾ ਰਿਹਾ ਹੈ। ਇਸ ਬਾਰੇ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਚਾਰੇ ਦਿਸ਼ਾਵਾਂ ਵਿਚ ਵਿਸ਼ੇਸ਼ ਉਪਕਰਨ ਲਾਏ ਗਏ ਹਨ। ਇਸੇ ਤਰ੍ਹਾਂ ਹਵਾ ਪ੍ਰਦੂਸ਼ਣ ਦੀ ਵੀ ਨਿਰੰਤਰ ਜਾਂਚ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਸ. ਪੰਨੂ ਨੇ ਅੰਮ੍ਰਿਤਸਰ ਵਿਚ ਬਤੌਰ ਡਿਪਟੀ ਕਮਿਸ਼ਨਰ ਆਪਣੇ ਕਾਰਜਕਾਲ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਗੁਰੂ ਬਾਜ਼ਾਰ ਵਿਚ ਚੱਲ ਰਹੀਆਂ ਸੁਨਿਆਰਿਆਂ ਦੀਆਂ ਕਰੀਬ 150 ਭੱਠੀਆਂ ਨੂੰ ਐਲ.ਪੀ.ਜੀ 'ਤੇ ਕਰਵਾਇਆ ਸੀ। ਇਹ ਭੱਠੀਆਂ ਪਹਿਲਾਂ ਕੋਲੇ ਨਾਲ ਚੱਲਦੀਆਂ ਸਨ ਤੇ ਪ੍ਰਦੂਸ਼ਣ ਫੈਲਾਉਂਦੀਆਂ ਸਨ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਨੂੰ ਤਿਆਰ ਕਰਨ ਲਈ ਲੱਗੀ ਰੋਟੀ ਬਣਾਉਣ ਦੀ ਮਸ਼ੀਨ ਨੂੰ ਮਿੱਟੀ ਦੇ ਤੇਲ ਦੀ ਥਾਂ ਗੈਸ 'ਤੇ ਕਰਵਾਇਆ ਸੀ।


# ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

| ਨਰਿੰਦਰ ਸਿੰਘ | ਜੋਗਿੰਦਰ ਸਿੰਘ | ਨਿਰਮਲ ਸਿੰਘ |
|---|---|---|
| 530-682-7383 | 530-870-3440 | 530-635-0273 |

# ਗੁਰਦੁਆਰਾ ਸੁਧਾਰ ਕਮੇਟੀ ਵਲੋਂ ਸੈਨ ਹੋਜ਼ੇ ਗੁਰੂ ਘਰ ਦੇ ਪ੍ਰਬੰਧਕਾਂ 'ਤੇ ਸੰਗਤ ਨੂੰ ਗੁਮਰਾਹ ਕਰਨ ਦਾ ਦੋਸ਼

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਮਾਮਲੇ ਨੂੰ ਲੈ ਕੇ ਹੋਂਦ ਵਿਚ ਆਈ ਗੁਰਦੁਆਰਾ ਸੁਧਾਰ ਕਮੇਟੀ ਨੇ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਉਪਰ ਸੰਗਤ ਨੂੰ ਗੁਮਰਾਹ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਲੰਘੀ 15 ਜੁਲਾਈ ਨੂੰ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਂਟਾ ਕਲਾਰਾ ਕਾਉਂਟੀ ਦੇ ਮਾਣਯੋਗ ਜੱਜ ਨੇ ਸੁਣਾਏ ਆਪਣੇ ਹੁਕਮ ਵਿਚ 17 ਅਪਰੈਲ 2011 ਨੂੰ ਕਮੇਟੀ ਵਲੋਂ ਬਾਈਲਅਜ਼ ਵਿਚ ਕੀਤੀਆਂ ਤਬਦੀਲੀਆਂ ਮੁੱਢੋਂ ਹੀ ਰੱਦ ਕਰ ਦਿੱਤੀਆਂ ਹਨ। ਗੁਰਦੁਆਰਾ ਸੁਧਾਰ ਕਮੇਟੀ ਦੀ ਤਰਫੋਂ ਇਕ ਬਿਆਨ ਜਾਰੀ ਕਰਦਿਆਂ ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਹੈ ਕਿ 17 ਅਪਰੈਲ 2011 ਨੂੰ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਵਿਚ ਤਬਦੀਲੀਆਂ ਕਰਨ ਬਾਰੇ ਜਨਰਲ ਬਾਡੀ ਨੂੰ ਸਹੀ ਤਰੀਕੇ ਨਾਲ ਸੂਚਿਤ ਹੀ ਨਹੀਂ ਕੀਤਾ ਗਿਆ ਸੀ, ਜਿਸ ਕਰਕੇ ਜੱਜ ਨੇ ਆਰਡਰ ਦਿੱਤੇ ਹਨ।

ਬਿਆਨ ਅਨੁਸਾਰ ਸਿੱਖ ਭਾਈਚਾਰੇ ਦੇ ਚਿੰਤਤ ਮੈਂਬਰਾਂ ਵਲੋਂ 17 ਅਪਰੈਲ ਦੇ ਫੈਸਲਿਆਂ ਦੀ ਘੋਰ ਬੇਇਨਸਾਫੀ ਅਤੇ ਗੈਰ-ਕਨੂੰਨੀ ਕਾਰਵਾਈ ਦੇ ਖਿਲਾਫ ਡਟਣ ਲਈ 19 ਅਪਰੈਲ 2011 ਨੂੰ ਬਣਾਈ ਗਈ ਸੰਸਥਾ ਗੁਰਦੁਆਰਾ ਸੁਧਾਰ ਕਮੇਟੀ ਦੇ 11 ਮੈਂਬਰਾਂ ਨੇ ਇਕ ਲਿਖਤੀ ਪੱਤਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇ ਕੇ ਮੰਗ ਕੀਤੀ ਸੀ ਕਿ ਉਨ੍ਹਾਂ ਦੀਆਂ ਸ਼ਿਕਇਤਾਂ ਦਾ ਨਿਪਟਾਰਾ ਵਾਜਿਬ ਤਰੀਕੇ ਨਾਲ ਕੀਤਾ ਜਾਵੇ ਤਾਂ ਕਿ ਕਿਸੇ ਕਾਨੂੰਨੀ ਕਾਰਵਾਈ ਵਿਚ ਪੈਣ ਲਈ ਮਜਬੂਰ ਨਾ ਹੋਣਾ ਪਵੇ। ਉਨ੍ਹਾਂ ਨੇ ਖਾਸ ਤੌਰ 'ਤੇ ਮੰਗ ਕੀਤੀ ਸੀ ਕਿ ਬਾਈਲਾਅਜ਼ ਵਿਚ ਕੀਤੀਆਂ ਤਬਦੀਲੀਆਂ ਨੂੰ ਰੱਦ ਕੀਤਾ ਜਾਵੇ। ਇਸ ਤੋਂ ਇਲਾਵਾ "ਸਵੈ-ਇਛਾ ਵਾਲੀ ਰਿਟਾਇਰਮੈਂਟ ਯੋਜਨਾ" ਅਤੇ ਆਪਣੀ ਮਿਆਦ ਵਧਾਉਣ ਲਈ "ਹਰੇਕ ਸਾਲ ਸਿਰਫ 4 ਦੀ ਚੋਣ" ਦਾ ਤਰੀਕਾ ਅਪਨਾਏ ਜਾਣ ਨੂੰ ਧੋਖਾ ਕਰਾਰ ਦਿੰਦਿਆਂ ਰੱਦ ਕਰਨ ਦੀ ਮੰਗ ਕੀਤੀ ਸੀ। ਇਹ ਵੀ ਮੰਗ ਕੀਤੀ ਗਈ ਸੀ ਕਿ ਬਾਈਲਾਅਜ਼ ਮੁਤਾਬਿਕ ਸਹੀ ਤਰੀਕੇ ਨਾਲ ਘੱਟੋ ਘੱਟ 30 ਦਿਨ ਦਾ ਲਿਖਤੀ ਨੋਟਿਸ ਦੇ ਕੇ ਜਨਰਲ ਬਾਡੀ ਦੀ ਮੀਟਿੰਗ ਮੁੜ ਸੱਦੀ ਜਾਏ।

ਡਾ. ਨਾਹਲ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਵਲੋਂ ਕੋਈ ਹਾਂਪੱਖੀ ਹੁੰਗਾਰਾ ਨਾ ਮਿਲਣ 'ਤੇ ਸੁਧਾਰ ਕਮੇਟੀ ਨੂੰ ਮਜਬੂਰ ਹੋ ਕੇ ਅਦਾਲਤ ਦਾ ਬੂਹਾ ਖੜਕਾਉਣਾ ਪਿਆ। ਡਾ. ਨਾਹਲ ਅਨੁਸਾਰ ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਇਸ ਕੇਸ ਵਿਚ ਨਾ ਕੋਈ ਜਿਤਣ ਵਾਲੀ ਧਿਰ ਹੈ ਤੇ ਨਾ ਹਾਰਨ ਵਾਲੀ ਪਰ ਅਦਾਲਤ ਦੇ ਹੁਕਮ ਬਹੁਤ ਹੀ ਸਪਸ਼ਟ ਹਨ। ਅਦਾਲਤ ਦੇ ਹੁਕਮਾਂ ਅਨੁਸਾਰ 17 ਅਪਰੈਲ ਦੀ ਮੀਟਿੰਗ ਵਿਚ ਕਿਸੇ ਵੀ ਮਨਸ਼ਾ ਨਾਲ ਕੀਤੀਆਂ ਸਾਰੀਆਂ ਹੀ ਕਰਵਾਈਆਂ, ਸਮੇਤ ਬਾਈਲਾਅਜ਼ ਵਿਚ ਤਬਦੀਲੀਆਂ ਅਤੇ ਕਿਸੇ ਵੀ "ਸਵੈ-ਇਛਾ ਵਾਲੀ ਰਿਟਾਇਰਮੈਂਟ ਯੋਜਨਾ" ਵਾਲੀਆਂ ਕਾਰਵਾਈਆਂ ਰੱਦ ਕੀਤੀਆਂ ਗਈਆਂ ਹਨ।

ਡਾ. ਨਾਹਲ ਅਨੁਸਾਰ ਅਦਾਲਤ ਦੇ ਹੁਕਮਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ 3 ਜੁਲਾਈ, 2011 ਦੀ ਜਨਰਲ ਬਾਡੀ ਵਿਚ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਦੀ ਚੋਣ ਅਤੇ ਮੁੱਦਈ (ਸੁਧਾਰ ਕਮੇਟੀ) ਵਲੋਂ ਕਮੇਟੀ ਦੇ ਖਿਲਾਫ ਪਾਸ ਕੀਤੇ ਗਏ ਬੇਵਿਸ਼ਵਾਸੀ ਦੇ ਮਤੇ ਦੀ ਕਾਰਵਾਈ ਵੀ ਰੱਦ ਕੀਤੀ ਜਾਂਦੀ ਹੈ ਜਿਸ ਰਾਹੀਂ ਕਮੇਟੀ ਦੇ 21 ਮੈਂਬਰਾਂ ਨੂੰ ਲਾਹ ਕੇ ਨਵੇਂ ਡਾਇਰੈਕਟਰਾਂ ਦੀ ਚੋਣ ਕੀਤੀ ਗਈ।

ਅਦਾਲਤੀ ਹੁਕਮਾਂ ਅਨੁਸਾਰ ਗੁਰਦੁਆਰੇ ਦੇ ਬਾਈਲਾਅਜ਼ ਉਹੀ ਰਹਿਣਗੇ ਜਿਨ੍ਹਾਂ ਵਿਚ ਪਿਛਲੀ ਵਾਰੀ 1993 ਵਿਚ ਸੋਧ ਹੋਈ ਸੀ ਅਤੇ ਪ੍ਰਬੰਧਕ ਕਮੇਟੀ ਦੀ ਬਣਤਰ ਉਹੀ ਰਹੇਗੀ ਜਿਹੜੀ ਮਾਰਚ 2011 'ਚ ਸੀ। ਅਦਾਲਤ ਨੇ ਇਹ ਵੀ ਹੁਕਮ ਕੀਤਾ ਹੈ ਕਿ 22 ਜੁਲਾਈ 2011 ਤੱਕ ਜਨਰਲ ਬਾਡੀ ਦੀ ਲਿਸਟ ਦਾਅਵਾ ਕਰਨ ਵਾਲੀ ਧਿਰ ਦੇ ਚੌਹਾਂ ਮੁਦਈਆਂ ਨੂੰ ਦਿੱਤੀ ਜਾਏ ਜਿਹਦੇ 'ਚ ਮੈਂਬਰਾਂ ਦਾ ਨਾਮ, ਪਤਾ, ਟੈਲੀਫੋਨ ਨੰਬਰ, ਅਤੇ ਈ-ਮੇਲ ਐਡਰੈਸ ਵਗੈਰਾ ਅਤੇ ਮੈਂਬਰਸ਼ਿਪ ਨੰਬਰ ਹੋਵੇ। ਉਸ ਦੀ ਇਕ ਛਪੀ ਕਾਪੀ ਅਤੇ ਇਕ ਇਲੈਕਟ੍ਰਾਨਿਕ ਫਾਈਲ ਦਿੱਤੀ ਜਾਵੇ। ਇਹ ਅਦਾਲਤੀ ਹੁਕਮ ਵੈਬ ਸਾਈਟ www.gurdwarasudhar.commttee.com 'ਤੇ ਦੇਖੇ ਜਾ ਸਕਦੇ ਹਨ।

ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਨਾਹਲ ਨੇ ਕਿਹਾ ਹੈ ਕਿ ਛੇਕੜ ਸੱਚਾਈ ਸਾਹਮਣੇ ਆ ਗਈ ਹੈ। ਅਸੀਂ ਵਾਹਿਗੁਰੂ ਦੇ ਬਹੁਤ ਧੰਨਵਾਦੀ ਹਾਂ ਕਿ ਜਨਰਲ ਬਾਡੀ ਦੇ ਹੱਕ ਬਹਾਲ ਹੋ ਗਏ ਹਨ ਜੋ ਹੁਣ ਆਪਣੀ ਮਰਜ਼ੀ ਦੇ ਕਮੇਟੀ ਦੇ ਮੈਂਬਰਾਂ ਦੀ ਚੋਣ ਕਰ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਬੰਧਕ ਕਮੇਟੀ ਨੇ ਜਨਰਲ ਬਾਡੀ ਨੂੰ ਮੁਕੰਮਲ ਤੌਰ ਤੇ ਪਾਸੇ ਕਰ ਕੇ ਸੰਗਤ ਨਾਲ ਧੋਖਾ ਕਰਨ ਦੀ ਕੋਸ਼ਿਸ ਕੀਤੀ। ਅਦਾਲਤ ਤੋਂ ਅਸੀਂ ਜੋ ਵੀ ਮੰਗਿਆ, ਉਸ ਨੇ ਸਾਨੂੰ ਦੇ ਦਿੱਤਾ, ਸਗੋਂ ਕੁਝ ਵਾਧੂ ਵੀ ਦੇ ਦਿੱਤਾ।

# ਸਿਮਰਨਜੀਤ ਸਿੰਘ ਮਾਨ ਨੂੰ ਸ੍ਰੀਨਗਰ 'ਚ ਨਜ਼ਰਬੰਦ ਰੱਖਿਆ

**ਸ੍ਰੀਨਗਰ:** ਕਸ਼ਮੀਰ ਘਾਟੀ 'ਚ ਸਿੱਖਾਂ ਦੀਆਂ ਮੁਸ਼ਕਲਾਂ ਜਾਣਨ ਲਈ ਗਏ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੁਲਿਸ ਨੇ ਸ੍ਰੀਨਗਰ ਦੇ ਗੁਰਦੁਆਰਾ ਸ਼ਹੀਦ ਬੁੰਗਾਂ ਵਿਖੇ ਨਜ਼ਰਬੰਦ ਕਰ ਲਿਆ ਤੇ ਉਨ੍ਹਾਂ ਨੂੰ ਬਾਰਾਮੂਲਾ ਜਾਣ ਤੋਂ ਰੋਕ ਦਿੱਤਾ ਗਿਆ। ਬਾਅਦ 'ਚ ਸ਼ਾਮ ਵੇਲੇ ਡੀ.ਸੀ. ਸ੍ਰੀਨਗਰ ਨੇ ਉਨ੍ਹਾਂ ਨੂੰ ਤੁਰੰਤ ਸ੍ਰੀਨਗਰ ਛੱਡਣ ਦੇ ਹੁਕਮ ਜਾਰੀ ਕਰ ਦਿੱਤੇ।

ਸ. ਮਾਨ ਨੇ ਦੱਸਿਆ ਕਿ ਉਹ ਪਾਰਟੀ ਦਾ ਵਫਦ ਲੈ ਕੇ ਕਸ਼ਮੀਰ ਘਾਟੀ ਵਿਚ ਮੁਸਲਮਾਨਾਂ, ਸਿੱਖਾਂ ਤੇ ਹੋਰ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਗੱਲਬਾਤ ਕਰਨ ਲਈ ਆਏ ਸਨ।ਪਰ ਪੁਲਿਸ ਨੇ 22 ਜੁਲਾਈ ਨੂੰ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ ਹੈ ਤੇ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਨਜ਼ਰਬੰਦ ਕਰ ਦਿੱਤਾ ਹੈ। ਸ. ਮਾਨ ਨੇ ਕਿਹਾ ਕਿ ਕਸ਼ਮੀਰ ਘਾਟੀ ਵਿਚ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਹੀ ਅਜਿਹਾ ਹੈ ਜੋ ਹਰ ਮੁਸ਼ਕਲ ਤੇ ਸਮੱਸਿਆ ਦਾ ਸਾਹਮਣਾ ਕਰਦੇ ਹੋਏ ਕਸ਼ਮੀਰ ਘਾਟੀ ਵਿਚ ਹੀ ਰਹਿ ਰਿਹਾ ਹੈ ਤੇ ਕਈ ਕਤਲੇਆਮ ਦੀਆਂ ਵਾਰਦਾਤਾਂ ਦੇ ਬਾਵਜੂਦ ਸਿੱਖ ਹਿਜਰਤ ਕਰਕੇ ਨਹੀਂ ਗਏ। ਜਦਕਿ ਕਸ਼ਮੀਰੀ ਪੰਡਿਤ ਇਥੋਂ ਪਹਿਲੋਂ ਹੀ ਹਿਜਰਤ ਕਰ ਗਏ ਸਨ ਤੇ ਮੁਸਲਿਮ ਆਗੂਆਂ ਨੇ ਵੀ ਆਪਣੇ ਪਰਿਵਾਰ ਦਿੱਲੀ, ਮੁੰਬਈ ਜਾਂ ਲੰਡਨ ਭੇਜ ਦਿੱਤੇ ਹਨ। ਉਨ੍ਹਾਂ ਮੰਗ ਕੀਤੀ ਕਿ ਕਸ਼ਮੀਰੀ ਸਿੱਖਾਂ ਨੂੰ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਵਿਸ਼ੇਸ਼ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਸ੍ਰੀਨਗਰ ਦੇ ਉਪ ਮੰਡਲ ਅਧਿਕਾਰੀ ਸਦਰ ਬਸ਼ੀਰ ਅਹਿਮਦ ਨੇ ਦੱਸਿਆ ਕਿ ਉਨ੍ਹਾਂ ਨੇ ਸ. ਮਾਨ ਨੂੰ ਬਾਰਾਮੂਲਾ ਨਾ ਜਾਣ ਲਈ ਬੇਨਤੀ ਕੀਤੀ ਹੈ ਕਿਉਂਕਿ ਵਾਦੀ 'ਚ ਹੜਤਾਲ ਕਾਰਨ ਹਾਲਾਤ ਠੀਕ ਨਹੀਂ। ਅਧਿਕਾਰੀ ਨੇ ਕਿਹਾ ਕਿ ਸ. ਮਾਨ ਤਾਂ ਸ਼ਾਂਤੀ ਮਿਸ਼ਨ 'ਤੇ ਹਨ ਤੇ ਉਨ੍ਹਾਂ ਨੂੰ ਹਿਰਾਸਤ 'ਚ ਲੈਣ ਦਾ ਸਵਾਲ ਹੀ ਪੈਦਾ ਹੀ ਨਹੀਂ ਹੁੰਦਾ। ਅਕਾਲੀ ਆਗੂ ਨੇ ਕਲ੍ਹ ਕਸ਼ਮੀਰ ਵਿਚ ਕਈ ਵੱਖਵਾਦੀ ਨੇਤਾਵਾਂ ਨਾਲ ਮੁਲਾਕਾਤ ਕੀਤੀ ਸੀ।


Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



Bhupinder Gill
Attorney at Law
(Admitted in CA)

*Call for free initial consultation*

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085






Ph:510-415-7700, 800-498-3626, 408-480-4500

S&S Satellite System - e-mail: sns_satellite@yahoo.com

dish NETWORK. AUTHORIZED RETAILER

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.



Punjab Insurance Agency

7212 Florin Mall Dr., Sacramento, CA, (CA Lic. 0C53799)

Ph: 916-391-7447, 916-391-7553, Fax: 916-391-7337

ਹੁਣ ਅਸੀਂ ਟਰੱਕਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਇਮੀਗਰੇਸ਼ਨ ਸੇਵਾਵਾਂ:

ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

*Family Petitions, Re-Entry, Affidavit of Support, Citizenship, Green Card, Work Permit, OCI , Visa & Passport Services.*

ਇੰਸ਼ੋਰੈਂਸ ਸੇਵਾਵਾਂ

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.
- We work with several major insurance companies to find you best coverage and rates.

ਟਰੱਕ ਇੰਸ਼ੋਰੈਂਸ, ਸਟੋਰ, ਲਿੱਕਰ ਸਟੋਰ, ਗੈਸ ਸਟੇਸ਼ਨ, ਕਾਰਾਂ ਤੇ ਘਰਾਂ, ਆਈਸ ਕਰੀਮ ਟਰੱਕ ਵਗੈਰਾ

Notary Public, Live Certificate, Translation

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਜਾਂ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

*ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ*
*ਸਾਡਾ ਦਫਤਰ ਪੁਰਾਣੇ DMV ਪਲਾਜ਼ੇ ਵਿਚ ਹੈ*

ਮਨਜੀਤ ਸਿੰਘ 916-391-7447

ਸਜਵੀਰ ਸਿੰਘ 916-391-7553

## ਟਰਲਕ 'ਚ ਭਗਵੰਤ ਮਾਨ ਦੇ ਮਾਣ ਵਿਚ ਸਮਾਗਮ

**ਟਰਲਕ (ਹਰਜਿੰਦਰ ਹੈਪੀ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਕਾਰਜਕਾਰੀ ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਦੀ ਅਮਰੀਕਾ ਫੇਰੀ ਨੂੰ ਮੁਖ ਰਖਦਿਆਂ ਪਾਰਟੀ ਦੇ ਹਮਾਇਤੀਆਂ ਵਲੋਂ ਇਥੇ ਇਕ ਭਰਵਾਂ ਇਕੱਠ ਕੀਤਾ ਗਿਆ ਜਿਸ ਵਿਚ ਮੁਖ ਮਹਿਮਾਨ ਪਾਰਟੀ ਦੇ ਆਗੂ ਭਗਵੰਤ ਮਾਨ ਸਨ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮਨਪ੍ਰੀਤ ਗਰੇਵਾਲ ਨੇ ਸ੍ਰੀ ਮਾਨ ਅਤੇ ਹੋਰ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਹਾਜ਼ਰ ਸੱਜਣਾਂ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਪੰਜਾਬ ਦੇ ਮੌਜੂਦਾ ਹਾਲਾਤ ਦੀ ਗੱਲ ਕਰਦਿਆਂ ਕਿਹਾ ਕਿ ਬੇਰੁਜ਼ਗਾਰੀ, ਰਿਸ਼ਵਤਖੋਰੀ ਅਤੇ ਨਸ਼ਾਖੋਰੀ ਨੇ ਪੰਜਾਬ ਦਾ ਕਚੂਮਰ ਕੱਢਿਆ ਹੋਇਆ ਹੈ। ਸਿਆਸਤਦਾਨ ਅਤੇ ਅਫਸਰਸ਼ਾਹੀ ਆਪਸੀ ਮਿਲੀਭੁਗਤ ਨਾਲ ਲੋਕਾਂ ਨੂੰ ਲੁੱਟਣ ਉਤੇ ਲੱਗੇ ਹੋਏ ਹਨ। ਪੰਜਾਬ ਨੂੰ ਇਸ ਰਸਾਤਲ ਵਿਚੋਂ ਕੱਢਣ ਲਈ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਇਕ ਮੁਹਿੰਮ ਵਿੱਢੀ ਗਈ ਹੈ ਜਿਸ ਲਈ ਪਰਵਾਸੀ ਪੰਜਾਬੀ ਉਸਾਰੂ ਸਹਿਯੋਗ ਦੇ ਕੇ ਪੰਜਾਬ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਇਥੇ ਡਾਲਰ ਮੰਗਣ ਨਹੀਂ ਆਏ ਸਗੋਂ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਪ੍ਰਤੀ ਉਨ੍ਹਾਂ ਦਾ ਦਰਦ ਵੰਡਾਉਣ ਆਏ ਹਨ। ਸ੍ਰੀ ਭਗਵੰਤ ਮਾਨ ਨੇ ਹਾਜ਼ਰ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ।

ਇਸ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਦਲਵਿੰਦਰ ਸ਼ਾਹੀ, ਜਗਰੂਪ ਤੱਖਰ, ਜੋਤੀ ਗਿੱਲ, ਮਨਮੀਤ ਗਰੇਵਾਲ ਅਤੇ ਹਰਵਿੰਦਰ ਤੂਰ ਨੇ ਉਦਮ ਕੀਤਾ।




*ਭਗਵੰਤ ਮਾਨ ਨਾਲ (ਖੱਬੇ) ਕਬੱਡੀ ਸੁਪਰ ਸਟਾਰ ਤੀਰਥ ਗਾਖਲ ਅਤੇ (ਸੱਜੇ) ਓਲੰਪੀਅਨ ਗੋਲਡ ਮੈਡਲਿਸਟ ਮਹਿੰਦਰ ਸਿੰਘ ਗਿੱਲ*



*ਦਲਵਿੰਦਰ ਸ਼ਾਹੀ, ਜਗਰੂਪ ਤੱਖਰ, ਜੋਤੀ ਗਿੱਲ, ਹਰਿੰਦਰ ਤੂਰ*

# ਮਨਪ੍ਰੀਤ ਬਾਦਲ ਦੇ ਅਮਰੀਕਾ ਦੌਰੇ ਦੇ ਪਹਿਲੇ ਪੜਾਅ ਦੀਆਂ ਤਿਆਰੀਆਂ ਮੁਕੰਮਲ

**ਫਰੀਮਾਂਟ (ਬਿਊਰੋ):** ਪੀਪਲਜ਼ ਪਾਰਟੀ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੇ 29 ਜੁਲਾਈ ਨੂੰ ਸੈਕਰਾਮੈਂਟੋ ਸ਼ਹਿਰ ਤੋਂ ਸ਼ੁਰੂ ਹੋ ਰਹੇ ਉਤਰੀ ਅਮਰੀਕਾ ਦੌਰੇ ਲਈ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਸ੍ਰੀ ਮਨਪ੍ਰੀਤ ਸਿੰਘ ਬਾਦਲ ਦੇ 29 ਜੁਲਾਈ ਤੋਂ 31 ਜੁਲਾਈ ਤੱਕ ਕੈਲੀਫੋਰਨੀਆ ਦੇ ਸ਼ਹਿਰਾਂ-ਸੈਕਰਾਮੈਂਟੋ, ਹੇਵਰਡ, ਬੇਕਰਜ਼ਫੀਲਡ ਅਤੇ ਫਰਿਜ਼ਨੋ ਵਿਚ ਹੋ ਰਹੇ ਸਮਾਗਮਾਂ ਦੀ ਤਿਆਰੀ ਲਈ ਪ੍ਰਬੰਧਕਾਂ ਨੇ ਬੀਤੇ ਹਫਤੇ ਇਸ਼ਤਿਹਾਰਾਂ, ਸੱਦਾ ਪੱਤਰਾਂ, ਟੈਲੀਫੋਨਾਂ ਅਤੇ ਈ-ਮੇਲਾਂ ਤੇ ਵੱਖ-ਵੱਖ ਗੁਰੂ ਘਰਾਂ ਅਤੇ ਖੇਡ ਤੇ ਸੱਭਿਆਚਾਰਕ ਮੇਲਿਆਂ ਵਿਚ ਅਨਾਊਂਸਮੈਂਟਾਂ ਅਤੇ ਸ਼ਹਿਰਵਾਰ ਮੀਟਿੰਗਾਂ ਰਾਹੀਂ ਪ੍ਰਚਾਰ ਨੂੰ ਸਿਖਰਾਂ ਉਪਰ ਪਹੁੰਚਾ ਦਿੱਤਾ।

ਇਹ ਜਾਣਕਾਰੀ ਦਿੰਦਿਆਂ ਕੁਲਦੀਪ ਧਾਲੀਵਾਲ ਨੇ ਦੱਸਿਆ ਕਿ ਪੀਪਲਜ਼ ਪਾਰਟੀ ਆਫ ਪੰਜਾਬ ਦੇ ਤਿੰਨ ਪ੍ਰਮੁੱਖ ਆਗੂ ਕੁਸ਼ਲਦੀਪ ਢਿੱਲੋਂ, ਭਗਵੰਤ ਮਾਨ ਅਤੇ ਗੁਰਪ੍ਰੀਤ ਭੱਟੀ ਕੈਲੀਫੋਰਨੀਆਂ ਪਹੁੰਚ ਗਏ ਹਨ ਜਦੋਂਕਿ ਸ੍ਰੀ ਮਨਪ੍ਰੀਤ ਸਿੰਘ ਬਾਦਲ ਮੰਗਲਵਾਰ ਅਮਰੀਕਾ ਲਈ ਰਵਾਨਾ ਹੋ ਚੁਕੇ ਹਨ। ਇਨ੍ਹਾਂ ਆਗੂਆਂ ਨੇ ਫੇਰੀ ਦੇ ਪ੍ਰਬੰਧਾਂ ਵਜੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਿਥੇ ਜਾਇਜ਼ਾ ਲਿਆ ਉਥੇ ਕਈ ਮੀਟਿੰਗਾਂ ਵਿਚ ਸ਼ਮੂਲੀਅਤ ਵੀ ਕੀਤੀ। ਅਮਰੀਕਾ ਲਈ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਬਾਦਲ ਨੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੇ ਪਿੰਡਾਂ ਵਿਚ ਜਾਗੋ ਯਾਤਰਾ ਤੋਂ ਬਾਅਦ ਧਰਮਕੋਟ ਵਿਚ ਸਭ ਤੋਂ ਵੱਡੀ ਰੈਲੀ ਕੀਤੀ।

ਸ੍ਰੀ ਧਾਲੀਵਾਲ ਨੇ ਦੱਸਿਆ ਕਿ ਸੈਕਰਾਮੈਂਟੋ ਦੀ ਸੰਸਥਾ ਕਿੰਗਜ਼ ਸਪੋਰਟਸ ਕਲੱਬ ਨੇ ਇਕ ਮੀਟਿੰਗ ਕਰਕੇ ਮਨਪ੍ਰੀਤ ਬਾਦਲ ਦੀ ਆਮਦ ਲਈ ਹਰ ਪੱਖੋਂ ਸਾਹਿਯੋਗ ਦੇਣ ਦਾ ਐਲਾਨ ਕੀਤਾ। ਇਸ ਮੀਟਿੰਗ ਦੀ ਪ੍ਰਧਾਨਗੀ ਗੁਰਮੁਖ ਸਿੱਧੂ ਨੇ ਕੀਤੀ ਅਤੇ ਪੀਟਰ ਦੋਸਾਂਝ, ਗੁਰਮੁਖ ਸਿੱਧੂ, ਗਰਿੰਦਰ ਘੁੰਮਣ, ਕਿੰਦੂ ਰਮੀਦੀ, ਹਰਪਾਲ ਸੰਧੂ, ਸੁਖਵਿੰਦਰ ਤੂਰ, ਸੀਤਲ ਸਿੰਘ ਨਿੱਝਰ, ਜਸਪਾਲ ਸਿੰਘ ਸੇਖੋਂ, ਹਰਪ੍ਰੀਤ ਦਸੂਹਾ, ਮਨਜੋਤ ਸਿੰਘ, ਬਲਵਿੰਦਰ ਸਿੰਘ ਭੁਲੱਕ, ਬਲਵਿੰਦਰ ਸਿੰਘ, ਲਾਲੀ ਧਨੋਆ, ਗੁਰਦੀਪ ਗਿੱਲ, ਇੰਦਰਜੀਤ ਸਿੰਘ, ਜਨਕ ਰਾਜ ਸਿਧਰਾ, ਹਰਪਾਲ ਸਿੰਘ ਬੈਂਸ ਅਤੇ ਗੁਲਿੰਦਰ ਗਿੱਲ ਸ਼ਾਮਲ ਹੋਏ। ਤਿਆਰੀ ਵਜੋਂ ਬੀ-ਏਰੀਏ ਦੀ ਇਕ ਵੱਡੀ ਮੀਟਿੰਗ ਡਾ. ਜਗਤਾਰ ਸੰਧੂ ਦੇ ਘਰ ਲਾਲੀ ਧਨੋਆ ਦੀ ਰਹਿਨੁਮਾਈ ਵਿਚ ਹੋਈ। ਇਸ ਮੀਟਿੰਗ ਵਿਚ ਹਰਮਿੰਦਰ ਗਿੱਲ ਕੰਵਲਜੀਤ ਸਿੰਘ ਸਿੱਧੂ, ਜੰਗ ਬਦੇਸ਼ਾ, ਸੁਖਜਿੰਦਰ ਤੂਰ, ਗੁਰਿੰਦਰ ਸਿੰਘ, ਕਸ਼ਮੀਰ ਸਿੰਘ ਧੁੱਗਾ, ਮਨਜੀਤ ਸਿੰਘ ਵਿਰਕ, ਅਮਰਿੰਦਰ ਸਿੰਘ, ਪਰਜਿੰਦਰ ਸਿੰਘ ਵਿਰਕ, ਤਰਲੋਚਨ ਸਿੰਘ ਸੰਧੂ, ਰਵਿੰਦਰ ਸਿੰਘ ਗਰੇਵਾਲ, ਤ੍ਰਲੋਚਨ ਦੁਸਾਂਝ, ਜਗਦੇਵ ਸਿੰਘ ਮਾਂਗਟ, ਸਰਬਜੀਤ ਸਿੰਘ, ਸੁੱਚਾ ਰਾਮ ਭਾਰਟਾ, ਡਾ. ਮਾਂਗਟ, ਕਰਨਲ ਡੀ ਐਸ ਸੰਧੂ ਅਜੈ ਢਿੱਲੋਂ, ਡਾ. ਪਰਮਜੀਤ ਸਿੰਘ ਸਿੱਧੂ, ਅਮਨ ਬੋਪਾਰਾਏ, ਹਰਪ੍ਰੀਤ ਢਿੱਲੋਂ, ਰਮਨਵੀਰ ਸਿੰਘ ਜੌਹਲ, ਕੁਲਦੀਪ ਧਾਲੀਵਾਲ, ਸ਼ਿਵਦੇਵ ਕੌਰ ਸੰਧੂ, ਮਿਸਿਜ ਕਰਨਲ ਸ਼ਾਮਿਲ ਹੋਏ। ਇਸੇ ਤਰ੍ਹਾਂ ਟਰਲਕ ਵਿਚ ਹੋਈ ਮੀਟਿੰਗ ਨੂੰ ਭਗਵੰਤ ਮਾਨ ਨੇ ਸੰਬੋਧਨ ਕੀਤਾ। ਇਸ ਮੀਟਿੰਗ ਨੂੰ ਜਗਰੂਪ ਤੱਖਰ, ਹਰਿੰਦਰ ਤੂਰ, ਮਨਮੀਤ ਗਰੇਵਾਲ, ਦਲਵਿੰਦਰ ਸ਼ਾਹੀ, ਜੋਤੀ ਗਿੱਲ ਨੇ ਵੀ ਸੰਬੋਧਨ ਕੀਤਾ। ਲਾਸ ਏਂਜਲਸ ਏਰੀਏ ਵਿਚ ਹੋਈਆਂ ਮੀਟਿੰਗਾਂ ਨੂੰ ਕੁਸ਼ਲਦੀਪ ਢਿੱਲੋਂ, ਗੁਰਪ੍ਰੀਤ ਭੱਟੀ ਅਤੇ ਰਾਜ ਮੱਲ੍ਹੀ ਨੇ ਸੰਬੋਧਨ ਕੀਤਾ। ਲੰਘੇ ਬੁਧਵਾਰ ਦੀ ਸ਼ਾਮ ਨੂੰ ਮਰਸਡ ਸ਼ਹਿਰ ਵਿਚ ਹੋਈ ਮੀਟਿੰਗ ਵਿਚ ਪਰਮਜੀਤ ਸਿੰਘ ਜੰਮੂ, ਚਮਕੌਰ ਸਿੰਘ ਧਾਲੀਵਾਲ, ਗੋਪਾਲ ਸਿੰਘ ਹਰਬੰਸ ਸਿੰਘ, ਜਸਕੀਰਤ ਸਿੰਘ, ਬਲਵੀਰ ਸਿੰਘ ਢਿੱਲੋਂ, ਪ੍ਰੋ. ਕਿਰਪਾਲ ਗਰੇਵਾਲ, ਜੁਗਿੰਦਰ ਸਿੰਘ ਤੇ ਅਸ਼ਵਨੀ ਕੁਮਾਰ ਅਤੇ ਅਮਰਜੀਤ ਸ਼ਾਮਲ ਹੋਏ।

ਫਰਿਜ਼ਨੋ ਵਿਚ ਹੋਈਆਂ ਤਿਆਰੀ ਮੀਟਿੰਗਾਂ ਨੂੰ ਡਾ. ਅਜੀਤ ਸਿੰਘ ਖਹਿਰਾ, ਹਾਕਮ ਸਿੰਘ ਢਿੱਲੋਂ ਅਤੇ ਰਣਜੀਤ ਗਿੱਲ ਨੇ ਸੰਬੋਧਨ ਕੀਤਾ। ਬੇਕਰਜ਼ਫੀਲਡ ਵਿਚ ਹੋਈ ਮੀਟਿੰਗ ਨੂੰ ਗੁਰਪਾਲ ਸਿੰਘ ਬੱਬੂ, ਪਰਮਜੀਤ ਸਿੰਘ ਦੁਸਾਂਝ, ਪਿੰਦਰ ਢਿੱਲੋਂ, ਅਮਰੀਕ ਧਾਲੀਵਾਲ ਅਤੇ ਬਲਵਿੰਦਰ ਬਰਾੜ ਨੇ ਸੰਬੋਧਨ ਕੀਤਾ।

ਹੇਵਰਡ ਵਿਚ ਤਰਨਜੀਤ ਸਿੰਘ ਟਿਵਾਣਾ ਅਤੇ ਹਰਿੰਦਰਪਾਲ ਸਿੰਘ ਬੌਬੀ ਸਿੱਧੂ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਇਸੇ ਤਰ੍ਹਾਂ ਬੇ-ਏਰੀਏ ਵਿਚ ਰਹਿੰਦੇ ਪੰਜਾਬ ਤੋਂ ਆਏ ਸਾਬਕਾ ਸਰਪੰਚਾਂ ਨੇ ਇਕ ਮੀਟਿੰਗ ਕਰਕੇ ਮਨਪ੍ਰੀਤ ਬਾਦਲ ਦੀਆਂ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਅਤੇ 30 ਜੁਲਾਈ ਨੂੰ ਸਵੇਰੇ 10 ਵਜੇ ਤੋਂ 1 ਵਜੇ ਤੱਕ ਹੇਵਰਡ ਵਿਚ ਹੋ ਰਹੀ ਕਾਨਫਰੰਸ ਵਿਚ ਪੰਜਾਬੀ ਭਾਈਚਾਰੇ ਨੂੰ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ। ਇਨ੍ਹਾਂ ਸਰਪੰਚਾਂ ਵਿਚ ਮਹਿੰਗਾ ਸਿੰਘ, ਅਵਤਾਰ ਸਿੰਘ ਸੰਧੂ ਸਰਪੰਚ ਜੰਡੋਆਣੀ, ਸੁਰਿੰਦਰ ਸਿੰਘ ਜਹਾਂਗੀਰ, ਨਿਰਮਲ ਸਿੰਘ ਸਰਪੰਚ, ਰਣਜੀਤ ਸਿੰਘ ਗੰਗੜੇਵਾਲ, ਸ਼ਰਨਜੀਤ ਸਿੰਘ ਖੋਸਾ ਸ਼ਾਹਕੋਟ ਸ਼ਾਮਲ ਸਨ। ਮਾਲਵਾ ਇੰਸ਼ੋਰੈਂਸ ਦੇ ਮਾਲਕ ਹਰਮਿੰਦਰ ਸਿੰਘ ਗਿੱਲ ਅਤੇ ਕੰਵਲਜੀਤ ਸਿੰਘ ਸਿੱਧੂ ਨੇ ਇਕ ਭਰਵੀਂ ਮੀਟਿੰਗ ਨਿਊ ਆਰਕ ਵਿਖੇ ਕੀਤੀ। ਗੁਰੂ ਨਾਨਕ ਇੰਜੀਨੀਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ ਦੇ ਆਗੂ ਅਮਨ ਬੋਪਾਰਾਏ ਨੇ ਆਪਣੇ ਸਾਥੀਆਂ ਨਾਲ ਸੈਂਕੜਿਆਂ ਦੀ ਗਿਣਤੀ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ।

ਸ੍ਰੀ ਧਾਲੀਵਾਲ, ਗੁਲਿੰਦਰ ਗਿੱਲ ਅਤੇ ਲਾਲੀ ਧਨੋਆ ਨੇ ਕਿਹਾ ਕਿ ਮਨਪ੍ਰੀਤ ਬਾਦਲ ਦੀਆਂ ਹੋ ਰਹੀਆਂ ਸਾਰੀਆਂ ਕਾਨਫਰੰਸਾਂ ਲਈ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ। ਸ੍ਰੀ ਧਾਲੀਵਾਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਗੰਧਲੇ ਹੋ ਰਹੇ ਭਵਿੱਖ ਨੂੰ ਸੁਧਾਰਨ ਲਈ ਮਨਪ੍ਰੀਤ ਬਾਦਲ ਦੇ ਵਿਚਾਰ ਸੁਣੀਏ ਅਤੇ ਉਨ੍ਹਾਂ ਨੂੰ ਸਹਿਯੋਗ ਦੇਈਏ।

## ਪੰਜਾਬ ਪੁਲੀਸ ਵੱਲੋਂ ਮਰੇ ਬੰਦੇ ਖ਼ਿਲਾਫ ਕੇਸ ਦਰਜ

**ਹੁਸ਼ਿਆਰਪੁਰ:** ਪੰਜਾਬ ਪੁਲੀਸ ਵੱਲੋਂ ਚਾਰ-ਪੰਜ ਸਾਲ ਪਹਿਲਾਂ ਮਰੇ ਹੋਏ ਬੰਦੇ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ। ਹੁਸ਼ਿਆਰਪੁਰ ਢੋਲਬਾਹਾ ਰੇਂਜ ਦੇ ਪਿੰਡ ਖੰਗਵਾੜੀ ਵਿਚ ਪਿਛਲੇ ਦਿਨੀਂ ਤੇਂਦੂਏ ਦੀ ਮੌਤ ਸਬੰਧੀ ਜੰਗਲਾਤ ਵਿਭਾਗ ਨੇ ਜਿਹੜੇ ਤਿੰਨ ਸ਼ੱਕੀ ਵਿਅਕਤੀਆਂ ਖ਼ਿਲਾਫ ਜੰਗਲੀ ਜੀਵ ਰੱਖਿਆ ਐਕਟ ਤਹਿਤ ਮਾਮਲਾ ਦਰਜ ਕਰਵਾਇਆ ਸੀ, ਉਨ੍ਹਾਂ ਵਿਚੋਂ ਇਕ ਕਦੋਂ ਦਾ ਫ਼ੌਤ ਹੋ ਚੁੱਕਾ ਹੈ।

ਪਿੰਡ ਵਾਸੀਆਂ ਅਨੁਸਾਰ ਪਿਆਰੇ ਲਾਲ ਜਿਸ ਦਾ ਨਾਂ ਐਫ.ਆਈ.ਆਰ. ਵਿਚ ਸ਼ਾਮਲ ਹੈ, ਦੀ 4-5 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਪਿੰਡ ਦੀ ਸਰਪੰਚ ਨਰੇਸ਼ ਕੁਮਾਰੀ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਪਤਾ ਲੱਗਾ ਹੈ ਕਿ ਪਿਆਰੇ ਲਾਲ ਦੀ ਥੋੜ੍ਹੀ ਜ਼ਮੀਨ ਜ਼ਰੂਰ ਖੰਗਵਾੜੀ ਵਿਖੇ ਸੀ ਪਰ ਉਹ ਆਪ ਮਨਹੋਤਾ ਰਹਿੰਦਾ ਸੀ ਤੇ ਉਹ ਪਿੰਡ ਦਾ ਸਰਪੰਚ ਵੀ ਰਿਹਾ ਸੀ।

# ਬਾਦਲ ਸਰਕਾਰ ਨੇ 'ਆਪਣੇ ਮੂੰਹ ਮੀਆਂ ਮਿੱਠੂ' ਬਣਨ ਲਈ 26 ਕਰੋੜ ਉਡਾਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬਾਦਲ ਸਰਕਾਰ ਨੇ ਆਪਣੇ ਮੂੰਹ ਮੀਆਂ ਮਿੱਠੂ ਬਣਨ ਲਈ ਸਰਕਾਰੀ ਖ਼ਜ਼ਾਨੇ 'ਚੋਂ ਸਾਢੇ 26 ਕਰੋੜ ਰੁਪਏ ਇਸ਼ਤਿਹਾਰਾਂ 'ਤੇ ਉਡਾਏ ਹਨ। ਸਰਕਾਰ ਨੇ ਆਪਣੀਆਂ ਪ੍ਰਾਪਤੀਆਂ ਦੀ ਮਸ਼ਹੂਰੀ ਕਰਨ ਲਈ ਇਹ ਰਾਸ਼ੀ ਪਹਿਲੇ ਸਾਢੇ ਚਾਰ ਸਾਲਾਂ ਹੀ ਖਰਚ ਦਿੱਤੀ ਹੈ ਜਦੋਂਕਿ ਚੋਣ ਵਰ੍ਹਾ ਹੋਣ ਕਰਕੇ ਹੁਣ ਤਾਂ ਇਸ਼ਤਿਹਾਰਾਂ ਦਾ ਹੜ੍ਹ ਲਿਆਂਦਾ ਹੋਇਆ ਹੈ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਇਸ਼ਤਿਹਾਰਾਂ ਦੇ ਗੱਫੇ ਵੰਡੇ ਵੀ 'ਆਪਣਿਆਂ' ਨੂੰ ਹਨ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਦੌਰਾਨ ਤੱਥ ਸਾਹਮਣੇ ਆਏ ਹਨ ਕਿ ਸਰਕਾਰ ਦੇ ਚਹੇਤੇ ਸਮਝੇ ਜਾਣ ਵਾਲੇ ਟੈਲੀਵਿਜ਼ਨ ਚੈਨਲਾਂ ਨੂੰ ਸਰਕਾਰੀ ਖ਼ਜ਼ਾਨੇ 'ਚੋਂ ਦਿਲ ਖੋਲ੍ਹ ਕੇ ਮਾਇਆ ਦਿੱਤੀ ਗਈ ਹੈ। ਸਰਕਾਰੀ ਪੈਸਾ ਹਾਸਲ ਕਰਨ ਵਾਲਿਆਂ ਵਿਚ ਹਾਕਮ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਦੇ ਚੈਨਲ ਵੀ ਸ਼ਾਮਲ ਹਨ।

ਪੰਜਾਬ 'ਚ ਸਰਗਰਮ ਗੈਰ ਸਰਕਾਰੀ ਸੰਸਥਾ ਹੈਲਪ ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿਤਨਾ ਵੱਲੋਂ ਆਰ.ਟੀ.ਆਈ. ਤਹਿਤ ਸੂਚਨਾ ਮੰਗੇ ਜਾਣ ਉਤੇ ਲੋਕ ਸੰਪਰਕ ਵਿਭਾਗ ਨੇ 1 ਫਰਵਰੀ, 2007 ਤੋਂ ਜੂਨ 2011 ਤੱਕ ਦੇ ਸਮੇਂ ਦੀ ਇਹ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸ ਸੂਚਨਾ ਮੁਤਾਬਕ ਇਸ਼ਤਿਹਾਰਬਾਜ਼ੀ ਦਾ ਵੱਡਾ ਹਿੱਸਾ ਲੈਣ ਵਾਲੇ ਚੈਨਲਾਂ ਵਿਚ ਚੈਨਲ ਨੰਬਰ 1, ਐਮ.ਐਚ.1, ਡੀ.ਈ.ਟੀ.ਵੀ., ਪੀ.ਟੀ.ਸੀ., ਫਾਸਟਵੇਅ ਕੇਬਲ ਨੈਟਵਰਕ ਸ਼ਾਮਲ ਹਨ। ਪੰਜਾਬ 'ਚ ਚਲਦੇ ਕਈ ਐਫ.ਐਮ. ਰੇਡੀਓ ਚੈਨਲਾਂ ਨੇ ਵੀ ਇਸ ਦੌਰਾਨ ਚੰਗੀ ਕਮਾਈ ਕੀਤੀ ਹੈ।

## ਚਹੇਤਿਆਂ ਨੂੰ ਵੰਡੇ ਇਸ਼ਤਿਹਾਰਾਂ ਦੇ ਗੱਫੇ

ਸਰਕਾਰ ਨੇ ਆਮ ਦਿਨਾਂ ਵਿਚ ਘੱਟ ਪਰ ਚੋਣਾਂ ਦੇ ਦਿਨਾਂ ਖਾਸ ਕਰ 2009 ਦੀਆਂ ਲੋਕ ਸਭਾ ਚੋਣਾਂ ਸਮੇਂ ਦੁਗਣੀ ਮਸ਼ਹੂਰੀ ਕੀਤੀ।

ਪੰਜਾਬ ਸਰਕਾਰ ਵੱਲੋਂ ਸਵਾ ਚਾਰ ਸਾਲਾਂ ਦੇ ਸਮੇਂ ਦੌਰਾਨ ਟੈਲੀਵਿਜ਼ਨ ਚੈਨਲਾਂ ਨੂੰ 5.50 ਕਰੋੜ ਤੇ ਅਖ਼ਬਾਰਾਂ ਨੂੰ 21 ਕਰੋੜ ਰੁਪਏ ਤੋਂ ਵੱਧ ਦੇ ਇਸ਼ਤਿਹਾਰ ਦਿੱਤੇ ਗਏ। ਇਸ ਦੌਰਾਨ ਪੰਜਾਬ ਸਰਕਾਰ ਦਾ 'ਸਰਕਾਰੀ ਸਰਪ੍ਰਸਤੀ' ਵਾਲੇ ਚੈਨਲਾਂ ਪ੍ਰਤੀ ਕਾਫ਼ੀ ਉਲਾਰ ਰਵੱਈਆ ਸਾਹਮਣੇ ਆਇਆ ਹੈ ਪਰ ਜਦੋਂ ਕਦੇ ਆਪਣੀ ਮਸ਼ਹੂਰੀ ਲਈ ਜ਼ਿਆਦਾ ਲੋਕਾਂ ਤੱਕ ਪਹੁੰਚ ਕਰਨ ਦੀ ਲੋੜ ਪਈ ਤਾਂ ਸਰਕਾਰ ਨੇ ਦੂਰਦਰਸ਼ਨ ਦੀ ਚੋਣ ਕੀਤੀ। ਮਿਸਾਲ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਦੋਂ ਪਹਿਲੀ ਵਾਰ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਤਾਂ ਸਰਕਾਰ ਨੇ ਸਹੁੰ ਚੁੱਕ ਸਮਾਗਮ ਦਾ ਅੰਮ੍ਰਿਤਸਰ ਤੋਂ ਸਿੱਧਾ ਪ੍ਰਸਾਰਣ ਦੂਰਦਰਸ਼ਨ 'ਤੇ ਦਿਖਾਇਆ 'ਤੇ ਇਸ ਦੇ ਬਦਲੇ ਦੂਰਦਰਸ਼ਨ ਨੂੰ 1,07,529 ਰੁਪਏ ਦੀ ਅਦਾਇਗੀ ਕੀਤੀ ਗਈ। ਸਰਕਾਰ ਵੱਲੋਂ ਇਸ਼ਤਿਹਾਰਬਾਜ਼ੀ ਤਾਂ ਸਾਰਾ ਸਾਲ ਹੀ ਕੀਤੀ ਜਾਂਦੀ ਹੈ ਪਰ ਵਿਸ਼ੇਸ਼ ਮੌਕਿਆਂ 'ਤੇ ਤਾਂ ਮਸ਼ਹੂਰੀਆਂ ਦਾ ਹੜ੍ਹ ਲਿਆ ਦਿੱਤਾ ਜਾਂਦਾ ਹੈ। ਜਿਵੇਂ ਕਬੱਡੀ ਮੈਚਾਂ ਸਮੇਂ ਤਕਰੀਬਨ 25 ਲੱਖ ਰੁਪਏ ਦੇ ਇਸ਼ਤਿਹਾਰ ਸਿਰਫ ਚੈਨਲਾਂ ਨੂੰ ਹੀ ਦਿੱਤੇ ਗਏ। ਮੁੱਖ ਮੰਤਰੀ ਦੇ ਸੰਗਤ ਦਰਸ਼ਨ ਤੇ ਹੋਰ ਕਈ ਪ੍ਰੋਗਰਾਮਾਂ ਨੂੰ ਵੀ ਇਸ਼ਤਿਹਾਰਬਾਜ਼ੀ ਰਾਹੀਂ ਖੁੱਲ੍ਹ ਕੇ ਪ੍ਰਚਾਰਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧ



ਰੱਖਦੇ ਰੱਖੜਾ ਪਰਿਵਾਰ ਦੀ ਮਾਲਕੀ ਵਾਲੇ ਮੰਨੇ ਜਾਂਦੇ ਧਾਲੀਵਾਲ ਟੈਲੀਵਿਜ਼ਨ ਚੈਨਲ ਡੀ.ਈ.ਟੀ.ਵੀ. ਨੂੰ ਸਰਕਾਰ ਨੇ ਇਸ ਦੌਰਾਨ 68.62 ਲੱਖ, ਪੀ.ਟੀ.ਸੀ. ਨੂੰ 66.38 ਲੱਖ, ਫਾਸਟਵੇਅ ਨੂੰ 63.47 ਲੱਖ ਤੇ ਪੀ.ਟੀ.ਸੀ. ਚੈਨਲ ਨੂੰ ਤਾਂ ਚਾਰ ਮਹੀਨਿਆਂ 'ਚ ਹੀ 55 ਲੱਖ ਰੁਪਏ ਤੋਂ ਵੱਧ ਦੇ ਇਸ਼ਤਿਹਾਰ ਦਿੱਤੇ।

ਗੌਰਤਲਬ ਹੈ ਕਿ ਵਿਰੋਧੀ ਪਾਰਟੀਆਂ ਵੱਲੋਂ ਪੀ.ਟੀ.ਸੀ. ਤੇ ਫਾਸਟਵੇਅ 'ਤੇ ਸਰਕਾਰੀ ਧਿਰ ਦੀ ਅਸਿੱਧੀ ਸਰਪ੍ਰਸਤੀ ਹੋਣ ਦੇ ਦੋਸ਼ ਅਕਸਰ ਲਗਾਏ ਜਾਂਦੇ ਹਨ। ਪੰਜਾਬ ਵਿਚ ਕਾਂਗਰਸ ਦੇ ਰਾਜ ਸਮੇਂ ਇਸ ਤਰ੍ਹਾਂ ਦੇ ਦੋਸ਼ ਪੰਜਾਬ ਟੂਡੇ ਚੈਨਲ 'ਤੇ ਲਗਦੇ ਸਨ। ਸਰਕਾਰੀ ਖ਼ਜ਼ਾਨੇ 'ਚੋਂ ਇਸ਼ਤਿਹਾਰਬਾਜ਼ੀ ਦਾ ਮੋਟਾ ਹਿੱਸਾ ਲੈਣ ਵਾਲਿਆਂ ਵਿਚ ਐਮ.ਐਚ. 1 ਦੀ ਝੰਡੀ ਹੈ।

ਇਸ ਚੈਨਲ ਨੇ ਇਕ ਕਰੋੜ ਰੁਪਏ ਤੋਂ ਵੱਧ ਦੇ ਇਸ਼ਤਿਹਾਰ ਹਾਸਲ ਕੀਤੇ, ਚੈਨਲ ਨੰਬਰ 1 ਦੇ ਹਿੱਸੇ 78 ਲੱਖ ਤੋਂ ਵੱਧ ਆਏ। ਜ਼ੀ ਗਰੁੱਪ ਦੇ ਚੈਨਲਾਂ ਨੂੰ 13.22 ਲੱਖ ਦੇ ਤੇ ਐਨ.ਡੀ.ਟੀ.ਵੀ. ਨੂੰ 3.30 ਲੱਖ ਰੁਪਏ ਦੇ ਇਸ਼ਤਿਹਾਰ ਮਿਲੇ। ਰੇਡੀਓ ਚੈਨਲਾਂ ਵਿਚ ਰਿਲਾਇੰਸ ਗਰੁੱਪ ਦੇ ਬਿਗ ਰੇਡੀਓ ਨੂੰ ਪਿਛਲੇ ਚਾਰ ਮਾਲੀ ਸਾਲਾਂ ਦੌਰਾਨ 24 ਲੱਖ ਰੁਪਏ ਤੋਂ ਵੱਧ ਦੇ ਇਸ਼ਤਿਹਾਰ ਦਿੱਤੇ ਗਏ। ਇਕ ਹਿੰਦੀ ਅਖ਼ਬਾਰ ਦੇ ਐਫ.ਐਮ. ਰੇਡੀਓ ਚੈਨਲ ਦੇ ਹਿੱਸੇ ਵੀ ਸਰਕਾਰੀ ਇਸ਼ਤਿਹਾਰਾਂ ਵਿਚ ਵੱਡਾ ਗੱਫਾ ਆਇਆ ਹੈ।

ਪੰਜਾਬ ਸਰਕਾਰ ਵੱਲੋਂ ਪਿਛਲੇ ਸਵਾ ਚਾਰ ਸਾਲਾਂ ਦੌਰਾਨ ਅਖ਼ਬਾਰਾਂ ਨੂੰ 21 ਕਰੋੜ ਰੁਪਏ ਤੋਂ ਜ਼ਿਆਦਾ ਦੇ ਇਸ਼ਤਿਹਾਰ ਦਿੱਤੇ ਗਏ। ਵੇਰਵੇ ਮੁਤਾਬਕ ਮਾਲੀ ਸਾਲ 2007-2008 ਦੌਰਾਨ 4 ਕਰੋੜ 21 ਲੱਖ 67 ਹਜ਼ਾਰ 740 ਰੁਪਏ, ਸਾਲ 2008- 2009 ਦੌਰਾਨ 7 ਕਰੋੜ 76 ਲੱਖ 66 ਹਜ਼ਾਰ 481 ਰੁਪਏ (ਇਹ ਖ਼ਰਚ ਲੋਕ ਸਭਾ ਚੋਣਾਂ ਕਾਰਨ ਦੁਗਣਾ ਹੋਇਆ ਹੈ) ਦੇ ਇਸ਼ਤਿਹਾਰ ਦਿੱਤੇ ਗਏ।

ਇਸੇ ਤਰ੍ਹਾਂ ਸਾਲ 2009 -2010 ਦੌਰਾਨ 3 ਕਰੋੜ 52 ਲੱਖ 65 ਹਜ਼ਾਰ 717 ਰੁਪਏ ਤੇ ਸਾਲ 2010-2011 ਦੌਰਾਨ 5 ਕਰੋੜ 55 ਲੱਖ 30 ਹਜ਼ਾਰ 12 ਰੁਪਏ ਦੇ ਇਸ਼ਤਿਹਾਰ ਪ੍ਰਿੰਟ ਮੀਡੀਆ ਨੂੰ ਦਿੱਤੇ ਗਏ।

## ਅਕਾਲੀਆਂ ਨੇ ਤਾਂ ਗੁਰਦੁਆਰੇ ਵੀ ਨਹੀਂ ਬਖ਼ਸ਼ੇ: ਅਮਰਿੰਦਰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਸਰਕਾਰ ਵੱਲੋਂ ਸਰਕਾਰੀ ਖ਼ਜ਼ਾਨੇ 'ਚੋਂ ਕੁਝ ਖਾਸ ਚੈਨਲਾਂ ਨੂੰ ਦਿੱਤੇ ਇਸ਼ਤਿਹਾਰਾਂ ਦੇ ਗੱਫਿਆਂ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ



ਅਕਾਲੀਆਂ ਨੇ ਤਾਂ ਗੁਰਦੁਆਰਿਆਂ ਤੱਕ ਨੂੰ ਨਹੀਂ ਬਖ਼ਸ਼ਿਆ, ਸਰਕਾਰੀ ਖ਼ਜ਼ਾਨੇ ਦਾ ਤਾਂ ਇਨ੍ਹਾਂ ਨੂੰ ਕੋਈ ਦਰਦ ਹੀ ਨਹੀਂ।

ਉਨ੍ਹਾਂ ਕਿਹਾ ਕਿ ਇਕ ਵਿਸ਼ੇਸ਼ ਚੈਨਲ ਨੂੰ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਦੇ ਕੇ ਅਕਾਲੀਆਂ ਖਾਸ ਕਰ ਬਾਦਲ ਪਰਿਵਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 1100 ਕਰੋੜ ਰੁਪਏ ਦਾ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਸੱਤਾ ਵਿਚ ਆਉਣ ਸਮੇਂ ਅਕਾਲੀਆਂ ਦੀ ਹਮੇਸ਼ਾ ਹੀ ਸਰਕਾਰ ਦਾ ਸਭ ਕੁਝ ਆਪਣੇ ਚਹੇਤਿਆਂ ਨੂੰ ਲੁਟਾਉਣ ਦੀ ਨੀਤੀ ਰਹੀ ਹੈ।

# ਦੋ ਕੁ ਗੱਲਾਂ ਸੈਨ ਹੋਜ਼ੇ ਦੇ ਕਿਸੇ ਕੁਲਵੰਤ ਸਿੰਘ ਨਾਲ

ਪਿਛਲੇ ਹਫਤੇ ਸੈਨ ਹੋਜ਼ੇ ਤੋਂ ਛਪਦੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਪੰਨਾ ਨੰਬਰ ਏ 16 ਕਾਲਮ 2 'ਤੇ 'ਪਾਠਕਾਂ ਦੀ ਸੱਥ' ਸਿਰਲੇਖ ਹੇਠ ਕੁਲਵੰਤ ਸਿੰਘ ਨਾਮੀ ਕਿਸੇ ਬੰਦੇ ਦਾ ਸੈਨ ਹੋਜ਼ੇ ਗੁਰੂਘਰ ਦੀ ਮੌਜੂਦਾ ਪ੍ਰਬੰਧਕ ਕਮੇਟੀ ਅਤੇ ਬੇ ਏਰੀਏ ਦੀ ਸਤਿਕਾਰਯੋਗ ਹਸਤੀ ਭਾਈ ਗੁਰਮੀਤ ਸਿੰਘ ਖਿਲਾਫ ਇਤਰਾਜ਼ਯੋਗ ਅਤੇ ਭੱਦੀ ਸ਼ਬਦਾਵਲੀ ਵਾਲਾ ਪੱਤਰ ਛਪਿਆ ਹੈ। ਅਸੀਂ ਸਤਿਕਾਰਯੋਗ ਸੰਗਤ ਦਾ ਧਿਆਨ ਇਸ ਬੰਦੇ ਅਤੇ ਉਸ ਵੱਲੋਂ ਉਠਾਏ ਗਏ ਮੁੱਦਿਆਂ ਵੱਲ ਦਿਵਾਉਣਾ ਚਾਹੁੰਦੇ ਹਾਂ। ਅਸੀਂ ਦੱਸਣਾ ਚਾਹਾਂਗੇ ਕਿ ਇਸ ਕੁਲਵੰਤ ਸਿੰਘ ਦਾ ਪੰਥ ਦੇ ਗ੍ਰੰਥਾਂ ਵੱਲ ਆਪਣਾ ਨਜ਼ਰੀਆ ਕੀ ਹੈ? ਉਹ ਅਕਸਰ 'ਦਸਮ ਗ੍ਰੰਥ' ਬਾਰੇ ਬਹੁਤ ਘਟੀਆ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ। ਆਮ ਬੋਲ-ਚਾਲ ਵਿਚ 'ਦਸਮ ਗ੍ਰੰਥ' ਨੂੰ 'ਕੰਜਰ ਕਵਿਤਾ' ਦੱਸਦਾ ਹੈ। ਇਹ ਉਹ ਗ੍ਰੰਥ ਹੈ ਜਿਸ ਵਿਚ ਨਿਤਨੇਮ ਦੀਆਂ 'ਜਾਪ ਸਾਹਿਬ', 'ਚੌਪਈ ਸਾਹਿਬ' ਅਤੇ ਸਵੱਯੇ ਵਰਗੀਆਂ ਬਾਣੀਆਂ ਦਰਜ ਹਨ। ਸਿੱਖਾਂ ਦੀ ਸਰਵ-ਉਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਨੇ ਅਜੇ ਦਸਮ ਗ੍ਰੰਥ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ ਪਰ ਕੁਲਵੰਤ ਸਿੰਘ ਦਸਮ ਗ੍ਰੰਥ ਦਾ ਰੱਜ ਕੇ ਅਪਮਾਨ ਕਰਦਾ ਹੈ। ਕੀ ਕੁਲਵੰਤ ਸਿੰਘ ਦੀ ਆਪਣੀ ਹਸਤੀ ਸ੍ਰੀ ਅਕਾਲ ਤਖਤ ਸਾਹਿਬ ਨਾਲੋਂ ਵੀ ਉਚੀ ਹੈ? ਪ੍ਰਬੰਧ ਹਥਿਆਉਣ ਹਿਤ ਸੈਨ ਹੋਜ਼ੇ ਗੁਰੂਘਰ ਅੰਦਰ ਪਨਪੀ ਕਥਿਤ ਗੁਰਦੁਆਰਾ ਸੁਧਾਰ ਕਮੇਟੀ ਦਾ ਕੁਲਵੰਤ ਸਿੰਘ ਖਾਸ ਮੈਂਬਰ ਹੈ। ਕੀ ਸੁਧਾਰ ਕਮੇਟੀ ਵਾਲੇ ਦਸਮ ਗ੍ਰੰਥ ਨੂੰ 'ਕੰਜਰ ਕਵਿਤਾ' ਆਖਦੇ ਹਨ? ਉਹ ਲੋਕ ਆਪਣਾ ਪੱਖ ਸੰਗਤ ਨੂੰ ਦੱਸਣ ਦੀ ਖੇਚਲ ਕਰਨ।

ਕੁਲਵੰਤ ਸਿੰਘ ਦੀ ਅਕਲ ਅਨੁਸਾਰ ਗੁਰੂਘਰ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ ਪਿੱਠ 'ਤੇ ਖੜ੍ਹਨਾ ਪੰਥ ਵਿਰੋਧੀ ਹੋਣਾ ਹੈ। ਕੀ ਕੁਲਵੰਤ ਸਿੰਘ ਸੰਗਤ ਨੂੰ ਦੱਸ ਸਕਦਾ ਹੈ ਕਿ ਦਸਮ ਗ੍ਰੰਥ ਨੂੰ 'ਕੰਜਰ ਕਵਿਤਾ' ਕਹਿਣਾ ਹੀ ਪੰਥਪ੍ਰਸਤੀ ਹੈ? ਜਾਂ ਫਿਰ ਵੱਧ ਹੇਰਾ-ਫੇਰੀਆਂ ਕਰਕੇ ਗੁੱਟਾਂ ਉਤੇ ਹੱਥਕੜੀਆਂ ਲਵਾ ਕੇ, ਫਿਰ ਸਰਕਾਰ ਨਾਲ ਸਮਝੌਤੇ ਕਰਕੇ ਆਪਣੇ-ਆਪ ਨੂੰ ਇਹ ਕਹੀ ਜਾਣਾ ਕਿ 'ਨਾ ਜੀ ਕੇਸ ਤਾਂ ਚੱਲਿਆ ਨਹੀਂ' ਹੀ ਪੰਥਪ੍ਰਸਤੀ ਹੈ?

ਉਸ ਦੀ ਲਿਖਤ ਤੋਂ ਸਾਫ਼ ਝਲਕਦਾ ਹੈ ਕਿ ਗੁਰੂਘਰ ਸੈਨ ਹੋਜ਼ੇ ਵਿਚ ਵਾਪਰੀਆਂ ਇੱਕਾ-ਦੁੱਕਾ ਘਟਨਾਵਾਂ ਨੂੰ ਸੌੜੇ ਰਾਜਸੀ ਹਿੱਤਾਂ ਖਾਤਰ ਵਰਤਣਾ ਉਸ ਦੀ ਬੇਈਮਾਨੀ ਦੀ ਹੱਦ ਹੈ। ਬੈਣੀਵਾਲ-ਸਾਹਨੀ ਵਿਵਾਦ ਸ਼ੁਰੂ ਹੋਇਆ, ਦੋਵੇਂ ਵਿਅਕਤੀ ਸੰਗਤ ਦੀ ਹਾਜ਼ਰੀ ਵਿਚ ਬੈਠੇ, ਆਪਸ ਵਿਚ ਗਲਵੱਕੜੀ ਪਾਈ, ਦੋਹਾਂ ਦੀ ਅਜਿਹੀ ਤਸਵੀਰ ਸੰਗਤ ਨੇ ਕਿਸੇ ਅਖ਼ਬਾਰ ਦੇ ਮੁੱਖ ਪੰਨੇ 'ਤੇ ਦੇਖੀ ਪਰ ਮਾਮਲਾ ਖ਼ਤਮ ਹੋ ਗਿਆ। ਉਸ ਵਿਵਾਦ ਵਿਚ ਕਿਹੜਾ ਕਿੰਨਾ ਗਲਤ ਸੀ, ਸਭ ਗੱਲਾਂ ਪਿੱਛੇ ਰਹਿ ਗਈਆਂ। ਸਿੱਖ ਪਰਿਵਾਰ ਦੀ ਤਰ੍ਹਾਂ ਹਨ। ਸੁਲਝਾ ਲਏ ਗਏ ਵਿਵਾਦਾਂ ਨੂੰ ਛੇੜਨ ਵਿਚੋਂ ਬੇਈਮਾਨ ਫਿਤਰਤ ਝਲਕਦੀ ਹੈ!

ਜੇ ਕੁਲਵੰਤ ਸਿੰਘ ਆਪਣੇ-ਆਪ ਨੂੰ ਇੰਨੇ ਹੀ ਪੰਥਪ੍ਰਸਤ ਮੰਨਦੇ ਹਨ ਤਾਂ ਕੀ ਉਹ ਸੁਧਾਰ ਕਮੇਟੀ ਪਿੱਛੇ ਛੁਪੇ ਉਨ੍ਹਾਂ ਸਭ ਸ਼ਖ਼ਸਾਂ, ਜਿਨ੍ਹਾਂ ਦਾ ਨਾਮ ਡਰੱਗ ਸਮਗਲਿੰਗ, ਲਾਟਰੀ ਚੋਰੀ, ਵਰਕਮੈਨ ਕੰਪਨਸੇਸ਼ਨ ਫਰਾਡ, ਲੁੱਟਮਾਰ, ਇੰਸ਼ੋਰੈਂਸ ਫਰਾਡ, ਇਮੀਗਰੇਸ਼ਨ ਫਰਾਡ ਵਰਗੇ ਅਨੇਕਾਂ ਧੰਦਿਆਂ ਵਿਚ ਬੋਲਦਾ ਰਿਹਾ ਹੈ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਸੰਗਤ ਨੂੰ ਕਰਾਉਣਗੇ? ਕੀ ਉਨ੍ਹਾਂ ਦੀ ਨਾਮ ਧਰੀਕ ਅਖੌਤੀ ਸੁਧਾਰ ਕਮੇਟੀ ਨੂੰ ਮੋਢਾ ਦੇਣ ਵਾਲੇ ਅਜਿਹੇ ਕਿਰਦਾਰਾਂ ਦਾ ਸਾਥ ਹੀ ਪੰਥਪ੍ਰਸਤੀ ਹੈ? ਕੀ ਜੇ ਭਾਈ ਗੁਰਮੀਤ ਸਿੰਘ ਖਾਲਸਾ ਵੀ ਉਨ੍ਹਾਂ ਦੀ ਇਸ ਬੇੜੀ ਦਾ ਸਵਾਰ ਬਣੇ, ਤਾਂ ਹੀ ਪੰਥਪ੍ਰਸਤ ਅਖਵਾ ਸਕੇਗਾ? ਉਂਜ, ਦੱਸ ਦਈਏ ਕਿ ਭਾਈ ਗੁਰਮੀਤ ਸਿੰਘ ਖਾਲਸਾ ਨੂੰ ਕੁਲਵੰਤ ਸਿੰਘ ਜਾਂ ਉਸ ਦੇ ਸਰਪ੍ਰਸਤਾਂ ਵਰਗੇ ਲੋਕਾਂ ਤੋਂ ਪੰਥਕ ਹੋਣ ਦੇ ਸਰਟੀਫਿਕੇਟ ਦੀ ਜ਼ਰੂਰਤ ਨਹੀਂ। ਭਾਈ ਗੁਰਮੀਤ ਸਿੰਘ ਦੀ ਕਹਿਣੀ-ਕਰਨੀ, ਰਹਿਣੀ-ਬਹਿਣੀ ਹੀ ਉਨ੍ਹਾਂ ਦੇ ਪੰਥਕ ਹੋਣ ਲਈ ਕਾਫ਼ੀ ਹੈ। ਕੁਲਵੰਤ ਸਿੰਘ ਜੀ, ਅਜਿਹਾ ਕਿਉਂ ਹੈ ਕਿ ਮਨੁੱਖ ਆਪਣੇ ਅੰਦਰ ਹੀ ਝਾਤ ਨਹੀਂ ਮਾਰਨਾ ਚਾਹੁੰਦਾ? ਦਸਮ ਗ੍ਰੰਥ ਦਾ ਸਤਿਕਾਰ ਤੁਸੀਂ 'ਕੰਜਰ ਕਵਿਤਾ' ਕਹਿ ਨੇ ਕਰਦੇ ਹੋ। ਤੁਹਾਡੀ 'ਸੁਧਾਰਵਾਦੀ ਅੱਖ' ਵਿਚ ਕਾਲੇ ਧੰਦੇ ਕਰਨ ਵਾਲੇ ਤੁਹਾਡੇ ਮਦਦਗਾਰ ਕਿਉਂ ਨਹੀਂ ਆਉਂਦੇ? ਇਹ ਦੋਗਲਾਪਣ ਕਿਉਂ?

ਕੁਲਵੰਤ ਸਿੰਘ ਇਹ ਤਾਂ ਕਹਿੰਦੇ ਹਨ ਕਿ ਸੈਨ ਹੋਜ਼ੇ ਕਮੇਟੀ ਦਾ ਇਕ ਮੈਂਬਰ ਕਾਲਾ ਅਫ਼ਗਾਨਾ ਦਾ ਸਮਰਥਕ ਹੈ। ਉਸ ਮੈਂਬਰ ਨੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਸਵਿਕਾਰਦਿਆਂ ਮੁਆਫ਼ੀ ਹੀ ਨਹੀਂ ਮੰਗੀ, ਸਗੋਂ ਕਾਲਾ ਅਫ਼ਗਾਨਾ ਨਾਲੋਂ ਸਬੰਧ ਸਮਾਪਤ ਕਰ ਲਏ। ਅਖੰਡ ਕੀਰਤਨੀ ਜਥੇ ਨੇ ਉਸ ਦੇ ਇਸ ਕਦਮ ਦਾ ਧੰਨਵਾਦ ਵੀ ਕੀਤਾ। ਕਿਸੇ ਵੀ ਸੁਲਝ ਚੁੱਕੇ ਮਾਮਲੇ ਨਾਲ ਛੇੜ-ਛਾੜ ਕਰਕੇ ਕੁਲਵੰਤ ਸਿੰਘ ਆਪਣੀ ਮਲੀਨ ਅਤੇ ਬੇਈਮਾਨ ਬੁੱਧੀ ਦਾ ਹੀ ਪ੍ਰਗਟਾਵਾ ਕਰ ਰਿਹਾ ਹੈ! ਸੰਗਤ ਨੂੰ ਗੁੰਮਰਾਹ ਕਰਨ ਲਈ ਬੇਈਮਾਨ ਪਹੁੰਚ ਦਾ ਸਹਾਰਾ ਲੈ ਰਿਹਾ ਹੈ!! ਕਾਲਾ ਅਫ਼ਗਾਨਾ ਦਾ ਦਸਮ ਗ੍ਰੰਥ ਪ੍ਰਤੀ ਨਜ਼ਰੀਆ ਉਸ ਤੋਂ ਵੱਖਰਾ ਨਹੀਂ ਹੈ, ਪਰ ਕੀ ਕੁਲਵੰਤ ਸਿੰਘ ਸੰਗਤ ਨੂੰ ਦੱਸਣਗੇ ਕਿ ਉਹ ਕਾਲਾ ਅਫਗਾਨਾ ਤੋਂ ਵੱਖਰੇ ਕਿਵੇਂ ਹਨ? ਭਾਵ ਉਹ ਵੀ ਦਸਮ ਗ੍ਰੰਥ ਨੂੰ ਨਹੀਂ ਮੰਨਦਾ, ਤੇ ਕੁਲਵੰਤ ਸਿੰਘ ਵੀ ਇਸ ਨੂੰ 'ਕੰਜਰ ਕਵਿਤਾ' ਕਹਿੰਦਾ ਹੈ। ਦੱਸੇ ਤਾਂ ਸਹੀ ਕਿ ਉਹ ਆਪਣੇ ਆਪ ਨੂੰ ਕਾਲਾ ਅਫ਼ਗਾਨਾ ਤੋਂ ਵੱਖ ਕਿਵੇਂ ਕਰਦਾ ਹੈ?

ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ ਕਿ 'ਗੱਲੀ ਅਸੀ ਚੰਗੀਅਹਿ ਤੇ ਅਚਾਰੀ ਬੁਰਿਆਹਿ॥' ਪੰਥ ਦੀ ਤਰਾਸਦੀ ਹੀ ਇਹ ਹੀ ਹੈ। ਹਰ ਸੁਧਾਰਵਾਦੀ ਨੂੰ ਮਰਿਆਦਾ ਦਾ ਬਹੁਤ ਫਿਕਰ ਹੈ, ਪਰ ਕਿਸੇ ਮਰਿਆਦਾ 'ਤੇ ਚੱਲਣ ਦਾ ਕੋਈ ਫਿਕਰ ਨਹੀਂ। ਗੁਰਬਾਣੀ ਨੇ ਤਾਂ ਅਮਲਾਂ 'ਤੇ ਜ਼ੋਰ ਦਿੱਤਾ ਹੈ। ਗੁਰਬਾਣੀ ਦਾ ਇਹ ਵੀ ਫੁਰਮਾਨ ਹੈ ਕਿ 'ਭੇਖ ਦਿਖਾਵਾ ਜਗਤ ਕੋ ਲੋਗਨ ਕੋ ਬਸ ਕੀਨ॥' ਕੁਲਵੰਤ ਸਿੰਘ ਜੀ, ਅਸੀਂ ਕਿਸ ਮਰਿਆਦਾ ਦੀਆਂ ਬਾਤਾਂ ਪਾਉਂਦੇ ਹਾਂ?

ਸਿੱਖ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪੁਜਾਰੀ ਹੈ, ਉਥੇ ਸਿੱਖ ਇਤਿਹਾਸ ਨਾਲ ਸਬੰਧਤ ਚੀਜ਼ਾਂ ਦੇ ਦਰਸ਼ਨਾਂ ਦੀ ਤਾਂਘ ਵੀ ਰੱਖਦਾ ਹੈ। ਇਸੇ ਪ੍ਰਥਾਏ, ਜਸਵੀਰ ਸਿੰਘ ਥਾਂਦੀ ਜਿਸ ਨੇ ਸੈਨ ਹੋਜ਼ੇ ਗੁਰੂਘਰ ਲਈ ਦੋ ਲੱਖ ਡਾਲਰ ਸੇਵਾ ਵਿਚ ਲਾਇਆ, ਨੇ ਇਤਿਹਾਸਕ ਵਸਤਾਂ ਇਕੱਠੀਆਂ ਕੀਤੀਆਂ, ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਵੇਲੇ ਦਾ ਇਕ 'ਚੌਰ ਸਾਹਿਬ', ਦਸਮ ਗ੍ਰੰਥ, ਮਹਾਂਭਾਰਤ ਗ੍ਰੰਥ ਸਮੇਤ ਹੋਰ ਕਈ ਇਤਿਹਾਸਕ ਵਸਤਾਂ ਗੁਰੂਘਰ ਲਿਆਂਦੀਆਂ ਅਤੇ ਸੰਗਤਾਂ ਨੇ ਦਰਸ਼ਨ ਕੀਤੇ। ਸਿਰਫ਼ ਦਰਸ਼ਨ ਵਾਸਤੇ ਦਸਮ ਗ੍ਰੰਥ ਦਾ ਕੁੱਝ ਘੰਟੇ ਲਈ ਪ੍ਰਕਾਸ਼ ਹੋਇਆ, ਉਦੋਂ ਕੁਲਵੰਤ ਸਿੰਘ ਦੀ ਸੁਧਾਰ ਕਮੇਟੀ ਦੇ ਮੋਢੀ ਗੁਰਮੇਲ ਸਿੰਘ 'ਚੌਰ ਸਾਹਿਬ' ਦੀ ਸੇਵਾ ਕਰ ਰਹੇ ਸਨ।

ਜਸਵੀਰ ਸਿੰਘ ਥਾਂਦੀ ਕੋਲੋਂ ਅਚਨਚੇਤ ਗਲਤੀ ਹੋਈ, ਉਨ੍ਹਾਂ ਦਸਮ ਗ੍ਰੰਥ ਦੀ ਜਗ੍ਹਾ ਮਹਾਂਭਾਰਤ ਗ੍ਰੰਥ ਲੈ ਆਂਦਾ। ਪ੍ਰਕਾਸ਼ ਕਰਨ ਉਪਰੰਤ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਗਲਤੀ ਨਾਲ ਦਸਮ ਗ੍ਰੰਥ ਦੀ ਜਗ੍ਹਾ ਮਹਾਂਭਾਰਤ ਲੈ ਆਏ ਹਨ। ਉਸੇ ਵਕਤ ਮਹਾਂਭਾਰਤ ਨੂੰ ਸਮੇਟ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਗਿਆ। ਸੁਧਾਰ ਕਮੇਟੀ ਦੇ ਮੋਹਤਬਰ ਵੀ ਮੌਜੂਦ ਸਨ। ਉਸ ਦਿਨ ਤੋਂ ਕੁਲਵੰਤ ਸਿੰਘ ਨੇ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ ਕਿ ਸੈਨ ਹੋਜ਼ੇ ਗੁਰੂਘਰ ਵਾਲੇ ਹਿੰਦੂ ਗ੍ਰੰਥਾਂ ਨੂੰ ਮੱਥੇ ਟਿਕਾਈ ਜਾਂਦੇ ਹਨ। ਉਨ੍ਹਾਂ ਦੀ ਇਸ ਖੇਡ ਵਿਚ ਫਰੀਮਾਂਟ ਵਾਲਾ ਚੇਲਾ ਗਰੁਪ ਆਪਣੀ ਅਖ਼ਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਆਪਣੇ ਸੌੜੇ ਰਾਜਸੀ ਹਿੱਤਾਂ ਖਾਤਰ ਗੰਦੀ ਖੇਡ ਖੇਡੀ ਜਾਂਦਾ ਹੈ। ਵੈਸੇ 'ਅੰਮ੍ਰਿਤਸਰ ਟਾਈਮਜ਼' ਵਾਲਿਆਂ ਦੀ ਹਿੰਦੂ ਮੰਦਿਰ ਸਨੀਵੇਲ ਵਾਲੇ ਰਾਜ ਭਨੋਟ ਨਾਲ ਯਾਰੀ ਕਿਸੇ ਕੋਲੋਂ ਛਿਪੀ ਵੀ ਨਹੀਂ। ਅਸਲ ਵਿਚ ਉਨ੍ਹਾਂ ਸ਼ਖ਼ਸਾਂ ਦੀ ਇਹ ਮੁੱਢ-ਕਦੀਮੀ ਆਦਤ ਹੈ ਕਿ ਜਿਹੜੇ ਪੁੱਠੇ ਕੰਮ ਉਹ ਆਪ ਕਰਦੇ ਹਨ, ਉਨ੍ਹਾਂ ਦੇ ਦੋਸ਼ ਹਮੇਸ਼ਾ ਦੂਜਿਆਂ 'ਤੇ ਹੀ ਮੜ੍ਹਦੇ ਹੁੰਦੇ ਹਨ। ਗੁਰੂਘਰ ਦੀ ਸੰਗਤ ਜਾਣਦੀ ਹੈ ਕਿ ਗੁਰੂਘਰ ਵਿਚ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਕੁਲਵੰਤ ਸਿੰਘ ਅਤੇ ਉਸ ਦੇ ਆਕਿਆਂ ਦੀ ਬੇਈਮਾਨੀ ਦੀ ਇਹ ਸਿਖ਼ਰ ਹੈ ਕਿ ਸੰਗਤ ਨੂੰ ਗੁੰਮਰਾਹ ਕਰਨ ਲਈ ਉਹ ਪ੍ਰਬੰਧਕਾਂ ਨੂੰ ਹਿੰਦੂ ਗ੍ਰੰਥਾਂ ਦੇ ਅਨੁਯਾਈ ਬਣਾ ਧਰਦੇ ਹਨ ਜਿਸ ਵਿਚ ਰੱਤੀ ਭਰ ਵੀ ਸੱਚਾਈ ਨਹੀਂ।

ਬਲਰਾਮ ਜਾਖੜ ਗੁਰੂਘਰ ਸੈਨ ਹੋਜ਼ੇ ਮੱਥਾ ਟੇਕਣ ਆਇਆ। ਕੁਝ ਬੰਦਿਆਂ ਨੇ ਇਸ ਦਾ ਵਿਰੋਧ ਕੀਤਾ। ਭਾਈ ਜੀਤ ਸਿੰਘ ਬੈਨੀਵਾਲ ਨੇ ਸਿੱਖ ਸੰਗਤਾਂ ਕੋਲੋਂ ਮੁਆਫ਼ੀ ਮੰਗੀ ਕਿ ਜੇ ਸਿੱਖ ਸੰਗਤਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਮੁਆਫ਼ੀ ਮੰਗਦੇ ਹਨ। 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਮੁੱਖ ਰੂਪ ਵਿਚ ਕਾਂਗਰਸ ਨੂੰ ਦੋਸ਼ੀ ਮੰਨਿਆ ਜਾਂਦਾ ਹੈ। ਕੁਲਵੰਤ ਸਿੰਘ ਜੀ, ਤੁਹਾਡੇ ਦੋਗਲੇਪਣ ਦੀ ਹੱਦ ਹੈ। ਤੁਸੀਂ ਬਲਰਾਮ ਜਾਖੜ ਦੀ ਤਾਂ ਗੱਲ ਕਰਦੇ ਹੋ, ਤੁਹਾਡੀ ਸੁਧਾਰ ਕਮੇਟੀ ਦੀ ਪਿੱਠ 'ਤੇ ਸਜੇ ਜਸਵੰਤ ਸਿੰਘ ਹੋਠੀ ਦਾ ਕਾਂਗਰਸੀ ਆਗੂ ਅਵਤਾਰ ਹੈਨਰੀ ਨੂੰ 'ਜੀ ਆਇਆਂ' ਕਹਿਣਾ ਬਿਲਕੁਲ ਬੁਰਾ ਨਹੀਂ ਲਗਦਾ। ਬਲਬੀਰ ਸਿੰਘ ਨੂੰ ਦਿੱਤੇ ਪ੍ਰੀਤੀਭੋਜ ਅੱਖਾਂ ਮੀਟ ਕੇ ਵੇਖਦੇ ਹੋ! ਫਰੀਮਾਂਟ ਕੈਂਪ ਦੀਆਂ ਸਿੱਖਾਂ ਦੇ ਕਾਤਲ ਅਫ਼ਸਰਾਂ ਨਾਲ ਯਾਰੀਆਂ ਤੁਹਾਨੂੰ ਭੋਰਾ ਦੁਖੀ ਨਹੀਂ ਕਰਦੀਆਂ!! ਸਿੱਖਾਂ ਦੇ ਕਾਤਲ ਸਮਝੇ ਜਾਦੇ ਬੇਅੰਤ ਸਿੰਘ ਦੇ ਪੀ.ਏ. ਮਲਕੀਤ ਸਿੰਘ ਦਾਖਾ ਜੋ ਬਾਅਦ ਵਿਚ ਮੰਤਰੀ ਵੀ ਬਣਿਆ, ਨਾਲ ਜਸਵੰਤ ਸਿੰਘ ਹੋਠੀ, ਛਿੰਦੇ ਅਟਵਾਲ ਦਾ ਪ੍ਰੀਤੀ ਭੋਜਨ ਬਿਲਕੁਲ ਨਹੀਂ ਚੁਭਦਾ!!! ਕਿਉਂਕਿ ਤੁਹਾਡੀ ਅੱਖ ਵਿਚ ਸੁਧਾਰ ਘੱਟ, ਖ਼ਾਰ ਜ਼ਿਆਦਾ ਹੈ। ਸੁਧਾਰ ਕਮੇਟੀ ਅਤੇ ਇਸ ਦੀ ਪਿਠ 'ਤੇ ਬੈਠੀਆਂ ਸ਼ਕਤੀਆਂ ਜਿਨ੍ਹਾਂ ਦਾ ਉਪਰ ਜ਼ਿਕਰ ਹੈ, ਤੁਸੀਂ ਸੈਨ ਹੋਜ਼ੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਨਾਲੋਂ ਵਧੇਰੇ ਪੰਥਪ੍ਰਸਤ ਕਿਵੇਂ ਹੋ? ਨਹੀਂ, ਸੱਚ ਤਾਂ ਇਹ ਹੈ ਕਿ ਅਸਲ ਵਿਚ ਮਰਿਆਦਾ ਦੀ ਝੂਠੀ ਦੁਹਾਈ ਰਾਹੀਂ ਤੁਸੀਂ ਗੋਲਕ ਦੀਆਂ ਪੌੜੀਆਂ ਚੜ੍ਹਨਾ ਚਾਹੁੰਦੇ ਹੋ। ਆਪਣੇ ਪੰਥਕ ਹੋਣ ਦੀਆਂ ਫੋਕੀਆਂ ਟਾਹਰਾਂ ਮਾਰਦੇ ਹੋ, ਜਦ ਕਿ ਤੁਹਾਡੇ ਪੰਥਕ ਹੋਣ ਦਾ ਹੀਜ-ਪਿਆਜ ਸਾਹਮਣੇ ਹੈ।

ਅੰਤ ਵਿਚ ਅਸੀਂ ਬੇਨਤੀ ਕਰਦੇ ਹਾਂ ਕਿ ਉਹ ਧੰਨ ਹਨ ਜਿਨ੍ਹਾਂ ਅੰਮ੍ਰਿਤ ਛਕ ਲਿਆ ਹੈ, ਉਹ ਵੀ ਧੰਨ ਹਨ ਜਿਹੜੇ ਇਸ ਰਸਤੇ ਪੈ ਗਏ ਹਨ। ਸਿਰਫ਼ ਪ੍ਰਬੰਧ ਹਥਿਆਉਣ ਲਈ ਅਸੀਂ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਵਰਗ ਦਰਮਿਆਨ ਬਖੇੜਾ ਨਾ ਕਰੀਏ ਤਾਂ ਚੰਗਾ ਰਹੇਗਾ। ਸ਼ਾਇਦ ਇਸੇ ਵਿਚ ਹੀ ਪੰਥ ਦਾ ਭਲਾ ਹੈ। ਗੱਲ ਉਹੋ ਹੀ ਕਰੀਏ ਜਿਸ ਨਾਲ ਪੰਥ ਦਾ ਭਲਾ ਹੈ। ਗੱਲ ਉਹੋ ਹੀ ਕਰੀਏ ਜਿਸ ਨਾਲ ਪੰਥ ਦਾ ਕੁਝ ਸੰਵਰਦਾ ਹੋਵੇ। ਰੇਤ ਦੇ ਮੀਨਾਰ ਬਣਾਉਣੇ ਬੰਦ ਕਰੀਏ। ਨਿਰੋਲ ਰਾਜਨੀਤੀ ਨੇ ਪੰਥ ਦਾ ਪਹਿਲਾਂ ਹੀ ਬਹੁਤ ਨੁਕਸਾਨ ਕੀਤਾ ਹੈ। ਸੁਧਾਰਵਾਦੀ ਅੱਖ ਦੀ ਦਿਸ਼ਾ ਬਾਹਰਮੁਖੀ ਦੀ ਥਾਂ ਅੰਤਰਮੁਖੀ ਕਰੀਏ। ਬਹੁਤ ਸਾਰੀਆਂ ਬੁਰਾਈਆਂ ਜਾਂ ਕਪਟੀ ਮਨ 'ਚ ਉਪਜਦੀਆਂ ਹਨ, ਉਨ੍ਹਾਂ ਦਾ ਆਪਣੇ-ਆਪ ਅੰਤ ਹੋ ਜਾਵੇਗਾ।

ਅੰਤ ਵਿਚ ਸ. ਕੁਲਵੰਤ ਸਿੰਘ ਨੂੰ ਬੇਨਤੀ ਹੈ ਕਿ ਦੂਸਰਿਆਂ ਨੂੰ ਡੋਗਰਿਆਂ ਦੀ ਕਤਾਰ ਵਿਚ ਖੜ੍ਹਾ ਕਰਕੇ, ਕਾਂ ਸੱਦ ਕੇ, ਬਾਂਦਰ ਸੱਦ ਕੇ ਤੁਹਾਨੂੰ ਬਹੁਤ ਚੰਗਾ ਲੱਗਿਆ ਹੋਵੇਗਾ ਪਰ ਜਿਸ ਦਿਨ ਅਸੀਂ ਮਜਬੂਰੀਵਸ ਤੁਹਾਨੂੰ ਇਸ ਹਾਸ਼ੀਏ ਵਿਚ ਫਿੱਟ ਕੀਤਾ ਤਾਂ ਤੁਹਾਨੂੰ ਤੇ ਤੁਹਾਡੇ ਸਾਥੀਆਂ ਨੂੰ ਬਹੁਤਾ ਚੰਗਾ ਨਹੀਂ ਲੱਗਣਾ। ਸਾਡੇ ਪ੍ਰਤੀ ਭਾਸ਼ਾ ਉਹੀ ਵਰਤੋਂ ਜਿਹੜੀ ਤੁਸੀਂ ਵੀ ਸੁਣ ਸਕੋ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ, ਆਪਣਾ ਸਾਥ ਕੰਮਾਂ ਵੱਲ ਦੇਖ ਕੇ ਦਿਓ। ਫੋਕੀਆਂ ਗੱਲਾਂ ਮਾਰਨ ਵਾਲਿਆਂ ਅਤੇ ਅਖੌਤੀ ਪੰਥ ਪ੍ਰਸਤਾਂ ਨੂੰ ਪਹਿਲਾਂ ਪੜਚੋਲੋ। ਦੇਖੋ ਕਿ ਗੁਰੂਘਰ ਦੇ ਨਿਰਮਾਣ ਵਿਚ ਕਿਹਦਾ ਕੀ ਯੋਗਦਾਨ ਹੈ!

**ਪੰਥ ਦਾ ਦਾਸ,**
**ਚੰਦ ਸਿੰਘ ਸੈਨ ਹੋਜ਼ੇ, ਕੈਲੀਫੋਰਨੀਆ**

ਪੰਜਾਬ ਟਾਈਮਜ਼

ਸਨਿਚਰਵਾਰ, 30 ਜੁਲਾਈ 2011

## ਪੰਜਾਬ ਫਿਰ ਬਣੇਗਾ ਪ੍ਰਯੋਗਸ਼ਾਲਾ!

ਮਾਨਸਾ ਜ਼ਿਲੇ ਦੇ ਪਿੰਡ ਗੋਬਿੰਦਪੁਰਾ ਵਿਚ ਕਿਸਾਨਾਂ ਦੀ ਜ਼ਮੀਨ ਐਕਵਾਇਰ ਕਰਨ ਲਈ ਇਕ ਵਾਰ ਫਿਰ ਸਰਕਾਰ ਅਤੇ ਸਰਕਾਰੀ ਏਜੰਸੀਆਂ ਡੰਡੇ-ਸੋਟੇ ਲੈ ਕੇ ਬਾਹਰ ਆ ਗਈਆਂ ਹਨ। ਵਿਰੋਧ ਕਰ ਰਹੇ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜੇਲ੍ਹਾਂ ਅੰਦਰ ਸੁੱਟ ਦਿੱਤਾ ਗਿਆ। ਬੱਚਿਆਂ ਅਤੇ ਔਰਤਾਂ ਦਾ ਵੀ ਲਿਹਾਜ ਨਹੀਂ ਕੀਤਾ ਗਿਆ। ਸਿਤਮਜ਼ਰੀਫੀ ਇਹ ਹੈ ਕਿ ਇਹ ਜ਼ਮੀਨ ਕਿਸੇ ਸਰਕਾਰੀ ਪ੍ਰੋਜੈਕਟ ਲਈ ਨਹੀਂ, ਸਗੋਂ ਪ੍ਰਾਈਵੇਟ ਕੰਪਨੀ 'ਪਿਉਨਾ ਥਰਮਲ' ਲਈ ਐਕਵਾਇਰ ਕੀਤੀ ਜਾ ਰਹੀ ਹੈ ਜਿਸ ਨੇ ਉਥੇ ਬਿਜਲੀ ਪਲਾਂਟ ਲਾਉਣਾ ਹੈ। ਅਜੇ ਕੱਲ੍ਹ ਦੀ ਗੱਲ ਹੈ, ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪੰਜਾਬ ਨੂੰ ਵਧੀਆ ਖੇਤੀ ਪੈਦਾਵਾਰ ਲਈ 'ਕ੍ਰਿਸ਼ੀ ਕਰਮਨ' ਇਨਾਮ ਨਾਲ ਸਨਮਾਨਿਤ ਕੀਤਾ ਹੈ। ਇਕ ਪਾਸੇ ਤਾਂ ਪੰਜਾਬ ਨੂੰ ਵੱਧ ਪੈਦਾਵਾਰ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ; ਦੂਜੇ, ਪਾਸੇ ਕਿਸਾਨਾਂ ਤੋਂ ਜ਼ਮੀਨ ਜਬਰੀ ਐਕਵਾਇਰ ਕੀਤੀ ਜਾ ਰਹੀ ਹੈ; ਤੀਜੇ, ਪੈਦਾਵਾਰ ਵਧਾਉਣ ਵਾਲਾ ਆਮ ਕਿਸਾਨ ਤੰਗੀਆਂ-ਤੁਰਸ਼ੀਆਂ ਨਾਲ ਭੰਨਿਆ ਖੁਦਕੁਸ਼ੀਆਂ ਕਰ ਰਿਹਾ ਹੈ ਅਤੇ ਚੌਥੇ, ਅੰਨ ਗੁਦਾਮਾਂ ਵਿਚ ਸੜ ਰਿਹਾ ਹੈ ਤੇ ਅਦਾਲਤ ਦੀਆਂ ਸਖਤ ਹਦਾਇਤਾਂ ਦੇ ਬਾਵਜੂਦ ਸਰਕਾਰ ਇਹ ਅੰਨ ਲੋੜਵੰਦਾਂ ਨੂੰ ਵੰਡਣ ਤੋਂ ਸਾਫ ਹੀ ਮੁੱਕਰ ਗਈ ਹੈ। ਇਹ ਚਾਰੇ ਗੱਲਾਂ ਆਪਸ ਵਿਚ ਗਹਿਰੀਆਂ ਜੁੜੀਆਂ ਹੋਈਆਂ ਹਨ, ਇਨ੍ਹਾਂ ਵਿਚੋਂ ਆਮ ਆਦਮੀ ਅਤੇ ਕਿਸਾਨ ਨਦਾਰਦ ਹੈ। ਇਨ੍ਹਾਂ ਗੁੰਝਲਾਂ ਨੂੰ ਸੁਲਝਾਉਣ ਲਈ ਯਤਨ ਕਰਨ ਦੀ ਥਾਂ ਖੇਤੀ ਪ੍ਰਧਾਨ ਸੂਬੇ ਪੰਜਾਬ ਵਿਚ ਨਿੱਤ ਨਵੇਂ ਤਜਰਬਿਆਂ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਪਿੱਛੇ ਜਿਹੇ ਖੇਤੀ ਵਿਗਿਆਨੀ ਅਤੇ 20ਵੀਂ ਸਦੀ ਵਿਚ 60ਵਿਆਂ ਦੌਰਾਨ ਲਿਆਂਦੇ ਹਰੇ ਇਨਕਲਾਬ ਦੇ ਪਿਤਾਮਾ ਵਜੋਂ ਮਸ਼ਹੂਰ ਹੋਏ ਡਾ. ਐਮ ਐਸ ਸਵਾਮੀਨਾਥਨ ਨੇ ਪੰਜਾਬ ਦਾ ਗੇੜਾ ਮਾਰਿਆ ਸੀ। ਪਹਿਲਾਂ ਵਾਲੇ ਗੇੜਿਆਂ ਵਾਂਗ ਇਹ ਵੀ ਉਨ੍ਹਾਂ ਦਾ ਇਤਫਾਕੀਆ ਗੇੜਾ ਨਹੀਂ ਸੀ। ਉਨ੍ਹਾਂ ਦੇ ਪਹਿਲ-ਪਲੇਠੇ ਗੇੜੇ ਚਾਲੀ ਸਾਲ ਪਹਿਲਾਂ ਹਰੇ ਇਨਕਲਾਬ ਵੇਲੇ ਲੱਗੇ ਸਨ ਜਦੋਂ ਦੇਸ਼ ਨੂੰ ਅੰਨ ਦੀ ਸਖ਼ਤ ਲੋੜ ਸੀ। ਇਹ ਲੋੜ ਪੂਰੀ ਕਰਨ ਵਾਲੇ ਦੇਸ਼ ਦੇ ਗਿਣਵੇਂ ਸੂਬਿਆਂ ਵਿਚੋਂ ਪੰਜਾਬ ਦਾ ਭਰਵਾਂ ਯੋਗਦਾਨ ਰਿਹਾ। ਐਤਕੀਂ ਉਹ ਪੰਜਾਬ ਵਿਚ ਹਰੇ ਇਨਕਲਾਬ ਤੋਂ ਬਾਅਦ 'ਸਦਾ ਬਹਾਰ ਇਨਕਲਾਬ' (ਫਰੌਮ ਗ੍ਰੀਨ ਰੈਵੋਲਿਊਸ਼ਨ ਟੂ ਐਵਰ-ਗ੍ਰੀਨ ਰੈਵੋਲਿਊਸ਼ਨ) ਦਾ ਹੋਕਾ ਦੇਣ ਆਏ ਸਨ। ਉਹ ਅੱਜਕੱਲ੍ਹ ਕੌਮੀ ਕਿਸਾਨ ਫਾਊਂਡੇਸ਼ਨ ਦੇ ਕਰਤਾ-ਧਰਤਾ ਹਨ, ਰਾਜ ਸਭਾ ਦੇ ਮੈਂਬਰ ਹਨ ਅਤੇ ਕੌਮੀ ਸਲਾਹਕਾਰ ਕੌਂਸਲ ਦੇ ਵੀ ਮੈਂਬਰ ਹਨ। ਕਹਿਣ ਦਾ ਭਾਵ ਅੱਜਕੱਲ੍ਹ ਉਹ ਫਿਰ ਚੜ੍ਹਾਈਆਂ ਵਿਚ ਹਨ ਅਤੇ ਦੇਸ਼ ਨਾਲ ਸਬੰਧਤ ਅੰਨ ਔਕੜਾਂ ਦੇ ਹੱਲ ਲਈ ਬਹੁਤ ਅੱਗੇ ਵਧ ਕੇ ਕੰਮ ਕਰ ਰਹੇ ਹਨ। ਇਸ ਕਾਰਜ ਲਈ ਸਰਕਾਰ ਅਤੇ ਸਮੁੱਚਾ ਤਾਣਾ-ਬਾਣਾ ਉਨ੍ਹਾਂ ਦੀ ਪਿੱਠ 'ਤੇ ਖੜ੍ਹਾ ਹੈ। ਉਂਜ, ਸੋਚਣ ਅਤੇ ਸਮਝਣ-ਬੁੱਝਣ ਵਾਲੀ ਗੱਲ ਵਿਚੋਂ ਇਹ ਹੈ ਕਿ ਪੰਜ ਦਹਾਕੇ ਪਹਿਲਾਂ ਜਿਸ ਦੇਸੀ ਢਾਂਚੇ ਨੂੰ ਰੱਦ ਕਰਕੇ ਉਨ੍ਹਾਂ ਨੇ ਹਰੇ ਇਨਕਲਾਬ ਦੀਆਂ ਨੀਂਹਾਂ ਭਰੀਆਂ ਸਨ, ਹੁਣ ਉਨ੍ਹਾਂ ਨੇ ਉਸੇ ਦੇਸੀ ਢਾਂਚੇ ਵੱਲ ਮੁੜਨ ਦੀ ਤਾਕੀਦ ਕਿਸਾਨਾਂ ਨੂੰ ਕੀਤੀ ਹੈ। ਡਾ. ਸਵਾਮੀਨਾਥਨ ਨੇ 'ਸਦਾ ਬਹਾਰ ਇਨਕਲਾਬ' ਦੇ ਜਿਹੜੇ ਵੇਰਵੇ ਨਸ਼ਰ ਕੀਤੇ, ਉਨ੍ਹਾਂ ਮੁਤਾਬਕ ਹੁਣ ਕਿਸਾਨਾਂ ਨੂੰ ਕਣਕ ਅਤੇ ਚੌਲਾਂ ਦੀ ਥਾਂ ਮੱਕੀ ਦੀ ਕਾਸ਼ਤ ਲਈ ਪ੍ਰੇਰਿਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਬਾਜਰੇ, ਜਵਾਰ ਅਤੇ ਦਾਲਾਂ ਦੀ ਕਾਸ਼ਤ ਨੂੰ ਹੱਲਾਸ਼ੇਰੀ ਦੇਣ ਬਾਰੇ ਗੱਲ ਵੀ ਤੋਰੀ ਹੈ। ਉਨ੍ਹਾਂ ਹੁੱਬ-ਹੁੱਬ ਕੇ ਦੱਸਿਆ ਕਿ ਹਰੇ ਇਨਕਲਾਬ ਵਾਂਗ ਹੀ ਪੰਜਾਬ ਹੁਣ ਸਦਾ ਬਹਾਰ ਇਨਕਲਾਬ ਦਾ ਕਾਰਜ ਵੀ ਵਧੀਆ ਢੰਗ ਨਾਲ ਸਿਰੇ ਲਾ ਸਕਦਾ ਹੈ। ਇਹ ਗੱਲ ਕਰਦਿਆਂ ਉਨ੍ਹਾਂ ਵਾਤਾਵਰਣ ਵਿਚ ਆ ਰਹੇ ਵਿਗਾੜਾਂ ਬਾਰੇ ਫ਼ਿਕਰ ਵੀ ਜ਼ਾਹਿਰ ਕੀਤਾ। ਉਨ੍ਹਾਂ ਦੀ ਹਰ ਗੱਲ ਦਾ ਤੋੜਾ ਇੱਥੇ ਹੀ ਝੜਿਆ ਕਿ ਹੁਣ ਹਰ ਦੁੱਖ ਦਾ ਦਾਰੂ ਸਦਾ ਬਹਾਰ ਇਨਕਲਾਬ ਹੀ ਹੈ...40 ਸਾਲ ਪਹਿਲਾਂ ਹਰੇ ਇਨਕਲਾਬ ਬਾਰੇ ਵੀ ਉਨ੍ਹਾਂ ਇਹੀ ਦਾਅਵੇ-ਵਾਅਦੇ ਕੀਤੇ ਸਨ।

ਡਾ. ਸਵਾਮੀਨਾਥਨ ਦੇ ਇਹ ਸਾਰੇ ਵਾਅਦੇ-ਦਾਅਵੇ ਸਹੀ ਹੋ ਸਕਦੇ ਹਨ ਪਰ ਇਸ ਸਮੁੱਚੇ ਵਿਚਾਰ ਅਤੇ ਵਿਹਾਰ ਦੌਰਾਨ ਉਹ ਹਰਾ ਇਨਕਲਾਬ ਲਿਆਉਣ ਵਾਲੇ ਕਿਸਾਨਾਂ ਬਾਰੇ ਉਕਾ ਹੀ ਖ਼ਾਮੋਸ਼ ਰਹੇ ਹਨ। ਕਿਸਾਨਾਂ ਦਾ ਇਹ ਉਹ ਤਬਕਾ ਹੈ ਜਿਹੜਾ ਹਰੇ ਇਨਕਲਾਬ ਨਾਲ ਬੁਰੀ ਤਰ੍ਹਾਂ ਝੰਬਿਆ ਅਤੇ ਕਰਜ਼ੇ ਦੀ ਦਲ-ਦਲ ਵਿਚ ਫਸਿਆ ਹੁਣ ਖੁਦਕੁਸ਼ੀਆਂ ਵਿਚੋਂ ਮੁਕਤੀ ਲੱਭਣ ਲੱਗ ਪਿਆ ਹੈ। ਉਦੋਂ ਹਰਾ ਇਨਕਲਾਬ ਦੇਸ਼ ਦੇ ਭੰਡਾਰ ਤਾਂ ਭਰ ਰਿਹਾ ਸੀ ਪਰ ਇਸ ਰਾਹੀਂ ਆਈ ਵੱਡੀ ਮਸ਼ੀਨਰੀ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਉਤੇ ਬੁਲਡੋਜ਼ਰ ਵਾਂਗ ਚੱਲੀ। ਉਸ ਵੇਲੇ ਆਈਆਂ ਜ਼ਹਿਰਾਂ (ਨਦੀਨਨਾਸ਼ਕ ਤੇ ਕੀਟਨਾਸ਼ਕ) ਅਤੇ ਖਾਦਾਂ ਦੀ ਅੰਧਾਧੁੰਦ ਵਰਤੋਂ ਨੇ ਜੋ ਕਹਿਰ ਵਰਤਾਇਆ, ਉਸ ਦੇ ਨਤੀਜੇ ਹੁਣ ਪੰਜਾਬ ਖੁਦਕਸ਼ੀਆਂ ਦੇ ਰੂਪ ਵਿਚ ਭੁਗਤ ਰਿਹਾ ਹੈ। ਵਾਤਾਵਰਣ ਵਿਚ ਵੱਡੇ ਪੱਧਰ 'ਤੇ ਆਏ ਵਿਗਾੜ ਵੀ ਇਨ੍ਹਾਂ ਜ਼ਹਿਰਾਂ ਅਤੇ ਖਾਦਾਂ ਦਾ ਹੀ ਨਤੀਜਾ ਹਨ। ਹਰੇ ਇਨਕਲਾਬ ਤੋਂ ਬਾਅਦ ਮੰਡੀ ਢਾਂਚਾ ਇਸ ਢੰਗ-ਤਰੀਕੇ ਬਣਾਇਆ-ਉਸਾਰਿਆ ਗਿਆ ਕਿ ਮੰਡੀਆਂ ਵਿਚ ਸਿਰਫ ਕਣਕ ਅਤੇ ਚੌਲਾਂ ਦੀ ਵੇਚ-ਵੱਟ ਦਾ ਹੀ ਪ੍ਰਬੰਧ ਕੀਤਾ ਗਿਆ। ਇਸੇ ਕਰਕੇ ਹੀ ਕਿਸਾਨ ਮੱਕੀ, ਜਵਾਰ ਅਤੇ ਦਾਲਾਂ ਬੀਜਣੋਂ ਹਟ ਗਏ।

ਹਰੇ ਇਨਕਲਾਬ ਨਾਲ ਦੇਸ਼ ਦੇ ਅੰਨ ਭੰਡਾਰ ਤਾਂ ਭਰ ਗਏ ਪਰ ਇਸ ਦੀ ਕੀਮਤ ਪੰਜਾਬ ਨੇ ਤਾਰੀ ਅਤੇ ਹੁਣ ਵੀ ਤਾਰ ਰਿਹਾ ਹੈ। ਇਸ ਸਮੁੱਚੇ ਮਸਲੇ ਦਾ ਜੇ ਸਿਆਸੀ ਪੱਖ ਰਤਾ ਕੁ ਡੂੰਘਾਈ ਵਿਚ ਜਾ ਕੇ ਗੌਲਿਆ ਜਾਵੇ ਤਾਂ ਹਰੇ ਇਨਕਲਾਬ ਦੀਆਂ ਤਾਰਾਂ ਪੰਜਾਬ ਵਿਚ ਉਸ ਵੇਲੇ ਪਣਪ ਰਹੀ ਬੇਚੈਨੀ ਅਤੇ ਉਠ ਰਹੇ ਰੋਹ ਨਾਲ ਜਾ ਜੁੜਦੀਆਂ ਹਨ। ਇਸ ਰੋਹ ਨੂੰ ਨਰਮ ਕਰਨ ਲਈ ਅਜਿਹੇ ਪ੍ਰੋਜੈਕਟ ਦੀ ਲੋੜ ਸੀ। ਹੁਣ ਦੀਆਂ ਖੁਫੀਆ ਰਿਪੋਰਟਾਂ ਵਿਚ ਪੰਜਾਬ ਵਿਚ ਫਿਰ ਉਸੇ ਬੇਚੈਨੀ ਅਤੇ ਉਠ ਰਹੇ ਰੋਹ ਦੀ ਗੱਲ ਉਭਰ ਆਈ ਹੈ। ਸੋ, ਪੰਜਾਬ ਨੂੰ 'ਕ੍ਰਿਸ਼ੀ ਕਰਮਨ' ਦਾ ਇਨਾਮ ਦੇ ਕੇ ਇਕ ਵਾਰ ਫਿਰ ਪ੍ਰਯੋਗਸ਼ਾਲਾ ਵਿਚ ਲਿਜਾਉਣ ਲਈ ਸ਼ਿੰਗਾਰਿਆ ਜਾ ਰਿਹਾ ਹੈ ਅਤੇ ਕਿਸਾਨਾਂ ਦੇ ਹਿੱਸੇ ਇਕ ਵਾਰ ਫਿਰ ਡਾਂਗਾਂ-ਸੋਟੇ ਰਹਿ ਗਏ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜੋੜੀਆਂ ਜੱਗ ਥੋੜ੍ਹੀਆਂ

ਹਰ ਕੋਈ ਪੱਟਿਆ ਫਿਰੇ 'ਆਜ਼ਾਦੀਆਂ' ਦਾ, ਟੁੱਟ ਗਈ ਵਿਸ਼ਵਾਸ ਦੀ ਡੋਰ ਇੱਥੇ।
ਕਲਾਕਾਰ ਹੀ ਬਣੇ ਨੇ ਰੋਲ ਮਾਡਲ, ਲੋਕੀਂ ਭੁੱਲ ਗਏ ਸਾਊਆਂ ਦੀ ਤੋਰ ਇੱਥੇ।
ਤੀਵੀਂ-ਮਰਦ ਵਿਚ ਕਲਹ-ਕਲੇਸ਼ ਰਹਿੰਦਾ, ਚੌਧਰ ਉਹਦੀ ਜੋ ਹੋਵੇ ਮੂੰਹ ਜ਼ੋਰ ਇੱਥੇ।
ਚੋਰੀ ਯਾਰੀ ਦੀ ਸ਼ਰਮ ਹੁਣ ਲੋਪ ਹੋਈ, ਪਤਨੀ ਹੋਰ ਪਰ ਪ੍ਰੇਮਿਕਾ ਹੋਰ ਇੱਥੇ।
ਖਾਣ-ਪੀਣ ਤੇ ਫੈਸ਼ਨਾਂ ਵਿਚ ਗ੍ਰਸੀਆਂ, ਮਾਂਵਾਂ ਬੱਚੇ ਵੀ ਉਹੋ ਜਿਹੇ ਜਣਦੀਆਂ ਨੇ।
ਜਿੱਧਰ ਤੱਕੀਏ ਨਰਤ ਹੀ ਨਰਤ ਫਿਰਦੇ, ਜੱਗ ਜੋਤੀਆਂ ਥੋੜ੍ਹੀਆਂ ਬਣਦੀਆਂ ਨੇ।

# ਸਿਨੇਮਾ, ਸਾਹਿਤ ਤੇ ਸਿਆਸਤ ਦੇ ਮਨੁੱਖੀ ਸਰੋਕਾਰ

**ਖਮਾਣੋਂ ਨੇੜਲੇ ਨਿੱਕੇ ਜਿਹੇ ਪਿੰਡ ਭੁੱਟਾ ਦੀ ਮਿੱਟੀ ਵਿਚ ਪੈਦਾ ਹੋਇਆ ਜਤਿੰਦਰ ਮੌਹਰ (7 ਨਵੰਬਰ 1978) ਸਿਰੇ ਦਾ ਸੰਵੇਦਨਸ਼ੀਲ ਫਿਲਮਸਾਜ਼ ਹੈ। ਉਸ ਦੀ ਇਸ ਸੰਵੇਦਨਾ ਦਾ ਰੰਗ ਦਰਸ਼ਕਾਂ ਨੇ ਉਸ ਦੀ ਫਿਲਮ 'ਮਿੱਟੀ' ਰਾਹੀਂ ਦੇਖਿਆ ਹੈ। ਬਤੌਰ ਫਿਲਮ ਨਿਰਦੇਸ਼ਕ ਇਹ ਜਤਿੰਦਰ ਦੀ ਪਲੇਠੀ ਫਿਲਮ ਸੀ। ਇਸ ਫਿਲਮ ਵਿਚ ਉਸ ਨੇ ਪੰਜਾਬ ਦੀ ਹਕੀਕਤ ਪੰਜਾਬੀਆਂ ਦੇ ਸਾਹਮਣੇ ਬਹੁਤ ਮਾਰਮਿਕ ਰੂਪ ਵਿਚ ਪੇਸ਼ ਕੀਤੀ। ਇਹ ਫਿਲਮ ਮਰ ਅਤੇ ਲੜ ਰਹੇ ਪਿੰਡ ਦਾ ਦਰਦ ਅਤੇ ਹੌਸਲਾ ਬਿਆਨ ਕਰਦੀ ਹੈ। ਜਤਿੰਦਰ ਨੇ ਮੁੱਖਧਾਰਾ ਸਿਨੇਮਾ ਦੀਆਂ ਚੁਸਕੀਆਂ ਤੋਂ ਹਟ ਕੇ ਇਸ ਫਿਲਮ ਵਿਚ ਅਸਲ ਪੰਜਾਬ ਦੀ ਬਾਤ ਪਾਈ ਹੈ। ਜਤਿੰਦਰ ਅੱਜਕੱਲ੍ਹ ਆਪਣੀ ਨਵੀਂ ਫਿਲਮ 'ਤੇ ਕੰਮ ਕਰ ਰਿਹਾ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਉਹ ਆਪਣੇ ਕਾਲਮ 'ਪਹਿਲੀ ਗੱਲ' ਨਾਲ ਗੱਲਾਂ ਕਰਿਆ ਕਰੇਗਾ। -ਸੰਪਾਦਕ**

■ ਜਤਿੰਦਰ ਮੌਹਰ

ਕਲਾ ਬੰਦੇ ਨੂੰ ਸੰਵੇਦਨਸ਼ੀਲ ਬਣਾਉਂਦੀ ਹੈ। ਸੰਵੇਦਨਸ਼ੀਲ ਬੰਦਾ ਬਿਹਤਰ ਸਮਾਜ ਦਾ ਸੁਪਨਾ ਦੇਖ ਸਕਦਾ ਹੈ ਪਰ ਸੰਵੇਦਨਾ ਦਾ ਦਲੀਲ ਦੀ ਸਾਣ 'ਤੇ ਤਿੱਖੇ ਹੁੰਦੇ ਰਹਿਣਾ ਜ਼ਰੂਰੀ ਹੈ। ਕਲਾ ਸਮਕਾਲੀ ਸਰੋਕਾਰਾਂ ਤੋਂ ਟੁੱਟ ਕੇ ਬੀਤੇ ਦਾ ਜਾਪ ਕਰਨ ਲਈ ਨਹੀਂ ਹੁੰਦੀ।



ਫਿਲਮ ਨੂੰ ਇਸ ਘੇਰੇ ਤੋਂ ਬਾਹਰ ਨਹੀਂ ਰੱਖਿਆ ਜਾ ਸਕਦਾ। ਫਿਲਮ ਦਾ ਕੰਮ ਮਨੁੱਖ ਨੂੰ ਮਨੁੱਖ ਨਾਲ ਜੋੜਨਾ ਹੈ। ਦੋਹਾਂ ਵਿਚਕਾਰ ਰੋੜਾ ਚਾਹੇ ਬੋਲੀ ਦਾ ਹੋਵੇ ਜਾਂ ਖਿੱਤੇ ਦਾ, ਫਿਲਮ ਉਸ ਨੂੰ ਭੰਨ ਕੇ ਰੱਖ ਦਿੰਦੀ ਹੈ। ਫਿਲਮ ਉੱਤੇ ਬੇਸ਼ੱਕ ਭਗੌੜੇ ਹੋਣ ਅਤੇ ਵਿੱਤੀ ਸਰੋਕਾਰਾਂ ਤੱਕ ਮਹਿਦੂਦ ਰਹਿਣ ਦਾ ਦੋਸ਼ ਲੱਗਦਾ ਰਿਹਾ ਹੈ ਜਿਸਦਾ ਸਮਾਜੀ ਵਰਤਾਰਿਆਂ ਨਾਲ ਵਾਹ-ਵਾਸਤਾ ਨਹੀਂ ਹੁੰਦਾ ਪਰ ਇਸ ਕਸੂਰ ਲਈ ਜ਼ਿੰਮੇਵਾਰ ਚਾਲੂ ਫ਼ਿਲਮਾਂ ਦਾ ਖਾਸਾ ਰਿਹਾ ਹੈ। ਗਾਂਧੀ ਜੀ ਨੇ ਫ਼ਿਲਮ ਨੂੰ ਵੇਸਵਾਗਮਨੀ ਦਾ ਦੂਜਾ ਰੂਪ ਕਿਹਾ ਸੀ। ਖ਼ਵਾਜਾ ਅਹਿਮਦ ਅੱਬਾਸ ਨੇ ਇਸ ਦੋਸ਼ ਦਾ ਦਲੀਲ ਸਹਿਤ ਖੰਡਨ ਕੀਤਾ, ਤੇ ਗਾਂਧੀ ਜੀ ਨੂੰ ਜਵਾਬੀ ਚਿੱਠੀ ਲਿਖੀ ਸੀ। ਉਹਨੇ ਫਿਲਮ ਦੀ ਅਸਲੀ ਸਮਰੱਥਾ ਬਾਰੇ ਠੋਕ-ਵਜਾ ਕੇ ਗੱਲ ਕੀਤੀ। ਚਿੱਠੀ ਪੜ੍ਹ ਕੇ ਗਾਂਧੀ ਜੀ 'ਤੇ ਕੀ ਅਸਰ ਹੋਇਆ, ਇਹਦੇ ਬਾਰੇ ਪੱਕੇ ਰੂਪ 'ਚ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਉਸ ਤੋਂ ਬਾਅਦ ਉਨ੍ਹਾਂ ਨੇ ਫ਼ਿਲਮ ਬਾਰੇ ਚੰਗਾ-ਮੰਦਾ ਬੋਲਣਾ ਬੰਦ ਕਰ ਦਿੱਤਾ।

ਫਲਸਤੀਨੀ ਵਿਦਵਾਨ ਐਡਵਰਡ ਸਈਦ ਕਹਿੰਦਾ ਹੈ ਕਿ ਹਰ ਸਮਾਜ 'ਚ ਉਸ ਦੀ ਚੇਤਨਾ ਦੇ ਨੁਮਾਇੰਦੇ ਜ਼ਰੂਰ ਹੁੰਦੇ ਹਨ, ਬੇਸ਼ੱਕ ਉਹ ਘੱਟ ਗਿਣਤੀ 'ਚ ਕਿਉਂ ਨਾ ਹੋਣ। ਉਹ ਸਵਾਲ ਕਰਦੇ ਕਿ ਇਜ਼ਰਾਈਲ ਦੀ ਚੇਤਨਾ ਦੇ ਨੁਮਾਇੰਦੇ ਕਿੱਥੇ ਹਨ? ਇਹਦਾ ਜਵਾਬ ਇਜ਼ਰਾਈਲ ਦੇ ਫ਼ਿਲਮਸਾਜ਼ ਦਿੰਦੇ ਹਨ। ਉਨ੍ਹਾਂ ਨੇ ਲਗਾਤਾਰ ਜੰਗ ਵਿਰੋਧੀ ਅਤੇ ਇਜ਼ਰਾਈਲੀ ਹੈਂਕੜ ਦੇ ਖ਼ਿਲਾਫ਼ ਫਿਲਮਾਂ ਬਣਾਈਆਂ ਤੇ ਦੱਸਿਆ ਕਿ 'ਅਸੀਂ ਯਹੂਦੀ ਹਾਂ ਤੇ ਅਸੀਂ ਇਜ਼ਰਾਈਲੀ ਚੇਤਨਾ ਦੇ ਨੁਮਾਇੰਦੇ ਹਾਂ। ਉਹ ਹਿੱਕ ਥਾਪੜ ਕੇ ਕਹਿੰਦੇ ਹਨ ਕਿ ਅਸੀਂ ਮਨੁੱਖਤਾ ਵਿਰੋਧੀ ਇਜ਼ਰਾਈਲੀ ਨੀਤੀਆਂ ਦੇ ਖ਼ਿਲਾਫ਼ ਹਾਂ। ਜੰਗ ਤੇ ਇਜ਼ਰਾਈਲੀ ਹੈਂਕੜ ਦੇ ਖ਼ਿਲਾਫ਼ ਇਜ਼ਰਾਈਲ 'ਚ ਸਭ ਤੋਂ ਵੱਡੀ ਧਿਰ ਫ਼ਿਲਮਸਾਜ਼ ਤੇ ਸਿਨੇਮਾ ਹੈ।'

ਰੂਸੀ ਇਨਕਲਾਬ ਤੋਂ ਬਾਅਦ ਲੈਨਿਨ ਨੇ ਕਿਹਾ ਸੀ ਕਿ ਲੋਕਾਂ ਦੀ ਗੱਲ ਕਰਨ ਦਾ ਤੇ ਲੋਕਾਂ ਤੱਕ ਗੱਲ ਪੁਚਾਉਣ ਦਾ ਸਭ ਤੋਂ ਵੱਡਾ ਮਾਧਿਅਮ ਸਿਨੇਮਾ ਹੋਵੇਗਾ। ਇਸ ਐਲਾਨ ਤੋਂ ਬਾਅਦ ਸਾਮਰਾਜੀ ਮੁਲਕਾਂ ਨੇ ਪਹਿਲੀ ਵਾਰ ਸਿਨੇਮਾ 'ਤੇ ਸੈਂਸਰਸ਼ਿਪ ਬਿਠਾਈ। ਸਰਮਾਏਦਾਰੀ ਨਿਜ਼ਾਮ ਨੂੰ ਵਡਿਆਉਂਦੀਆਂ ਫਿਲਮਾਂ ਗੁਲਾਮ ਬਸਤੀਆਂ 'ਚ ਵੰਡੀਆਂ। ਇਨ੍ਹਾਂ ਬਸਤੀਆਂ 'ਚ ਸਾਡਾ ਮੁਲਕ ਸ਼ਾਮਿਲ ਹੋਣ ਕਰ ਕੇ ਪੰਜਾਬੀਆਂ 'ਤੇ ਅਸਰ ਹੋਣਾ ਸੁਭਾਵਕ ਸੀ। ਪੰਜਾਬੀਆਂ ਦਾ ਸਿਨੇਮੇ ਨਾਲ ਰਿਸ਼ਤਾ ਲੋੜ 'ਚੋਂ ਨਿਕਲਿਆ ਹੈ। ਪੰਜਾਬ ਦੇ ਚੋਟੀ ਦੇ ਵਿਗਿਆਨੀ ਰੁਚੀ ਰਾਮ ਸਾਹਨੀ ਨੇ 1886 ਦੇ ਨੇੜੇ 'ਪੰਜਾਬ ਵਿਗਿਆਨ ਸੰਸਥਾ' ਬਣਾਈ ਜਿਸਦਾ ਮੰਤਵ ਵਿਗਿਆਨ ਨੂੰ ਆਮ ਲੋਕਾਂ ਤੱਕ ਮੁਕਾਮੀ (ਲੋਕਲ) ਬੋਲੀ 'ਚ ਪੁਚਾਉਣਾ ਸੀ। ਉਹ ਲਾਲਟੈਣ ਦੇ ਪ੍ਰੋਜੈਕਟਰ ਰਾਹੀਂ ਸਲਾਈਡ-ਸ਼ੋਅ ਦਿਖਾ ਕੇ ਪੰਜਾਬੀਆਂ ਦੀ ਸਿਨੇਮੇ ਨਾਲ ਪਹਿਲੀ ਸਾਂਝ ਪਵਾਉਂਦਾ ਹੈ। ਬਾਇਨੋਕੂਲਰਸ ਦੀ ਫੋਟੋ ਪੇਡੂਆਂ ਨੂੰ ਦਿਖਾ ਕੇ ਪੰਜਾਬੀ 'ਚ ਨਾਮ ਰੱਖਣ ਲਈ ਕਹਿੰਦਾ ਸੀ। ਫਿਰ ਪੰਜਾਬੀ ਨੂੰ 'ਦੂਰਬੀਨ' ਸ਼ਬਦ ਮਿਲਿਆ। ਰੁਚੀ ਰਾਮ ਸਾਹਨੀ ਨੇ ਸੱਚੀ ਜਮਹੂਰੀਅਤ ਦਾ ਸੁਪਨਾ ਦੇਖਿਆ। ਆਜ਼ਾਦੀ ਦਾ ਮਤਲਬ ਮਹਿਜ਼ ਰਾਜ ਪਲਟਾ ਨਹੀਂ ਹੈ ਸਗੋਂ ਵਿਗਿਆਨ ਤੋਂ ਲੈ ਕੇ ਲੋਕ-ਹਿੱਤ ਦੀ ਹਰ ਚੀਜ਼ ਅਵਾਮ ਤੱਕ ਪਹੁੰਚਣ ਤੋਂ ਹੈ। ਇਸੇ ਪਹੁੰਚ ਨੇ ਤੈਅ ਕਰਨਾ ਸੀ ਕਿ ਆਜ਼ਾਦੀ ਤੋਂ ਬਾਅਦ ਕਿਸ ਤਰ੍ਹਾਂ ਦਾ ਮਨੁੱਖ ਸਿਰਜਿਆ ਜਾਣਾ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀ ਪੁਰਾਣੇ ਕ੍ਰਾਂਤੀਕਾਰੀਆਂ ਦੀਆਂ ਫੋਟੋਆਂ ਦਾ ਸਲਾਈਡ-ਸ਼ੋਅ ਲੋਕਾਂ ਨੂੰ ਦਿਖਾਉਂਦੇ ਅਤੇ ਭਾਸ਼ਣ ਦਿੰਦੇ ਸਨ। ਰੁਚੀ ਰਾਮ ਸਾਹਨੀ ਜਿਹਾ ਵਿਗਿਆਨੀ ਅਤੇ ਭਗਤ ਸਿੰਘ ਵਰਗਾ ਇਨਕਲਾਬੀ ਪੰਜਾਬ ਦੀ ਪ੍ਰਾਪਤੀ ਹਨ। ਦੋਵਾਂ ਦੀ ਇਕਸੁਰਤਾ ਹੈ ਕਿ ਲੋਕ-ਹਿੱਤ ਦੀ ਗੱਲ ਜਨਤਾ ਤੱਕ ਪਹੁੰਚਣੀ ਜ਼ਰੂਰੀ ਹੈ ਜਿਸਦਾ ਵੱਡਾ ਮਾਧਿਅਮ ਫ਼ਿਲਮ ਹੈ। ਪੰਜਾਬੀਆਂ ਦੇ ਹਿੱਸੇ ਆਈ ਫ਼ਿਲਮ ਦੀ ਇਸ ਮਹਾਨ ਵਿਰਾਸਤ ਨੂੰ ਸਾਂਭਣਾ ਅਤੇ ਅੱਗੇ ਵਧਾਉਣਾ ਵੱਡੀ ਜ਼ਿੰਮੇਵਾਰੀ ਹੈ। ਅੱਜ ਇਸ ਮਹਾਨ ਵਿਰਾਸਤ ਨੂੰ ਪਰਵਾਸ ਦੇ ਕੁਝ ਖਾਸ ਪੱਖਾਂ, ਬੇਹੂਦਾ ਤਿਕੋਣੀਆਂ ਪ੍ਰੇਮ ਕਹਾਣੀਆਂ ਅਤੇ ਹੋਛੇ ਕਿਸਮ ਦੇ ਹਾਸਰਸ ਤੱਕ ਸੁੰਗੇੜ ਦਿੱਤਾ ਗਿਆ ਹੈ। ਫ਼ਿਲਮ ਦੇ ਕੇਂਦਰ 'ਚੋਂ ਪਿੰਡ ਅਤੇ ਪੇਂਡੂ ਗਾਇਬ ਹੋ ਗਏ, ਤੇ ਪੰਜਾਬੀ ਮਨੁੱਖ ਮੰਡੀ ਦਾ ਮਾਲ ਬਣ ਗਿਆ। ਕਾਲੀਆਂ ਐਨਕਾਂ ਅਤੇ ਉੱਚੇ ਮਹਿਲਾਂ ਵਾਲੇ ਕਿਰਦਾਰ ਪੰਜਾਬੀ ਮਨ ਦੇ ਨੁਮਾਇੰਦੇ ਹਨ। ਇਹ ਅਪਣੇ ਗੀਤ-ਸੰਗੀਤ ਤੇ ਫ਼ਿਲਮਾਂ ਨਾਲ 'ਪੰਜਾਬੀਅਤ' ਦਾ ਝੰਡਾ ਦੁਨੀਆਂ 'ਚ ਲਹਿਰਾਉਣ ਦਾ ਦਾਅਵਾ ਕਰਦੇ ਨਹੀਂ ਥੱਕਦੇ। ਨਿੱਜੀ ਹਉਮੈ ਨੂੰ ਪੱਠੇ ਪਾਉਂਦਾ ਹੈਂਕੜਬਾਜ਼ ਨਾਇਕ ਡੁੱਬਦੀ ਕਿਸਾਨੀ ਦਾ ਤਾਰਨਹਾਰ ਕਹਾਉਂਦਾ ਹੈ। ਲੋਕ-ਮਸਲਿਆਂ ਦੀ ਸਮੁੱਚਤਾ ਨੂੰ ਮੁੰਡਿਆਂ ਦੇ ਕਬੱਡੀ ਖੇਡਣ, ਪਿੰਡ ਦੀ ਸਫ਼ਾਈ ਕਰਨ ਤੇ ਜਿੰਮ ਜਾਣ ਤੱਕ ਸੀਮਤ ਕਰ ਦਿੱਤਾ ਗਿਆ ਹੈ ਜਿਵੇਂ ਪੰਜਾਬੀ ਗੱਭਰੂ ਹੀ ਲੋਕ-ਸਮੱਸਿਆਵਾਂ ਦਾ ਇਕ-ਮਾਤਰ ਕਾਰਨ ਹੋਣ? ਲੋਕ-ਮਸਲਿਆਂ ਤੇ ਪੰਜਾਬੀ ਉਪ-ਬੋਲੀਆਂ ਨੂੰ ਲਗਾਤਾਰ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਫ਼ਿਲਮਸਾਜ਼ਾਂ ਦੀ ਬੌਧਿਕ ਕੰਗਾਲੀ ਦੇ ਇਸ ਦੌਰ 'ਚ ਹਰ ਕੋਈ ਚੰਮ ਦੀਆਂ ਚਲਾ ਰਿਹਾ ਹੈ। ਪੰਜਾਬੀ ਸਿਨੇਮੇ ਦੇ ਸਾਊ ਅਤੇ ਵੱਡੇ ਮੰਨੇ ਜਾਂਦੇ ਫ਼ਿਲਮਸਾਜ਼ ਦਾ ਬਿਆਨ ਪਾਠਕਾਂ ਨੇ ਦਿਲਚਸਪੀ ਨਾਲ ਪੜ੍ਹਿਆ ਹੋਵੇਗਾ ਕਿ ਪੰਜਾਬੀਆਂ (ਸੰਗਤ) ਦਾ ਬੌਧਿਕ ਪੱਧਰ ਉੱਚਾ ਨਾ ਹੋਣ ਕਰਕੇ ਉਹ ਮੁੱਦਾ-ਪ੍ਰਧਾਨ ਫ਼ਿਲਮ ਨਹੀਂ ਬਣਾਉਂਦੇ। ਇਹ ਸੰਗਤ ਦੇ ਬੌਧਿਕ ਪੱਧਰ 'ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਜਿਸ ਸੰਗਤ ਨੂੰ ਸਾਡੇ ਗੁਰੂ ਸਾਹਿਬਾਨ ਨੇ ਇੱਕੀ ਵਿਸਵੇ ਕਹਿ ਕੇ ਖ਼ੁਦ ਤੋਂ ਵੱਡਾ ਸਿੱਧ ਕੀਤਾ ਹੋਵੇ, ਉਸ ਦੇ ਬੌਧਿਕ ਪੱਧਰ 'ਤੇ ਸਵਾਲ ਖੜ੍ਹਾ ਕਰਨਾ ਗੁਰੂ ਤੋਂ ਬੇਮੁੱਖ ਹੋਣ ਵਾਲੀ ਗੱਲ ਹੈ, ਤੇ ਫ਼ਿਲਮਸਾਜ਼ ਦੀ ਬੌਧਿਕ ਕੰਗਾਲੀ ਦਾ ਉਘੜਵਾਂ ਰੂਪ ਹੈ। ਆਪਣੀ ਨਾਲਾਇਕੀ ਨੂੰ ਲੁਕੋਣ ਲਈ ਸੰਗਤ ਨੂੰ ਨਾਲਾਇਕ ਕਹਿਣ ਵਾਲਿਆਂ ਤੋਂ ਪੰਜਾਬੀ ਸਿਨੇਮੇ ਦੀ ਬਿਹਤਰੀ ਦੀ ਆਸ ਕਰਨਾ ਧੁੰਦ ਦੇ ਬੱਦਲਾਂ ਵਿਚੋਂ ਮੀਂਹ ਲੱਭਣ ਦੇ ਬਰਾਬਰ ਹੈ। ਸੱਭਿਆਚਾਰਕ ਮੁਹਾਜ਼ ਤੋਂ ਸਿਆਸਤ ਤੱਕ ਇਕੋ ਗੱਲ ਵਾਰ ਵਾਰ ਪ੍ਰਚਾਰੀ ਜਾਂਦੀ ਹੈ ਕਿ ਜੇ ਅਸੀਂ ਐਨੇ ਬੁਰੇ ਹਾਂ ਤੇ ਲੋਕ ਵਿਰੋਧੀ ਹਾਂ, ਤਾਂ ਲੋਕ ਸਾਨੂੰ ਕਿਉਂ ਸੁਣਦੇ ਹਨ? ਇਸ ਦਾ ਜਵਾਬ ਮਸ਼ਹੂਰ ਇਨਕਲਾਬੀ ਚੀ ਗੁਵੇਰਾ ਦਿੰਦਾ ਹੈ ਜਿਸ ਨੂੰ ਮਾਰਨ ਤੋਂ ਪਹਿਲਾਂ ਬੋਲੀਵੀਆਈ ਆਰਮੀ ਦਾ ਅਫ਼ਸਰ ਇਹੀ ਸਵਾਲ ਪੁੱਛਦਾ ਹੈ। ਚੀ ਗੁਵੇਰਾ ਜਵਾਬ ਦਿੰਦਾ ਹੈ, "ਕਿਉਂਕਿ ਲੋਕ ਥੋੜੇ ਕੁਫ਼ਰ 'ਤੇ ਭਰੋਸਾ ਕਰਦੇ ਨੇ ਪਰ ਸਾਡੀ ਹਾਰ ਇਕ ਨਾ ਇਕ ਦਿਨ ਉਨ੍ਹਾਂ ਨੂੰ ਜ਼ਰੂਰ ਜਗਾਏਗੀ।" ਪਾਸ਼ ਕਈ ਦਹਾਕੇ ਪਹਿਲਾਂ ਅਜਿਹੇ ਲੋਕਾਂ ਨੂੰ ਕੁੱਤੇ ਕਹਿ ਕੇ ਗਿਆ ਹੈ ਜੋ ਲੋਕਾਂ ਦੀਆਂ ਚੀਕਾਂ 'ਚੋਂ ਸੰਗੀਤ ਲੱਭਦੇ ਹਨ। ਦਰਅਸਲ, ਲੋਕਾਂ ਦੀਆਂ ਚੀਕਾਂ ਵਿਚੋਂ ਸੰਗੀਤ ਲੱਭਣਾ ਬੜਾ ਲਾਹੇਵੰਦ ਧੰਦਾ ਬਣ ਗਿਆ ਹੈ!

ਫ਼ਿਲਮਸਾਜ਼ ਹੋਣ ਦੇ ਨਾਤੇ ਮੇਰਾ ਮੰਨਣਾ ਹੈ ਕਿ ਅਸੀਂ ਉਸ ਵਿਚਾਰ 'ਤੇ ਫ਼ਿਲਮ ਬਣਾਉਣੇ ਹਾਂ ਜੋ ਸਾਨੂੰ ਭਾਵੁਕ ਕਰਦਾ ਹੈ, ਤੇ ਭਾਵੁਕਤਾ ਲਈ ਬੇਚੈਨੀ ਹੋਣੀ ਜ਼ਰੂਰੀ ਹੈ। ਇਸ ਦੀ ਤੰਦ ਸਮੂਹਕਤਾ ਜਾਂ ਸੰਗਤ ਨਾਲ ਜੁੜੀ ਹੋਣੀ ਚਾਹੀਦੀ ਹੈ। ਜੋ ਬੰਦਾ ਆਲੇ-ਦੁਆਲੇ ਤੋਂ ਬੇਚੈਨ ਨਹੀਂ ਹੈ, ਉਸਦੀ ਭਾਵੁਕਤਾ ਵੀ ਨਕਲੀ ਹੋਵੇਗੀ ਤੇ ਕਲਾ ਵੀ। ਫ਼ਿਲਮ ਦਾ ਖਾਸਾ ਫ਼ਿਲਮਸਾਜ਼ ਦੇ ਨਜ਼ਰੀਏ ਨੇ ਤੈਅ ਕਰਨਾ ਹੈ। ਹੋਰ ਅਹਿਮ ਗੱਲ ਹੈ ਕਿ ਫ਼ਿਲਮਸਾਜ਼ ਲਈ ਸੰਗਤ ਸਿਰਫ਼ ਗ੍ਰਾਹਕ ਹੈ ਜਾਂ ਜਿਉਂਦੀ ਜਾਗਦੀ ਸ਼ੈਅ ਹੈ ਜਿਸ ਦੇ ਨਾਲ ਗੱਲ ਕੀਤੀ ਜਾ ਸਕਦੀ ਹੈ। ਫ਼ਿਲਮ ਬਣਾਉਣ ਦਾ ਇਕ ਨਜ਼ਰੀਆ ਖਾਲਸ ਮੁਨਾਫ਼ਾ ਕਮਾਉਣ ਤੱਕ ਮਹਿਦੂਦ ਹੁੰਦਾ ਹੈ। 'ਦਬੰਗ' ਜਾਂ 'ਗ਼ਜ਼ਨੀ' ਦੀ ਕਰੋੜਾਂ ਦੀ ਕਮਾਈ ਦੇ ਅੰਕੜੇ ਇਸਦੀ ਪੁਸ਼ਟੀ ਕਰਦੇ ਹਨ। ਦਮੜਿਆਂ ਦੀ ਚਕਾਚੌਂਧ ਵਿਚ ਸੰਗਤ ਦੇ ਦੁੱਖ-ਦਰਦ ਸਹਿਜੇ ਭੁਲਾਏ ਜਾ ਸਕਦੇ ਹਨ। ਜੇ ਫ਼ਿਲਮ ਬੰਗਲੀਆਂ ਅਤੇ ਕਾਲੀਆਂ ਐਨਕਾਂ ਲਈ ਬਣਾਈ ਜਾਂਦੀ ਹੈ ਤਾਂ ਕਾਮਯਾਬੀ ਦਾ ਪੈਮਾਨਾ ਵਿੱਤੀ ਰੂਪ 'ਚ ਦੇਖਿਆ ਜਾਵੇਗਾ। ਦੂਜਾ ਨਜ਼ਰੀਆ ਸੰਗਤ ਨਾਲ ਸਾਰਥਿਕ ਸੰਵਾਦ ਰਚਾਉਣ ਲਈ ਫ਼ਿਲਮ ਬਣਾਉਣ ਦਾ ਹੈ ਜਿਸ ਨੇ ਮਨੁੱਖੀ ਜ਼ਿੰਦਗੀ ਦੀ ਬਿਹਤਰੀ ਦੀ ਗੱਲ ਕਰਨੀ ਹੈ। ਫਿਰ ਕਾਮਯਾਬੀ ਦਾ ਪੈਮਾਨਾ ਇਹ ਹੋਵੇਗਾ ਕਿ ਫ਼ਿਲਮ ਸੰਗਤ ਨਾਲ ਸਾਰਥਿਕ ਅਤੇ ਗੰਭੀਰ ਸੰਵਾਦ ਰਚਾਉਣ 'ਚ ਕਾਮਯਾਬ ਹੋਈ ਹੈ ਜਾਂ ਨਹੀਂ? ਸਾਨੂੰ ਮੰਨਣਾ ਪਏਗਾ ਕਿ 'ਹਰ ਮਿੱਟੀ ਕੁੱਖਿਆਂ ਨੀ ਭੁਰਦੀ', 'ਜੰਗ ਤੇ ਅਮਨ', 'ਮੜ੍ਹੀ ਦਾ ਦੀਵਾ' ਅਤੇ 'ਆਕ੍ਰੋਸ਼' ਵਰਗੀਆਂ ਫ਼ਿਲਮਾਂ 'ਦਬੰਗ' ਤੇ 'ਗ਼ਜ਼ਨੀ' ਜਿੰਨੀਆਂ ਹੀ ਕਾਮਯਾਬ ਹਨ। ਸਾਰੀਆਂ ਨੇ ਆਪੋ-ਅਪਣੇ ਨਿਸ਼ਾਨੇ ਦੀ ਪ੍ਰਾਪਤੀ ਕੀਤੀ ਹੈ।

ਅੱਜ ਪਛਾਣ ਕਰਨੀ ਬਣਦੀ ਹੈ ਕਿ ਉਹ ਕਿਹੜੇ ਲੋਕ ਹਨ ਜੋ ਪੰਜਾਬੀ ਸੱਭਿਆਚਾਰ, ਸਿਆਸਤ ਤੇ ਧਰਮ ਦੇ ਨੁਮਾਇੰਦੇ ਹੋਣ ਦਾ ਸਾਜ਼ਿਸ਼ੀ ਡਰਾਮਾ ਕਰ ਰਹੇ ਹਨ? ਅੱਜ ਜਦੋਂ ਸਾਡਾ ਆਲਾ-ਦੁਆਲਾ ਅਤੇ ਪੂਰੀ ਦੁਨੀਆਂ ਇੰਨੀ ਜ਼ਿਆਦਾ ਵਿਸਫੋਟਕ ਹੈ; ਜਦੋਂ ਵੱਦ ਮਾਰ ਕੇ ਗੱਲ ਕਰਨ ਦੀ ਘੜੀ ਆਈ ਹੋਵੇ, ਤੇ ਡਾਢਿਆਂ ਦੇ ਹੱਥ ਸਾਡੇ ਗਲਾਂ ਤੱਕ ਪਹੁੰਚ ਚੁੱਕੇ ਹੋਣ, ਉਸ ਵੇਲੇ ਸਿਨੇਮਾ ਪਿੱਛੇ ਨਹੀਂ ਰਹਿ ਸਕਦਾ। ਸਿਨੇਮਾ ਜੋ ਸੰਗਤ ਦੀ ਗੱਲ ਕਰਨ ਦਾ ਅਤੇ ਸੰਗਤ ਤੱਕ ਗੱਲ ਪੁਚਾਉਣ ਦਾ ਸਭ ਤੋਂ ਵੱਡਾ ਮਾਧਿਅਮ ਹੈ। ਇਸ ਮਾਧਿਅਮ ਰਾਹੀਂ ਅਸੀਂ ਸੰਗਤ ਨਾਲ ਸੰਵਾਦ ਰਚਾਉਣਾ ਹੈ। ਸੰਵਾਦ ਜੋ ਸਾਨੂੰ ਬਾਬੇ ਨਾਨਕ ਦੀ ਵਿਰਾਸਤ 'ਚੋਂ ਮਿਲਿਆ ਹੈ ਅਤੇ ਸਮੇਂ ਦਾ ਸੱਚ, ਸਮੇਂ ਦੇ ਨਾਲ ਹੀ ਬੋਲਿਆ ਜਾਣਾ ਚਾਹੀਦਾ ਹੈ।

**ਪੰਜਾਬ ਦੇ ਚੋਟੀ ਦੇ ਵਿਗਿਆਨੀ ਰੁਚੀ ਰਾਮ ਸਾਹਨੀ ਨੇ 1886 ਦੇ ਨੇੜੇ 'ਪੰਜਾਬ ਵਿਗਿਆਨ ਸੰਸਥਾ' ਬਣਾਈ ਜਿਸਦਾ ਮੰਤਵ ਵਿਗਿਆਨ ਨੂੰ ਆਮ ਲੋਕਾਂ ਤੱਕ ਮੁਕਾਮੀ (ਲੋਕਲ) ਬੋਲੀ 'ਚ ਪੁਚਾਉਣਾ ਸੀ। ਉਹ ਲਾਲਟੈਣ ਦੇ ਪ੍ਰੋਜੈਕਟਰ ਰਾਹੀਂ ਸਲਾਈਡ-ਸ਼ੋਅ ਦਿਖਾ ਕੇ ਪੰਜਾਬੀਆਂ ਦੀ ਸਿਨੇਮੇ ਨਾਲ ਪਹਿਲੀ ਸਾਂਝ ਪਵਾਉਂਦਾ ਹੈ। ਉਹ ਬਾਇਨੋਕੂਲਰਸ ਦੀ ਫੋਟੋ ਪੇਂਡੂਆਂ ਨੂੰ ਦਿਖਾ ਕੇ ਪੰਜਾਬੀ 'ਚ ਨਾਮ ਰੱਖਣ ਲਈ ਕਹਿੰਦਾ। ਫਿਰ ਪੰਜਾਬੀ ਨੂੰ 'ਦੂਰਬੀਨ' ਸ਼ਬਦ ਮਿਲਿਆ। ਰੁਚੀ ਰਾਮ ਸਾਹਨੀ ਨੇ ਸੱਚੀ ਜਮਹੂਰੀਅਤ ਦਾ ਸੁਪਨਾ ਦੇਖਿਆ। ਆਜ਼ਾਦੀ ਦਾ ਮਤਲਬ ਮਹਿਜ਼ ਰਾਜ ਪਲਟਾ ਨਹੀਂ ਹੈ ਸਗੋਂ ਵਿਗਿਆਨ ਤੋਂ ਲੈ ਕੇ ਲੋਕ-ਹਿੱਤ ਦੀ ਹਰ ਚੀਜ਼ ਅਵਾਮ ਤੱਕ ਪਹੁੰਚਣ ਤੋਂ ਹੈ। ਇਸੇ ਪਹੁੰਚ ਨੇ ਤੈਅ ਕਰਨਾ ਸੀ ਕਿ ਆਜ਼ਾਦੀ ਤੋਂ ਬਾਅਦ ਕਿਸ ਤਰ੍ਹਾਂ ਦਾ ਮਨੁੱਖ ਸਿਰਜਿਆ ਜਾਣਾ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀ ਪੁਰਾਣੇ ਕ੍ਰਾਂਤੀਕਾਰੀਆਂ ਦੀਆਂ ਫੋਟੋਆਂ ਦਾ ਸਲਾਈਡ-ਸ਼ੋਅ ਲੋਕਾਂ ਨੂੰ ਦਿਖਾਉਂਦੇ ਅਤੇ ਭਾਸ਼ਣ ਦਿੰਦੇ ਸਨ। ਰੁਚੀ ਰਾਮ ਸਾਹਨੀ ਜਿਹਾ ਵਿਗਿਆਨੀ ਅਤੇ ਭਗਤ ਸਿੰਘ ਵਰਗਾ ਇਨਕਲਾਬੀ ਪੰਜਾਬ ਦੀ ਪ੍ਰਾਪਤੀ ਹਨ।**

# ਨਿੱਜੀਕਰਨ, ਅਫ਼ਸਰਸ਼ਾਹੀ ਅਤੇ ਗ਼ੈਰ-ਸਰਕਾਰੀ ਨੌਕਰੀਆਂ

**ਸਵਾਲ ਸੰਵਾਦ**



ਦਲਜੀਤ ਅਮੀ
ਮੋ: 97811-21873

**ਪੰਜਾਬ ਦੇ ਮੌਜੂਦਾ ਮੁੱਖ ਸਕੱਤਰ ਡੀ.ਐਸ. ਗੁਰੂ ਅਤੇ ਪੁਲੀਸ ਮੁਖੀ ਪੀ.ਐਸ. ਗਿੱਲ ਨੂੰ ਵਿਧਾਨ ਸਭਾ ਚੋਣਾਂ ਵਿਚ ਹੁਕਮਰਾਨ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਨੇ ਟਰਾਈਡੈਂਟ ਅਤੇ ਅਭਿਸ਼ੇਕ ਗਰੁੱਪ ਦੇ ਚੇਅਰਮੈਨ ਰਾਜਿੰਦਰ ਗੁਪਤਾ ਨੂੰ ਪੰਜਾਬ ਰਾਜ ਯੋਜਨਾ ਬੋਰਡ ਦਾ ਡਿਪਟੀ ਚੇਅਰਮੈਨ ਬਣਾਇਆ ਹੈ। ਟਰਾਈਡੈਂਟ ਨੇ ਬਰਨਾਲਾ ਜ਼ਿਲ੍ਹੇ ਵਿਚ ਤਿੰਨ ਪਿੰਡਾਂ ਦੀ ਜ਼ਮੀਨ ਗੰਨਾ ਮਿੱਲ ਲਗਾਉਣ ਲਈ ਸਰਕਾਰ ਰਾਹੀਂ ਖਰੀਦੀ ਸੀ। ਕਿਸਾਨਾਂ ਨੇ ਵਿਰੋਧ ਦੇ ਬਾਵਜੂਦ ਇਹ ਜ਼ਮੀਨ ਜਬਰੀ ਖਰੀਦੀ ਗਈ ਪਰ ਬਾਅਦ ਵਿਚ ਟਰਾਈਡੈਂਟ ਨੇ ਗੰਨਾ ਮਿੱਲ ਲਗਾਉਣ ਦਾ ਇਰਾਦਾ ਤਿਆਗ ਦਿੱਤਾ। ਇਹ ਗੰਨਾ ਮਿੱਲ ਮੱਧ ਪ੍ਰਦੇਸ਼ ਵਿਚ ਲੱਗ ਰਹੀ ਹੈ।**

ਅਫ਼ਸਰਸ਼ਾਹੀ ਨੂੰ ਮੌਜੂਦਾ ਰਾਜ ਪ੍ਰਬੰਧ ਦਾ ਧੁਰਾ ਮੰਨਿਆ ਜਾਂਦਾ ਹੈ। ਇਸ ਕਾਰਨ ਇਨ੍ਹਾਂ ਦੋਵਾਂ ਦਾ ਇਕ-ਦੂਜੇ ਉੱਤੇ ਅਸਰਅੰਦਾਜ਼ ਹੋਣਾ ਤੈਅ ਹੈ। ਪਿਛਲੇ ਦਿਨੀਂ ਇਹ ਵਿਸ਼ਾ ਚਰਚਾ ਦਾ ਮੁੱਦਾ ਬਣਿਆ ਹੈ ਕਿ ਸੇਵਾਮੁਕਤ ਹੋ ਰਹੀ ਜਾਂ ਉਮਰ ਤੋਂ ਪਹਿਲਾਂ ਸੇਵਾਮੁਕਤੀ ਦੀ ਮੰਗ ਕਰ ਰਹੀ ਅਫ਼ਸਰਸ਼ਾਹੀ ਉੱਤੇ ਨੌਕਰੀ ਕਰਨ 'ਤੇ ਪਾਬੰਦੀ ਲਗਾਈ ਜਾਵੇ ਜੋ ਤਿੰਨ ਸਾਲ ਲਾਗੂ ਰਹੇ। ਇਸ ਵੇਲੇ ਇਹ ਪਾਬੰਦੀ ਇਕ ਸਾਲ ਦੀ ਹੈ। ਅਫ਼ਸਰਸ਼ਾਹੀ ਨੂੰ ਦਰਖ਼ਾਸਤ ਰਾਹੀਂ ਇਸ ਪਾਬੰਦੀ ਕਾਲ ਤੋਂ ਛੋਟ ਮਿਲ ਜਾਂਦੀ ਹੈ। ਇਸ ਵੇਲੇ ਅਜਿਹੀ ਛੋਟ ਲਈ ਕੇਂਦਰੀ ਅਮਲਾ ਅਤੇ ਸਿਖਲਾਈ ਮਹਿਕਮੇ ਵਿਚ ਰੋਜ਼ਾਨਾ ਤਕਰੀਬਨ ਇਕ ਦਰਜਨ ਅਰਜ਼ੀਆਂ ਪਹੁੰਚਦੀਆਂ ਹਨ। ਅਮਲਾ ਅਤੇ ਸਿਖਲਾਈ ਮਹਿਕਮੇ ਦੇ ਕੇਂਦਰੀ ਰਾਜ ਮੰਤਰੀ ਵੀ. ਨਾਰਾਇਣਮੂਰਤੀ ਨੇ ਇਸ ਤਜਵੀਜ਼ ਦੀ ਤੇਜ਼ੀ ਨਾਲ ਪੈਰਵੀ ਲਈ ਚਿੱਠੀ ਲਿਖੀ ਹੈ।


ਰੁਜ਼ਗਾਰ ਮਨੁੱਖ ਦੀ ਬੁਨਿਆਦੀ ਲੋੜ ਹੈ। ਸਰਕਾਰ ਰੁਜ਼ਗਾਰ ਉੱਤੇ ਪਾਬੰਦੀ ਕਿਵੇਂ ਲਗਾ ਸਕਦੀ ਹੈ? ਜੇ ਕੋਈ ਮੁਲਾਜ਼ਮ ਸਰਕਾਰੀ ਨੌਕਰੀ ਕਰ ਚੁੱਕਿਆ ਹੈ ਤਾਂ ਉਹ ਹੋਰ ਨੌਕਰੀ ਕਿਉਂ ਨਹੀਂ ਕਰ ਸਕਦਾ? ਜਮਹੂਰੀ, ਮਨੁੱਖੀ ਅਤੇ ਸ਼ਹਿਰੀ ਹਕੂਕ ਦੇ ਹਵਾਲੇ ਨਾਲ ਇਹ ਸਵਾਲ ਪੁੱਛੇ ਜਾ ਸਕਦੇ ਹਨ। ਅਫ਼ਸਰਸ਼ਾਹੀ ਮੌਜੂਦਾ ਕਾਨੂੰਨ ਤੇ ਰਾਜ ਪ੍ਰਬੰਧ ਦੀਆਂ ਬਾਰੀਕੀਆਂ ਅਤੇ ਚੋਰਮੋਰੀਆਂ ਤੋਂ ਜਾਣੂ ਹੈ। ਜੇ ਇਹ ਮਸਲਾ ਜਮਹੂਰੀ, ਮਨੁੱਖੀ ਜਾਂ ਸ਼ਹਿਰੀ ਹਕੂਕ ਨਾਲ ਜੁੜ ਸਕਦਾ ਹੁੰਦਾ ਤਾਂ ਇਸ ਤਬਕੇ ਨੇ ਝੰਡਾਬਰਦਾਰ ਬਣ ਜਾਣਾ ਸੀ। ਇਹ ਮਸਲਾ ਫਿਰ ਆਖ਼ਰਕਾਰ ਹੈ ਕੀ?

ਅਫ਼ਸਰਸ਼ਾਹੀ ਦਾ ਸਰਕਾਰੀ ਫ਼ੈਸਲਿਆਂ ਵਿਚ ਫ਼ੈਸਲਾਕੁਨ ਹੱਥ ਰਹਿੰਦਾ ਹੈ। ਸਰਕਾਰੀ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਵਿਚ ਅਫ਼ਸਰਸ਼ਾਹੀ ਦੀ ਅਹਿਮੀਅਤ ਨੂੰ ਕੋਈ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਸਰਕਾਰ ਜਾਂ ਮੰਤਰੀਆਂ ਦੇ ਬਦਲ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਅਫ਼ਸਰਸ਼ਾਹੀ ਦੀ ਵੱਧ ਤੋਂ ਵੱਧ ਬਦਲੀ ਹੋ ਸਕਦੀ ਹੈ। ਸਿਆਸਤਦਾਨ ਕਿਸੇ ਹਾਲਤ ਵਿਚ ਘੱਟ ਅਸਰਦਾਰ ਹੋ ਸਕਦੇ ਹਨ ਪਰ ਅਫ਼ਸਰਸ਼ਾਹੀ ਦਾ ਅਸਰ ਹਰ ਹਾਲਾਤ ਵਿਚ ਕਾਇਮ ਰਹਿੰਦਾ ਹੈ। ਅਫ਼ਸਰ ਅਫ਼ਸਰਾਂ ਦਾ ਖਿਆਲ ਰੱਖਦਾ ਹਨ। ਅਫ਼ਸਰਸ਼ਾਹੀ ਦਾ ਭਾਈਚਾਰਾ ਸਮੁੱਚੇ ਤਬਕੇ ਦੀ ਅਸਰਅੰਦਾਜ਼ੀ ਕਾਇਮ ਰੱਖਦਾ ਹੈ। ਇਨ੍ਹਾਂ ਹਾਲਾਤ ਵਿਚ ਸਰਕਾਰੀ ਨੀਤੀਆਂ ਜਾਂ ਇਨ੍ਹਾਂ ਦੇ ਲਾਗੂ ਹੋਣ ਵਿਚ ਦਿਲਚਸਪੀ ਰੱਖਣ ਵਾਲਾ ਹਰ ਤਬਕਾ ਅਫ਼ਸਰਸ਼ਾਹੀ ਨਾਲ ਬਣਾ ਕੇ ਰੱਖਣ ਨੂੰ ਤਰਜੀਹ ਦਿੰਦਾ ਹੈ। ਸਰਕਾਰੀ ਰਿਆਇਤਾਂ, ਪ੍ਰਵਾਨਗੀਆਂ, ਛੋਟਾਂ, ਸਨਮਾਨਾਂ ਅਤੇ ਮਿਹਰਬਾਨੀਆਂ ਦੇ ਗੱਫ਼ੇ ਅਫ਼ਸਰਸ਼ਾਹੀ ਰਾਹੀਂ ਵਰਤਦੇ ਹਨ। ਇਨ੍ਹਾਂ ਦੇ ਹਵਾਲੇ ਨਾਲ ਹੀ ਭ੍ਰਿਸ਼ਟਾਚਾਰ, ਮੁਨਾਫ਼ਾਖੋਰੀ, ਨਾਪਾਕ ਗੱਠਜੋੜਾਂ ਅਤੇ ਲੋਕ ਕਲਿਆਣ ਦੀ ਬੇਪ੍ਰਤੀਤੀ ਦਾ ਤਾਣਾ-ਬਾਣਾ ਉਸਰਦਾ ਹੈ।

ਸਰਕਾਰੀ ਨੀਤੀਆਂ, ਰਿਆਇਤਾਂ, ਪ੍ਰਵਾਨਗੀਆਂ, ਛੋਟਾਂ, ਸਨਮਾਨਾਂ ਅਤੇ ਮਿਹਰਬਾਨੀਆਂ ਦੀ ਝਾਕ ਤਾਂ ਕੋਈ ਵੀ ਰੱਖ ਸਕਦਾ ਹੈ ਪਰ ਇਨ੍ਹਾਂ ਦੀ ਜਥੇਬੰਦਕ ਘੇਰਾਬੰਦੀ ਕਾਰੋਬਾਰੀਆਂ, ਸਨਅਤਕਾਰਾਂ ਅਤੇ ਗ਼ੈਰ-ਸਰਕਾਰੀ (ਸਮਾਜ ਸੇਵੀ) ਜਥੇਬੰਦੀਆਂ ਕਰਦੀਆਂ ਹਨ। ਜ਼ਿਆਦਾਤਰ ਅਫ਼ਸਰਸ਼ਾਹੀ ਸਰਾਕਰੀ ਨੌਕਰੀਆਂ ਤੋਂ ਬਾਅਦ ਗ਼ੈਰ-ਸਰਕਾਰੀ ਜਥੇਬੰਦੀਆਂ, ਸਨਅਤ ਅਤੇ ਕਾਰੋਬਾਰ ਨਾਲ ਸਲਾਹਕਾਰ ਜਾਂ ਹਿਦਾਇਤਕਾਰ ਵਜੋਂ ਜੁੜਦੇ ਹਨ। ਸਵਾਲ ਇਹ ਹੈ ਕਿ ਕੀ ਇਨ੍ਹਾਂ ਅਹੁਦਿਆਂ ਲਈ ਅਫ਼ਸਰਸ਼ਾਹੀ ਦੀ ਯੋਗਤਾ ਜ਼ਿਆਦਾ ਹੁੰਦੀ ਹੈ ਜਾਂ ਇਸ ਦੇ ਕਾਰਨ ਹੋਰ ਹਨ?

ਵੀ. ਨਾਰਾਇਣਮੂਰਤੀ ਦੀ ਕਾਰਵਾਈ ਦਾ ਫੌਰੀ ਸਬੱਬ ਭਾਰਤੀ ਮਾਲ ਸੇਵਾਵਾਂ (ਇੰਡੀਅਨ ਰੈਵੀਨਿਊ ਸਰਵਿਸ) ਦਾ ਕੋਈ ਸਾਬਕਾ ਅਫ਼ਸਰ ਬਣਿਆ ਹੈ। ਇਸ ਅਫ਼ਸਰ ਨੇ ਨੌਕਰੀ ਤੋਂ ਬਾਅਦ ਛੇ ਮਹੀਨੇ ਦੇ ਅੰਦਰ ਹੀ ਪਾਬੰਦੀ ਕਾਲ ਤੋਂ ਛੋਟ ਦੀ ਮੰਗ ਕੀਤੀ ਸੀ ਕਿਉਂਕਿ ਉਸ ਨੂੰ ਸਨਅਤੀ ਘਰਾਣਿਆਂ ਵੱਲੋਂ ਇਕ ਕਰੋੜ ਰੁਪਏ ਮਹੀਨਾ ਦੀ ਨੌਕਰੀ ਦੀ ਪੇਸ਼ਕਸ਼ ਮਿਲੀ ਸੀ। ਤਨਖ਼ਾਹ ਤੋਂ ਇਲਾਵਾ ਹੋਰ ਭੱਤੇ ਸਨ। ਇਹ ਅਰਜ਼ੀ ਰੱਦ ਕਰ ਦਿੱਤੀ ਗਈ। ਇਸ ਅਰਜ਼ੀ ਦੇ ਨਾਲ ਇਕ ਹੋਰ ਸਾਬਕਾ ਅਫ਼ਸਰ ਦੀ ਅਰਜੀ ਰੱਦ ਕੀਤੀ ਗਈ ਜੋ ਸ਼ਹਿਰੀ ਵਿਕਾਸ ਮੰਤਰਲੇ ਤੋਂ ਚਾਰ ਮਹੀਨੇ ਪਹਿਲਾਂ ਸੇਵਾਮੁਕਤ ਹੋਇਆ ਸੀ। ਉਸ ਨੂੰ ਕਿਸੇ ਇਮਾਰਤਸਾਜ਼ ਕੰਪਨੀ ਨੇ ਨੌਕਰੀ ਦੀ ਪੇਸ਼ਕਸ਼ ਕੀਤੀ ਸੀ। ਇਹ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਨੌਕਰੀ ਵੇਲੇ ਇਨ੍ਹਾਂ ਅਧਿਕਾਰੀਆਂ ਨੇ ਹੁਣ ਨੌਕਰੀਆਂ ਦੀ ਪੇਸ਼ਕਸ਼ ਕਰਨ ਵਾਲੀਆਂ ਇਕਾਈਆਂ ਬਾਬਤ ਕੋਈ ਫ਼ੈਸਲੇ ਕੀਤੇ ਸਨ?

ਪਿਛਲੇ ਸਮੇਂ ਦੌਰਾਨ ਬੇਪਰਦ ਹੋਏ ਘਪਲਿਆਂ ਵਿਚ ਵੀ ਸਾਬਕਾ ਸਰਕਾਰੀ ਅਫ਼ਸਰਾਂ ਦੇ ਨਾਮ ਬੋਲਦੇ ਹਨ। ਟੈਲੀਫੋਨ ਰੈਗੂਲੇਟਰੀ ਆਫ਼ ਇੰਡੀਆ (ਟਰਾਈ) ਦੇ ਸਾਬਕਾ ਚੇਅਰਮੈਨ ਪ੍ਰਦੀਪ ਬੈਜਲ 2-ਜੀ ਦੂਰ-ਸੰਚਾਰ ਘਪਲੇ ਦੇ ਮੁਲਜ਼ਮਾਂ ਵਿਚ ਸ਼ੁਮਾਰ ਹਨ। ਉਹ ਸਰਕਾਰੀ ਨੌਕਰੀ ਤੋਂ ਬਾਅਦ ਨੀਰਾ ਰਾਡੀਆ ਦੀ ਲੋਕ ਸੰਪਰਕ ਕੰਪਨੀ 'ਵੈਸ਼ਨਵੀ ਕਾਰਪੋਰੇਟ ਕਮਿਊਨੀਕੇਸ਼ਨ' ਨਾਲ ਸਲਾਹਕਾਰ ਵਜੋਂ ਜੁੜੇ ਹੋਏ ਸਨ। ਇਸੇ ਤਰ੍ਹਾਂ ਪੁਲਾੜ ਸਪੈਕਟ੍ਰਮ ਘਪਲੇ ਵਿਚ ਮੁਲਜ਼ਮ ਵਜੋਂ ਇੰਡੀਅਨ ਸਪੇਸ ਰੀਸਰਚ ਆਰਗੇਨਾਈਜ਼ੇਸ਼ਨ (ਇਸਰੋ) ਦੇ ਸਾਬਕਾ ਮੁਲਾਜ਼ਮ ਸ਼ਾਮਿਲ ਹਨ। ਦੇਵਾਸ ਮਲਟੀਮੀਡੀਆ ਪ੍ਰਾਈਵੇਟ ਲਿਮੀਟਿਡ ਨਾਲ 'ਇਸਰੋ' ਦੀ ਵਿੱਤੀ ਇਕਾਈ 'ਅੰਤਰਿਕਸ਼' ਦਾ ਸਮਝੌਤਾ ਹੋਇਆ ਸੀ। ਇਸ ਸਮਝੌਤੇ ਤਹਿਤ 2004 ਦੌਰਾਨ ਇਸਰੋ ਦੇ ਸਾਬਕਾ ਮੁਲਾਜ਼ਮਾਂ ਵੱਲੋਂ ਬਣਾਈ ਕੰਪਨੀ ਨੂੰ ਨਿਗੂਣੀਆਂ ਕੀਮਤਾਂ ਉੱਤੇ ਠੇਕੇ ਮਿਲੇ ਸਨ। ਇਸ ਕੰਪਨੀ ਵਿਚ ਵਿਦੇਸ਼ੀ ਕੰਪਨੀਆਂ ਨੇ ਨਿਵੇਸ਼ ਕੀਤਾ ਸੀ। ਇਹ ਉਹ ਮਿਸਾਲਾਂ ਹਨ ਜੋ ਬਹੁਤ ਹੀ ਉਘੜ ਕੇ ਸਾਹਮਣੇ ਆਈਆਂ ਹਨ ਪਰ ਅਹਿਮ ਪੱਖ ਇਸ ਮਸਲੇ ਨੂੰ ਰੁਝਾਨ ਵਜੋਂ ਸਮਝਣਾ ਹੈ।



ਡੀ ਐਸ ਗੁਰੂ



ਪੀ ਐਸ ਗਿੱਲ



ਰਜਿੰਦਰ ਗੁਪਤਾ

ਅਫ਼ਸਰਸ਼ਾਹੀ ਬਾਬਤ ਦਲੀਲ ਇਹ ਹੈ ਕਿ ਸਰਕਾਰੀ ਅਹੁਦਿਆਂ ਤੋਂ ਇਹ ਆਪਣੇ ਪਸੰਦੀਦਾ ਸਨਅਤਕਾਰਾਂ, ਕਾਰੋਬਾਰੀਆਂ ਅਤੇ ਗ਼ੈਰ-ਸਰਕਾਰੀ ਜਥੇਬੰਦੀਆਂ ਦਾ ਪੱਖ ਪੂਰਦੇ ਹਨ। ਬਦਲੇ ਵਿਚ ਇਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਵੱਡੀਆਂ ਤਨਖ਼ਾਹਾਂ ਵਾਲੀਆਂ ਨੌਕਰੀਆਂ ਨਾਲ ਨਵਾਜਿਆ ਜਾਂਦਾ ਹੈ ਅਤੇ ਇਨ੍ਹਾਂ ਦੇ ਅਸਰ-ਰਸੂਖ਼ ਅਤੇ ਰੁਤਬੇ ਦਾ ਫਾਇਦਾ ਲਿਆ ਜਾਂਦਾ ਹੈ। ਇਹ ਤਾਂ ਆਮ ਮੰਨਿਆ ਜਾਂਦਾ ਹੈ ਕਿ ਅਫ਼ਸਰਸ਼ਾਹੀ ਦੀਆਂ ਤਰੱਕੀਆਂ, ਬਦਲੀਆਂ ਅਤੇ ਨਿਯੁਕਤੀਆਂ ਉੱਤੇ ਸਨਅਤ, ਕਾਰੋਬਾਰ ਅਤੇ ਗ਼ੈਰ-ਸਰਕਾਰੀ ਜਥੇਬੰਦੀਆਂ ਅਸਰਅੰਦਾਜ਼ ਹੁੰਦੀਆਂ ਹਨ। ਇਸ ਤਰ੍ਹਾਂ ਇਹ ਗੱਠਜੋੜ ਇਕ-ਦੂਜੇ ਦਾ ਪੱਖ ਪੂਰਦਾ ਹੈ ਅਤੇ ਸਰਕਾਰੀ ਨੀਤੀਆਂ ਦਾ ਮੁਹਾਣ ਬਦਲਦਾ ਹੈ। ਪੂਰੀ ਦੁਨੀਆਂ ਵਿਚ ਨਿੱਜੀਕਰਨ ਦਾ ਰੁਝਾਨ ਇਸੇ ਗੱਠਜੋੜ ਨਾਲ ਲਾਗੂ ਕੀਤਾ ਗਿਆ ਹੈ। ਇਸ ਗੱਠਜੋੜ ਦਾ ਪ੍ਰਭਾਵ ਖੇਤਰ ਅਤੇ ਮੁਨਾਫ਼ਾ ਨਿੱਜੀਕਰਨ ਨਾਲ ਜੁੜਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਅਦਾਰਿਆਂ ਨੂੰ ਨਿਕੰਮੇ ਸਾਬਤ ਕਰਨ ਅਤੇ ਨਿੱਜੀ ਇਕਾਈਆਂ ਨੂੰ ਤਰਜੀਹ ਦੇਣ ਲਈ ਹਰ ਹਰਬਾ ਵਰਤਿਆ ਜਾਂਦਾ ਹੈ। ਜਿਹੜੀ ਅਫ਼ਸਰਸ਼ਾਹੀ ਨੂੰ ਨਿੱਜੀ ਕਾਰੋਬਾਰ ਯੋਗ ਸਮਝਦੇ ਹਨ, ਉਹ ਸਰਕਾਰੀ ਅਦਾਰੇ ਚਲਾਉਣ ਵੇਲੇ ਨਾਕਾਮਯਾਬ ਕਿਵੇਂ ਹੋ ਜਾਂਦੀ ਹੈ? ਇਸ ਰੁਝਾਨ ਦੀ ਕੌਮਾਂਤਰੀ ਤੰਦਾਂ ਸਮਝਣ ਲਈ ਜੇਮਸ ਪਿਤਰਾਸ ਨੇ ਲਾਤੀਨੀ ਅਮਰੀਕਾ ਦਾ ਅਧਿਐਨ ਕੀਤਾ ਹੈ।

ਕੌਮਾਂਤਰੀ ਵਿੱਤੀ ਅਦਾਰੇ ਅਤੇ ਸੰਯੁਕਤ ਰਾਸ਼ਟਰ ਦੀਆਂ ਨੀਤੀਆਂ ਲਾਗੂ ਕਰਨ ਲਈ ਇਹੋ ਤਰੀਕਾ ਅਖ਼ਤਿਆਰ ਕੀਤਾ ਜਾਂਦਾ ਹੈ। ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਸਲਾਹਕਾਰਾਂ ਵਿਚ ਭਾਰਤ ਦੇ ਸੂਬਾਈ ਅਤੇ ਕੇਂਦਰੀ ਮਹਿਕਮਿਆਂ ਦੇ ਸਾਬਕਾ ਮੁਲਾਜ਼ਮਾਂ ਦੀ ਭਰਮਾਰ ਹੈ। ਇਸੇ ਤਰ੍ਹਾਂ ਯੂਨੀਵਰਸਿਟੀਆਂ ਦੀ ਖੋਜ ਦਾ ਮੁਹਾਣ ਇਨ੍ਹਾਂ ਕੌਮਾਂਤਰੀ ਅਦਾਰਿਆਂ ਦੇ ਵਜ਼ੀਫ਼ਿਆਂ ਨਾਲ ਜੁੜਿਆ ਹੋਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਖੋਜ ਦਾ ਜ਼ਿਆਦਾਤਰ ਕੰਮ ਮੌਨਸੈਂਟੋ, ਕਾਰਗਿੱਲ ਅਤੇ ਸਿਨਜੈਂਟਾ ਵਰਗੀਆਂ ਬਹੁ-ਕੌਮੀ ਕੰਪਨੀਆਂ ਨਾਲ ਚੱਲ ਰਿਹਾ ਹੈ। ਸਮੁੱਚੀ ਖੇਤੀ ਦਾ ਰੁਝਾਨ ਅਮਰੀਕਾ ਮੁਖੀ ਕੰਮ ਕਰਨ ਲਈ 'ਇੰਡੋ-ਯੂ.ਐਸ. ਨੌਲੇਜ ਇਨੀਸ਼ੀਏਟਿਵ ਇਨ ਐਗਰੀਕਲਚਰ' ਵਰਗੀਆਂ ਗ਼ੈਰ-ਸਰਕਾਰੀ ਜਥੇਬੰਦੀਆਂ ਸ਼ਾਮਿਲ ਹਨ। ਇਸ ਯੂਨੀਵਰਸਿਟੀ ਦੇ ਬਹੁਤ ਸਾਰੇ ਸਾਬਕਾ ਵਿਗਿਆਨੀ ਖੇਤੀ ਨਾਲ ਜੁੜੀਆਂ ਬਹੁ-ਕੌਮੀ ਕੰਪਨੀਆਂ ਵਿਚ ਕੰਮ ਕਰਦੇ ਹਨ। ਜਿਹੜਾ ਕੰਮ ਹਰੇ ਇਨਕਲਾਬ ਵੇਲੇ ਰੌਕਫਿਲਰ ਅਤੇ ਫੋਰਡ ਨੇ ਮੋਹਰੀ ਹੋ ਕੇ ਕੀਤਾ ਸੀ, ਉਹ ਮੌਜੂਦਾ ਦੌਰ ਵਿਚ ਮੌਨਸੈਂਟੋ, ਕਾਰਗਿੱਲ ਅਤੇ ਸਿਨਜੈਂਟਾ ਕਰ ਰਹੀਆਂ ਹਨ। ਰੌਕਫਿਲਰ ਇਸ ਵੇਲੇ 'ਯੂ.ਐਸ. ਨੌਲੇਜ ਇਨੀਸ਼ੀਏਟਵ ਇਨ ਐਗਰੀਕਲਚਰ' ਨੂੰ ਪੈਸੇ ਦੇਣ ਵਾਲੀਆਂ ਕੰਪਨੀਆਂ ਵਿਚ ਸ਼ੁਮਾਰ ਹੈ।

ਹਰ ਮੁਲਕ ਦੇ ਨੀਤੀ ਘਾੜਿਆਂ ਦੇ ਆਲਮੀ ਵਿੱਤੀ ਅਦਾਰਿਆਂ ਨਾਲ ਸਬੰਧਾਂ ਦਾ ਅਸਰ ਨੀਤੀਆਂ ਉੱਤੇ ਹੋ ਰਿਹਾ ਹੈ। ਵਰਲਡ ਬੈਂਕ ਦੇ ਸਾਬਕਾ ਮੁਲਾਜ਼ਮ ਡਾ. ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਹਨ ਜੋ ਨਿੱਜੀਕਰਨ ਦੀਆਂ ਨੀਤੀਆਂ ਦੇ ਝੰਡਾਬਰਦਾਰ ਹਨ। ਉਹ ਇੰਗਲੈਂਡ ਵਿਚ ਜਾ ਕੇ ਉਨ੍ਹਾਂ ਦੇ ਭਾਰਤ ਉੱਤੇ ਸਾਮਰਾਜੀ ਕਬਜ਼ੇ ਦੀਆਂ ਦੇਣਾਂ ਲਈ ਸ਼ੁਕਰਗੁਜ਼ਾਰ ਹੁੰਦੇ ਹਨ ਅਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਭਾਰਤ ਦੇ ਪਿਆਰ ਦਾ ਵਾਸਤਾ ਪਾਉਂਦੇ ਹਨ। ਭਾਰਤ ਦੇ ਗ੍ਰਿਹ ਮੰਤਰੀ ਪੀ.ਚਿੰਦਬਰਮ ਕਿਸੇ ਵੇਲੇ ਐਨਰਾਨ ਦੇ ਵਕੀਲ ਅਤੇ ਵੇਦਾਂਤਾ ਦੇ ਬੋਰਡ ਆਫ਼ ਡਾਇਰੈਕਟਰ ਵਿਚ ਸ਼ਾਮਲ ਰਹੇ ਹਨ। ਐਨਰਾਨ ਨੇ ਮਹਾਂਰਾਸ਼ਟਰ ਵਿਚ ਬਿਜਲੀ ਦਾ ਨਿੱਜੀ ਕਾਰਖ਼ਾਨਾ ਲਗਾਇਆ ਸੀ ਅਤੇ ਬਾਅਦ ਵਿਚ ਭ੍ਰਿਸ਼ਟਾਚਾਰ ਤੇ ਗਬਨ ਦੇ ਮਾਮਲੇ ਸਾਹਮਣੇ ਆਏ ਸਨ। ਐਨਰਾਨ ਦਾ ਭਾਵੇਂ ਦਿਵਾਲਾ ਨਿਕਲ ਗਿਆ ਸੀ ਪਰ ਇਸ ਨਾਲ ਭਾਰਤ ਦੀ ਵਿਦੇਸ਼ੀ ਨਿਵੇਸ਼ ਦੀ ਨੀਤੀ ਤਬਦੀਲ ਹੋਈ ਸੀ। ਵੇਦਾਂਤਾ, ਖਾਨਾਂ ਦੇ ਕਾਰੋਬਾਰ ਵਿਚ ਬਰਤਾਨੀਆ ਦੀ ਬਹੁ-ਕੌਮੀ ਕੰਪਨੀ ਹੈ। ਇਸ ਕੰਪਨੀ ਦੇ ਭਾਰਤ ਵਿਚ ਖਣਿਜ ਭਰਪੂਰ ਇਲਾਕਿਆਂ ਵਿਚ ਵੱਡੇ ਠੇਕੇ ਮੰਨੇ ਜਾਂਦੇ ਹਨ। ਉਨ੍ਹਾਂ ਹੀ ਇਲਾਕਿਆਂ ਵਿਚ ਮਾਓਵਾਦੀਆਂ ਖ਼ਿਲਾਫ਼ ਕੇਂਦਰ ਸਰਕਾਰ 'ਅਪਰੇਸ਼ਨ ਗ੍ਰੀਨ ਹੰਟ' ਨਾਂ ਦੀ ਹਥਿਆਰਬੰਦ ਮੁਹਿੰਮ ਚਲਾ ਰਹੀ ਹੈ। ਇਸ ਮੁਹਿੰਮ ਦੇ ਸਭ ਤੋਂ ਵੱਡੇ ਅਲੰਬਰਦਾਰ ਪੀ. ਚਿੰਦਬਰਮ ਹਨ। ਅਫ਼ਸਰਸ਼ਾਹੀ ਵਾਲੀ ਦਲੀਲ ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਦੇ ਮਾਮਲਿਆਂ ਵਿਚ ਕਿਉਂ ਲਾਗੂ ਨਹੀਂ ਹੁੰਦੀ? ਯੋਜਨਾ ਕਮਿਸ਼ਨ ਦੇ ਨਾਮਜ਼ਦ ਮੈਂਬਰਾਂ ਨੂੰ ਇਸ ਦਲੀਲ ਦੇ ਘੇਰੇ ਤੋਂ ਬਾਹਰ ਕਿਵੇਂ ਰੱਖਿਆ ਜਾ ਸਕਦਾ ਹੈ?

ਇਸ ਸਮੁੱਚੀ ਚਰਚਾ ਦੀ ਸਿਧਾਂਤਕ ਚੂਲ ਇਹ ਦਲੀਲ ਹੈ ਕਿ ਕੋਈ ਜਣਾ ਦੋ ਅਜਿਹੇ ਅਦਾਰਿਆਂ ਦਾ ਨੁਮਾਇੰਦਾ ਨਹੀਂ ਹੋ ਸਕਦਾ ਜਿਨ੍ਹਾਂ ਦੇ ਹਿੱਤ ਟਕਰਾਉਂਦੇ ਹੋਣ ਜਾਂ ਜਿਸ ਦੀ ਅਹੁਦੇਦਾਰੀ ਨਾਲ ਨਿੱਜੀ ਹਿੱਤ ਅਸਰਅੰਦਾਜ਼ ਹੁੰਦੇ ਹੋਣ। ਮਿਸਾਲ ਵਜੋਂ ਚੋਣਕਾਰਾਂ ਸਾਹਮਣੇ ਰਿਸ਼ਤੇਦਾਰ ਉਮੀਦਵਾਰ ਦਾਅਵੇਦਾਰੀ ਨਹੀਂ ਪੇਸ਼ ਕਰ ਸਕਦਾ। ਵਕੀਲ ਆਪਣੇ ਰਿਸ਼ਤੇਦਾਰ ਦੀ ਅਦਾਲਤ ਵਿਚ ਵਕਾਲਤ ਨਹੀਂ ਕਰ ਸਕਦਾ। ਸਰਕਾਰੀ ਡਾਕਟਰ ਆਪਣੇ ਘਰ ਵਿਚ ਡਾਕਟਰੀ ਨਹੀਂ ਕਰ ਸਕਦਾ। ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਟਿਊਸ਼ਨ ਨਹੀਂ ਪੜ੍ਹਾ ਸਕਦਾ। ਇਸ ਦਲੀਲ ਦਾ ਲੜ ਫੜ ਕੇ ਚੱਲਿਆ ਜਾਵੇ ਤਾਂ ਇਸ ਰੁਝਾਨ ਦੀਆਂ ਹੋਰ ਕੜੀਆਂ ਸਾਹਮਣੇ ਆਉਂਦੀਆਂ ਹਨ ਜੋ ਇਸ ਦੇ ਪੇਚੀਦਾ ਖਾਸੇ ਦੀ ਨੁਮਾਇੰਦਗੀ ਕਰਦੀਆਂ ਹਨ। ਇਸ ਮਾਮਲੇ ਵਿਚ ਸਿਰਫ਼ ਉਨ੍ਹਾਂ ਅਫ਼ਸਰ ਨੂੰ ਹੀ ਕਿਉਂ ਲਿਆਂਦਾ ਜਾਂਦਾ ਹੈ ਜੋ ਸੇਵਾਮੁਕਤੀ ਤੋਂ ਬਾਅਦ ਗ਼ੈਰ-ਸਰਕਾਰੀ ਨੌਕਰੀ ਲਈ ਪਾਬੰਦੀ ਕਾਲ ਵਿਚੋਂ ਛੋਟ ਦੀ ਮੰਗ ਕਰਦੇ ਹਨ। ਉਨ੍ਹਾਂ ਅਫ਼ਸਰਾਂ ਬਾਬਤ ਕੋਈ ਗੱਲ ਨਹੀਂ ਹੁੰਦੀ ਜੋ ਪਾਬੰਦੀ ਕਾਲ ਤੋਂ ਬਾਅਦ ਅਜਿਹੀਆਂ ਇਕਾਈਆਂ ਜਾਂ ਜਥੇਬੰਦੀਆਂ ਵਿਚ ਕੰਮ ਕਰਦੇ ਹਨ ਜਿਨ੍ਹਾਂ ਦਾ ਸਿੱਧਾ ਵਾਹ ਉਨ੍ਹਾਂ ਦੇ ਪੁਰਾਣੇ ਮਹਿਕਮਿਆਂ ਨਾਲ ਪੈਂਦਾ ਹੈ। ਇਸ ਤੋਂ ਜਿਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਸਰਕਾਰੀ ਨੌਕਰੀਆਂ ਜਾਂ ਨਾਮਜ਼ਦਗੀਆਂ ਦਿੱਤੀਆਂ ਜਾਂਦੀਆਂ ਹਨ। ਸੇਵਾਮੁਕਤੀ ਦੀ ਉਮਰ ਤੋਂ ਬਾਅਦ ਨੌਕਰੀ ਵਿਚ ਵਾਧਾ ਉਨ੍ਹਾਂ ਅਫ਼ਸਰਾਂ ਨੂੰ ਮਿਲਦਾ ਹੈ ਜੋ ਸਿਆਸਤਦਾਨਾਂ ਦੇ ਨੇੜੇ ਹਨ। ਸਿਆਸਤਦਾਨਾਂ ਦੇ ਹਿੱਤਾਂ ਦਾ ਖ਼ਾਸਾ ਵੀ ਤਾਂ ਸਨਅਤਕਾਰਾਂ ਦੇ ਕਾਰੋਬਾਰ ਨਾਲ ਮੇਲ ਖਾਂਦਾ ਹੈ। ਇਨ੍ਹਾਂ ਅਫ਼ਸਰਾਂ ਨੂੰ ਕਮਿਸ਼ਨਾਂ ਤੋਂ ਰਾਜ ਸਭਾ ਤੱਕ ਵਿਚ ਨਾਮਜ਼ਦ ਕੀਤਾ ਜਾਂਦਾ ਹੈ। ਗਵਰਨਰ ਤੋਂ ਮੰਤਰੀਆਂ ਤੱਕ ਦੇ ਅਹੁਦੇ ਦਿੱਤੇ ਜਾਂਦੇ ਹਨ। ਪੰਜਾਬ ਦੇ ਮੌਜੂਦਾ ਮੁੱਖ ਸਕੱਤਰ ਡੀ.ਐਸ. ਗੁਰੂ ਅਤੇ ਪੁਲੀਸ ਮੁਖੀ ਪੀ.ਐਸ. ਗਿੱਲ ਨੂੰ ਵਿਧਾਨ ਸਭਾ ਚੋਣਾਂ ਵਿਚ ਹੁਕਮਰਾਨ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ ਹੈ। ਇਸ ਸੰਭਾਵਨਾ ਤੋਂ ਅੰਦਾਜ਼ਾ ਲੱਗਦਾ ਹੈ ਕਿ ਆਪਣੀ ਮਰਜ਼ੀ ਦਾ ਪੁਲੀਸ ਮੁਖੀ ਲਗਾਉਣ ਦਾ ਸਰਕਾਰ ਨੂੰ ਕਿੰਨਾ ਫਾਇਦਾ ਹੁੰਦਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਪੀ.ਐਸ.ਗਿੱਲ ਦੇ ਬਿਆਨਾਂ ਦੀ ਇਕਸੁਰਤਾ ਦਾ ਸਿਆਸੀ ਖ਼ਾਸਾ ਇਸੇ ਤਰ੍ਹਾਂ ਉਘੜ ਕੇ ਸਾਹਮਣੇ ਆਉਂਦਾ ਹੈ। ਪੰਜਾਬ ਸਰਕਾਰ ਨੇ ਟਰਾਈਡੈਂਟ ਅਤੇ ਅਭਿਸ਼ੇਕ ਗਰੁੱਪ ਦੇ ਚੇਅਰਮੈਨ ਰਾਜਿੰਦਰ ਗੁਪਤਾ ਨੂੰ ਪੰਜਾਬ ਰਾਜ ਯੋਜਨਾ ਬੋਰਡ ਦਾ ਡਿਪਟੀ ਚੇਅਰਮੈਨ ਬਣਾਇਆ ਹੈ। ਟਰਾਈਡੈਂਟ ਨੇ ਬਰਨਾਲਾ ਜ਼ਿਲ੍ਹੇ ਵਿਚ ਤਿੰਨ ਪਿੰਡਾਂ ਦੀ ਜ਼ਮੀਨ ਗੰਨਾ ਮਿੱਲ ਲਗਾਉਣ ਲਈ ਸਰਕਾਰ ਰਾਹੀਂ ਖਰੀਦੀ ਸੀ। ਕਿਸਾਨਾਂ ਨੇ ਵਿਰੋਧ ਦੇ ਬਾਵਜੂਦ ਇਹ ਜ਼ਮੀਨ ਜਬਰੀ ਖਰੀਦੀ ਗਈ ਪਰ ਬਾਅਦ ਵਿਚ ਟਰਾਈਡੈਂਟ ਨੇ ਗੰਨਾ ਮਿੱਲ ਲਗਾਉਣ ਦਾ ਇਰਾਦਾ ਤਿਆਗ ਦਿੱਤਾ। ਇਹ ਗੰਨਾ ਮਿੱਲ ਮੱਧ ਪ੍ਰਦੇਸ਼ ਵਿਚ ਲੱਗ ਰਹੀ ਹੈ ਅਤੇ ਜਬਰੀ ਖਰੀਦੀ ਜ਼ਮੀਨ ਉੱਤੇ ਮਕਾਨ ਉਸਾਰੀ ਕੀਤੀ ਜਾ ਰਹੀ ਹੈ ਜੋ ਸਰਕਾਰੀ ਦਖ਼ਲਅੰਦਾਜ਼ੀ ਦੇ ਨਿੱਜੀ ਮੁਨਾਫ਼ੇ ਦਾ ਗੱਠਜੋੜ ਬੇਪਰਦ ਕਰਦੀ ਹੈ।

ਜਨਤਕ ਹਿੱਤ ਅਤੇ ਨਿੱਜੀ ਹਿੱਤ ਵਿਚ ਟਕਰਾਅ ਵਾਲੀ ਹਾਲਤ ਵਿਚ ਜਨਤਕ ਨੂੰ ਤਰਜੀਹ ਦੇਣ ਅਤੇ ਮਿਆਰ ਕਾਇਮ ਰੱਖਣ ਲਈ ਸਰਕਾਰੀ ਮੁਲਾਜ਼ਮਾਂ ਤੋਂ ਆਪਣੇ ਮਹਿਕਮੇ ਨਾਲ ਬਾਬਸਤਾ ਨਿੱਜੀ ਕਾਰੋਬਾਰ ਨਾਲ ਦੂਰੀ ਕਾਇਮ ਰੱਖਣ ਦੀ ਤਵੱਕੋ ਕੀਤੀ ਜਾਂਦੀ ਹੈ।

ਇਸ ਰੁਝਾਨ ਦੀ ਤੰਦਾਂ ਤਾਂ ਨਿੱਜੀ ਕਾਰੋਬਾਰ ਨਾਲ ਵੀ ਜੁੜੀਆਂ ਹੋਈਆਂ ਹਨ। ਮਸਲਨ, ਪੱਤਰਕਾਰੀ ਜਨਤਕ ਹਿੱਤ ਵਿਚ ਨਿੱਜੀ ਉਦਮ ਨਾਲ ਚੱਲਣ ਦਾ ਦਾਅਵਾ ਕਰਦੀ ਹੈ। ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਵੱਲੋਂ ਸਰਕਾਰੀ ਦਰਬਾਰੇ ਅਸਰ-ਰਸੂਖ਼ ਵਾਲੇ ਪੱਤਰਕਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਰਕਾਰ ਬਿਨਾਂ ਅਹੁਦਿਆਂ ਤੋਂ ਲੋਕ ਸੰਪਰਕ ਮਹਿਕਮੇ ਵਾਂਗ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਨਾਮਜ਼ਦਗੀਆਂ ਅਤੇ ਨੌਕਰੀਆਂ ਨਾਲ ਨਿਵਾਜਦੀ ਹੈ। ਸੂਬਾਈ ਅਤੇ ਕੌਮੀ ਰਾਜਧਾਨੀਆਂ ਦੇ ਸਰਕਾਰੀ ਮਕਾਨਾਂ ਵਿਚ ਰਹਿੰਦੇ ਪੱਤਰਕਾਰਾਂ ਦਾ ਅਧਿਐਨ ਇਸ ਰੁਝਾਨ ਦੀ ਤਸਦੀਕ ਕਰ ਸਕਦਾ ਹੈ। ਇਕ ਪੱਖ ਸਰਕਾਰੀ ਲੋਕ ਸੰਪਰਕ ਮਹਿਕਮਿਆਂ ਵਿਚ ਪੱਤਰਕਾਰੀ ਦੀ ਭਰਤੀ ਅਤੇ ਨਾਮਜ਼ਦਗੀ ਹੈ ਅਤੇ ਦੂਜਾ ਪੱਖ ਪੱਤਰਕਾਰੀ ਵਿਚ ਲੋਕ ਸੰਪਰਕ ਮਹਿਕਮਿਆਂ ਦੇ ਸਾਬਕਾ ਮੁਲਾਜ਼ਮਾਂ ਦੀ ਭਰਤੀ ਹੈ। ਇਸ ਤਰ੍ਹਾਂ ਸਰਕਾਰ ਆਪ ਉਸ ਕੰਮ ਵਿਚ ਸ਼ੁਮਾਰ ਹੁੰਦੀ ਹੈ ਜਿਸ ਉੱਤੇ ਕਾਨੂੰਨੀ ਤੌਰ 'ਤੇ ਪਾਬੰਦੀਆਂ ਲਗਾਉਣ ਦੀ ਪੇਸ਼ਬੰਦੀ ਕੀਤੀ ਜਾ ਰਹੀ ਹੈ।

ਇਸ ਵੇਲੇ ਸੇਵਾਵਾਂ ਮੁਹੱਈਆ ਕਰ ਰਹੇ ਸਰਕਾਰੀ ਅਦਾਰਿਆਂ ਦੁਆਲੇ ਗ਼ੈਰ-ਸਰਕਾਰੀ ਜਥੇਬੰਦੀਆਂ ਦਾ ਤਾਣਾ-ਬਾਣਾ ਉਸਰ ਰਿਹਾ ਹੈ। ਨੀਤੀ ਬਣਾਉਣ ਵਾਲੇ ਅਦਾਰਿਆਂ ਦੀ ਘੇਰਾਬੰਦੀ ਨਿੱਜੀ ਕਾਰੋਬਾਰੀ, ਬਹੁ-ਕੌਮੀ ਕੰਪਨੀਆਂ ਅਤੇ ਗ਼ੈਰ-ਸਰਕਾਰੀ ਜਥੇਬੰਦੀਆਂ ਮਿਲ ਕੇ ਕਰ ਰਹੀਆਂ ਹਨ। ਸਰਕਾਰੀ ਨੀਤੀਆਂ ਇਸ ਰੁਝਾਨ ਦਾ ਪੱਖ ਪੂਰਦੀਆਂ ਹਨ। ਭ੍ਰਿਸ਼ਟਾਚਾਰ ਇਨ੍ਹਾਂ ਨੀਤੀਆਂ ਦੀ ਅਟੱਲ ਪੈਦਾਵਾਰ ਹੈ। ਜਮਹੂਰੀਅਤ ਦੇ ਚਾਰੇ ਥੰਮ੍ਹ ਇਸ ਰੁਝਾਨ ਵਿਚ ਰਮੇ ਹੋਏ ਹਨ। ਸਵਾਲ ਇਹ ਹੈ ਕਿ ਸਿਧਾਂਤਕ ਤੌਰ ਉੱਤੇ ਸਹਿਮਤ ਹੋਣ ਦੇ ਬਾਵਜੂਦ ਸਰਕਾਰ ਅਜਿਹੀਆਂ ਕਾਨੂੰਨੀ ਪੇਸ਼ਬੰਦੀਆਂ ਦੀ ਗੱਲ ਕਿਉਂ ਕਰਦੀ ਹੈ? ਪਿਛਲੇ ਦੋ ਦਹਾਕਿਆਂ ਦਾ ਤਜਰਬਾ ਦੱਸਦਾ ਹੈ ਕਿ ਕੌਮਾਂਤਰੀ ਅਦਾਰਿਆਂ ਦੀ ਤਰਜ ਉੱਤੇ ਬਹੁਤ ਸਾਰੀਆਂ ਕਾਨੂੰਨੀ ਪੇਸ਼ਬੰਦੀਆਂ ਕੀਤੀਆਂ ਗਈਆਂ ਹਨ। ਸੂਚਨਾ, ਸਿੱਖਿਆ, ਖ਼ੁਰਾਕ ਅਤੇ ਸਿਹਤ ਬਾਬਤ ਕਾਨੂੰਨੀ ਪੇਸ਼ਬੰਦੀਆਂ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਪੇਸ਼ਬੰਦੀਆਂ ਨੂੰ ਲਾਗੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਸੰਵਿਧਾਨ ਵਿਚ ਬੁਨਿਆਦੀ ਹਕੂਕ ਅਤੇ ਨਿਰਦੇਸ਼ਕ ਸਿਧਾਂਤਾਂ ਦੀ ਜ਼ਾਮਨੀ ਭਰਨ ਦੇ ਬਾਵਜੂਦ ਸਰਕਾਰ ਨੇ ਠੋਸ ਨੀਤੀਆਂ ਨਹੀਂ ਬਣਾਈਆਂ। ਨਵੀਂਆਂ ਕਾਨੂੰਨੀ ਪੇਸ਼ਬੰਦੀਆਂ ਵਿਚ ਸਭ ਕੁਝ ਬਹੁਤ ਖ਼ੂਬਸੂਰਤ ਅਤੇ ਢੁਕਵੇਂ ਸ਼ਬਦਾਂ ਵਿਚ ਲਿਖਿਆ ਗਿਆ ਹੈ ਪਰ ਅਮਲੀ ਕਾਰਵਾਈ ਲਈ ਲੋੜੀਂਦਾ ਤਰੱਦਦ ਦਰਕਾਰ ਹੈ। ਛੇ ਤੋਂ ਚੌਦਾਂ ਸਾਲ ਦੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਵਾਅਦਾ ਸਿੱਖਿਆ ਦਾ ਬਜਟ ਵਧਾਏ ਬਿਨਾਂ ਕਿਵੇਂ ਪੂਰਾ ਹੋ ਸਕਦਾ ਹੈ? ਸਰਕਾਰ ਨੇ ਕਾਨੂੰਨ ਵਿਚ ਲਿਖ ਦਿੱਤਾ ਕਿ ਤੀਹ ਵਿਦਿਆਰਥੀਆਂ ਲਈ ਇਕ ਅਧਿਆਪਕ ਜ਼ਰੂਰੀ ਹੈ। ਇਹ ਨਹੀਂ ਦੱਸਿਆ ਕਿ ਛੇ ਤੋਂ ਚੌਦਾਂ ਸਾਲ ਦੀ ਉਮਰ ਦੇ ਸਕੂਲਾਂ ਤੋਂ ਬਾਹਰ ਦਸ ਕਰੋੜ ਬੱਚਿਆਂ ਲਈ ਲੋੜੀਂਦਾ ਅਮਲਾ ਅਤੇ ਢਾਂਚਾ ਕਿੱਥੋਂ ਆਇਗਾ? ਮੌਜੂਦਾ ਹਾਲਾਤ ਵਿਚ ਅਮਲੇ ਅਤੇ ਢਾਂਚੇ ਦੀ ਘਾਟ ਬਾਬਤ ਤਾਂ ਕੋਈ ਗੱਲ ਹੀ ਨਹੀਂ ਹੋਈ। ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਸਰਕਾਰ ਦਾ ਕਹਿੰਦੀ ਹੈ ਕਿ ਨਿੱਜੀ ਅਤੇ ਜਨਤਕ ਹਿੱਸੇਦਾਰੀ (ਪਬਲਿਕ ਪਰਾਈਵੇਟ ਪਾਰਟਨਰਸ਼ਿਪ) ਰਾਹੀਂ ਟੀਚੇ ਸਰ ਕੀਤੇ ਜਾਣਗੇ। ਇਨ੍ਹਾਂ ਸਰਕਾਰੀ ਨੀਤੀਆਂ ਦੇ ਹੁੰਦੇ ਹੋਏ ਇਸ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ ਕਿ ਅਫ਼ਸਰਸ਼ਾਹੀ ਅਤੇ ਨਿੱਜੀ ਕਾਰੋਬਾਰ ਦੇ ਸਾਂਝੇ ਹਿੱਤ ਨਹੀਂ ਫਲਣਗੇ? ਨਿੱਜੀਕਰਨ ਦੀਆਂ ਨੀਤੀਆਂ ਦੇ ਨਤੀਜੇ ਵਜੋਂ ਸਰਕਾਰੀ ਅਦਾਰਿਆਂ ਵਿਚ ਕੰਮ ਕਰ ਚੁੱਕੇ ਵਿਗਿਆਨੀ ਨਿੱਜੀ ਪਹਿਲਕਮਦੀਆਂ ਦੀ ਵਕਾਲਤ ਕਰ ਰਹੇ ਹਨ। ਫ਼ੌਜ ਦੇ ਦੁਆਲੇ ਸਾਬਕਾ ਜਰਨੈਲਾਂ-ਕਰਨੈਲਾਂ ਦੀ ਠੇਕੇਦਾਰੀ ਦਾ ਕਾਰੋਬਾਰ ਉਸਰ ਆਇਆ ਹੈ। ਸਾਬਕਾ ਸਰਕਾਰੀ ਅਧਿਆਪਕਾਂ ਦੇ ਵੱਡੇ-ਵੱਡੇ ਸਕੂਲ ਹਨ। ਸਾਬਕਾ ਡਾਕਟਰਾਂ ਦੇ ਆਪਣੇ ਹਸਪਤਾਲ ਹਨ। ਇਸ ਹਾਲਤ ਵਿਚ ਸਮੁੱਚੇ ਰੁਝਾਨ ਨੂੰ ਅਫ਼ਸਰਸ਼ਾਹੀ ਤੱਕ ਮਹਿਦੂਦ ਕਰਕੇ ਦੇਖਣਾ ਜ਼ਾਬਤਾ ਪੂਰਤੀ ਤੋਂ ਵੱਧ ਕੁਝ ਨਹੀਂ ਹੈ। ਇਸ ਰੁਝਾਨ ਦੀਆਂ ਮੁਕਾਮੀ, ਕੌਮੀ ਅਤੇ ਕੌਮਾਂਤਰੀ ਤੰਦਾਂ ਤੋਂ ਸਮਝ ਆਉਂਦਾ ਹੈ ਕਿ ਮੌਜੂਦਾ ਨਿਜ਼ਾਮ ਦੀ ਅੱਟਲ ਪੈਦਾਵਾਰ ਹੈ ਜਿਸ ਨੂੰ ਰੋਕਣ ਲਈ ਸਮੁੱਚੀਆਂ ਨੀਤੀਆਂ ਦੀ ਨਜ਼ਰਸਾਨੀ ਜ਼ਰੂਰੀ ਹੈ। ਕੁਝ ਸਾਬਕਾ ਅਫ਼ਸਰਾਂ ਨੂੰ ਗ਼ੈਰ-ਸਰਕਾਰੀ ਨੌਕਰੀ ਦੀ ਪ੍ਰਵਾਨਗੀ ਤੋਂ ਇਨਕਾਰ ਕਰਕੇ ਸਿਰਫ਼ ਕਾਲਾਬਾਜ਼ਾਰੀ ਨੂੰ ਤਾਂ ਵਧਾਇਆ ਜਾ ਸਕਦਾ ਹੈ ਪਰ ਭ੍ਰਿਸ਼ਟਾਚਾਰ ਦੇ ਇਸ ਰੁਝਾਨ ਨੂੰ ਨਹੀਂ ਰੋਕਿਆ ਜਾ ਸਕਦਾ।

# ਪ੍ਰੋ. ਭੁੱਲਰ ਦੇ ਨਾਂ 'ਤੇ ਹੋ ਰਹੀ ਸਿਆਸਤ ਤੋਂ ਭਰਾ ਖਫਾ

**ਹਰਜਿੰਦਰ ਦੁਸਾਂਝ**

ਭਾਰਤ ਦੀ ਭ੍ਰਿਸ਼ਟ ਸਿਆਸਤ ਦੀ ਉਪਜ ਖਾਲਿਸਤਾਨੀ ਲਹਿਰ ਨਾਲ ਜੁੜੇ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੇ ਨਾਂ 'ਤੇ ਜਿੰਨੀ ਰਾਜਨੀਤੀ ਹੋ ਚੁੱਕੀ ਹੈ, ਉਸ ਤੋਂ ਜ਼ਿਆਦਾ ਇਸ ਲਹਿਰ ਨਾਲ ਜੁੜੇ ਸ਼ਾਇਦ ਹੀ ਕਿਸੇ ਹੋਰ ਨਾਂ ਨਾਲ ਹੋਈ ਹੋਵੇ। ਇਸ ਬਾਰੇ ਯੂਬਾ ਸਿਟੀ 'ਚ ਵਸਦੇ ਪ੍ਰੋ. ਭੁੱਲਰ ਦੇ ਭਰਾਤਾ ਜਤਿੰਦਰਪਾਲ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮਾਪੇ ਪੜ੍ਹੇ-ਲਿਖੇ ਸਨ ਅਤੇ ਦੋਵੇਂ ਚੰਗੀਆਂ ਨੌਕਰੀਆਂ 'ਤੇ ਸਨ ਪਰ ਪੰਜਾਬ ਦੀ ਮੰਦੀ ਸਿਆਸਤ ਨੇ ਉਨ੍ਹਾਂ ਦਾ ਹੱਸਦਾ-ਵੱਸਦਾ ਪਰਿਵਾਰ ਉਜਾੜ ਦਿੱਤਾ।

ਜਤਿੰਦਰਪਾਲ ਸਿੰਘ ਭੁੱਲਰ ਸਰਕਾਰੀ ਅਤੇ ਗੈਰ-ਸਰਕਾਰੀ ਦਹਿਸ਼ਤਗਰਦੀ ਨੂੰ ਇਕੋ ਤਰਾਜੂ ਨਾਲ ਤੋਲਦਾ ਹੈ। ਉਹ ਦੋਵੇਂ ਤਰ੍ਹਾਂ ਦੀ ਦਹਿਸ਼ਤਗਰਦੀ ਦੇ ਖਿਲਾਫ਼ ਹੈ। ਉਸ ਦਾ ਕਹਿਣਾ ਹੈ ਕਿ ਇਸ ਤੋਂ ਵੀ ਅਗਲੀ ਮਾੜੀ ਗੱਲ ਹੈ ਕਿ ਅਖੌਤੀ ਪੰਥਕ ਲੀਡਰ ਅਜੇ ਤੱਕ ਲੋਕਾਂ ਦੇ ਜਜ਼ਬਾਤ ਨਾਲ ਖੇਡ ਰਹੇ ਹਨ। ਹਜ਼ਾਰਾਂ ਗੱਭਰੂਆਂ ਦਾ ਘਾਣ ਹੋਣ ਤੋਂ ਬਾਅਦ ਵੀ ਭ੍ਰਿਸ਼ਟ ਸਿਆਸਤਦਾਨ ਉਹੀ ਖੇਡਾਂ ਖੇਡ ਰਹੇ ਹਨ ਜੋ ਪੰਜਾਬ 'ਚ ਲਾਂਬੂ ਲੱਗਣ ਤੋਂ ਪਹਿਲਾਂ ਖੇਡਦੇ ਸਨ। ਉਨ੍ਹਾਂ ਦਾ ਸਵਾਲ ਹੈ ਕਿ ਜਿਹੜੇ ਸਿਆਸਤਦਾਨਾਂ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਮੋਰਚੇ ਲਾਏ ਸਨ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਲੈਣ ਦੀਆਂ ਗੱਲਾਂ ਕਰਦੇ ਸਨ, ਹੁਣ ਇਨ੍ਹਾਂ ਮਸਲਿਆਂ ਬਾਰੇ ਖਾਮੋਸ਼ ਕਿਉਂ ਹਨ? ਹਜ਼ਾਰਾਂ ਨਿਰਦੋਸ਼ ਮਰਵਾ ਕੇ ਕੀ ਕੋਈ ਪੰਜਾਬ ਦੀ ਮੰਗ ਹਾਸਲ ਹੋਈ? ਦੁੱਖ ਦੀ ਗੱਲ ਹੈ ਕਿ ਤੱਤੇ ਨਾਅਰੇ ਮਾਰ ਕੇ ਰੋਟੀਆਂ ਸੇਕਣ ਵਾਲੇ ਅਜੇ ਵੀ ਬਦੀ ਵਾਲੇ ਇਰਾਦੇ ਰੱਖਦੇ ਹਨ।

ਆਪਣੇ ਭਰਾ ਦੇ ਨਾਂ 'ਤੇ ਹੋ ਰਹੀ ਸਿਆਸਤ ਤੋਂ ਦੁਖੀ ਜਤਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਇਕ ਗੁਰੂਘਰ ਦੀ ਸੰਗਤ ਨੇ ਉਨ੍ਹਾਂ ਦੇ ਪਰਿਵਾਰ ਨੂੰ ਸੱਦਾ ਦਿੱਤਾ ਕਿ ਉਹ ਗੁਰੂਘਰ ਆ ਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਦੇ ਪਹਿਲੂ ਸਾਂਝੇ ਕਰਨ। ਗੁਰੂਘਰ ਦੇ ਪ੍ਰਬੰਧਕ ਗਰਮ ਨਾਅਰੇਬਾਜ਼ੀ ਹੀ ਕਰਦੇ ਰਹੇ, ਜਦਕਿ ਖੁਦ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਲਈ ਸਿਰਫ ਦੋ ਮਿੰਟ ਦਾ ਸਮਾਂ ਦਿੱਤਾ ਗਿਆ। ਇਕ ਹੋਰ ਗੁਰੂਘਰ ਜਿੱਥੇ ਸਿਆਸਤ ਦੀ ਗੱਲ ਘੱਟ ਅਤੇ ਗੁਰਬਾਣੀ ਦੀ ਜ਼ਿਆਦਾ ਹੁੰਦੀ ਹੈ, ਉਨ੍ਹਾਂ ਨੂੰ ਖੁੱਲ੍ਹਾ ਸਮਾਂ ਦਿੱਤਾ ਗਿਆ।

ਪ੍ਰੋ. ਭੁੱਲਰ ਦੇ ਲਾਪਤਾ ਕੀਤੇ ਗਏ ਪਿਤਾ ਦਾ ਕੇਸ ਲੜ ਰਹੇ ਵਕੀਲ ਸਾਹਿਬ ਪਿਛਲੇ ਦਿਨੀਂ ਕੈਲੀਫੋਰਨੀਆ ਦੇ ਇਕ ਗੁਰੂਘਰ 'ਚ ਆਏ। ਉਨ੍ਹਾਂ ਗਰਮ ਨਾਅਰੇਬਾਜ਼ੀ ਕਰਨ ਵਾਲਿਆਂ ਨੂੰ ਇਹੋ ਹੀ ਅਪੀਲ ਕੀਤੀ ਕਿ ਜੇਕਰ ਇਨਸਾਫ ਲੈਣਾ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣੀ ਹੈ



*ਜਤਿੰਦਰਪਾਲ ਸਿੰਘ ਭੁੱਲਰ*

ਤਾਂ ਨਾਅਰੇਬਾਜ਼ੀ ਤੇ ਬੇਲੋੜੀ ਬਿਆਨਬਾਜ਼ੀ ਬੰਦ ਕਰਕੇ ਇਨ੍ਹਾਂ ਕੇਸਾਂ ਨਾਲ ਜੁੜੇ ਉਹ ਸਾਰੇ ਤੱਥ ਜੁਟਾਉਣ 'ਚ ਮਦਦ ਕਰਨ ਜਿਹੜੇ ਅਦਾਲਤੀ ਪ੍ਰਕਿਰਿਆ 'ਚ ਸਹਾਈ ਹੋ ਸਕਣ। ਗਰਮ ਬਿਆਨਬਾਜ਼ੀਆਂ ਨੇ ਪਹਿਲਾਂ ਹੀ ਬਹੁਤ ਨੁਕਸਾਨ ਕੀਤਾ ਹੈ।

ਜਤਿੰਦਰਪਾਲ ਸਿੰਘ ਨੂੰ ਆਪਣੇ ਭਰਾ ਦੇ ਨਾਂ 'ਤੇ ਹੋ ਰਹੀ ਰਾਜਨੀਤੀ ਨਾਲ ਚਿੜ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਰਾਜਨੀਤੀ ਪਹਿਲਾਂ ਹੀ ਉਨ੍ਹਾਂ ਦੇ ਪਰਿਵਾਰ ਅਤੇ ਪੰਜਾਬ ਨੂੰ ਬਥੇਰਾ ਲਹੂ-ਲੁਹਾਣ ਕਰ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪ੍ਰੋ. ਭੁੱਲਰ ਦੇ ਕੇਸ ਪ੍ਰਤੀ ਬਹੁਤਾ ਫਿਕਰਮੰਦ ਉਦੋਂ ਹੋਇਆ ਜਦੋਂ ਪਤਾ ਲੱਗਾ ਕਿ ਕਿਵੇਂ ਬਹੁਤ ਸਾਰੀਆਂ ਧਿਰਾਂ ਆਪਣੇ ਮੁਫ਼ਾਦ ਲਈ ਇਹ ਕੇਸ ਖਰਾਬ ਕਰ ਰਹੀਆਂ ਹਨ। ਉਨ੍ਹਾਂ ਭਰੇ ਮਨ ਨਾਲ ਦੱਸਿਆ ਕਿ ਕੁਝ ਅਖੌਤੀ ਖਾੜਕੂ ਲੀਡਰ ਕਹਿ ਰਹੇ ਹਨ ਕਿ ਉਹ ਪ੍ਰੋ. ਭੁੱਲਰ ਲਈ ਰਹਿਮ ਦੀ ਅਪੀਲ ਕਰਕੇ ਸਿੱਖ ਰਵਾਇਤਾਂ ਤੋੜ ਰਹੇ ਹਨ ਅਤੇ ਪ੍ਰੋ. ਭੁੱਲਰ ਦੀ ਸ਼ਹਾਦਤ ਖਰਾਬ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਉਹ ਦੱਸਣਾ ਚਾਹੁੰਦੇ ਹਨ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਭਾਰਤ ਸਰਕਾਰ ਤੋਂ ਭੀਖ ਨਹੀਂ ਮੰਗ ਰਹੇ, ਸਗੋਂ ਆਪਣਾ ਹੱਕ ਮੰਗ ਰਹੇ ਹਨ। ਉਹ ਇਹ ਸੁਨੇਹਾ ਦੇ ਰਹੇ ਹਨ ਕਿ ਜਦੋਂ ਲੋਕਾਂ ਨੂੰ ਉਨ੍ਹਾਂ ਦੇ ਹੱਕ ਨਹੀਂ ਮਿਲਦੇ ਤਾਂ ਲੋਕ ਕਾਨੂੰਨ ਆਪਣੇ ਹੱਥ ਲੈਣ ਦੇ ਰਾਹ ਤੁਰ ਪੈਂਦੇ ਹਨ।

ਉਨ੍ਹਾਂ ਆਖਿਆ ਕਿ ਪ੍ਰੋ. ਭੁੱਲਰ ਉਤੇ ਦਿੱਲੀ 'ਚ ਬੰਬ ਧਮਾਕੇ ਦੀ ਸਾਜ਼ਿਸ਼ ਰਚਣ ਦਾ ਕੇਸ ਹੈ। ਜਿਸ ਦਿਨ ਇਹ ਬੰਬ ਧਮਾਕਾ ਹੋਇਆ, ਉਸ ਦਿਨ ਉਹ ਦਿੱਲੀ 'ਚ ਨਹੀਂ ਸਨ। ਦੂਜਾ, ਜਿਨ੍ਹਾਂ ਦੋ ਹੋਰ ਬੰਦਿਆਂ 'ਤੇ ਬੰਬ ਧਮਾਕੇ ਦਾ ਇਲਜ਼ਾਮ ਸੀ, ਉਨ੍ਹਾਂ ਦੋਵਾਂ ਨੂੰ ਬਰੀ ਕਰ ਦਿੱਤਾ ਗਿਆ, ਜਦਕਿ ਭੁੱਲਰ 'ਤੇ ਸਿਰਫ਼ ਸਾਜ਼ਿਸ਼ ਰਚਣ ਦਾ ਦੋਸ਼ ਹੈ, ਉਸ ਨੂੰ ਫਾਂਸੀ ਸੁਣਾ ਦਿੱਤੀ। ਉਂਜ ਵੀ ਪ੍ਰੋ. ਭੁੱਲਰ ਨੂੰ ਜਰਮਨੀ ਤੋਂ ਗ੍ਰਿਫ਼ਤਾਰ ਕੀਤਾ ਗਿਆ। ਜਰਮਨੀ ਅਤੇ ਭਾਰਤ ਵਿਚਾਲੇ ਸੰਧੀ ਹੈ ਕਿ ਉਹ ਕਿਸੇ ਵੀ ਉਸ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਦੇਣਗੇ ਜਿਸ ਦੀ ਸਪੁਰਦਗੀ ਕੀਤੀ ਜਾਵੇਗੀ। ਪ੍ਰੋ. ਭੁੱਲਰ ਦੇ ਖ਼ਿਲਾਫ਼ ਕੋਈ ਗਵਾਹੀ ਨਹੀਂ, ਬੱਸ ਉਸ ਦੇ ਬਿਆਨ ਦੇ ਆਧਾਰ 'ਤੇ ਸਜ਼ਾ ਸੁਣਾ ਦਿੱਤੀ ਗਈ। ਮੌਤ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਪ੍ਰੋ. ਭੁੱਲਰ ਦੇ ਮਾਨਸਿਕ ਹਾਲਾਤ ਬਾਰੇ ਟੈਸਟ ਹੋਣੇ ਚਾਹੀਦੇ ਸਨ ਕਿ ਉਸ ਨੇ ਬਿਆਨ ਕਿਹੜੇ ਹਾਲਾਤ 'ਚ ਦਿੱਤੇ ਹਨ। ਰਾਸ਼ਟਰਪਤੀ ਕੋਲ ਉਸ ਦੀ ਅਪੀਲ ਇੰਨਾ ਲੰਬਾ ਸਮਾਂ ਲਟਕਾਈ ਰੱਖਣ 'ਚ ਕੀ ਤੁੱਕ ਹੋ ਸਕਦੀ ਹੈ, ਤੇ ਹੁਣ ਲੜੀ ਤੋੜ ਕੇ ਫੈਸਲਾ ਸੁਣਾ ਦਿੱਤਾ ਗਿਆ? ਕੀ ਇਹ ਸਭ ਉਨ੍ਹਾਂ ਹੱਕਾਂ ਦੀ ਉਲੰਘਣਾ ਨਹੀਂ ਜੋ ਭਾਰਤ ਦਾ ਸੰਵਿਧਾਨ ਭੁੱਲਰ ਸਮੇਤ ਹਰ ਨਾਗਰਿਕ ਨੂੰ ਦਿੰਦਾ ਹੈ?

ਜਤਿੰਦਰਪਾਲ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਲੜਾਈ ਸਿਰਫ਼ ਇਕ ਪਰਿਵਾਰ ਲਈ ਲੜਾਈ ਨਹੀਂ ਸਗੋਂ ਇਨਸਾਫ਼, ਹੱਕ, ਸੱਚਾਈ ਅਤੇ ਪੂਰੇ ਪੰਜਾਬ ਲਈ ਲੜਾਈ ਹੈ। ਉਨ੍ਹਾਂ ਦੇ ਸਰਕਾਰੀ ਅਧਿਕਾਰੀ ਪਿਤਾ ਨੂੰ ਪੁਲਿਸ ਘਰੋਂ ਬਿਨਾ ਕਿਸੇ ਕੇਸ ਦੇ ਫੜ ਕੇ ਲੈ ਗਈ, ਤੇ ਦੋ ਦਹਾਕੇ ਬੀਤ ਜਾਣ 'ਤੇ ਵੀ ਉਨ੍ਹਾਂ ਦੀ ਕੋਈ ਉੱਘ-ਸੁੱਘ ਨਹੀਂ। ਇਹੋ ਹਸ਼ਰ ਉਨ੍ਹਾਂ ਦੇ ਮਾਸੜ ਨਾਲ ਹੋਇਆ। ਦੁੱਖ ਦੀ ਗੱਲ ਹੈ ਕਿ ਕਾਨੂੰਨੀ ਤੌਰ 'ਤੇ ਅਜਿਹਾ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਦੀ ਨਾ ਤਾਂ ਸ਼ਨਾਖ਼ਤ ਕੀਤੀ ਗਈ ਅਤੇ ਨਾ ਹੀ ਬਣਦਾ ਕੇਸ ਦਰਜ ਕੀਤਾ ਗਿਆ। ਕੀ ਇਹ ਬੇਇਨਸਾਫੀ ਨਹੀਂ?

ਪ੍ਰੋ. ਭੁੱਲਰ ਦੇ ਭਰਾ ਦਾ ਕਹਿਣਾ ਹੈ ਕਿ ਉਹ ਸਭ ਰਾਜਸੀ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਤੇ ਆਮ ਆਵਾਮ ਦੇ ਧੰਨਵਾਦੀ ਹਨ ਜਿਨ੍ਹਾਂ ਹੱਕ ਤੇ ਇਨਸਾਫ਼ ਦੀ ਇਸ ਲੜਾਈ 'ਚ ਸਾਥ ਦਿੱਤਾ, ਤੇ ਇਸ ਨੂੰ ਆਵਾਮ ਦੀ ਲਾਮਬੰਦੀ ਬਣਾਇਆ। ਉਨ੍ਹਾਂ ਨੂੰ ਹਰ ਬੇਕਸੂਰ ਮਰੇ ਜਾਂ ਮਾਰੇ ਗਏ ਦਾ ਦੁੱਖ ਹੈ। ਉਹ ਭਾਵੇਂ ਪੁਲਿਸ ਦੀ ਗੋਲੀ ਨਾਲ ਮਰਿਆ, ਭਾਵੇਂ ਖਾੜਕੂ ਧਿਰ ਦੀ ਗੋਲੀ ਨਾਲ। ਉਨ੍ਹਾਂ ਦਾ ਦ੍ਰਿੜ ਖਿਆਲ ਹੈ ਕਿ ਜੋ ਸਜ਼ਾਵਾਂ ਮੁੰਡਿਆਂ ਨੂੰ ਮਿਲੀਆਂ, ਉਹੀ ਸਜ਼ਾਵਾਂ ਭ੍ਰਿਸ਼ਟ ਅਤੇ ਜਾਲਮ ਪੁਲਿਸ ਅਫ਼ਸਰਾਂ ਤੇ ਗੱਭਰੂਆਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੇ ਹੱਥੀਂ ਰਫ਼ਲਾਂ ਫੜਾਉਣ ਵਾਲੇ ਲੀਡਰਾਂ ਨੂੰ ਵੀ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਨਿਊ ਯਾਰਕ ਸਥਿਤ ਯੂ.ਐਨ.ਓ. ਦੇ ਦਫ਼ਤਰ ਵੱਲੋਂ ਉਨ੍ਹਾਂ ਨੂੰ ਮਿਲਣ ਲਈ ਸਮਾਂ ਦਿੱਤਾ ਗਿਆ। ਉਥੇ ਉਨ੍ਹਾਂ ਯੂ.ਐਨ.ਓ. ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਕਿ ਉਹ ਕਿਹੜੇ ਹਾਲਾਤ ਸਨ ਤੇ ਕਿਵੇਂ ਅਤੇ ਕਿਸੇ ਨੇ ਪੈਦਾ ਕੀਤੇ ਜਿਨ੍ਹਾਂ ਦੀ ਭੇਟ ਉਨ੍ਹਾਂ ਦਾ ਪਰਿਵਾਰ ਤੇ ਪੂਰਾ ਪੰਜਾਬ ਚੜ੍ਹਿਆ? ਉਨ੍ਹਾਂ ਨਾਲ ਵਫਦ ਦੀ ਅਗਵਾਈ ਨਾਮਵਰ ਵਕੀਲ ਗੁਰਪਤਵੰਤ ਸਿੰਘ ਪੰਨੂੰ ਨੇ ਕੀਤੀ।

ਯਾਦ ਰਹੇ ਕਿ ਪ੍ਰੋ. ਭੁੱਲਰ ਦਾ ਭਰਾ ਜਤਿੰਦਰਪਾਲ ਸਿੰਘ ਪੁਲਿਸ ਦੇ ਜਬਰ ਤੋਂ ਬਚਦਾ-ਬਚਾਉਂਦਾ ਅਮਰੀਕਾ ਆ ਗਿਆ ਸੀ ਅਤੇ ਯੂਬਾ ਸਿਟੀ 'ਚ ਭਰਪੂਰ ਸਾਧਾਰਨ ਜ਼ਿੰਦਗੀ ਜੀਅ ਰਿਹਾ ਹੈ। ਉਹ ਕਿਸੇ ਕਿਸਮ ਦੀ ਫੋਕੀ ਸ਼ੋਹਰਤ ਜਾਂ ਬਿਆਨਬਾਜ਼ੀ 'ਚ ਯਕੀਨ ਨਹੀਂ ਰੱਖਦੇ, ਪੰਜਾਬ ਦੇ ਮਾੜੇ ਹਾਲਾਤ ਲਈ ਉਹ ਸਮੇਂ ਦੀ ਸਮੁੱਚੀ ਰਾਜਸੀ ਲੀਡਰਸ਼ੀਪ, ਪੁਲਿਸ ਤੇ ਪ੍ਰਸ਼ਾਸਨ ਨੂੰ ਦੋਸ਼ੀ ਸਮਝਦੇ ਹਨ ਪਰ ਉਹ ਹੱਕ ਤੇ ਇਨਸਾਫ਼ ਦੀ ਅਜਿਹੀ ਲੜਾਈ ਲੜਨਾ ਚਾਹੁੰਦੇ ਹਨ ਜਿਸ ਨਾਲ ਸਭ ਨੂੰ ਇਨਸਾਫ਼ ਮਿਲੇ ਅਤੇ ਪੰਜਾਬ 'ਚ ਕਦੇ ਅਜਿਹੇ ਹਾਲਾਤ ਨਾ ਬਣਨ ਜਿਨ੍ਹਾਂ ਦਾ ਖ਼ਮਿਆਜਾ ਉਨ੍ਹਾਂ ਦੇ ਪਰਿਵਾਰ ਨੇ ਨਿੱਜੀ ਤੌਰ 'ਤੇ ਭੋਗਿਆ ਹੈ।

## ਕਿੰਨਾ ਕੁ ਸੱਚ ਮਨਿੰਦਰਜੀਤ ਬਿੱਟੇ ਦੇ ਦੋਸ਼ਾਂ 'ਚ?

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਉਤੇ ਸਾਬਕਾ ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ ਦੋਸ਼ ਲਾ ਰਿਹਾ ਹੈ ਕਿ ਉਸ 'ਤੇ ਪ੍ਰੋ. ਭੁੱਲਰ ਨੇ ਹਮਲਾ ਕਰਵਾਇਆ ਸੀ। ਕਾਂਗਰਸ ਪਾਰਟੀ 'ਚੋਂ ਕੱਢੇ ਹੋਏ ਸ੍ਰੀ ਬਿੱਟਾ ਨੇ ਅੱਜਕੱਲ੍ਹ ਐਂਟੀ ਟੈਰਰਿਸਟ ਫਰੰਟ ਬਣਾਇਆ ਹੋਇਆ ਹੈ। ਪਿਛਲੇ ਹਫ਼ਤੇ ਹੀ ਇਸ ਫਰੰਟ ਦੇ ਕਈ ਅਹਿਮ ਕਾਰਕੁਨ ਡਰੱਗ ਸਮੱਗਲਿੰਗ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤੇ ਗਏ ਹਨ। ਸ੍ਰੀ ਬਿੱਟਾ ਨੇ ਆਪਣਾ ਰਾਜਸੀ ਸਫ਼ਰ ਅੰਮ੍ਰਿਤਸਰ ਸ਼ਹਿਰ ਦੇ ਮੁਹੱਲਾ ਗੁੱਟਬੰਦੀ (ਗੈਂਗ) ਤੋਂ ਕੀਤਾ। ਸ਼ੁਰੂ 'ਚ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਰਿਹਾ ਤੇ ਆਨੰਦਪੁਰ ਸਾਹਿਬ 'ਚ ਕਈ ਟਰੇਨਿੰਗ ਕੈਂਪ ਵੀ ਲਾਏ। ਕਿਹਾ ਜਾਂਦਾ ਹੈ ਕਿ ਉਸ ਵਕਤ ਉਹ ਅੰਦਰ ਖਾਤੇ ਪੁਲਿਸ ਨਾਲ ਰਲਿਆ ਹੋਇਆ ਸੀ। 1988-89 'ਚ ਉਸ ਦੀਆਂ ਇਸ ਬਾਰੇ ਫੋਟੋਆਂ ਅਤੇ ਖ਼ਬਰਾਂ ਜਲੰਧਰ ਦੀਆਂ ਕਈ ਨਾਮੀ ਅਖ਼ਬਾਰਾਂ 'ਚ ਛਪੀਆਂ ਸਨ। ਬਾਅਦ 'ਚ ਉਹ ਖੁੱਲ੍ਹੇ ਰੂਪ 'ਚ ਕਾਂਗਰਸ 'ਚ ਸ਼ਾਮਲ ਹੋ ਗਿਆ ਅਤੇ ਕਾਂਗਰਸ ਅੰਦਰਲੀ ਕੱਟੜ ਹਿੰਦੂ ਲਾਬੀ ਦੇ ਨੇੜੇ ਚਲਾ ਗਿਆ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਪੀ.ਵੀ. ਨਰਸਿਮਹਾ ਰਾਓ ਨੂੰ ਵੀ ਇਸੇ ਧੜੇ ਦਾ ਆਗੂ ਸਮਝਿਆ ਜਾਂਦਾ ਸੀ। ਸ੍ਰੀ ਰਾਓ ਨੇ ਸ੍ਰੀ ਬਿੱਟਾ ਨੂੰ ਯੂਥ ਕਾਂਗਰਸ ਦਾ ਕੌਮੀ ਪ੍ਰਧਾਨ ਬਣਾਇਆ। ਉਸੇ ਵਕਤ ਹੀ ਸ੍ਰੀ ਬਿੱਟਾ 'ਤੇ ਹਮਲਾ ਹੋਇਆ ਸੀ। ਇਸ ਦੇ ਨਾਲ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਸਰਕਾਰੀ ਸਹੂਲਤ ਦੇ ਗੱਫੇ ਲੈਣ ਲਈ ਕਈ ਰਾਜਸੀ ਲੀਡਰਾਂ ਨੇ ਆਪਣੇ-ਆਪ 'ਤੇ ਫਰਜ਼ੀ ਹਮਲੇ ਕਰਵਾਏ। ਬਿੱਟੇ 'ਤੇ ਵੀ ਪੰਜਾਬ ਦੀ ਪ੍ਰੈਸ 'ਚ ਅਜਿਹੇ ਦੋਸ਼ ਲਗਦੇ ਰਹੇ ਹਨ।




*ਮਨਿੰਦਰਜੀਤ ਸਿੰਘ ਬਿੱਟਾ*

ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਬਿੱਟਾ ਹਮਲੇ 'ਚ ਜਿੰਨਾ ਜ਼ਖ਼ਮੀ ਹੋਇਆ, ਉਸ ਤੋਂ ਜ਼ਿਆਦਾ ਦਿਖਾਵਾ ਕਰਦਾ ਹੈ। ਅਤਿਵਾਦ ਦੇ ਖ਼ਿਲਾਫ਼ ਵੀ ਜਿੰਨਾ ਕੰਮ ਕੀਤਾ, ਉਸ ਤੋਂ ਕਿਤੇ ਵੱਧ ਰੌਲਾ ਪਾਇਆ। ਬਿੱਟੇ 'ਤੇ ਇਹ ਵੀ ਦੋਸ਼ ਹੈ ਕਿ ਉਹ ਕਦੇ ਵੀ ਸਰਕਾਰੀ ਦਹਿਸ਼ਤਗਰਦੀ ਦੇ ਖ਼ਿਲਾਫ਼ ਨਹੀਂ ਬੋਲਿਆ। ਬਾਬਰੀ ਮਸਜਿਦ ਢਹਿਣ ਵੇਲੇ ਉਹ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਦੇ ਨਾਲ ਸੀ। ਇਸ ਬਾਰੇ ਉਸ ਕਦੇ ਜ਼ੁਬਾਨ ਨਹੀਂ ਖੋਲ੍ਹੀ, ਅਜਿਹੇ ਹੀ ਕਈ ਹੋਰ ਕਾਰਨਾਂ ਕਰਕੇ ਜਦੋਂ ਕਾਂਗਰਸ 'ਚ ਸ੍ਰੀ ਰਾਓ ਦਾ ਕੱਟੜ ਹਿੰਦੂਵਾਦੀ ਧੜਾ ਮੱਠਾ ਪੈ ਗਿਆ ਤਾਂ ਬਿੱਟੇ ਨੂੰ ਕਾਂਗਰਸ ਪਾਰਟੀ 'ਚੋਂ ਕੱਢ ਦਿੱਤਾ ਗਿਆ।

ਸਰਕਾਰੀ ਸਹੂਲਤਾਂ ਲੈਣ ਲਈ ਉਹ ਪੰਜਾਬ 'ਚ ਕਾਂਗਰਸ ਦੇ ਖ਼ਿਲਾਫ਼ ਸ੍ਰੀ ਬਾਦਲ ਦੇ ਸੋਹਲੇ ਗਾਉਣ ਲੱਗ ਪਿਆ। ਬਿੱਟੇ ਅਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਨਜ਼ਦੀਕੀ ਮਿੱਤਰ ਦੱਸਦੇ ਹਨ ਕਿ ਕਾਲਜ ਦੇ ਦਿਨਾਂ 'ਚ ਉਹ ਦੋਵੇਂ ਇਕ-ਦੂਜੇ ਦੇ ਵਿਚਾਰਧਾਰਕ ਵਿਰੋਧੀ ਸਨ। ਇਹ ਵਿਚਾਰਧਾਰਕ ਵਿਰੋਧ ਬਾਅਦ 'ਚ ਨਿੱਜੀ ਰੰਜ਼ਿਸ਼ ਅਤੇ ਖੁੰਦਕ ਦੇ ਕਾਰਨ ਬਣੇ। ਦੋਵਾਂ ਦੇ ਕਈ ਜਾਤੀ ਜਾਣਕਾਰਾਂ ਦਾ ਖਿਆਲ ਹੈ ਕਿ ਕਾਲਜ ਸਮੇਂ ਦੀ ਜਾਤੀ ਰੰਜ਼ਿਸ਼ ਹੀ ਭੁੱਲਰ ਨੂੰ ਬੰਬ ਕੇਸ 'ਚ ਫਸਾਉਣ ਲਈ ਵੱਡਾ ਆਧਾਰ ਬਣੀ।

## ਰਾਣਾ ਖ਼ਿਲਾਫ਼ ਕੇਸ ਦੇ ਦਸਤਾਵੇਜ਼ ਜਨਤਕ ਹੋਣਗੇ

**ਸ਼ਿਕਾਗੋ:** ਅਮਰੀਕੀ ਅਦਾਲਤ ਨੇ ਅਤਿਵਾਦੀ ਤਹੱਵੁਰ ਹੁਸੈਨ ਰਾਣਾ ਖ਼ਿਲਾਫ਼ 26/11 ਮੁੰਬਈ ਹਮਲਿਆਂ ਬਾਰੇ ਚਲਾਏ ਕੇਸ ਨਾਲ ਸਬੰਧਤ ਦੋ ਦਰਜਨ ਤੋਂ ਵੱਧ ਦਸਤਾਵੇਜ਼ ਦੀਆਂ ਸੀਲਾਂ ਖੋਲ੍ਹ ਕੇ ਇਨ੍ਹਾਂ ਨੂੰ ਜਨਤਕ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ ਜ਼ਿਲ੍ਹਾ ਅਦਾਲਤ ਦੇ ਜੱਜ ਹੈਰੀ ਲੀਨੇਨਵੈਬਰ ਨੇ ਦਿੱਤਾ ਹੈ। ਗੌਰਤਲਬ ਹੈ ਕਿ ਰਾਣਾ ਨੂੰ ਤਕਰੀਬਨ ਇਕ ਮਹੀਨਾ ਪਹਿਲਾਂ 26/11 ਹਮਲਿਆਂ ਦੇ ਦੋਸ਼ਾਂ ਤੋਂ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਸੀ ਜਿਸ ਪਿੱਛੋਂ ਅਦਾਲਤ ਦਾ ਇਹ ਹੁਕਮ ਆਇਆ ਹੈ।



ਮੁੰਬਈ ਹਮਲਿਆਂ ਵਿਚ ਛੇ ਅਮਰੀਕੀਆਂ ਸਣੇ 186 ਵਿਅਕਤੀ ਮਾਰੇ ਗਏ ਸਨ। ਇਸ ਮੁਕੱਦਮੇ ਵਿਚ ਰਾਣਾ ਨੂੰ ਸਿਰਫ਼ ਲਸ਼ਕਰੇ ਤੋਇਬਾ ਦੀ ਮਦਦ ਕਰਨ ਤੇ ਡੈਨਮਾਰਕ ਵਿਚ ਇਕ ਹਮਲੇ ਦੀ ਸਾਜ਼ਿਸ਼ ਘੜਨ ਦਾ ਸਹਿ-ਮੁਲਜ਼ਮ ਡੇਵਿਡ ਕੋਲਮੈਨ ਹੈਡਲੀ ਸਣੇ ਦੋਸ਼ੀ ਕਰਾਰ ਦਿੱਤਾ ਗਿਆ ਸੀ। ਰੋਜ਼ਾਨਾ 'ਸ਼ਿਕਾਗੋ ਟ੍ਰਿਬਿਊਨ' ਨੇ ਅਦਾਲਤ ਨੂੰ ਇਨ੍ਹਾਂ ਦਸਤਾਵੇਜ਼ਾਂ ਦੀਆਂ ਸੀਲਾਂ ਖੋਲ੍ਹਣ ਦੀ ਬੇਨਤੀ ਕੀਤੀ ਸੀ ਤਾਂ ਕਿ ਉਨ੍ਹਾਂ ਨੂੰ ਜੱਗ-ਜ਼ਾਹਿਰ ਕੀਤਾ ਜਾ ਸਕੇ। ਅਮਰੀਕੀ ਅਟਾਰਨੀ ਪੈਟਰਿਕ ਫਿਰਜ਼ਬਰਗ ਨੇ ਵੀ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਇਨ੍ਹਾਂ ਦਸਤਾਵੇਜ਼ਾਂ ਨੂੰ ਜੱਗ-ਜ਼ਾਹਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸ ਬਾਰੇ ਇਲੀਨੋਇਸ ਦੀ ਜ਼ਿਲ੍ਹਾ ਅਦਾਲਤ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਹੈ ਕਿ"ਇਸ ਅਦਾਲਤ ਦੇ 25 ਮਈ, 2011 ਦੇ ਹੁਕਮਾਂ ਮੁਤਾਬਕ ਸਰਕਾਰ ਨੇ ਕੁਝ ਰਿਕਾਰਡ ਦੀਆਂ ਸੀਲਾਂ ਖੋਲ੍ਹਣ ਲਈ ਕਿਹਾ ਹੈ। ਸਰਕਾਰ ਨੂੰ ਇਸ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

## ਅਰਜ਼ੀਆਂ ਮੰਗਣ ਤੋਂ ਪਹਿਲਾਂ ਹੀ ਰਾਜਾ ਨੇ ਲਾਇਸੈਂਸ ਵੰਡੇ !

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਵਿਸ਼ੇਸ਼ ਅਦਾਲਤ ਵਿਚ ਦੱਸਿਆ ਕਿ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਨੇ 2-ਜੀ ਸਪੈਕਟ੍ਰਮ ਵੰਡ ਬਾਰੇ ਅਰਜ਼ੀਆਂ ਮੰਗੇ ਜਾਣ ਤੋਂ ਇਕ ਦਿਨ ਪਹਿਲਾਂ ਹੀ ਇਸ ਦੇ ਲਾਇਸੈਂਸ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ ਦਿੱਤੇ ਜਾਣ ਦੀ ਮਨਜ਼ੂਰੀ ਦੇ ਦਿੱਤੀ ਸੀ। ਇਨ੍ਹਾਂ ਕੰਪਨੀਆਂ ਵਿਚ ਅਨਿਲ ਅੰਬਾਨੀ ਦੀ ਰਿਲਾਇੰਸ ਕਮਿਊਨੀਕੇਸ਼ਨ ਵੀ ਸ਼ਾਮਲ ਸੀ।

ਵਿਸ਼ੇਸ਼ ਜੱਜ ਓ.ਪੀ. ਸੈਣੀ ਦੀ ਅਦਾਲਤ ਵਿਚ ਰਾਜਾ ਖ਼ਿਲਾਫ਼ ਦੋਸ਼ ਤੈਅ ਕਰਨ ਬਾਰੇ ਆਪਣੀ ਬਹਿਸ ਨੂੰ ਅੱਗੇ ਤੋਰਦਿਆਂ ਵਿਸ਼ੇਸ਼ ਸਰਕਾਰੀ ਵਕੀਲ ਯੂ.ਯੂ. ਲਲਿਤ ਨੇ ਦੱਸਿਆ ਕਿ ਰਾਜਾ ਨੇ ਰਿਲਾਇੰਸ, ਐਚ.ਐਫ.ਸੀ.ਐਲ. ਤੇ ਸ਼ਿਆਮ ਟੈਲੀਲਿੰਕ ਨੂੰ ਇਹ ਲਾਇਸੈਂਸ ਦੇਣ ਲਈ 18 ਸਤੰਬਰ, 2007 ਨੂੰ ਹੀ ਮਨਜ਼ੂਰੀ ਦੇ ਦਿੱਤੀ ਸੀ ਜਦੋਂਕਿ ਉਨ੍ਹਾਂ ਦੇ ਮੰਤਰਾਲੇ ਨੇ ਇਹ ਲਾਇਸੈਂਸ ਜਾਰੀ ਕਰਨ ਲਈ ਸਕੀਮ 19 ਸਤੰਬਰ, 2007 ਨੂੰ ਐਲਾਨੀ ਸੀ। ਉਨ੍ਹਾਂ ਕਿਹਾ ਕਿ ਇਕ ਦਿਨ ਬਾਅਦ 19 ਸਤੰਬਰ ਨੂੰ ਟਾਟਾ ਟੈਲੀ ਸਰਵਿਸਿਜ਼ ਨੇ ਜਦੋਂ 2-ਜੀ ਸਪੈਕਟ੍ਰਮ ਲਾਇਸੈਂਸ ਲਈ ਅਰਜ਼ੀ ਦਿੱਤੀ ਤਾਂ ਟੈਲੀਕਾਮ ਮੰਤਰੀ ਨੇ ਜਾਣਬੁੱਝ ਕੇ ਉਸ ਨੂੰ ਦਬਾ ਲਿਆ।

ਉਨ੍ਹਾਂ ਕਿਹਾ ਕਿ ਇਸ ਦੋਹਰੀ ਤਕਨਾਲੋਜੀ ਬਾਰੇ ਅਰਜ਼ੀਆਂ ਦੀ ਮਨਜ਼ੂਰੀ ਬਾਰੇ 19 ਸਤੰਬਰ, 2007 ਨੂੰ ਪ੍ਰੈਸ ਨੋਟ ਜਾਰੀ ਕੀਤਾ ਗਿਆ ਪਰ ਇਸ ਤੋਂ ਇਕ ਦਿਨ ਪਹਿਲਾਂ 18 ਸਤੰਬਰ ਨੂੰ ਹੀ ਰਾਜਾ ਨੇ ਦੋਹਰੀ ਤਕਨਾਲੋਜੀ (ਲਾਇਸੈਂਸ) ਰਿਲਾਇੰਸ ਐਚ.ਐਫ.ਸੀ.ਐਲ. ਤੇ ਸ਼ਿਆਮ ਟੈਲੀਲਿੰਕ ਨੂੰ ਜਾਰੀ ਕਰਨ ਦੀ ਅਸੂਲਨ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਟਾਟਾ ਟੈਲੀ ਸਰਵਿਸਿਜ਼ ਨੇ 19 ਸਤੰਬਰ, 2007 ਨੂੰ ਇਸ ਲਈ ਅਰਜ਼ੀ ਦਿੱਤੀ ਪਰ ਉਨ੍ਹਾਂ ਦੀ ਅਰਜ਼ੀ ਨਾਲ ਉਹੋ ਜਿਹਾ ਵਿਹਾਰ ਨਹੀਂ ਕੀਤਾ ਗਿਆ। ਇਸ ਨੂੰ ਲਟਕਾ ਲਿਆ ਗਿਆ ਤੇ ਅਜਿਹਾ ਜਾਣਬੁੱਝ ਕੇ ਇਕ ਮਨਸ਼ੇ ਨਾਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇ ਟਾਟਾ ਟੈਲੀ ਸਰਵਿਸਿਜ਼ ਦੀ ਅਰਜ਼ੀ ਮਨਜ਼ੂਰ ਕਰ ਲਈ ਜਾਂਦੀ ਤਾਂ 'ਰਾਜਾ ਦੀ ਆਪਣੀਆਂ ਚਹੇਤੀਆਂ' ਕੰਪਨੀਆਂ ਸਬੰਧੀ ਤਰਜੀਹ 'ਤੇ ਮਾੜਾ ਅਸਰ ਪੈਣਾ ਸੀ।

## ਪਾਕਿ 'ਚ ਫ਼ੌਜ ਵੱਲੋਂ ਬਗ਼ਾਵਤ ਦਾ ਖਦਸ਼ਾ: ਇਮਰਾਨ ਖਾਨ


**ਲਾਹੌਰ:** ਕ੍ਰਿਕਟ ਖਿਡਾਰੀ ਤੋਂ ਸਿਆਸਤਦਾਨ ਬਣੇ ਇਮਰਾਨ ਖਾਨ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਪਾਕਿਸਤਾਨ 'ਚ ਫੌਜ ਵੱਲੋਂ ਕਿਸੇ ਵੇਲੇ ਵੀ ਬਗ਼ਾਵਤ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪਾਕਿ ਫੌਜ ਅਮਰੀਕਾ ਦੀ ਲੜਾਈ ਲੜ ਰਹੀ ਹੈ। ਇਸ ਵੇਲੇ ਅਮਰੀਕੀ 'ਹੁਕਮਾਂ' 'ਤੇ ਪਾਕਿ ਫੌਜ ਉੱਤਰੀ ਵਜ਼ੀਰਿਸਤਾਨ 'ਚ ਲੜ ਰਹੀ ਹੈ ਜਿੱਥੇ ਅਮਰੀਕਾ ਨੇ 5 ਹਜ਼ਾਰ ਤਾਲਿਬਾਨ ਛੁਪੇ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਫੌਜ ਪੰਜ ਹਜ਼ਾਰ ਤਾਲਿਬਾਨਾਂ ਦੇ ਸ਼ਿਕਾਰ ਲਈ ਸਾਢੇ ਤਿੰਨ ਲੱਖ ਆਮ ਲੋਕਾਂ 'ਤੇ ਹਮਲਾ ਕਰੇਗੀ? ਖਾਨ ਨੇ ਕਿਹਾ ਕਿ ਅਜਿਹੀ ਹਾਲਤ 'ਚ ਫੌਜ ਵੱਲੋਂ ਬਗ਼ਾਵਤ ਕੀਤੀ ਜਾ ਸਕਦੀ ਹੈ।



'ਪਾਕਿਸਤਾਨ ਤਹਿਰੀਕ-ਏ-ਇਨਸਾਫ' ਪਾਰਟੀ ਦੇ ਆਗੂ ਇਮਰਾਨ ਖਾਨ ਨੇ ਕਿਹਾ ਕਿ ਇਸ ਫੌਜੀ ਮੁਹਿੰਮ ਦੌਰਾਨ ਨਿਰਦੋਸ਼ ਲੋਕ ਮਾਰੇ ਜਾ ਸਕਦੇ ਹਨ ਜਿਸ ਦਾ ਅਸਰ ਫੌਜ ਦੇ ਮਨੋਬਲ 'ਤੇ ਪਵੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ ਅਤਿਵਾਦ ਖਿਲਾਫ ਲੜਾਈ ਦੀ ਨੀਤੀ 'ਤੇ ਨਜ਼ਰਸਾਨੀ ਕਰਨ ਦੀ ਜ਼ਰੂਰਤ ਹੈ। ਕਿਉਂਕਿ ਅਮਰੀਕੀ ਡਰੋਨ ਹਮਲਿਆਂ 'ਚ ਨਿਰਦੋਸ਼ ਲੋਕ ਮਾਰੇ ਗਏ ਹਨ ਪਰ ਪਾਕਿ ਸ਼ਾਸਕ 'ਬੇਸ਼ਰਮੀ' ਨਾਲ ਅਮਰੀਕਾ ਨੂੰ ਆਪਣੇ ਨਾਗਰਿਕਾਂ ਦੇ ਕਤਲ ਦਾ ਲਾਇਸੈਂਸ ਦੇ ਰਹੇ ਹਨ।

# ਅਮਰੀਕਾ 'ਚ ਕਸ਼ਮੀਰ ਫਰੰਟ ਦਾ ਖੁਲਾਸਾ ਤੇ ਇਸ ਨਾਲ ਜੁੜੇ ਮੁੱਦੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

ਬਾਈ ਜੁਲਾਈ ਦੇ ਦਿਨ ਨਾਰਵੇ ਵਰਗੇ ਦੇਸ਼ ਵਿਚ ਵੀ ਬੰਬ ਧਮਾਕਾ ਹੋਣ ਦੀ ਖਬਰ ਸਾਰੇ ਸੰਸਾਰ ਨੂੰ ਇਸ ਪੱਖ ਤੋਂ ਸੁੰਨ ਕਰ ਦੇਣ ਵਾਲੀ ਹੈ ਕਿ ਇਹ ਦੇਸ਼ ਸੰਸਾਰ ਦੇ ਬੇਹੱਦ ਸ਼ਾਂਤ ਮੁਲਕਾਂ ਵਿਚ ਗਿਣਿਆ ਜਾਂਦਾ ਸੀ। ਪਿਛਲੇ ਸਾਲ ਇਸ ਦਾ ਦਰਜਾ ਅਮਨ ਦੇ ਪੱਖ ਤੋਂ ਸੰਸਾਰ ਵਿਚ ਪੰਜਵਾਂ ਸੀ, ਇਸ ਵਾਰੀ ਵੀ ਕੁਝ ਮਾੜੀਆਂ ਘਟਨਾਵਾਂ ਦੇ ਬਾਵਜੂਦ ਨੌਵਾਂ ਦਰਜਾ ਕਾਇਮ ਹੈ। ਹੁਣ ਵਾਲਾ ਧਮਾਕਾ ਉਥੋਂ ਦੀ ਸਰਕਾਰ ਦੇ ਹੈਡਕੁਆਰਟਰ ਵਿਚ ਹੋਇਆ ਹੈ ਜਿਸ ਵਿਚ ਪ੍ਰਧਾਨ ਮੰਤਰੀ ਦਾ ਦਫਤਰ ਵੀ ਹੈ। ਪਿਛਲੇ ਸਾਲ ਇਕ ਹੋਰ ਅਮਨਪਸੰਦ ਦੇਸ਼ ਡੈਨਮਾਰਕ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਅਮਰੀਕਾ ਨੇ ਜਦੋਂ ਡੇਵਿਡ ਕੋਲਮੈਨ ਹੈਡਲੀ ਨੂੰ ਫੜਿਆ ਸੀ, ਬਾਅਦ ਵਿਚ ਭਾਵੇਂ ਉਸ ਦੀ ਅਪਰਾਧ ਕਥਾ ਦਾ ਮੁੱਖ ਕਾਂਡ, ਮੁੰਬਈ ਦਾ ਕੁਝ ਚਿਰ ਪਹਿਲਾਂ ਵਾਲਾ ਸਭ ਤੋਂ ਵੱਡਾ ਦਹਿਸ਼ਤਗਰਦ ਹਮਲਾ ਮੰਨ ਲਿਆ ਗਿਆ ਪਰ ਫੜਿਆ ਉਸ ਨੂੰ ਮੁੰਬਈ ਦੇ ਕਾਰਨ ਨਹੀਂ, ਡੈਨਮਾਰਕ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਕਰ ਕੇ ਸੀ। ਉਥੋਂ ਦੇ ਇਕ ਅਖਬਾਰ ਨੇ ਮੁਹੰਮਦ ਸਾਹਿਬ ਦਾ ਕਾਰਟੂਨ ਛਾਪਣ ਦੀ ਗੁਸਤਾਖੀ ਕੀਤੀ ਸੀ ਜੋ ਉਸ ਨੂੰ ਨਹੀਂ ਸੀ ਕਰਨੀ ਚਾਹੀਦੀ। ਇਸ ਨੂੰ ਲੈ ਕੇ ਇਸਲਾਮੀ ਕੱਟੜਪੰਥੀਆਂ ਨੇ ਅਖਬਾਰ ਅਤੇ ਕਲਾਕਾਰ, ਦੋਵਾਂ ਨੂੰ ਸਬਕ ਸਿਖਾਉਣ ਲਈ ਦਹਿਸ਼ਤਗਰਦ ਹਮਲਾ ਕਰਨ ਦੀ ਸਾਜ਼ਿਸ਼ ਗੁੰਦੀ ਅਤੇ ਉਸ ਉੱਤੇ ਅਮਲ ਕਰਨ ਲਈ ਹੈਡਲੀ ਕਾਰੋਬਾਰੀ ਬੰਦਾ ਬਣ ਕੇ ਅਖਬਾਰ ਦੇ ਦਫਤਰ ਤੱਕ ਉਵੇਂ ਹੀ ਚਲਾ ਗਿਆ, ਜਿਵੇਂ ਹਮਲਿਆਂ ਤੋਂ ਪਹਿਲਾਂ ਮੁੰਬਈ ਦੇ ਗੇੜੇ ਲਾਉਣ ਆਉਂਦਾ ਰਿਹਾ ਸੀ। ਕਿਹਾ ਜਾਂਦਾ ਹੈ ਕਿ ਡੈਨਮਾਰਕ ਵਿਚ ਉਸ ਨੇ ਸੁਰੱਖਿਆ ਲਈ ਲਾਏ ਗਏ ਅਧਿਕਾਰੀਆਂ ਨਾਲ ਉਨ੍ਹਾਂ ਦੀ ਗੰਨ ਬਾਰੇ ਵੀ ਗੱਲਾਂ ਕੀਤੀਆਂ ਸਨ। ਜਦੋਂ ਇਹ ਸਾਰਾ ਕੁਝ ਜ਼ਾਹਰ ਹੋ ਗਿਆ ਤਾਂ ਅਮਰੀਕਾ ਵਾਲਿਆਂ ਨੇ ਡੈਨਮਾਰਕ ਦਾ ਰੌਲਾ ਪਾਏ ਬਗੈਰ ਹੈਡਲੀ ਨੂੰ ਮੁੰਬਈ ਦੇ ਹਮਲਿਆਂ ਲਈ ਗ੍ਰਿਫਤਾਰ ਕਰ ਲਿਆ, ਪਰ ਉਸ ਦੀ ਪੁਰਾਣੀ 'ਸੇਵਾ' ਦਾ ਖਿਆਲ ਕਰ ਕੇ ਉਸ ਨੂੰ ਵਾਅਦਾ ਮੁਆਫ ਗਵਾਹ ਬਣਾ ਕੇ ਉਸ ਦੇ ਜੋਟੀਦਾਰ ਦਾ ਸ਼ਿਕੰਜਾ ਕੱਸਣ ਲੱਗੇ ਰਹੇ ਸਨ।

ਇਸ ਵਾਰੀ ਨਾਰਵੇ ਦੇ ਧਮਾਕਿਆਂ ਤੋਂ ਬਾਅਦ ਜੋ ਵੀ ਸਾਹਮਣੇ ਆਵੇ, ਉਸ ਤੋਂ ਤਿੰਨ ਦਿਨ ਪਹਿਲਾਂ ਅਮਰੀਕਾ ਵਿਚ ਕਸ਼ਮੀਰੀ ਮੂਲ ਦੇ ਗੁਲਾਮ ਨਬੀ ਫਾਈ ਦੀ ਗ੍ਰਿਫਤਾਰੀ ਨੂੰ ਸੰਸਾਰ ਪੱਧਰ ਦੀ ਦਹਿਸ਼ਤਗਰਦੀ ਦੇ ਜਾਲ ਦੀ ਨਵੀਂ ਕੜੀ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਉਹ ਪਿਛਲੇ ਕਈ ਸਾਲਾਂ ਤੋਂ ਕਸ਼ਮੀਰੀ ਅਮਰੀਕਨ ਕੌਂਸਲ ਦਾ ਫੱਟਾ ਲਾ ਕੇ ਭਾਰਤ ਵਿਰੋਧੀ ਸਰਗਰਮੀ ਦਾ ਧੁਰਾ ਬਣਿਆ ਪਿਆ ਸੀ। ਜਦੋਂ ਉਹ ਫੜਿਆ ਗਿਆ ਤਾਂ ਇਹ ਗੱਲ ਅਮਰੀਕਾ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਐਫ.ਬੀ.ਆਈ. ਨੇ ਅਮਰੀਕੀ ਅਦਾਲਤ ਨੂੰ ਦੱਸੀ ਕਿ ਇਹ ਬੰਦਾ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਪੱਕੇ ਏਜੰਟ ਦੀ ਡਿਊਟੀ ਕਰਦਾ ਸੀ ਅਤੇ ਉਸ ਤੋਂ ਪੈਸੇ ਲੈਂਦਾ ਸੀ। ਐਫ.ਬੀ.ਆਈ. ਦੀ ਜਾਂਚ ਮੁਤਾਬਕ ਉਸ ਨੂੰ ਆਈ.ਐਸ.ਆਈ. ਦੇ ਅਧਿਕਾਰੀਆਂ ਨੇ ਤਿੰਨ ਸਾਲਾਂ ਵਿਚ ਚਾਰ ਹਜ਼ਾਰ ਵਾਰੀ ਹਦਾਇਤਾਂ ਦੇਣ ਲਈ ਫੋਨ ਕੀਤੇ ਸਨ, ਜਾਂ ਉਸ ਨੇ ਮੋੜਵੇਂ ਫੋਨ ਕੀਤੇ ਸਨ। ਇਹੋ ਨਹੀਂ, ਇਸੇ ਏਜੰਸੀ ਦੀ ਰਿਪੋਰਟ ਹੈ ਕਿ ਆਈ.ਐਸ.ਆਈ. ਨੇ ਉਸ ਨੂੰ ਚਾਲੀ ਲੱਖ ਡਾਲਰ ਵੀ ਦਿੱਤੇ ਸਨ ਜਿਹੜੇ ਕਿੱਥੇ ਵਰਤੇ ਗਏ, ਇਹ ਗੱਲ ਸਿਰਫ ਆਈ.ਐਸ.ਆਈ. ਜਾਣਦੀ ਹੋਵੇਗੀ, ਜਾਂ ਫਿਰ ਉਸ ਦਾ ਪਿਆਦਾ ਗੁਲਾਮ ਨਬੀ ਫਾਈ ਜਾਣਦਾ ਹੋਵੇਗਾ।



ਗੁਲਾਮ ਨਬੀ ਫਾਈ

***ਗੁਲਾਮ ਨਬੀ ਫਾਈ ਦੇ ਜ਼ਿੰਮੇ ਜ਼ਾਹਰਾ ਤੌਰ ਉੱਤੇ ਇਹ ਕੰਮ ਸੀ ਕਿ ਉਹ ਅਮਰੀਕਾ ਦੇ ਕਾਂਗਰਸਮੈਨਾਂ ਵਿਚ ਕਸ਼ਮੀਰ ਵਾਲੇ ਜਹਾਦ ਦੇ ਹੱਕ ਵਿਚ ਲਾਬੀ ਕਰਦਾ ਰਹੇ ਕਿਉਂਕਿ ਇਹ ਕੰਮ ਅਮਰੀਕਾ ਵਿਚ ਗੈਰ-ਕਾਨੂੰਨੀ ਨਹੀਂ, ਤੇ ਕਈ ਦੂਜੇ ਦੇਸ਼ਾਂ ਦੇ ਨੁਮਾਇੰਦੇ ਵੀ ਇਸ ਤਰ੍ਹਾਂ ਕਰਦੇ ਰਹਿੰਦੇ ਹਨ ਜਿਨ੍ਹਾਂ ਵਿਚ ਭਾਰਤ ਦੇ ਹਮਦਰਦ ਵੀ ਸ਼ਾਮਲ ਹਨ। ਗੈਰ-ਕਾਨੂੰਨੀ ਕਾਰਵਾਈ ਇਹ ਸੀ ਕਿ ਫਾਈ ਨੇ ਅਮਰੀਕਾ ਸਰਕਾਰ ਤੋਂ ਵੀ ਮਾਇਕ ਸਹਾਇਤਾ ਲਈ ਹੋਈ ਸੀ ਅਤੇ ਨਾਲ ਦੀ ਨਾਲ ਪਾਕਿਸਤਾਨ ਤੋਂ ਵੀ ਮੋਟਾ ਮਾਲ ਲੈਂਦਾ ਰਿਹਾ ਸੀ। ਜਿਹੜਾ ਪੈਸਾ ਉਸ ਨੂੰ ਪਾਕਿਸਤਾਨ ਵੱਲੋਂ ਮਿਲਦਾ ਸੀ, ਉਹ ਖੁਫੀਆ ਏਜੰਸੀ ਆਈ.ਐਸ.ਆਈ. ਦੇ ਅਧਿਕਾਰੀ ਦਿੰਦੇ ਸਨ, ਇਹ ਗੱਲ ਐਫ.ਬੀ.ਆਈ. ਦੀ ਜਾਂਚ ਵਿਚ ਸਾਹਮਣੇ ਆ ਗਈ ਹੈ।***

ਗੁਲਾਮ ਨਬੀ ਫਾਈ ਦੇ ਜ਼ਿੰਮੇ ਜ਼ਾਹਰਾ ਤੌਰ ਉੱਤੇ ਇਹ ਕੰਮ ਸੀ ਕਿ ਉਹ ਅਮਰੀਕਾ ਦੇ ਕਾਂਗਰਸਮੈਨਾਂ ਵਿਚ ਕਸ਼ਮੀਰ ਵਾਲੇ ਜਹਾਦ ਦੇ ਹੱਕ ਵਿਚ ਲਾਬੀ ਕਰਦਾ ਰਹੇ ਕਿਉਂਕਿ ਇਹ ਕੰਮ ਅਮਰੀਕਾ ਵਿਚ ਗੈਰ-ਕਾਨੂੰਨੀ ਨਹੀਂ, ਤੇ ਕਈ ਦੂਜੇ ਦੇਸ਼ਾਂ ਦੇ ਨੁਮਾਇੰਦੇ ਵੀ ਇਸ ਤਰ੍ਹਾਂ ਕਰਦੇ ਰਹਿੰਦੇ ਹਨ ਜਿਨ੍ਹਾਂ ਵਿਚ ਭਾਰਤ ਦੇ ਹਮਦਰਦ ਵੀ ਸ਼ਾਮਲ ਹਨ। ਗੈਰ-ਕਾਨੂੰਨੀ ਕਾਰਵਾਈ ਇਹ ਸੀ ਕਿ ਫਾਈ ਨੇ ਅਮਰੀਕਾ ਸਰਕਾਰ ਤੋਂ ਵੀ ਮਾਇਕ ਸਹਾਇਤਾ ਲਈ ਹੋਈ ਸੀ ਅਤੇ ਨਾਲ ਦੀ ਨਾਲ ਪਾਕਿਸਤਾਨ ਤੋਂ ਵੀ ਮੋਟਾ ਮਾਲ ਲੈਂਦਾ ਰਿਹਾ ਸੀ। ਜਿਹੜਾ ਪੈਸਾ ਉਸ ਨੂੰ ਪਾਕਿਸਤਾਨ ਵੱਲੋਂ ਮਿਲਦਾ ਸੀ, ਉਹ ਖੁਫੀਆ ਏਜੰਸੀ ਆਈ.ਐਸ.ਆਈ. ਦੇ ਅਧਿਕਾਰੀ ਦਿੰਦੇ ਸਨ, ਇਹ ਗੱਲ ਐਫ.ਬੀ.ਆਈ. ਦੀ ਜਾਂਚ ਵਿਚ ਸਾਹਮਣੇ ਆ ਗਈ ਹੈ। ਇੰਜ ਉਹ ਜਿਸ ਦੇਸ਼ ਵਿਚ ਰਹਿੰਦਾ ਸੀ, ਉਸ ਦੇ ਪ੍ਰਬੰਧ ਨਾਲ ਵੀ ਖਿਲਵਾੜ ਕਰਦਾ ਰਿਹਾ ਸੀ ਤੇ ਉਸ ਦੀਆਂ ਸ਼ੱਕੀ ਕਾਰਵਾਈਆਂ ਵਿਚ ਕਈ ਕੁਝ ਅਜਿਹਾ ਸੀ ਜਿਹੜਾ ਹਾਲੇ ਹੌਲੀ-ਹੌਲੀ ਸਾਹਮਣੇ ਆਵੇਗਾ।

ਹੌਲੀ-ਹੌਲੀ ਦੀ ਗੱਲ ਇਸ ਕਰ ਕੇ ਕਹੀ ਜਾਂਦੀ ਹੈ ਕਿ ਜਦੋਂ ਡੇਵਿਡ ਕੋਲਮੈਨ ਹੈਡਲੀ ਫੜਿਆ ਗਿਆ ਸੀ, ਉਦੋਂ ਵੀ ਸਾਰਾ ਕੁਝ ਇਕ ਦਮ ਸਾਹਮਣੇ ਨਹੀਂ ਸੀ ਆ ਗਿਆ। ਮਜ਼ਾਕੀਆ ਸੁਭਾਅ ਦੇ ਅਲਾਮਾ ਇਕਬਾਲ ਬਾਰੇ ਕਿਹਾ ਜਾਂਦਾ ਹੈ ਕਿ ਇਕ ਵਾਰੀ ਜਦੋਂ ਉਹ ਕਲਾਸ ਵਿਚ ਦੇਰ ਨਾਲ ਗਿਆ ਤਾਂ ਟੀਚਰ ਨੇ ਕਿਹਾ ਸੀ, "ਇਕਬਾਲ ਦੇਰੀ ਸੇ ਆਏ ਹੈਂ।" ਇਕਬਾਲ ਨੇ ਹੱਸ ਕੇ ਕਿਹਾ ਸੀ: "ਇਕਬਾਲ ਦੇਰੀ ਸੇ ਹੀ ਹੋਤਾ ਹੈ।" ਕਹਿਣ ਦਾ ਮਤਲਬ ਇਹ ਸੀ ਕਿ ਗੁਨਾਹ ਦਾ ਅਹਿਸਾਸ ਕੋਈ ਵੀ ਅਪਰਾਧੀ ਇਕ ਦਮ ਨਹੀਂ ਕਰਦਾ, ਪਰਤਾਂ ਖੁੱਲ੍ਹਦਿਆਂ ਦੇਰੀ ਲੱਗਦੀ ਹੁੰਦੀ ਹੈ। ਡੇਵਿਡ ਕੋਲਮੈਨ ਹੈਡਲੀ ਬਾਰੇ ਇਹ ਪਤਾ ਲੱਗਣ ਵਿਚ ਵੀ ਕਈ ਦਿਨ ਲੱਗ ਗਏ ਸਨ ਕਿ ਉਸ ਦਾ ਅਸਲੀ ਨਾਂ ਦਾਊਦ ਗਿਲਾਨੀ ਹੈ, ਉਹ ਪਾਕਿਸਤਾਨੀ ਮੂਲ ਦਾ ਹੈ ਅਤੇ ਉਸ ਦੇ ਪਿਤਾ ਸਈਦ ਸਲੀਮ ਗਿਲਾਨੀ ਦੀ ਰਿਸ਼ਤੇਦਾਰੀ ਅੱਜ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਸੀ। ਇਹੋ ਨਹੀਂ, ਡੇਵਿਡ ਉਰਫ ਦਾਊਦ ਗਿਲਾਨੀ ਦਾ ਬਾਪ ਤਾਂ ਕਈ ਚਿਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਅਫਸਰ ਵੀ ਰਿਹਾ ਸੀ। ਅਮਰੀਕੀ ਨਾਗਰਿਕ ਬਣ ਚੁੱਕੇ ਦਾਊਦ ਉਰਫ ਡੇਵਿਡ ਨੇ ਆਪਣਾ ਧਰਮ ਵੀ ਬਦਲੇ ਬਿਨਾਂ ਈਸਾਈ ਲਿਖਾ ਕੇ ਸਾਰਿਆਂ ਨੂੰ ਧੋਖਾ ਦਿੱਤਾ ਹੋਇਆ ਸੀ। ਉਸ ਦੇ ਇਸੇ ਝਾਂਸੇ ਕਾਰਨ ਉਹ ਮੁੰਬਈ ਤੋਂ ਲੈ ਕੇ ਡੈਨਮਾਰਕ ਤੱਕ ਦਹਿਸ਼ਤਗਰਦੀ ਦੀ ਐਡਵਾਂਸ ਪਾਰਟੀ ਦਾ ਕੰਮ ਕਰੀ ਜਾਂਦਾ ਰਿਹਾ ਸੀ; ਨਹੀਂ ਤਾਂ ਪਹਿਲੇ ਗੇੜੇ ਵਿਚ ਹੀ ਨੱਪਿਆ ਜਾਣਾ ਸੀ।

ਜਿਵੇਂ ਡੇਵਿਡ ਕੋਲਮੈਨ ਹੈਡਲੀ ਉਰਫ ਦਾਊਦ ਗਿਲਾਨੀ ਦਾ ਸਬੰਧ ਪਾਕਿਸਤਾਨ ਵਾਲੇ ਮੌਜੂਦਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਜਾ ਜੁੜਦਾ ਸੀ, ਉਵੇਂ ਹੀ ਹੁਣ ਗੁਲਾਮ ਨਬੀ ਫਾਈ ਦੇ ਨੇੜਲੇ ਸਬੰਧ, ਰਿਸ਼ਤੇਦਾਰੀ ਵਾਲੇ ਭਾਵੇਂ ਨਹੀਂ, ਇਸੇ ਪ੍ਰਧਾਨ ਮੰਤਰੀ ਗਿਲਾਨੀ ਨਾਲ ਜੁੜ ਰਹੇ ਹਨ। ਅਜੇ ਕੁਝ ਮਹੀਨੇ ਪਹਿਲਾਂ ਉਹ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਗਿਲਾਨੀ ਦੇ ਖੱਬੇ ਪਾਸੇ ਮੋਢੇ ਨਾਲ ਮੋਢਾ ਜੋੜ ਕੇ ਬੈਠਾ ਸੀ ਅਤੇ ਦੋਵਾਂ ਦੀ ਤਕਰੀਰ ਭਾਰਤ ਉੱਤੇ ਚਾਂਦਮਾਰੀ ਵੱਲ ਇਕੋ ਜਿਹੀ ਸੇਧਤ ਸੀ। ਸ਼ਾਇਦ ਇਸੇ ਲਈ ਪਾਕਿਸਤਾਨ ਦੀ ਸਰਕਾਰ ਉਸ ਦੀ ਗ੍ਰਿਫਤਾਰੀ ਉੱਤੇ ਬਹੁਤ ਭੜਕੀ ਹੋਈ ਹੈ। ਇਹ ਵੀ ਤਾਂ ਇਕ ਖਾਸ ਰਿਸ਼ਤੇਦਾਰੀ ਦਾ ਸੰਕੇਤ ਹੀ ਹੈ!



ਓਸਲੋ (ਨਾਰਵੇ) ਵਿਚ ਹੋਏ ਧਮਾਕੇ ਦਾ ਦ੍ਰਿਸ਼

ਸਾਡੇ ਲਈ ਗੁਲਾਮ ਨਬੀ ਫਾਈ ਦੀ ਗ੍ਰਿਫਤਾਰੀ ਦਾ ਇਕ ਹੋਰ ਪਹਿਲੂ ਵੀ ਗੰਭੀਰਤਾ ਨਾਲ ਲੈਣ ਵਾਲਾ ਹੈ। ਉਹ ਜੰਮੂ-ਕਸ਼ਮੀਰ ਵਿਚ ਕਈ ਅਪਰਾਧਕ ਕੇਸਾਂ ਵਿਚ ਦੋਸ਼ੀ ਵਜੋਂ ਨਾਮਜ਼ਦ ਕੀਤਾ ਜਾਂਦਾ ਰਿਹਾ ਹੈ ਅਤੇ ਪਿਛਲੇ ਸਮੇਂ ਵਿਚ ਉਸ ਨੂੰ ਇਥੇ ਦਹਿਸ਼ਤਗਰਦੀ ਭੜਕਾਉਣ ਲਈ ਸਰਗਰਮ ਪਿਆਦੇ ਵਜੋਂ ਜਾਣਿਆ ਜਾਂਦਾ ਸੀ। ਕਈ ਵਾਰੀ ਚਰਚਾ ਵਿਚ ਆ ਚੁੱਕਾ ਹੈ ਕਿ ਇਹ ਬੰਦਾ ਹੁਣ ਜਦੋਂ ਅਮਰੀਕੀ ਖੁਫੀਆ ਏਜੰਸੀ ਵੱਲੋਂ ਨੱਪਿਆ ਗਿਆ ਤਾਂ ਪਤਾ ਲੱਗਾ ਕਿ ਉਹ ਵੱਖ-ਵੱਖ ਸਮੇਂ ਉੱਤੇ ਕਈ ਵਾਰੀ ਸੈਮੀਨਾਰ ਵੀ ਕਰਵਾਉਂਦਾ ਰਿਹਾ ਸੀ ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਸਾਡੇ ਭਾਰਤ ਤੋਂ ਵੀ ਕਈ ਉੱਘੀਆਂ ਹਸਤੀਆਂ ਦੀ ਅਮਰੀਕਾ ਤੱਕ ਦੀ ਉਚੇਚੀ ਉਡਾਰੀ ਲੱਗਦੀ ਰਹੀ ਸੀ। ਇਨ੍ਹਾਂ ਵਿਚ ਇਕ ਸੱਜਣ ਪੰਜਾਬੀ ਮੂਲ ਦੇ ਉੱਘੇ ਪੱਤਰਕਾਰ ਹਨ ਅਤੇ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਦੀ ਸਰਕਾਰ ਵੇਲੇ ਇਕ ਪੱਛਮੀ ਦੇਸ਼ ਵਿਚ ਹਾਈ ਕਮਿਸ਼ਨਰ ਰਹਿ ਚੁੱਕੇ ਹਨ। ਦੂਜੇ ਸੱਜਣ ਵੀ ਪਹਿਲਾਂ ਪੱਤਰਕਾਰ ਹੁੰਦੇ ਸਨ, ਹੁਣ ਪੱਤਰਕਾਰ ਤੋਂ ਵੱਧ ਕਸ਼ਮੀਰ ਸਮੱਸਿਆ ਦੇ ਹੱਲ ਲਈ ਯਤਨ ਕਰਨ ਵਾਲੇ ਵਿਚੋਲੇ ਵਜੋਂ ਜਾਣੇ ਜਾਂਦੇ ਹਨ। ਇਹ ਲੋਕ ਜਦੋਂ ਅਮਰੀਕਾ ਜਾਂਦੇ ਸਨ ਤਾਂ ਹਵਾਈ ਸਫਰ ਦੀਆਂ ਉੱਚੀ ਕਲਾਸ ਦੀਆਂ ਟਿਕਟਾਂ ਤੋਂ ਲੈ ਕੇ ਉਥੇ ਰਿਹਾਇਸ਼ ਤੋਂ ਇਲਾਵਾ ਹਰ ਕਿਸਮ ਦੇ ਖਰਚੇ ਲਈ ਜ਼ਿੰਮੇਵਾਰੀ ਗੁਲਾਮ ਨਬੀ ਫਾਈ ਦੀ ਹੁੰਦੀ ਸੀ ਅਤੇ ਉਹ ਇਹ ਕੰਮ ਆਈ.ਐਸ.ਆਈ. ਤੋਂ ਮਿਲੇ ਫੰਡਾਂ ਵਿਚੋਂ ਕਰਦਾ ਸੀ। ਜੰਮੂ-ਕਸ਼ਮੀਰ ਦੀ ਪੁਲਿਸ ਜਿਸ ਬੰਦੇ ਨੂੰ ਅਪਰਾਧੀ ਮੰਨਦੀ ਸੀ, ਉਸ ਦਾ ਇਨ੍ਹਾਂ ਲੋਕਾਂ ਨੂੰ ਪਤਾ ਤਾਂ ਹੋਣਾ ਚਾਹੀਦਾ ਸੀ। ਸਾਰੀ ਦੁਨੀਆ ਦੀ ਖੋਜ-ਖਬਰ ਰੱਖਣ ਵਾਲਿਆਂ ਨੂੰ ਉਸ ਬੰਦੇ ਦਾ ਵੀ ਕੁਝ ਪਤਾ ਹੋਣਾ ਚਾਹੀਦਾ ਸੀ ਜਿਸ ਦੇ ਮਹਿਮਾਨ ਬਣ ਕੇ ਉਹ ਏਡੀ ਦੂਰ ਜਾਂਦੇ ਹੁੰਦੇ ਸਨ।

ਜਦੋਂ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਹੁੰਦੇ ਸਨ, ਉਦੋਂ ਇਕ ਵਾਰੀ ਪਾਕਿਸਤਾਨ ਦਾ ਵਿਦੇਸ਼ ਮੰਤਰੀ ਸਾਹਿਬਜ਼ਾਦਾ ਯਾਕੂਬ ਖਾਂ ਭਾਰਤ ਆ ਕੇ ਗਿਆ ਸੀ। ਇਥੇ ਉਹ ਕਈ ਲੋਕਾਂ ਨੂੰ ਮਿਲਿਆ ਸੀ। ਜਦੋਂ ਉਹ ਵਾਪਸ ਮੁੜ ਗਿਆ, ਉਸ ਤੋਂ ਸਿਰਫ ਇਕ ਹਫਤਾ ਬਾਅਦ ਪੰਜਾਬ ਦੇ ਪੰਜ ਉੱਘੇ ਪੱਤਰਕਾਰਾਂ ਨਾਲ ਅਸੀਂ ਵੀ ਦਿੱਲੀ ਦੇ ਦੌਰੇ ਉੱਤੇ ਗਏ ਤਾਂ ਉਥੇ ਅਣਸੁਖਾਵੀਂ ਖਬਰ ਸੁਣਨ ਨੂੰ ਮਿਲ ਗਈ। ਉਦੋਂ 'ਟਾਈਮਜ਼ ਆਫ ਇੰਡੀਆ' ਦੇ ਸੰਪਾਦਕ ਗਿਰੀ ਲਾਲ ਜੈਨ ਹੁੰਦੇ ਸਨ। ਇਕ ਮੀਟਿੰਗ ਮੌਕੇ ਉਨ੍ਹਾਂ ਨੇ ਪਾਕਿਸਤਾਨੀ ਵਿਦੇਸ਼ ਮੰਤਰੀ ਸਾਹਿਬਜ਼ਾਦਾ ਯਾਕੂਬ ਖਾਂ ਨਾਲ ਆਪਣੀ ਮਿਲਣੀ ਦਾ ਵੇਰਵਾ ਦੱਸਿਆ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਾ ਯਾਕੂਬ ਖਾਂ ਨੇ ਸਾਰਾ ਸਮਾਂ ਭਾਰਤ ਵਿਰੁੱਧ ਬੋਲਣ ਉੱਤੇ ਲਾ ਦਿੱਤਾ। ਫਿਰ ਜਦੋਂ ਗਿਰੀ ਲਾਲ ਜੈਨ ਨੇ ਆਪਸੀ ਰਿਸ਼ਤਿਆਂ ਵਿਚ ਪਾਕਿਸਤਾਨੀ ਬਦ-ਦਿਆਨਤੀ ਦਾ ਕਿੱਸਾ ਫੋਲਣਾ ਸ਼ੁਰੂ ਕੀਤਾ ਤਾਂ ਉਹ ਸੁਣਦੇ ਰਹੇ। ਗੱਲ ਮੁੱਕੀ ਤੋਂ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਗਿਰੀ ਲਾਲ ਜੈਨ ਨੂੰ ਇਹ ਕਿਹਾ ਕਿ 'ਤੁਸੀਂ ਤਾਂ ਮੇਰੇ ਅੰਦਾਜ਼ੇ ਨਾਲੋਂ ਵੀ ਵੱਧ ਭਾਰਤ-ਪੱਖੀ (ਪ੍ਰੋ-ਇੰਡੀਅਨ) ਨਿਕਲੇ ਹੋ।' ਜਵਾਬ ਵਿਚ ਜੈਨ ਨੇ ਹੋਰ ਕੌੜ ਨਾਲ ਕਿਹਾ ਕਿ 'ਭਾਰਤ-ਪੱਖੀ ਦਾ ਕੀ ਮਤਲਬ, ਮੈਂ ਭਾਰਤ-ਪੱਖੀ ਨਹੀਂ, ਭਾਰਤੀ ਹਾਂ। ਭਾਰਤ-ਪੱਖੀ ਹੋਣਾ ਜਾਂ ਨਾ ਹੋਣਾ ਕਿਸੇ ਤੀਜੇ ਬੰਦੇ ਬਾਰੇ ਕਿਹਾ ਜਾਂਦਾ ਹੈ; ਜਿਹੜਾ ਹੈ ਹੀ ਭਾਰਤੀ, ਉਸ ਬਾਰੇ ਤੁਸੀਂ ਇੰਦਾਂ ਦੇ ਲਫਜ਼ ਕਿਵੇਂ ਵਰਤ ਸਕਦੇ ਹੋ?' ਸੁਣ ਕੇ ਸਾਹਿਬਜ਼ਾਦਾ ਯਾਕੂਬ ਖਾਂ ਦੀ ਜ਼ਬਾਨ ਤਾਲੂ ਨਾਲ ਲੱਗ ਗਈ ਸੀ।

ਸਾਹਿਬਜ਼ਾਦਾ ਯਾਕੂਬ ਖਾਂ ਨੂੰ ਇਹ ਗੱਲ ਗਿਰੀ ਲਾਲ ਜੈਨ ਅੱਗੇ ਕਹਿਣ ਦੀ ਹਿੰਮਤ ਇਸ ਲਈ ਪਈ ਕਿ ਜੈਨ ਨਾਲ ਮਿਲਣ ਤੋਂ ਪਹਿਲਾਂ ਉਹ ਜਿਨ੍ਹਾਂ ਲੋਕਾਂ ਨੂੰ ਮਿਲਿਆ ਸੀ, ਉਨ੍ਹਾਂ ਦਾ ਪ੍ਰਭਾਵ ਹੋਰ ਸੀ। ਜੇ ਉਨ੍ਹਾਂ ਦਾ ਪ੍ਰਭਾਵ 'ਭਾਰਤੀ' ਵਾਲਾ ਹੁੰਦਾ ਤਾਂ ਯਾਕੂਬ ਖਾਂ ਨੂੰ ਭਾਰਤ ਵਿਚ ਆ ਕੇ 'ਭਾਰਤ-ਪੱਖੀ' ਲੱਭਣ ਦੀ ਜੁਰਅਤ ਨਹੀਂ ਸੀ ਹੋ ਸਕਦੀ। ਮੁਸ਼ਕਲ ਇਹ ਹੈ ਕਿ ਇਥੇ ਕਈ ਲੋਕ ਹਨ ਜਿਹੜੇ ਭਾਰਤ ਵਿਚ ਰਹਿ ਕੇ ਵੀ ਆਪਣੇ ਆਪ ਨੂੰ ਭਾਰਤੀ ਵਜੋਂ ਪਛਾਣੇ ਜਾਣ ਦੀ ਥਾਂ 'ਸਾਰੀਆਂ ਧਿਰਾਂ ਦਾ ਸਾਂਝਾ' ਬਣਾ ਕੇ ਪੇਸ਼ ਕਰਦੇ ਹਨ ਅਤੇ ਇਨ੍ਹਾਂ 'ਸਾਰੀਆਂ ਧਿਰਾਂ' ਵਿਚ ਕਦੇ-ਕਦਾਈਂ ਕੋਈ ਗੁਲਾਮ ਨਬੀ ਫਾਈ ਵੀ ਹੋ ਸਕਦਾ ਹੈ। ਹੁਣ ਜਦੋਂ ਫਾਈ ਦੇ ਫੜੇ ਜਾਣ ਨਾਲ ਪਾਕਿਸਤਾਨ ਦੀ ਖੁਫੀਆ ਏਜੰਸੀ ਦੀ ਖੇਡ ਨਾਲ ਕੁਝ ਅਮਰੀਕੀ ਕਾਂਗਰਸਮੈਨਾਂ ਦਾ ਨਾਂ ਵੀ ਜੁੜਨ ਦੇ ਚਰਚੇ ਚੱਲ ਰਹੇ ਹਨ, ਭਾਰਤ ਵਾਲੇ ਪਾਸੇ ਵੀ ਜਿਹੜੇ ਲੋਕ 'ਸਾਰਿਆਂ ਦੇ ਸਾਂਝੇ ਜਿਹੇ' ਬਣ ਕੇ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਅੱਗੋਂ ਲਈ ਸੰਭਲ ਕੇ ਚੱਲਣਾ ਚਾਹੀਦਾ ਹੈ।



ਪੱਤਰਕਾਰ ਦਿਲੀਪ ਪੜਗਾਓਂਕਰ


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਗਦਰ ਮੈਮੋਰੀਅਲ ਫਾਊਂਡੇਸ਼ਨ, ਅਮਰੀਕਾ

## ਗਦਰ ਮੈਮੋਰੀਅਲ ਕਾਨਫਰੰਸ-2011 ਅਤੇ ਮੇਲੇ ਦੀਆਂ ਕੁਝ ਯਾਦਗਾਰੀ ਤਸਵੀਰਾਂ


















## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਸੀਨੀਅਰ ਆਗੂਆਂ ਵੱਲੋਂ ਕਾਮਰੇਡ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬ ਅਤੇ ਸਿੱਖ ਮੁੱਦਿਆਂ 'ਤੇ

# ਖੁੱਲ੍ਹੀ ਬਹਿਸ ਦਾ ਸੱਦਾ

### ਮਨਪ੍ਰੀਤ ਸਿੰਘ ਬਾਦਲ ਦੇ ਦਾਅਵੇ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਵੱਲੋਂ ਟਿੱਪਣੀਆਂ

1. ਸ. ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਦੀ ਸਰਕਾਰ ਆਈ ਤਾਂ ਮੰਤਰੀਆਂ ਦੀਆਂ ਕਾਰਾਂ ਉਤੇ ਬੱਤੀਆਂ ਨਹੀਂ ਲੱਗਣਗੀਆਂ!

ਕਿਉਂਕਿ ਸਾਨੂੰ ਬੱਤੀਆਂ ਤੋਂ ਸਖਤ ਨਫ਼ਰਤ ਹੈ ਭਾਵੇਂ ਉਹ ਘਰਾਂ ਵਿਚ ਹੋਣ ਭਾਵੇਂ ਸੜਕਾਂ ਤੇ ਹੋਣ ਜਾਂ ਕਾਰਾਂ 'ਤੇ!

2. 70 ਸਾਲ ਤੋਂ ਉਤੇ ਕਿਸੇ ਨੂੰ ਟਿਕਟ ਨਹੀਂ ਦੇਣੀ!

ਕਿਉਂਕਿ ਕੌਮ ਲਈ ਕੁਰਬਾਨੀਆਂ ਕਰਨ ਵਾਲੇ 20 ਸਾਲ ਤੋਂ 70 ਸਾਲ ਤੱਕ ਅਸੀਂ ਚੁਣ ਚੁਣ ਕੇ ਖਤਮ ਕਰ ਚੁੱਕੇ ਹਾਂ ਹੁਣ ਮੇਰੇ ਵਰਗੇ ਦੇਸ਼ ਭਗਤ ਹੀ ਰਾਜ ਕਰਨਗੇ!

3. ਪੰਜਾਬ ਦਾ ਸਾਰਾ ਨਸ਼ਾ ਖਤਮ ਕਰ ਦਿਆਂਗੇ!

ਕਿਉਂਕਿ ਨਸ਼ਾ ਅਸੀਂ ਬਾਹਰੋਂ ਮੰਗਵਾਵਾਂਗੇ!

4. ਮੈਂ ਪੰਜਾਬ ਦੇ ਕਿਸਾਨਾਂ ਦਾ ਮਸੀਹਾ ਬਣ ਕੇ ਆਵਾਂਗਾ, ਮੈਂ ਵੀ ਇੱਕ ਕਿਸਾਨ ਹਾਂ!

ਕਿਉਂਕਿ ਪੰਜਾਬ ਦੇ ਕਿਸਾਨਾਂ ਨੂੰ ਪਤਾ ਹੀ ਨਹੀਂ ਕਿ ਕਿਹੜੀ ਫ਼ਸਲ ਉਗਾਉਣੀ ਹੈ ਮੈਂ ਸਿਰਫ਼ ਖੇਤੀ ਵਿਚੋਂ ਹੀ ਅਰਬਾਂ ਰੁਪਿਆ ਕਾਨਫਰੰਸਾਂ ਉਤੇ ਖਰਚ ਕੀਤਾ ਹੈ ਅਤੇ ਪੰਜਾਬ ਦਾ ਕਿਸਾਨ ਆਪਣੇ ਕਰਜ਼ੇ ਦਾ ਵਿਆਜ਼ ਵੀ ਨਹੀਂ ਮੋੜ ਸਕਿਆ ਜਿਸ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨਾਂ ਨੇ ਖੁਦਕਸ਼ੀਆਂ ਕੀਤੀਆਂ!

5. ਬੇਰੁਜ਼ਗਾਰੀ ਪੰਜਾਬ ਵਿਚੋਂ ਖਤਮ ਕਰ ਦੇਵਾਂਗੇ!

ਜੇਕਰ ਪੰਜਾਬ ਦੀ ਕੁਰਸੀ 25 ਸਾਲਾਂ ਲਈ ਸਾਡੇ ਨਾਮ ਕਰ ਦੇਵੋਗੇ!

ਬੰਦੇ ਦੀ ਪਛਾਣ ਦੋ ਤਰ੍ਹਾਂ ਦੀ ਹੁੰਦੀ ਹੈ ਇੱਕ ਨਿਜੀ ਅਤੇ ਦੂਜੀ ਸਮਾਜਿਕ। ਸ. ਮਨਪ੍ਰੀਤ ਸਿੰਘ ਬਾਦਲ ਦੇ ਜੇਕਰ ਨਿਜੀ ਜੀਵਨ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਮੁਤਾਬਿਕ ਮਾਰਕਸਵਾਦ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਪਰ ਬਦਕਿਸਮਤੀ ਨਾਲ ਸਿੱਖ ਪਰਿਵਾਰ ਵਿਚ ਪੈਦਾ ਹੋਣ 'ਤੇ ਵੀ ਉਹ ਸਿੱਖ ਇਤਿਹਾਸ ਅਤੇ ਸਿੱਖੀ ਸਿਧਾਂਤਾਂ ਤੋਂ ਸੱਖਣਾ ਹੈ। ਉਸ ਨੂੰ ਸਾਮਰਾਜ ਵਿਰੁਧ ਲਿਖੀਆਂ ਕਵਿਤਾਵਾਂ ਤਾਂ ਪ੍ਰਭਾਵਿਤ ਕਰਦੀਆਂ ਹਨ ਪਰ ਗੁਰੂ ਇਤਿਹਾਸ ਪੰਜਵੇਂ ਅਤੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਤੇ ਰੂੰ ਵਿਚ ਲਪੇਟ ਕੇ, ਦੇਗਾਂ ਵਿਚ ਉਬਾਲ ਕੇ ਅਤੇ ਪ੍ਰੈਸਾਂ ਲਾ ਲਾ ਕੇ ਸਾੜੇ ਸਿੰਘ, ਪੰਜ ਸਾਲ ਤੇ ਸੱਤ ਸਾਲ ਦੇ ਨੀਹਾਂ ਵਿਚ ਖੜੇ ਸਾਹਿਬਜ਼ਾਦੇ, ਚਮਕੌਰ ਦੀ ਗੜ੍ਹੀ ਦਾ ਸਾਕਾ, 1984 ਤੋਂ ਹੁਣ ਤੱਕ ਦਾ ਸਿੱਖ ਕਤਲੇਆਮ ਬਿਲਕੁਲ ਪ੍ਰਭਾਵਿਤ ਨਹੀਂ ਕਰਦਾ! ਕੁਰਸੀ ਦੀ ਪ੍ਰਾਪਤੀ ਲਈ ਉਹ ਗੁਰੂ ਦੀ ਬਖਸ਼ੀ ਦਾਤ "ਅੰਮ੍ਰਿਤ" ਨੂੰ ਵੀ ਇੱਕ ਵਸੀਲੇ ਵੱਜੋਂ ਵਰਤਦਾ ਹੈ। ਕੁਰਸੀ ਮਿਲਣ ਤੋਂ ਬਾਅਦ ਦਾਹੜੀ ਕਟਵਾ ਕੇ ਅਤੇ ਗਾਤਰਾ ਲਾਹ ਕੇ ਕੀਲੀ ਟੰਗ ਦਿੰਦਾ ਹੈ। ਜੇ ਇਹ ਗੁਰੂ ਪ੍ਰਤੀ ਵਫ਼ਾਦਾਰ ਨਹੀਂ ਤਾਂ ਕੌਮ ਪ੍ਰਤੀ ਕਿਵੇਂ ਵਫ਼ਾ ਕਰੇਗਾ? ਇਹ ਆਪਣੇ ਆਪ ਨੂੰ ਇੱਕ ਜ਼ਿਮੀਂਦਾਰ ਦੱਸ ਕੇ ਪੰਜਾਬ ਦੇ ਕਿਸਾਨਾਂ ਦੀਆਂ ਜੜ੍ਹਾਂ ਕਾਮਰੇਡੀ ਦਾਤਰੀ ਨਾਲ ਵੱਢਣਾ ਚਾਹੁੰਦਾ ਹੈ। ਮਨਪ੍ਰੀਤ ਬਾਦਲ ਜਦੋਂ ਪੰਜਾਬ ਵਿਚ ਨਸ਼ਿਆਂ ਦੀ ਗੱਲ ਕਰਦਾ ਹੈ ਤਾਂ ਉਹ ਇਸ ਗੱਲ ਦਾ ਵੇਰਵਾ ਨਹੀਂ ਦਿੰਦਾ ਕਿ ਪੰਜਾਬ ਸਰਕਾਰ ਅੰਦਰ ਖ਼ਜ਼ਾਨਾ ਮੰਤਰੀ ਦੇ ਤੌਰ 'ਤੇ ਉਹ ਕਿਵੇਂ ਪੰਜਾਬ ਦੇ ਲੋਕਾਂ ਨੂੰ ਸ਼ਰਾਬੀ ਕਰਕੇ ਉਨ੍ਹਾਂ ਕੋਲੋਂ ਐਕਸਾਈਜ਼ ਟੈਕਸ ਵਸੂਲਣ ਲਈ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਪ੍ਰਤੀ ਵਿਅਕਤੀ 54 ਬੋਤਲਾਂ ਪੰਜਾਬ ਦੇ ਲੋਕਾਂ ਨੂੰ ਪੀਣੀਆਂ ਪੈਣਗੀਆਂ? ਜੇ ਕਿਸੇ ਪਿੰਡ ਦੀ ਪੰਚਾਇਤ ਜਾਂ ਪਿੰਡ ਦੇ ਲੋਕ ਇਸ ਗੱਲ ਦਾ ਵਿਰੋਧ ਕਰਨਗੇ ਤਾਂ ਇਨ੍ਹਾਂ ਦੀ ਪੁਲਿਸ ਵਿਰੋਧ ਕਰਨ ਵਾਲਿਆਂ ਨੂੰ ਲੰਮੇ ਪਾ ਪਾ ਕੇ ਡਾਂਗਾਂ ਫੇਰੇਗੀ।

ਪੰਜਾਬ ਦਾ 70,000 ਕਰੋੜ ਰੁਪਦੇ ਦਾ ਕਰਜ਼ਾ ਮੁਆਫ਼ ਕਰਾਉਣ ਲਈ ਮਨਪ੍ਰੀਤ ਬਾਦਲ ਵੱਲੋਂ ਕੇਂਦਰੀ ਏਜੰਸੀਆਂ ਰਾਹੀਂ ਸਰਕਾਰ ਨਾਲ ਗੰਢਤੁੱਪ ਕੀਤੀ ਗਈ ਪਰ ਇਹ ਕਰਜ਼ਾ ਪੰਜਾਬ ਦੀ ਜਵਾਨੀ ਨੂੰ ਚੁਣ ਚੁਣ ਕੇ ਮਾਰਨ, ਹਰਿਮੰਦਰ ਸਾਹਿਬ ਉਤੇ ਹਮਲਾ ਕਰਨ ਅਤੇ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਲੁੱਟ ਕੇ ਅਨੇਕਾਂ ਸਿੱਖਾਂ ਨੂੰ ਸ਼ਹੀਦ ਕਰਨ ਅਤੇ ਸ਼ਾਂਤੀ ਬਹਾਲ ਕਰਨ ਦੇ ਨਾਂ ਥੱਲੇ ਫੌਜੀ ਅਤੇ ਨੀਮ ਫੌਜੀ ਦਸਤਿਆਂ ਨੂੰ ਸਾਲਾਂਬੱਧੀ ਪੰਜਾਬ ਦੇ ਸਿਰ 'ਤੇ ਮੜ੍ਹੀ ਰੱਖਣ ਦਾ ਹੈ, ਪਰ ਦੂਜੇ ਪਾਸੇ ਪੰਜਾਬ ਅਤੇ ਰਾਜਸਥਾਨ ਵਿਚਕਾਰ ਹੋਏ ਪਾਣੀਆਂ ਦੇ ਸਮਝੌਤੇ ਨੂੰ ਲੈ ਕੇ 2009 ਤੱਕ ਰਾਜਸਥਾਨ ਨੇ ਪੰਜਾਬ ਨੂੰ 80,000 ਕਰੋੜ ਦਾ ਮੁਆਵਜ਼ਾ ਦੇਣਾ ਸੀ, ਉਸ ਦਾ ਖ਼ਜ਼ਾਨਾ ਮੰਤਰੀ ਹੁੰਦਿਆਂ ਇਨ੍ਹਾਂ ਕਦੀ ਕੇਂਦਰ ਕੋਲ ਮਸਲਾ ਕਿਉਂ ਨਹੀਂ ਉਠਾਇਆ।

ਭ੍ਰਿਸ਼ਟਾਚਾਰ ਤੋਂ ਆਪਣੇ ਆਪ ਨੂੰ ਕੋਰਾ ਦੱਸਣ ਵਾਲਾ ਮਨਪ੍ਰੀਤ ਬਾਦਲ ਕਦੇ ਵੀ ਆਪਣੇ ਤਾਏ ਜਾਂ ਤਾਏ ਦੇ ਪੁੱਤ ਸੁਖਬੀਰ ਬਾਦਲ ਦੇ ਭ੍ਰਿਸ਼ਟਾਚਾਰ ਦੀ ਗੱਲ ਆਪਣੀ ਜ਼ੁਬਾਨ 'ਤੇ ਨਹੀਂ ਲਿਆਉਂਦਾ। ਬਹੁਰੂਪੀਆ ਸਿਆਸੀ ਆਗੂ ਅਰਦਾਸ ਸ੍ਰੀ ਅਕਾਲ ਤਖਤ ਸਾਹਿਬ ਤੋਂ ਕਰਦਾ ਹੈ ਤੇ ਸਹੁੰ ਖਟਕੜ ਕਲਾਂ 'ਤੇ ਖਾਂਦਾ ਹੈ। ਪੰਥਕ ਸੋਚ ਅਤੇ ਕਾਮਰੇਡੀ ਸੋਚ ਕਦੇ ਇਕੱਠੀਆਂ ਨਹੀਂ ਹੁੰਦੀਆਂ। ਪਿਛਲੇ 27 ਸਾਲਾਂ ਵਿਚ ਪੰਜਾਬ ਦੀ ਨਵੀਂ ਪੀੜ੍ਹੀ ਦਾ ਰੁਝਾਨ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਸੋਚ ਵੱਲ ਵਧਦਾ ਵੇਖ ਕੇ ਸਰਕਾਰੀ ਏਜੰਸੀਆਂ ਅਤੇ ਕੇਂਦਰ ਸਰਕਾਰ ਬੁਰੀ ਤਰ੍ਹਾਂ ਬੁਖਲਾਈ ਹੋਈ ਸੀ। ਸਨ 2008 ਵਿਚ ਕੇਂਦਰ ਸਰਕਾਰ ਨੇ ਖਾਲਿਸਤਾਨ ਦੇ ਸ਼ਹੀਦਾਂ ਦਾ ਬਦਲ ਉਭਾਰਨ ਵਾਸਤੇ 8 ਦਹਾਕੇ ਪਹਿਲਾਂ ਹਿੰਦੂ ਲੀਡਰਾਂ ਦੀ ਮਿਲੀਭੁਗਤ ਨਾਲ ਅੰਗਰੇਜ਼ਾਂ ਵੱਲੋਂ ਫਾਂਸੀ ਲਾਏ ਗਏ ਸ. ਭਗਤ ਸਿੰਘ ਦੀ ਸ਼ਹੀਦੀ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ। ਫਰਵਰੀ 2009 ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ 25,000 ਦਾ ਇਕੱਠ ਕਰਕੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਤਾਂ ਹਿੰਦੁਸਤਾਨ ਦੇ ਕੁੱਲ ਫਿਰਕਾਪ੍ਰਸਤ ਹਿੰਦੂ ਤੇ ਸਿੱਖ ਵਿਰੋਧੀ ਤਾਕਤਾਂ ਤਿਲਮਿਲਾ ਉਠੀਆਂ। ਅੱਜ ਉਸੇ ਏਜੰਡੇ ਅਧੀਨ ਸਿੱਖਾਂ ਦੀ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਪਿੱਛਾਂਹ ਸੁੱਟਣ ਲਈ ਸਿੱਖ ਨੌਜਵਾਨਾਂ ਨੂੰ ਦਾਹੜੀਆਂ ਕੁਤਰ ਕੇ ਤੁਰਲੇ ਵਾਲੀਆਂ ਪੱਗਾਂ ਤੇ ਬਸੰਤੀ ਪੱਟੀਆਂ ਬੰਨ੍ਹ ਕੇ ਖਾਲਿਸਤਾਨੀ ਇਨਕਲਾਬ ਨੂੰ ਕਾਮਰੇਡੀ ਇਨਕਲਾਬ ਬਣਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪਰ ਇਨ੍ਹਾਂ ਨੂੰ ਸਿੱਖੀ ਸਿੱਧਾਂਤਾਂ ਦੀ ਸਮਝ ਨਹੀਂ। ਜੇ ਕੇਂਦਰ ਦੀਆਂ ਫੌਜਾਂ ਨੇ ਜਾਂ ਮੁਗਲਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹਿਆ ਤੇ ਉਨ੍ਹਾਂ ਦੋਸ਼ੀਆਂ ਨੂੰ ਸਿੱਖ ਰਵਾਇਤਾਂ ਮੁਤਾਬਿਕ ਸਜ਼ਾਵਾਂ ਦਿੱਤੀਆਂ ਗਈਆਂ। ਕੇਂਦਰੀ ਸਰਕਾਰ ਦੀ ਮਦਦ ਨਾਲ 7 ਕਰੋੜ ਰੁਪਿਆ ਲਾ ਕੇ ਨਕਲੀ ਨਿਹੰਗ ਸੰਤਾ ਸਿੰਘ ਨੂੰ ਵਰਤ ਕੇ ਬਣਾਈ ਗਈ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਸਿੱਖ ਪੰਥ ਨੇ ਪ੍ਰਵਾਨ ਨਹੀਂ ਕੀਤੀ, ਕਿਉਂਕਿ ਸਿੱਖੀ ਸਿੱਧਾਂਤਾਂ ਨੂੰ ਸਿੱਧੀ ਵੰਗਾਰ ਸੀ! ਇਸੇ ਤਰ੍ਹਾਂ ਪੰਜਾਬ ਦੇ ਲੋਕ ਕਿਸੇ ਵੀ ਗੈਰ ਸਿਧਾਂਤਕ ਇਨਕਲਾਬ ਨੂੰ ਪ੍ਰਵਾਨ ਨਹੀਂ ਕਰਨਗੇ। ਹੁਣੇ ਜਿਹੇ ਛਪੀਆਂ ਖਬਰਾਂ ਵਿਚ ਮਨਪ੍ਰੀਤ ਦੇ ਪਿਤਾ ਗੁਰਦਾਸ ਸਿੰਘ ਬਾਦਲ ਨੇ ਸਿੱਖ ਵਿਰੋਧੀ ਡੇਰਿਆਂ 'ਤੇ ਵੋਟਾਂ ਮੰਗਣ ਨੂੰ ਜ਼ਾਇਜ ਠਹਿਰਾਇਆ ਹੈ। ਇਸ ਤੋਂ ਪੀ ਪੀ ਪੀ ਦਾ ਏਜੰਡਾ ਸਾਫ਼ ਨਜ਼ਰ ਆਉਂਦਾ ਹੈ।

ਸਾਥੀ ਮਨਪ੍ਰੀਤ ਬਾਦਲ ਦੇ ਨਿਜੀ ਅਤੇ ਰਾਜਨੀਤਕ ਜੀਵਨ ਸਬੰਧੀ ਬੇਹੱਦ ਜਾਣਕਾਰੀ ਮੌਜੂਦ ਹੈ। ਪਰ ਥਾਂ ਦੀ ਘਾਟ ਕਰਕੇ ਇੰਨਾ ਕਹਿ ਕੇ ਹੀ ਸਮਾਪਤੀ ਕਰਦੇ ਹਾਂ ਤੇ ਬਾਣੀ ਦੀ ਇਹ ਤੁਕ ਇਨ੍ਹਾਂ ਉਤੇ ਪੂਰੀ ਤਰ੍ਹਾਂ ਢੁਕਦੀ ਹੈ, "ਗਲੀ ਅਸੀ ਚੰਗੀਆ ਆਚਾਰੀ ਬੁਰੀਆ। ਮਨਹੁ ਕਸੁਧਾ ਕਾਲੀਆ ਬਾਹਰਹੁ ਚਿਟਵੀਆ॥"

**ਵਲੋਂ:** ਰੇਸ਼ਮ ਸਿੰਘ ਬੇਕਰਜ਼ਫੀਲਡ, ਸੀਨੀਅਰ ਮੀਤ ਪ੍ਰਧਾਨ, ਜੀਤ ਸਿੰਘ ਆਲੋਅਰਖ ਕੌਮੀ ਜਨਰਲ ਸਕੱਤਰ, ਪੈਨਲ ਮੈਂਬਰਾਨ ਰਮਿੰਦਰਜੀਤ ਸਿੰਘ (ਮਿੰਟੂ ਸੰਧੂ), ਦੀਪਇੰਦਰ ਸਿੰਘ ਮਾਨ, ਦਰਸ਼ਨ ਸਿੰਘ ਸੰਧੂ, ਪ੍ਰੀਤਮ ਸਿੰਘ ਜੋਗਾਨੰਗਲ, ਕੈਲੀਫੋਰਨੀਆ ਪ੍ਰਧਾਨ ਕੁਲਜੀਤ ਸਿੰਘ ਨਿੱਜਰ, ਸੀਨੀਅਰ ਮੀਤ ਪ੍ਰਧਾਨ, ਜਸਵੀਰ ਸਿੰਘ ਤੱਖੜ, ਖ਼ਜ਼ਾਨਚੀ ਬਲਵਿੰਦਰ ਸਿੰਘ ਮਿੱਠੂ, ਕਸ਼ਮੀਰ ਸਿੰਘ ਫਰਿਜ਼ਨੋ ਮੀਤ ਪ੍ਰਧਾਨ, ਭੁਪਿੰਦਰ ਸਿੰਘ ਚੀਮਾ ਮੈਂਬਰਸ਼ਿਪ ਚੇਅਰਪਰਸਨ, ਗੁਰਦੀਪ ਸਿੰਘ, ਕਮਲਜੀਤ ਸਿੰਘ, ਸੀਨੀਅਰ ਆਗੂ ਹਰਨੇਕ ਸਿੰਘ ਅਟਵਾਲ, ਸਰਵਣ ਸਿੰਘ ਮਨਟੀਕਾ, ਸਤਨਾਮ ਸਿੰਘ ਪ੍ਰੈਸ ਸਕੱਤਰ, ਜੋਗਾ ਸਿੰਘ ਬਾਠ, ਨਛੱਤਰ ਸਿੰਘ ਭੁੱਲਰ, ਐਲ.ਏ., ਅਵਤਾਰ ਸਿੰਘ ਐਲ.ਏ., ਕਰਨੈਲ ਸਿੰਘ ਖਾਲਸਾ (ਗੁਰਮਤਿ ਚੇਤਨਾ ਲਹਿਰ), ਇਕਬਾਲ ਸਿੰਘ ਬੇਕਰਜ਼ਫੀਲਡ, ਗੁਲਵਿੰਦਰ ਸਿੰਘ ਭਿੰਦਾ, ਸਿੱਖ ਯੂਥ ਆਫ ਅਮਰੀਕਾ, ਕੁਲਵੰਤ ਸਿੰਘ ਖਹਿਰਾ (ਸਿੱਖ ਯੂਥ ਆਫ ਅਮਰੀਕਾ)।








# ਗੈਸ ਸਟੇਸ਼ਨ ਮਾਲਕ ਨਾਲ 70 ਹਜਾਰ ਦੀ ਠੱਗੀ ਲਾ ਕੇ ਅੰਕੁਰ ਸ਼ਰਮਾ ਫਰਾਰ

**ਬੇਕਰਜ਼ਫੀਲਡ (ਮਾਨ ਮਨਦੀਪ):** ਅੰਕੁਰ ਸ਼ਰਮਾ ਨਾਂ ਦੇ ਇਕ ਵਿਅਕਤੀ ਵਿਰੁਧ ਇਕ ਸਥਾਨਕ ਗੈਸ ਸਟੇਸ਼ਨ ਮਾਲਕ ਨਾਲ 70,000 ਡਾਲਰ ਦੀ ਠੱਗੀ ਮਾਰੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਮਾਮਲੇ ਵਿਚ ਕੇਸ ਦਰਜ ਕਰ ਕੇ ਤਫਤੀਸ਼ ਸ਼ੁਰੂ ਕਰ ਦਿਤੀ ਹੈ।

ਹੋਇਆ ਇਹ ਕਿ ਇਕ ਸਥਾਨਕ ਗੈਸ ਸਟੇਸ਼ਨ ਮਾਲਕ ਨੇ



ਅੰਕੁਰ ਸ਼ਰਮਾ ਨੂੰ ਆਪਣੇ ਗੈਸ ਸਟੇਸ਼ਨ ਦਾ ਮੈਨੇਜਰ ਬਣਾ ਦਿਤਾ ਅਤੇ ਇਕ ਲਿਖਤੀ ਇਕਰਾਰਨਾਮੇ ਤਹਿਤ ਉਸ ਨੂੰ ਬਿਨਾ ਪੈਸੇ ਲਏ ਤੋਂ ਲੀਜ਼ ਉਪਰ ਗੈਸ ਸਟੇਸ਼ਨ ਦੇ ਦਿਤਾ। ਇਕਰਾਰ ਇਹ ਹੋਇਆ ਸੀ ਕਿ ਅੰਕੁਰ ਗੈਸ ਸਟੇਸ਼ਨ ਉਪਰ ਕੰਮ ਕਰ ਕੇ ਹੌਲੀ-ਹੌਲੀ ਪੈਸੇ ਦਿੰਦਾ ਰਹੇਗਾ।

ਪ੍ਰਾਪਤ ਸੂਤਰਾਂ ਅਨੁਸਾਰ ਅੰਕੁਰ ਸ਼ਰਮਾ ਨੇ ਗੈਸ ਸਟੇਸ਼ਨ ਮਾਲਕ ਦੀ ਸ਼ਰਾਫਤ ਦਾ ਫਾਇਦਾ ਉਠਾਉਂਦਿਆਂ ਗੈਸ ਕੰਪਨੀ ਤੋਂ ਗੈਸ ਦੇ ਦੋ ਲੋਡ ਲੈ ਲਏ ਅਤੇ ਗੈਸ ਵੇਚਣ ਉਪਰੰਤ ਅਗਲੇ ਦਿਨ ਗੈਸ ਸਟੇਸ਼ਨ ਤੇ ਹੀ ਨਹੀਂ ਆਇਆ। ਜਦੋਂ ਉਸਦੀ ਘਰਵਾਲੀ ਤੋਂ ਪੁਛਿਆ ਗਿਆ ਤਾਂ ਉਸ ਕੋਲ ਵੀ ਕੋਈ ਤਸੱਲੀਬਖਸ਼ ਜਵਾਬ ਨਹੀਂ ਸੀ ਸਗੋਂ ਉਸ ਨੇ ਟਾਲਮਟੋਲ ਵਾਲੇ ਜਵਾਬ ਦਿਤੇ। ਪਤਾ ਲੱਗਾ ਹੈ ਕਿ ਅੰਕੁਰ ਨੇ ਮੈਕਸੀਕਨ ਮੂਲ ਦੀ ਕਿਸੇ ਔਰਤ ਨਾਲ ਪੱਕੇ ਹੋਣ ਲਈ ਵਿਆਹ ਕਰਵਾਇਆ ਹੋਇਆ ਹੈ। ਇਸ ਘਟਨਾਕ੍ਰਮ ਤੋਂ ਬਾਅਦ ਦੋਹਾਂ ਪਤੀ-ਪਤਨੀ ਨੇ ਆਪਣੇ ਫੋਨ ਨੰਬਰ ਬਦਲ ਲਏ।

ਜ਼ਿਕਰਯੋਗ ਹੈ ਕਿ ਅੰਕੁਰ ਸ਼ਰਮਾ ਸੈਮੀ ਅਤੇ ਸੀਤੂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਸਦਾ ਭਰਾ ਮੈਕਸੀਕੋ ਵਿਚ ਇੰਡੀਅਨ ਕੌਂਸਲੇਟ ਦਫਤਰ ਵਿਚ ਕੰਮ ਕਰਦਾ ਹੈ। ਜਦੋਂ ਉਸ ਨਾਲ ਗੱਲ ਹੋਈ ਤਾਂ ਉਸਦਾ ਜਵਾਬ ਸੀ ਕਿ ਸੈਮੀ ਨਾਲ ਉਸਦਾ ਕੋਈ ਸਬੰਧ ਨਹੀਂ। ਅੰਕੁਰ ਹਰਿਆਣਾ ਦੇ ਜਿਲਾ ਕੁਰੂਕਸ਼ੇਤਰ ਤੋਂ ਹੈ। 25 ਸਾਲ ਉਮਰ ਅਤੇ ਕੋਈ 160 ਪੌਂਡ ਭਾਰੇ ਅੰਕੁਰ ਸ਼ਰਮਾ ਉਰਫ ਸੈਮੀ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਬੇਕਰਜ਼ਫੀਲਡ ਪੁਲਿਸ ਨਾਲ ਫੋਨ 661-327-7111 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਪੁਲਿਸ ਨੂੰ ਸ਼ੱਕ ਹੈ ਕਿ ਉਹ ਲਾਸ ਏਂਜਲਸ ਇਲਾਕੇ ਵਿਚ ਕਿਸੇ ਗੈਸ ਸਟੇਸ਼ਨ ਜਾਂ ਲਿਕਰ ਸਟੋਰ ਤੇ ਵੀ ਕੰਮ ਕਰਦਾ ਹੋ ਸਕਦਾ ਹੈ।



**ਫਰਿਜ਼ਨੋ:** ਸੈਂਟਰਲ ਵੈਲੀ ਦੀਆਂ ਜਾਣੀਆਂ-ਪਛਾਣੀਆਂ ਹਸਤੀਆਂ ਅਤੇ ਉਘੇ ਫਾਰਮਰਜ਼ ਨਿਰਮਲ ਸਿੰਘ ਸਹੋਤਾ, ਹਰਭਜਨ ਸਿੰਘ ਸਹੋਤਾ ਲੰਬੜਦਾਰ ਅਤੇ ਜਸਕਰਨ ਸਿੰਘ ਤੇ ਤਰਲੋਚਨ ਸਿੰਘ ਸਹੋਤਾ ਦੇ ਭਾਣਜੇ ਨਵਦੀਪ ਸਿੰਘ ਜੱਜ (ਸਪੁੱਤਰ ਸਵਰਗੀ ਪਰਮਜੀਤ ਸਿੰਘ ਜੱਜ ਤੇ ਬੀਬੀ ਜਸਵਿੰਦਰ ਕੌਰ ਜੱਜ ਦਾ ਸ਼ੁਭ ਅਨੰਦ ਕਾਰਜ ਬੀਤੇ ਦਿਨੀਂ ਗੁਰਦੁਆਰਾ ਸੈਲਮਾ ਵਿਖੇ ਕਰਮਜੀਤ ਕੌਰ ਚੀਮਾ (ਪੁੱਤਰੀ ਬਹਾਦਰ ਸਿੰਘ ਚੀਮਾ ਤੇ ਹਰਜਿੰਦਰ ਕੌਰ ਚੀਮਾ) ਨਾਲ ਹੋਇਆ। ਇਸ ਮੌਕੇ ਸਮਾਜਿਕ, ਧਾਰਮਿਕ ਤੇ ਖੇਡ ਖੇਤਰ ਦੀਆਂ ਉਘੀਆਂ ਹਸਤੀਆਂ ਵੀ ਹਾਜ਼ਰ ਸਨ।

*(ਤਸਵੀਰ ਤੇ ਵੇਰਵਾ-ਐਸ ਅਸ਼ੋਕ ਭੌਰਾ)*




# ਨਵੀਂ ਉਮੀਦ ਨਵਾਂ ਇਨਕਲਾਬ, ਆਓ ਸਿਰਜੀਏ ਨਵਾਂ ਪੰਜਾਬ

## ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉਜੜੇ ਘਰਾਂ ਨੂੰ ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ

# PEOPLE'S PARTY OF PUNJAB

## ਨਵੇਂ ਇਨਕਲਾਬ ਦੇ ਮੋਢੀ ਸ. ਮਨਪ੍ਰੀਤ ਸਿੰਘ ਬਾਦਲ ਦੇ ਵਿਚਾਰ ਸੁਣਨ ਲਈ ਪਹੁੰਚੋ

**(ਸੈਕਰਾਮੈਂਟੋ) Friday, 29th July, 2011**

Time : 6.00 P.M.
Performing Arts Center
Sheldon High School, 8333 Kingsbridge Drive
Sacramento, CA 95825

For more information call :

| | |
|---|---|
| Gulinder Gill | 916-844-6310 |
| Kuldip Dhaliwal | 510-889-5984 |
| Balwinder S. (LALI) Dhanoa | 510-224-7380 |
| Dr. Joglar Singh Sandhu | 408-489-4559 |

**(ਬੇਅ-ਏਰੀਆ) Saturday, 30th July, 2011**

Time : 10.00 A.M.
Golden peacock palace.
24989 Santa Clara st. Hayward
Ca. 94544, Hall Tel. No. 510-732-2625

For more information call :

| | |
|---|---|
| Dr. Joglar Singh Sandhu | 408-489-4559 |
| Balwinder S. (LALI) Dhanoa | 510-224-7380 |
| Kuldip Dhaliwal | 510-889-5984 |
| Gulinder Gill | 916-844-5310 |

**(ਬੇਕਰਸਫੀਲਡ) Saturday, 30th July, 2011**

Time : 6.00 P.M.
Kern County Fairgrounds 1142
South P. Street Bakersfield, CA. 93307

For more information call :
[illegible]

**(ਫਰਿਜ਼ਨੋ) Sunday, 31st July, 2011**

Time : 5:00 P.M.
Fresno County Peace Officers Park,
7776 N Weber Ave Fresno, CA 93722

For more information call :

| | |
|---|---|
| Hakam S Dhillon | 559-304-8896 |
| Ranjit S Gill | 559-709-9599 |
| Dr Ajit S Khera | 559-389-4740 |
| Paul Dhaliwal | 559-942-6999 |

**(ਸਿਆਟਲ) Tuesday, 9th August, 2011**

Time : 6.30 P.M.
Seattle
IKEA Performing Arts Centre
400 S Second Street, Renton, WA 98057

For more information call :

| | |
|---|---|
| Ranjit Singh Pamma | 206-769-4927 |
| Rajinder Rai | 425-876-9770 |




## ਬਚਾਉ ਪ੍ਰਵਾਸੀਓ ਪੰਜਾਬ ਆਪਣਾ, ਮਨਪ੍ਰੀਤ ਬਾਦਲ ਦਾ ਹੈ ਏਹੀਉ ਆਖਣਾ

Party Co-ordinator : BHAGWANT MANN, Tel. : 011-91-9815923450

# ਭੁੱਲਰ ਦੀ ਰਿਹਾਈ ਲਈ ਯੂ ਐਨ ਓ ਹੈਡਕੁਆਰਟਰ ਅੱਗੇ ਇਨਸਾਫ ਰੈਲੀ

**ਨਿਊ ਯਾਰਕ (ਬਿਊਰੋ):** ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਰੁਕਵਾਉਣ ਲਈ ਸੰਯੁਕਤ ਰਾਸ਼ਟਰ ਤੋਂ ਦਖਲ ਦੇਣ ਦੀ ਮੰਗ ਕਰਦਿਆਂ ਨਿਊ ਯਾਰਕ ਸਥਿਤ ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਅੱਗੇ ਸਮੂਹ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਅਤੇ ਮਨੁਖੀ ਅਧਿਕਾਰ ਜਥੇਬੰਦੀ ਵਲੋਂ ਸੋਮਵਾਰ ਇਕ ਵਿਸ਼ਾਲ ਇਨਸਾਫ ਰੈਲੀ ਕੀਤੀ ਗਈ ਜਿਸ ਵਿਚ ਵਡੀ ਗਿਣਤੀ ਵਿਚ ਸਿੱਖਾਂ ਤੋਂ ਇਲਾਵਾ ਵਖ ਵਖ ਭਾਈਚਾਰਿਆਂ ਦੇ ਲੋਕ ਸ਼ਾਮਿਲ ਹੋਏ।




ਸਿੱਖਸ ਫਾਰ ਜਸਟਿਸ ਵਲੋਂ ਜਾਰੀ ਇਕ ਬਿਆਨ ਅਨੁਸਾਰ ਪਿਛਲੇ ਸਮੇਂ ਵਿਚ ਇਸ ਕਾਰਜ ਲਈ ਬਣਾਈ ਕੋਆਰਡੀਨੇਸ਼ਨ ਕਮੇਟੀ ਦੀ ਮਿਹਨਤ ਸਦਕਾ ਨਿਊ ਯਾਰਕ, ਨਿਊ ਜਰਸੀ, ਕੁਨੈਕਟੀਕਟ, ਪੈਨਸਿਲਵੇਨੀਆ, ਮੈਰੀਲੈਂਡ, ਵਰਜੀਨੀਆ, ਵਾਸ਼ਿੰਗਟਨ ਡੀ ਸੀ ਆਦਿ ਦੂਰ ਦੁਰਾਡੇ ਇਲਾਕਿਆਂ ਤੋਂ ਸਿੱਖ ਸੰਗਤਾਂ ਪਰਿਵਾਰਾਂ ਸਮੇਤ ਪਹੁੰਚੀਆਂ। ਹਜ਼ਾਰਾਂ ਦੀ ਗਿਣਤੀ ਦਾ ਇਹ ਲਾਮਿਸਾਲ ਇਕੱਠ ਦੁਨੀਆ ਦੀ ਨਾਮੀ ਸੰਸਥਾ ਅੱਗੇ ਗੁਹਾਰ ਲਾ ਰਿਹਾ ਸੀ ਕਿ ਸਭ ਤੋਂ ਵਡੀ ਲੋਕਤੰਤਰਿਕ ਅਖਵਾਉਣ ਵਾਲੀ ਸਰਕਾਰ ਦਾ ਘਟ ਗਿਣਤੀ ਸਿੱਖਾਂ ਪ੍ਰਤੀ ਕੀ ਰਵੱਈਆ ਹੈ ਕਿਵੇਂ ਉਸ ਮੁਲਕ ਦੀ ਨਿਆਂ ਪ੍ਰਣਾਲੀ ਵੀ ਸਰਕਾਰ ਦੇ ਹਥਾਂ ਵਿਚ ਖੇਡ ਰਹੀ ਹੈ।

ਇਸ ਰੈਲੀ ਦੇ ਆਯੋਜਕਾਂ ਨੇ ਪਟੀਸ਼ਨ 'ਤੇ ਦਸਤਖਤ ਕਰਨ ਦੀ ਮੁਹਿੰਮ ਅਰੰਭੀ ਜਿਸ ਵਿਚ ਸੰਯੁਕਤ ਰਾਸ਼ਟਰ ਨੂੰ ਅਪੀਲ ਕਰਦਿਆਂ ਇਕ ਪਟੀਸ਼ਨ 'ਤੇ ਦੁਨੀਆਂ ਭਰ ਤੋਂ 10 ਲੱਖ ਦਸਤਖਤ ਇਕੱਠੇ ਕੀਤੇ ਜਾਣਗੇ।

ਇਸ ਮੌਕੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਇਕ ਮੰਗ ਪੱਤਰ ਦਿੱਤਾ ਗਿਆ ਜਿਸ ਵਿਚ ਮੰਗ ਕੀਤੀ ਗਈ ਕਿ ਸੰਯੁਕਤ ਰਾਸ਼ਟਰ 2008 ਦੇ ਮਤਾ 62-149 ਦੇ ਅਨੁਸਾਰ ਦਖਲ ਦੇਵੇ ਜਿਸ ਵਿਚ ਮੌਤ ਦੀ ਸਜ਼ਾ ਨੂੰ ਖਤਮ ਕਰਨ ਤੇ ਇਸ 'ਤੇ ਮੁਕੰਮਲ ਰੋਕ ਦੀ ਵਿਵਸਥਾ ਹੈ। ਉਕਤ ਮਤਾ ਉਨ੍ਹਾਂ ਸਾਰੇ ਦੇਸ਼ਾਂ, ਜਿਨ੍ਹਾਂ ਵਿਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਨੂੰ ਅਪੀਲ ਕਰਦਾ ਹੈ ਕਿ ਇਸ ਨੂੰ ਮੁਕੰਮਲ ਤੌਰ 'ਤੇ ਖਤਮ ਕੀਤਾ ਜਾਵੇ ਕਿਉਂਕਿ ਮੌਤ ਦੀ ਸਜ਼ਾ ਨਾਲ ਮਨੁੱਖੀ ਮਾਣ ਮਰਿਆਦਾ ਨੂੰ ਢਾਹ ਲਗਦੀ ਹੈ ਤੇ ਕਿਸ ਵੀ ਵਿਅਕਤੀ ਨੂੰ ਗਲਤ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਬਾਅਦ ਭਾਰੀ ਪਛਤਾਵਾ ਤੇ ਘੋਰ ਅਨਿਆਂ ਹੋਵੇਗਾ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਪ੍ਰੋਫੈਸਰ ਭੁੱਲਰ ਨੂੰ ਮਹਿਜ਼ ਇਕ ਇਕਬਾਲੀਆ ਬਿਆਨ 'ਤੇ ਮੌਤ ਦੀ ਸਜ਼ਾ ਦਿੱਤੀ ਗਈ ਹੈ ਜੋ ਕਿ ਉਸ 'ਤੇ ਤਸ਼ਦਦ ਕਰਕੇ ਹਾਸਿਲ ਕੀਤਾ ਗਿਆ ਸੀ। ਅਟਾਰਨੀ ਪੰਨੂ ਨੇ ਕਿਹਾ ਕਿ ਭੁੱਲਰ ਦਾ ਕੇਸ ਇਹ ਸਾਬਿਤ ਕਰਦਾ ਹੈ ਕਿ ਜਦੋਂ ਧਾਰਮਿਕ ਘੱਟਗਿਣਤੀਆਂ ਦੇ ਅਧਿਕਾਰਾਂ ਦੀ ਗੱਲ ਹੁੰਦੀ ਹੈ ਫਿਰ ਚਾਹੇ ਉਹ ਸਿੱਖ, ਮੁਸਲਮਾਨ ਜਾਂ ਫਿਰ ਇਸਾਈ ਹੋਵੇ ਭਾਰਤੀ ਲੋਕਤੰਤਰ, ਕਾਨੂੰਨ ਤੇ ਨਿਆਂਪਾਲਿਕਾ ਘੱਟਗਿਣਤੀਆਂ ਨੂੰ ਦਬਾਉਣ ਲਈ ਸਾਰੇ ਇਕਜੁੱਟ ਹੋ ਜਾਂਦੇ ਹਨ।

ਫਾਂਸੀ ਦੀ ਸਜ਼ਾਯਾਫਤਾ ਸਾਬਕਾ ਕੈਦੀ ਤੇ ਮੌਤ ਦੀ ਸਜ਼ਾ ਖਤਮ ਕਰਨ ਦੀ ਮੁਹਿੰਮ ਦੇ ਸਹਿਸੰਸਥਾਪਕ ਤੇ ਹੈਂਡਸ ਆਫ ਕੇਨ (ਆਚ ਓ ਸੀ) ਦੇ ਮੈਂਬਰ ਲਾਰੈਂਸ ਹੇਜ਼ ਨੇ ਭੁੱਲਰ ਦੇ ਕੇਸ ਦੀ ਤੁਲਨਾ ਮੁਮੀਆ ਅਬੂ ਜਮਾਲ ਤੇ ਟਰਾਏ ਡੇਵਿਸ ਨਾਲ ਕਰਦਿਆਂ ਕਿਹਾ ਕਿ ਭਾਰਤ ਕਿਸੇ ਵੀ ਤਰਾਂ ਦੇ ਵਿਰੋਧ ਨੂੰ ਖਤਮ ਕਰਨ ਲਈ ਆਪਣੀ ਕਾਨੂੰਨੀ ਤੇ ਨਿਆਂਇਕ ਪ੍ਰਣਾਲੀ ਦਾ ਵਰਤੋਂ ਕਰਦਾ ਹੈ ਤੇ ਇਸ ਨੂੰ ਜਾਇਜ਼ ਠਹਿਰਾਉਂਦਾ ਹੈ।

ਇਸ ਮੌਕੇ ਜੈਫਰੀ ਡੈਸਕੋਵਿਕ ਫਾਉਂਡੇਸ਼ਨ ਫਾਰ ਜਸਟਿਸ ਦੇ ਸੰਸਥਾਪਕ ਜੈਫਰੀ ਡੈਸਕੋਵਿਕ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਜੈਫਰੀ ਮਜ਼ਬੂਰੀ ਵਿਚ ਲਏ ਗਏ ਇਕਬਾਲੀਆ ਬਿਆਨ ਦਾ ਸ਼ਿਕਾਰ ਹੋਇਆ ਸੀ ਤੇ ਉਸ ਨੇ 16 ਸਾਲ ਸਲਾਖਾਂ ਪਿਛੇ ਬਿਤਾਏ ਸੀ ਤੇ ਡੀ ਐਨ ਏ ਟੈਸਟ ਦੇ ਆਧਾਰ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਆਪਣੇ ਤੇ ਪ੍ਰੋਫੈਸਰ ਭੁੱਲਰ ਦੇ ਕੇਸ ਦੀਆਂ ਸਮਾਨਤਾਵਾਂ ਨੂੰ ਉਜਾਗਰ ਕਰਦਿਆਂ ਜੈਫਰੀ ਨੇ ਕਿਹਾ ਕਿ ਮੇਰੇ ਤੇ ਪ੍ਰੋਫੈਸਰ ਭੁੱਲਰ ਦੇ ਕੇਸ ਦੀਆਂ ਸਮਾਨਤਾਵਾਂ ਸਨਸਨੀਖੇਜ਼ ਹਨ। ਮੈਨੂੰ ਮਜ਼ਬੂਰੀ ਵਸ ਲਏ ਗਏ ਇਕਬਾਲੀਆ ਬਿਆਨ ਦੇ ਆਧਾਰ 'ਤੇ ਦੋਸ਼ੀ ਠਹਿਰਾਇਆ ਗਿਆ ਸੀ ਜਦ ਕਿ ਭੁੱਲਰ ਤੋਂ ਕੋਰੇ ਕਾਗਜ਼ 'ਤੇ ਦਸਤਖਤ ਕਰਨ ਲਈ ਤਸ਼ਦਦ ਕੀਤਾ ਗਿਆ।

ਇਸ ਰੈਲੀ ਲਈ ਇਕ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ ਜਿਸ ਵਿਚ ਗੁਰਦੇਵ ਸਿੰਘ ਕੰਗ, ਭੁਪਿੰਦਰ ਸਿੰਘ ਬੋਪਾਰਾਏ, ਹਰਪਾਲ ਸਿੰਘ ਸੰਧਰ, ਕਰਨੈਲ ਸਿੰਘ, ਜਸਬੀਰ ਸਿੰਘ, ਅਵਤਾਰ ਸਿੰਘ ਪੰਨੂ ਤੇ ਗੁਰਮੇਜ ਸਿੰਘ ਸ਼ਾਮਲ ਸਨ ਜਿਨ੍ਹਾਂ ਨੇ ਰੈਲੀ ਨੂੰ ਸਫਲ ਬਣਾਉਣ ਲਈ ਸਮੂਹ ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਕਮੇਟੀਆਂ ਦੇ ਸਿੱਖ ਸੰਗਤਾਂ ਦਾ ਧੰਨਵਾਦ ਕੀਤਾ ਹੈ। ਇਨਸਾਫ ਰੈਲੀ ਵਿਚ ਈਸਟ ਕੋਸਟ ਦੀਆਂ ਸਮੂਹ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ।






# ਮਾਨ ਨੂੰ ਬਾਰਾਮੂਲਾ ਰੋਕੇ ਜਾਣ ਦੀ ਪਾਰਟੀ ਵਲੋਂ ਨਿਖੇਧੀ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਮਰੀਕਾ ਨੇ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਸ਼ਮੀਰ ਦੇ ਬਾਰਾਮੂਲਾ ਇਲਾਕੇ ਵਿਚ ਜਾਣ ਤੋਂ ਰੋਕੇ ਜਾਣ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਸ. ਮਾਨ ਆਪਣੇ ਸਾਥੀਆਂ ਸਮੇਤ ਕਸ਼ਮੀਰ ਦੇ ਪੀੜਤ ਸਿੱਖ ਪਰਿਵਾਰਾਂ ਅਤੇ ਆਜ਼ਾਦੀ ਪਸੰਦ ਕਸ਼ਮੀਰੀਆਂ ਦਾ ਪਤਾ ਲੈਣ ਲਈ ਉਚੇਚੇ ਤੌਰ 'ਤੇ ਕਸ਼ਮੀਰ ਗਏ ਸਨ। ਪਾਰਟੀ ਇਕਾਈ ਨੇ ਸਰਕਾਰ ਦੇ ਇਸ ਐਕਸ਼ਨ ਨੂੰ ਜਮਹੂਰੀਅਤ ਵਿਰੋਧੀ ਕਰਾਰ ਦਿੰਦਿਆਂ ਆਖਿਆ ਹੈ ਕਿ ਸਰਕਾਰ ਨੇ ਸ. ਮਾਨ ਨੂੰ ਰੋਕ ਕੇ ਜਮਹੂਰੀਅਤ ਦਾ ਕਤਲ ਕੀਤਾ ਹੈ।

ਇਸੇ ਦੌਰਾਨ ਪਾਰਟੀ ਇਕਾਈ ਨੇ ਅਮਰੀਕਾ ਵਿਚ ਮੈਂਬਰਸ਼ਿਪ ਸ਼ੁਰੂ ਕਰ ਦਿੱਤੀ ਹੈ। ਪਾਰਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਬੰਧੀ ਸੁਰਜੀਤ ਸਿੰਘ ਕੁਲਾਰ ਫੋਨ 917-434-2483, ਬੂਟਾ ਸਿੰਘ ਖੜੌਂਦ 609-351-0321, ਰੇਸ਼ਮ ਸਿੰਘ ਕੈਲੀਫੋਰਨੀਆ 661-209-0118, ਇੰਦਰਪਾਲ ਸਿੰਘ ਨਿਰਦੋਸ਼ ਸਿਆਟਲ 206-499-2665, ਜੀਤ ਸਿੰਘ ਆਲੋਅਰਖ 559-470-5595, ਪ੍ਰੀਤਮ ਸਿੰਘ ਜੋਗਾਨੰਗਲ 510-224-0421, ਹਰਪਾਲ ਸਿੰਘ ਸੰਧਰ ਨਿਊ ਯਾਰਕ 917-915-3013, ਭੁਪਿੰਦਰ ਸਿੰਘ ਬਾਠ 937-467-3012, ਦਰਸ਼ਨ ਸਿੰਘ ਸੰਧੂ 510-377-1140, ਰਣਜੀਤ ਸਿੰਘ ਧਾਲੀਵਾਲ 609-335-1166, ਦੀਪਇੰਦਰ ਸਿੰਘ ਮਾਨ 541-980-7088 ਜਾਂ ਰਮਿੰਦਰ ਸਿੰਘ ਸੰਧੂ ਫੋਨ 209-992-6209 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸੈਨ ਹੋਜ਼ੇ 'ਚ ਅੰਮ੍ਰਿਤ ਸੰਚਾਰ 28 ਨੂੰ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਚ ਆਉਂਦੀ 28 ਜੁਲਾਈ ਨੂੰ ਅੰਮ੍ਰਿਤ ਸੰਚਾਰ ਹੋਵੇਗਾ, ਅੰਮ੍ਰਿਤ ਦਾ ਬਾਟਾ ਦਮਦਮੀ ਟਕਸਾਲ ਦੇ ਭਾਈ ਸਾਹਿਬ ਸਿੰਘ ਦੇ ਜਥੇ ਵਲੋਂ ਤਿਆਰ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਸਮੂਹ ਅੰਮ੍ਰਿਤ ਅਭਿਲਾਖੀਆਂ ਨੂੰ ਲਾਹਾ ਲੈਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਫੋਨ 408-274-9373 ਅਤੇ ਭਾਈ ਸਾਹਿਬ ਸਿੰਘ ਫੋਨ 408-221-2511 ਤੋਂ ਲਈ ਜਾ ਸਕਦੀ ਹੈ।

ਗੁਰੂ ਘਰ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੁਰਬਾਣੀ ਦੀ ਸੰਥਿਆ ਅਤੇ ਗਤਕੇ ਦੀ ਸਿਖਿਆ ਦੀਆਂ ਕਲਾਸਾਂ ਵੀ ਅਰੰਭੀਆਂ ਗਈਆਂ ਹਨ। ਪ੍ਰਬੰਧਕਾਂ ਨੇ ਇਹ ਜ਼ਿੰਮੇਵਾਰੀ ਦਮਦਮੀ ਟਕਸਾਲ ਦੇ ਭਾਈ ਨਿਸ਼ਾਨ ਸਿੰਘ ਨੂੰ ਸੰਭਾਲੀ ਹੈ। ਗੁਰਬਾਣੀ ਦੀ ਸੰਥਿਆ ਦਾ ਸਮਾਂ ਸੋਮਵਾਰ, ਬੁੱਧਵਾਰ ਅਤੇ ਸਨਿਚਰਵਾਰ ਨੂੰ ਸ਼ਾਮ 7 ਵਜੇ ਤੋਂ 8 ਵਜੇ ਤੱਕ ਹੋਵੇਗਾ। ਗਤਕੇ ਦੀ ਸਿਖਲਾਈ ਦਾ ਸਮਾਂ ਸਨਿਚਰਵਾਰ ਅਤੇ ਐਤਵਾਰ ਸ਼ਾਮ 4 ਤੋਂ 6 ਵਜੇ ਤੱਕ ਹੋਵੇਗਾ। ਇਸ ਸਬੰਧੀ ਹੋਰ ਜਾਣਕਾਰੀ ਭਾਈ ਨਿਸ਼ਾਨ ਸਿੰਘ ਫੋਨ 408-207-8892 ਤੋਂ ਲਈ ਜਾ ਸਕਦੀ ਹੈ।

# ਮਨਪ੍ਰੀਤ ਬਾਦਲ ਦੇ ਸਮਾਗਮਾਂ 'ਚ ਹੁਮਹੁਮਾ ਕੇ ਪੁੱਜਣ ਦੀ ਅਪੀਲ

**ਸੈਕਰਾਮੈਂਟੋ (ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਇਕ ਉਘੇ ਆਗੂ ਡਾ. ਨਵਜੋਤ ਸਿੰਘ ਦਾਹੀਆ ਨੇ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਦਰਦ ਦੇ ਭਾਈਵਾਲ ਸ. ਮਨਪ੍ਰੀਤ ਸਿੰਘ ਬਾਦਲ ਦੇ ਸਮਾਗਮਾਂ ਵਿਚ ਉਨ੍ਹਾਂ ਨੂੰ ਸੁਣਨ ਲਈ ਜਰੂਰ ਪਹੁੰਚਣ।

ਇਨ੍ਹੀਂ ਦਿਨੀਂ ਅਮਰੀਕਾ ਆਏ ਹੋਏ ਪੇਸ਼ੇ ਵਜੋਂ ਹੱਡੀਆਂ ਦੇ ਮਾਹਰ ਡਾਕਟਰ ਨਵਜੋਤ ਸਿੰਘ ਦਾਹੀਆ ਜਲੰਧਰ ਦੇ ਸ਼ਾਹਕੋਟ ਹਲਕੇ ਵਿਚ ਪਾਰਟੀ ਲਈ ਸਰਗਰਮ ਹਨ। ਉਨ੍ਹਾਂ ਕਿਹਾ ਕਿ ਇਹ ਪਾਰਟੀ ਪੰਜਾਬ ਦੇ ਲੋਕਾਂ ਦੇ ਭਲੇ ਦੇ ਰਾਹ ਤੁਰੀ ਹੈ ਅਤੇ ਲੋਕਾਂ ਲਈ ਸਮਾਜਕ ਤੇ ਮਾਲੀ ਹੱਕ-ਇਨਸਾਫ ਵਾਸਤੇ ਲੜਨ ਲਈ ਵਚਨਬੱਧ ਹੈ। ਡਾ. ਦਾਹੀਆ ਇਨ੍ਹੀਂ ਦਿਨੀਂ ਪਾਰਟੀ ਆਗੂਆਂ ਦੇ ਨਾਲ ਅਮਰੀਕਾ ਪਾਰਟੀ ਦਾ ਸੰਕਲਪ ਲੋਕਾਂ ਤਕ ਪਹੁੰਚਾਉਣ ਲਈ ਸੈਕਰਾਮੈਂਟੋ ਪਹੁੰਚੇ ਹੋਏ ਹਨ। ਉਨ੍ਹਾਂ ਨਾਲ ਸੰਪਰਕ ਹਰਪ੍ਰੀਤ ਸਿੰਘ ਦਾਹੀਆ ਫੋਨ 916-752-0178 ਰਾਹੀਂ ਕੀਤਾ ਜਾ ਸਕਦਾ ਹੈ।

*To Advertise with Punjab Times*
***Call: 847-359-0746***






# ਕਸ਼ਮੀਰੀਆਂ ਦੇ ਹਿੱਤਾਂ ਲਈ ਸਰਗਰਮ ਆਗੂ ਫਾਈ ਗ੍ਰਿਫਤਾਰ

**ਵਾਸ਼ਿੰਗਟਨ:** ਕਸ਼ਮੀਰੀਆਂ ਦੇ ਹਿੱਤਾਂ ਲਈ ਸਰਗਰਮ ਆਗੂ ਗੁਲਾਮ ਨਬੀ ਫਾਈ ਨੂੰ ਅਮਰੀਕੀ ਖੁਫੀਆ ਏਜੰਸੀ ਐਫ.ਬੀ.ਆਈ. ਨੇ ਗ੍ਰਿਫ਼ਤਾਰ ਕੀਤਾ ਹੈ। ਏਜੰਸੀ ਦਾ ਦਾਅਵਾ ਹੈ ਕਿ ਕਸ਼ਮੀਰ ਬਾਰੇ ਨੀਤੀ ਬਣਾਉਣ ਲਈ ਅਮਰੀਕੀ ਕਾਂਗਰਸ ਦੇ ਮੈਂਬਰਾਂ 'ਤੇ ਪ੍ਰਭਾਵ ਪਾਉਣ ਲਈ ਲੁਕਵੇਂ ਰੂਪ 'ਚ ਆਈ.ਐਸ.ਆਈ. ਦੇ 40 ਲੱਖ ਡਾਲਰ ਖਰਚਣ ਵਾਲੇ ਫਾਈ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ 'ਚ ਚਾਰ 'ਆਕਾ' ਸਨ ਤੇ ਉਸ ਨੇ ਜੂਨ 2008 ਤੋਂ ਲੈ ਕੇ ਗ੍ਰਿਫਤਾਰੀ ਤਕ 4000 ਤੋਂ ਵੱਧ ਵਾਰ ਉਨ੍ਹਾਂ ਨਾਲ ਫੋਨ 'ਤੇ ਸੰਪਰਕ ਕੀਤਾ ਸੀ। ਐਫ.ਬੀ.ਆਈ. ਵੱਲੋਂ ਅਲੈ-ਗਜ਼ੈਂਡਰੀਆ ਦੀ ਅਦਾਲਤ 'ਚ ਪੇਸ਼ ਦਸਤਾਵੇਜ਼ਾਂ 'ਚ ਇਹ ਦਾਅਵਾ ਕੀਤਾ ਹੈ।

ਫੇਅਰਫੈਕਸ, ਵਰਜੀਨੀਆ ਸਥਿਤ ਆਪਣੇ ਘਰ ਤੋਂ ਗ੍ਰਿਫਤਾਰ ਕੀਤੇ ਗਏ ਅਮਰੀਕੀ ਨਾਗਰਿਕ 62 ਸਾਲਾ ਫਾਈ ਨੂੰ ਫੌਰੀ ਅਦਾਲਤ 'ਚ ਪੇਸ਼ ਕਰ ਦਿੱਤਾ ਗਿਆ ਸੀ। ਫਾਈ ਕਸ਼ਮੀਰੀ-ਅਮਰੀਕਨ ਕੌਂਸਲ (ਕੇ.ਏ.ਸੀ.) ਦਾ ਡਾਇਰੈਕਟਰ ਹੈ। ਇਹ ਵਾਸ਼ਿੰਗਟਨ 'ਚ ਇਕ ਗਰੁੱਪ ਹੈ ਜੋ ਕਸ਼ਮੀਰ ਲਈ 'ਸਵੈ ਨਿਰਣੇ' ਵਾਸਤੇ ਲਾਬਿੰਗ ਕਰਦਾ ਹੈ। ਦੋਸ਼ ਸਿੱਧ ਹੋਣ 'ਤੇ ਫਾਈ ਨੂੰ ਪੰਜ ਸਾਲ ਦੀ ਕੈਦ ਹੋ ਸਕਦੀ ਹੈ। ਐਫ.ਬੀ.ਆਈ. ਨੇ ਫਾਈ ਦੇ ਆਈ.ਐਸ.ਆਈ. ਵਿਚਲੇ ਚਾਰੇ ਆਕਾਵਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਦੇ ਫੋਨ ਨੰਬਰ ਤੇ ਈ-ਮੇਲ ਸਿਰਨਾਵੇਂ ਜਨਤਕ ਕੀਤੇ ਹਨ। ਇਨ੍ਹਾਂ ਚਾਰਾਂ ਦੀ ਪਛਾਣ ਅਬਦੁਲਾ, ਜਾਵੇਦ ਅਜ਼ੀਜ਼ ਖਾਨ ਉਰਫ ਰਾਠੌਰ, ਅਬਦੁੱਲਾ ਉਰਫ ਨਿਜ਼ਾਮੀ ਮੀਰ ਤੇ ਤੌਕੀਰ ਮਹਿਮੂਦ ਬੱਟ ਉਰਫ ਸੋਹੇਲ ਮਹਿਮੂਦ ਜੋ ਛੋਟੇ ਨਾਮ 'ਮੀਰ' ਨਾਲ ਮਸ਼ਹੂਰ ਹੈ, ਵਜੋਂ ਹੋਈ ਹੈ।



ਖੁਫੀਆ ਏਜੰਸੀ ਅਨੁਸਾਰ ਜੂਨ 2008 ਤੋਂ ਉਸ ਦੀ ਗ੍ਰਿਫਤਾਰੀ ਤਕ ਫਾਈ ਨੇ ਆਪਣੇ ਆਕਾਵਾਂ ਨਾਲ 4000 ਤੋਂ ਵੱਧ ਵਾਰ ਸੰਪਰਕ ਕੀਤਾ। 2006 ਤੋਂ 2011 ਦੇ ਸ਼ੁਰੂ ਤਕ ਜਾਵੇਦ ਅਜ਼ੀਜ਼ ਖਾਨ ਨੇ ਫਾਈ ਨਾਲ ਤਕਰੀਬਨ 2000 ਵਾਰ ਸੰਪਰਕ ਬਣਾਇਆ। ਐਫ.ਬੀ.ਆਈ. ਨੇ ਇਹ ਖੁਲਾਸੇ 43 ਸਫਿਆਂ ਦੇ ਹਲਫਨਾਮੇ 'ਚ ਕੀਤੇ ਹਨ ਜਿਸ 'ਚ ਕਿਹਾ ਗਿਆ ਹੈ ਕਿ ਬ੍ਰਿਗੇਡੀਅਰ ਅਬਦੁੱਲਾ ਆਈ.ਐਸ.ਆਈ. ਦਾ ਕਸ਼ਮੀਰ ਦੇ ਮਾਮਲਿਆਂ ਨਾਲ ਸਬੰਧਤ ਅਧਿਕਾਰੀ ਸੀ। ਤਲਾਸ਼ੀਆਂ ਦੌਰਾਨ ਜਾਂਚਕਾਰਾਂ ਨੂੰ ਉਸ ਦੇ ਘਰੋਂ ਕੇ.ਏ.ਸੀ. ਲਈ 1999 ਦਾ ਰਣਨੀਤੀ ਦਸਤਾਵੇਜ਼ ਤੇ ਇਨ੍ਹਾਂ ਹੀ ਸਿਰਲੇਖਾਂ ਨਾਲ 2000, 2001, 2005 ਤੇ 2006 ਤਕ ਦੇ ਦਸਤਾਵੇਜ਼ ਮਿਲੇ ਹਨ। ਇਨ੍ਹਾਂ 'ਚ ਕੇ.ਏ.ਸੀ. ਦੀਆਂ ਕਾਰਜਕਾਰੀ ਬ੍ਰਾਂਚ ਅਧਿਕਾਰੀਆਂ ਨੂੰ ਜਾਣਕਾਰੀ ਦੇਣ ਦੀਆਂ ਯੋਜਨਾਵਾਂ ਹਨ ਤੇ ਕਾਂਗਰਸ ਰਾਹੀਂ ਕਸ਼ਮੀਰ ਦਾ ਮੁੱਦਾ ਉਭਾਰਨਾ, ਭਾਰਤੀ ਲਾਬੀ ਨੂੰ ਖਦੇੜਨਾ ਤੇ ਅਮਰੀਕੀ ਪ੍ਰਸ਼ਾਸਨ ਤੇ ਭਾਰਤ ਸਰਕਾਰ 'ਤੇ ਦਬਾਅ ਵਧਾਉਣ ਦੀਆਂ ਯੋਜਨਾਵਾਂ ਹਨ। ਅਦਾਲਤ ਦੀ ਮਨਜ਼ੂਰੀ ਨਾਲ ਹੋਈਆਂ ਤਲਾਸ਼ੀਆਂ ਦੌਰਾਨ ਫਾਈ ਵੱਲੋਂ ਜ਼ਹੀਰ ਅਹਿਮਦ (ਇਕ ਹੋਰ ਅਮਰੀਕੀ ਨਾਗਰਿਕ ਜੋ ਫਾਈ ਨਾਲ ਹੀ ਦੋਸ਼ੀ ਕਿਹਾ ਗਿਆ ਹੈ) ਨੂੰ ਲਿਖੇ 22 ਪੱਤਰ ਮਿਲੇ ਹਨ। ਉਨ੍ਹਾਂ ਪੱਤਰਾਂ ਤੋਂ ਹੋਏ ਖੁਲਾਸੇ ਅਨੁਸਾਰ ਪਾਕਿਸਤਾਨ ਸਰਕਾਰ ਨੇ ਅਹਿਮਦ ਤੇ ਆਪਣੇ ਫੰਡਿੰਗ ਨੈੱਟਵਰਕ ਰਾਹੀਂ ਫਾਈ ਤੇ ਕੇ.ਏ.ਸੀ. ਨੂੰ 1990 ਵਿਆਂ ਤੋਂ ਹੁਣ ਤਕ ਘੱਟੋ-ਘੱਟ 40 ਲੱਖ ਡਾਲਰ ਭੇਜੇ।

## ਆਈ.ਐਸ.ਆਈ. ਨਾਲ ਸਬੰਧਾਂ ਬਾਰੇ ਪਾਕਿ ਖਾਮੋਸ਼

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਕਸ਼ਮੀਰੀ ਵੱਖਵਾਦੀ ਆਗੂ ਗੁਲਾਮ ਨਬੀ ਫਾਈ ਦੇ ਪਾਕਿ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਸਬੰਧਾਂ ਦੀਆਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਤੱਥ ਸਾਹਮਣੇ ਆਉਣ ਤੋਂ ਬਾਅਦ ਹੀ ਇਸ ਮਾਮਲੇ 'ਤੇ ਟਿੱਪਣੀ ਕੀਤੀ ਜਾਵੇਗੀ। ਜਨਾਬ ਗਿਲਾਨੀ ਨੇ ਕਿਹਾ ਕਿ ਫਾਈ 'ਤੇ ਦੋਸ਼ ਲਗਾਏ ਗਏ ਹਨ ਤੇ ਇਸ ਬਾਰੇ ਤੱਥ ਪੇਸ਼ ਕਰਨ ਤੋਂ ਬਾਅਦ ਹੀ ਪਾਕਿਸਤਾਨ ਵੱਲੋਂ ਇਸ ਮਾਮਲੇ 'ਤੇ ਟਿੱਪਣੀ ਕੀਤੀ ਜਾਵੇਗੀ।

ਜਨਾਬ ਗਿਲਾਨੀ ਨੇ ਕਿਹਾ ਕਿ ਜਨਾਬ ਫਾਈ ਸਤਿਕਾਰਯੋਗ ਸ਼ਖਸ਼ੀਅਤ ਹਨ ਤੇ ਉਨ੍ਹਾਂ ਨੇ ਕਸ਼ਮੀਰ ਮੁੱਦੇ 'ਤੇ ਵੱਡਮੁੱਲਾ ਕੰਮ ਕੀਤਾ ਹੈ ਪਰ ਉਹ ਪਾਕਿਸਤਾਨ ਦੇ ਨਹੀਂ ਬਲਕਿ ਜੰਮੂ-ਕਸ਼ਮੀਰ ਦੇ ਵਾਸੀ ਹਨ। ਉਧਰ ਭਾਰਤ ਨੇ ਇਸ ਮਾਮਲੇ 'ਤੇ ਪਹਿਲੀ ਵਾਰ ਟਿੱਪਣੀ ਕਰਦਿਆਂ ਕਿਹਾ ਹੈ ਕਿ ਫਾਈ ਨੂੰ ਤਾਂ ਬਹੁਤ ਸਮਾਂ ਪਹਿਲਾਂ ਹੀ ਗ੍ਰਿਫਤਾਰ ਕਰ ਲੈਣਾ ਚਾਹੀਦਾ ਸੀ ਕਿਉਂਕਿ ਉਸ 'ਤੇ ਪਾਕਿਸਤਾਨੀ ਏਜੰਸੀਆਂ ਤੋਂ ਫੰਡ ਹਾਸਲ ਕਰਨ ਦਾ ਸ਼ੱਕ ਸੀ।

# ਪਾਕਿਸਤਾਨ ਕਸ਼ਮੀਰ 'ਚ ਅਤਿਵਾਦ ਨੂੰ ਸ਼ਹਿ ਦੇ ਰਿਹੈ: ਅਮਰੀਕਾ

**ਵਾਸ਼ਿੰਗਟਨ:** ਅਮਰੀਕੀ ਏਜੰਸੀ ਐਫ.ਬੀ.ਆਈ. ਨੇ ਪਹਿਲੀ ਵਾਰ ਖੁੱਲ੍ਹੇ ਤੌਰ 'ਤੇ ਮੰਨਿਆ ਹੈ ਕਿ ਇਸਲਾਮਾਬਾਦ ਅਤਿਵਾਦ ਨੂੰ ਸ਼ਹਿ ਦੇ ਰਿਹਾ ਹੈ ਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਕਸ਼ਮੀਰ ਵਿਚ ਅਤਿਵਾਦੀਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇ ਰਹੀ ਹੈ। ਐਫ.ਬੀ.ਆਈ. ਨੇ ਗ੍ਰਿਫਤਾਰ ਕੀਤੇ ਵੱਖਵਾਦੀ ਕਸ਼ਮੀਰੀ ਨੇਤਾ ਗੁਲਾਮ ਨਬੀ ਫਾਈ ਨੂੰ ਆਈ.ਐਸ.ਆਈ. ਦਾ ਭਾੜੇ ਦਾ ਪਿੱਠੂ ਦੱਸਿਆ ਹੈ ਜਿਸ ਨੇ ਆਪਣੀਆਂ ਦੋ ਦਹਾਕੇ ਤੋਂ ਚਲਾਈਆਂ ਜਾ ਰਹੀਆਂ ਉੱਚ ਪੱਧਰੀ ਸਰਗਰਮੀਆਂ ਦੌਰਾਨ ਕਈ ਅਹਿਮ ਭਾਰਤੀ ਪੱਤਰਕਾਰਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਜਾਲ 'ਚ ਫਸਾਇਆ।




ਇਸ ਖੁਲਾਸੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਉਨ੍ਹਾਂ ਲੋਕਾਂ ਕੋਲੋਂ ਪੁੱਛਗਿੱਛ ਕਰ ਸਕਦੀ ਹੈ ਜਿਨ੍ਹਾਂ ਨੇ ਫਾਈ ਦੇ ਪ੍ਰੋਗਰਾਮਾਂ 'ਚ ਹਿੱਸਾ ਲਿਆ। 62 ਸਾਲਾ ਫਾਈ ਨੂੰ ਅਮਰੀਕੀ ਏਜੰਸੀ ਐਫ.ਬੀ.ਆਈ. ਨੇ ਉਸ ਦੇ ਵਰਜੀਨੀਆ ਦੇ ਫੇਅਰ ਫੈਕਸ ਸਥਿਤ ਘਰ ਤੋਂ ਗ੍ਰਿਫਤਾਰ ਕੀਤਾ ਸੀ। ਐਫ.ਬੀ.ਆਈ. ਅਨੁਸਾਰ ਫਾਈ ਨੂੰ ਮਿਲਣ ਵਾਲਾ ਫੰਡ ਇਕ ਵੱਡਾ ਹਿੱਸਾ ਕਸ਼ਮੀਰ ਵਿਚ ਹੋਣ ਵਾਲੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਖਰਚ ਹੁੰਦਾ ਸੀ। ਅਜਿਹੀ ਕਾਨਫਰੰਸ ਵਿਚ ਭਾਰਤ ਦੇ ਕਈ ਮੰਨੇ-ਪ੍ਰਮੰਨੇ ਲੋਕ ਹਿੱਸਾ ਲੈ ਚੁੱਕੇ ਹਨ। ਇਨ੍ਹਾਂ ਵਿਚ ਦਲੀਪ ਪਡਗਾਂਵਕਰ, ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਜਿੰਦਰ ਸੱਚਰ, ਮਸ਼ਹੂਰ ਪੱਤਰਕਾਰ ਕੁਲਦੀਪ ਨਈਅਰ ਤੇ ਸਮਾਜਿਕ ਕਾਰਕੁਨ ਗੌਤਮ ਨਵਲੱਖਾ ਪ੍ਰਮੁੱਖ ਹਨ। ਇਸ ਤਰ੍ਹਾਂ ਦੇ ਸੈਮੀਨਾਰ ਵਿਚ ਹਿੱਸਾ ਲੈਣ ਵਾਲ ਜ਼ਿਆਦਾਤਰ ਵਿਅਕਤੀਆਂ ਨੂੰ ਇਹ ਪਤਾ ਨਹੀਂ ਹੁੰਦਾ ਸੀ ਕਿ ਫਾਈ ਦੇ ਆਈ.ਐਸ.ਆਈ. ਨਾਲ ਸਬੰਧ ਹਨ।

ਇਸ ਦੌਰਾਨ ਭਾਰਤ ਵਿਚ ਮੌਜੂਦਾ ਕੱਟੜ ਵੱਖਵਾਦੀ ਗੁਲਾਮ ਨਬੀ ਫਾਈ 'ਤੇ ਭੜਕ ਪਏ ਹਨ। ਵੱਖਵਾਦੀ ਸੰਗਠਨਾਂ ਨੇ ਫਾਈ ਨੂੰ ਬੇਕਸੂਰ ਦੱਸਦੇ ਹੋਏ ਭਾਰਤ ਤੇ ਅਮਰੀਕਾ ਦੀ ਆਲੋਚਨਾ ਕੀਤੀ ਹੈ। ਵੱਖਵਾਦੀ ਕਸ਼ਮੀਰੀ ਨੇਤਾ ਤੇ ਐਫ਼.ਬੀ.ਆਈ. ਮੁਤਾਬਕ ਅਮਰੀਕਾ ਵਿਚ ਆਈ.ਐਸ.ਆਈ. ਦੇ ਏਜੰਟ ਡਾ. ਗੁਲਾਮ ਨਬੀ ਫਾਈ ਨਾਲ ਭਾਰਤੀ ਪੱਤਰਕਾਰ ਜਗਤ ਦੀਆਂ ਕਈ ਹਸਤੀਆਂ ਦੇ ਨਾਂ ਜੁੜ ਰਹੇ ਹਨ। ਅਮਰੀਕਾ ਦੀ ਅਦਾਲਤ ਵਿਚ ਪੇਸ਼ ਐਫ਼. ਬੀ. ਆਈ. ਦੇ ਹਲਫ਼ਨਾਮੇ ਮੁਤਾਬਕ ਆਈ.ਐਸ.ਆਈ. ਨੇ ਨਾ ਕੇਵਲ ਫਾਈ ਦੀ ਕਸ਼ਮੀਰੀ ਅਮਰੀਕੀ ਕੌਂਸਲ (ਕੇ. ਏ. ਸੀ.) ਨੂੰ ਫੰਡ ਦਿੱਤੇ ਬਲਕਿ ਉਸ ਦੇ ਪ੍ਰੋਗਰਾਮਾਂ ਦਾ ਭਾਸ਼ਣ, ਉਨ੍ਹਾਂ ਵਿਚੋਂ ਕਿਸ ਨੂੰ ਬੁਲਾਇਆ ਜਾਣਾ ਹੈ ਤੇ ਇਥੋਂ ਤੱਕ ਕਿ ਨਤੀਜੇ ਵੀ ਤੈਅ ਕੀਤੇ ਗਏ। ਫਾਈ ਵੱਲੋਂ 30 ਜੂਨ 2010 ਨੂੰ ਜਾਰੀ ਪ੍ਰੈਸ ਰਿਲੀਜ਼ ਦੇ ਅਨੁਸਾਰ 29-30 ਜੁਲਾਈ 2010 ਨੂੰ ਹੋਈ ਕੇ.ਏ.ਸੀ. ਦੀ ਦੋ ਦਿਨਾਂ ਕਾਨਫਰੰਸ ਵਿਚ ਜਿਸ ਮਤੇ ਨੂੰ ਸਵੀਕਾਰ ਕੀਤਾ ਸੀ, ਉਸ ਨੂੰ ਤਿਆਰ ਕਰਨ ਵਾਲੀ 5 ਮੈਂਬਰੀ ਖਰੜਾ ਤਿਆਰ ਕਰਨ ਵਾਲੀ ਕਮੇਟੀ ਵਿਚ ਭਾਰਤੀ ਪੱਤਰਕਾਰ ਤੇ ਬਰਤਾਨੀਆ ਵਿਚ ਭਾਰਤ ਦੇ ਸਾਬਕਾ ਹਾਈ ਕਮਿਸ਼ਨਰ ਕੁਲਦੀਪ ਨਈਅਰ, ਅਮਰੀਕਾ ਵਿਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਮਲੀਹਾ ਲੋਧੀ ਸ਼ਾਮਲ ਸਨ। 2010 ਦੀ ਸਾਲਾਨਾ ਕਾਨਫਰੰਸ ਲਈ ਜਾਰੀ ਕੇ.ਏ.ਸੀ. ਦੇ ਪ੍ਰੈਸ ਬਿਆਨ ਮੁਤਾਬਕ ਉਸ ਦੇ ਪ੍ਰੋਗਰਾਮ ਵਿਚ ਸੇਵਾ-ਮੁਕਤ ਜਸਟਿਸ ਰਜਿੰਦਰ ਸੱਚਰ, ਪੱਤਰਕਾਰ ਹਰਿੰਦਰ ਬਾਵੇਜਾ, ਕਸ਼ਮੀਰ ਟਾਈਮਜ਼ ਦੇ ਐਡੀਟਰ-ਇਨ-ਚੀਫ਼ ਵੇਦ ਭਸੀਨ ਤੇ ਇਕਨਾਮਿਕ ਐਂਡ ਪੋਲੀਟੀਕਲ ਵੀਕਲੀ ਦੇ ਐਡੀਟਰ ਗੌਤਮ ਨਵਲੱਖਾ ਸ਼ਾਮਲ ਹੋਏ ਸਨ ਪਰ ਕੇ.ਏ.ਸੀ. ਦੇ ਸੰਮੇਲਨ ਹਮੇਸ਼ਾ ਪਾਕਿਸਤਾਨ ਕੇਂਦਰਿਤ ਤੇ ਭਾਰਤ ਵਿਰੋਧੀ ਏਜੰਡੇ ਵਾਲੇ ਹੁੰਦੇ ਸਨ। ਪ੍ਰੋਗਰਾਮ ਤੋਂ ਪਹਿਲਾਂ ਪ੍ਰੈਸ ਨੂੰ ਭੇਜੇ ਜਾਣ ਵਾਲੇ ਸੱਦਾ ਪੱਤਰ ਵਿਚ ਕੇ.ਏ.ਸੀ. ਨੇ ਸੂਚੀ ਵਿਚ ਅਮਰੀਕਾ ਵਿਚ ਭਾਰਤੀ ਰਾਜਦੂਤ ਮੀਰਾ ਸ਼ੰਕਰ ਨੂੰ ਵੀ ਸ਼ਾਮਲ ਕੀਤਾ ਸੀ ਪਰ ਭਾਰਤੀ ਰਾਜਦੂਤਾਂ ਨੇ ਕਦੇ ਵੀ ਅਜਿਹੇ ਸੰਮੇਲਨਾਂ ਵਿਚ ਸ਼ਮੂਲੀਅਤ ਨਹੀਂ ਕੀਤੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਕੌਂਸਲ ਕਿਸ ਲਈ ਕੰਮ ਕਰਦੀ ਹੈ।

# ਕੈਨੇਡਾ 'ਚ ਜਾਅਲੀ ਨਾਗਰਿਕਤਾ ਵਾਲਿਆਂ ਖ਼ਿਲਾਫ਼ ਸਖ਼ਤੀ

**ਟਰਾਂਟੋ:** ਜਾਅਲੀ ਤਰੀਕੇ ਨਾਲ ਕੈਨੇਡਾ ਦੀ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਤੋਂ ਜਲਦੀ ਹੀ ਕੈਨੇਡਾ ਦੀ ਸ਼ਹਿਰੀਅਤ ਖੋਹ ਲਈ ਜਾਵੇਗੀ। ਮੁਲਕ ਦੇ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਨੇ ਕਿਹਾ ਹੈ ਕਿ ਅਜਿਹੇ 1800 ਦੇ ਕਰੀਬ ਬੰਦੇ ਪਛਾਣ ਲਏ ਗਏ ਹਨ ਜੋ ਪਿਛਲੇ ਸਾਲਾਂ ਵਿਚ ਧੋਖਾਧੜੀਆਂ ਨਾਲ ਕੈਨੇਡਾ ਦੇ ਸ਼ਹਿਰੀ ਬਣ ਬੈਠੇ ਹਨ ਪਰ ਉਹ ਅਜਿਹੇ ਅਨਸਰਾਂ ਨੂੰ ਖਬਰਦਾਰ ਕਰਨਾ ਚਾਹੁੰਦੇ ਹਨ ਕਿ ਕੈਨੇਡਾ ਦੀ ਨਾਗਰਿਕਤਾ ਕੋਈ ਵਿਕਾਊ ਮਾਲ ਨਹੀਂ ਹੈ।



ਕੇਂਦਰੀ ਪੁਲੀਸ ਆਰ.ਸੀ.ਐਮ.ਪੀ. ਤੇ ਇਮੀਗ੍ਰੇਸ਼ਨ ਮਹਿਕਮੇ ਦੀ ਤਿੰਨ ਸਾਲ ਤੋਂ ਚਲਦੀ ਖੁਫੀਆ ਪੜਤਾਲ ਸਦਕਾ ਇਹ ਪਰਦਾਫਾਸ਼ ਹੋਇਆ ਹੈ ਕਿ ਕਈ ਏਜੰਟਾਂ ਰਾਹੀਂ ਫਰਜ਼ੀ ਅਰਜ਼ੀਆਂ ਤੇ ਜਾਅਲੀ ਸਰਟੀਫਿਕੇਟਾਂ ਨਾਲ ਅਜਿਹੇ ਅਨਸਰ ਕੈਨੇਡਾ ਦੇ ਨਾਗਰਿਕ ਬਣ ਗਏ ਹਨ।

ਮੰਤਰੀ ਨੇ ਇਹ ਵੀ ਸੰਕੇਤ ਦਿੱਤੇ ਹਨ ਕਿ ਬਹੁਤ ਸਾਰੇ ਅਜਿਹੇ ਜਾਅਲੀ ਕੈਨੇਡੀਅਨ ਵਿਦੇਸ਼ਾਂ ਵਿਚ ਵੀ ਬੈਠੇ ਹਨ ਪਰ ਉਨ੍ਹਾਂ ਦੀ ਜਾਂਚ ਅਜੇ ਹੋਰ ਚੱਲੇਗੀ ਜਿੰਨਾ ਚਿਰ ਸਾਰੇ ਕਾਬੂ ਨਹੀਂ ਆ ਜਾਂਦੇ। ਸੂਤਰਾਂ ਅਨੁਸਾਰ ਇਹ ਲੋਕ ਸਰਕਾਰ ਦੇ ਫੈਸਲੇ ਖ਼ਿਲਾਫ ਅਦਾਲਤ ਵੀ ਜਾ ਸਕਦੇ ਹਨ ਨਹੀਂ ਤਾਂ ਕੈਬਨਿਟ ਉਨ੍ਹਾਂ ਦੀ ਨਾਗਰਿਕਤਾ ਖੋਹਣ ਦੀ ਕਾਰਵਾਈ ਕਰ ਦੇਵੇਗੀ। ਕਿਸੇ ਤੋਂ ਨਾਗਰਿਕਤਾ ਖੋਹਣਾ ਕੈਨੇਡਾ ਵਿਚ ਆਮ ਵਰਤਾਰਾ ਨਹੀਂ ਹੈ ਤੇ ਪਿਛਲੇ ਤਿੰਨ ਦਹਾਕਿਆਂ ਵਿਚ ਸਿਰਫ 63 ਬੰਦਿਆਂ ਤੋਂ ਨਾਗਰਿਕਤਾ ਖੋਹੀ ਗਈ ਹੈ।

ਜਨਾਬ ਕੈਨੀ ਨੇ ਕਿਹਾ ਕਿ ਸਰਕਾਰ ਅਜਿਹੀਆਂ ਧੋਖੇਧੜੀਆਂ ਨੂੰ ਰੋਕਣ ਲਈ ਦ੍ਰਿੜ੍ਹ ਹੈ ਤੇ ਜੋ ਲੋਕ ਇਸ ਧਰਤੀ 'ਤੇ ਪੈਰ ਧਰ ਕੇ ਬਗੈਰ ਟੈਕਸ ਦਿੱਤਿਆਂ ਸਮਾਜੀ ਸਹੂਲਤਾਂ ਦਾ ਲਾਹਾ ਲੈਣ ਦਾ ਜਤਨ ਕਰਦੇ ਹਨ ਤੇ ਬਾਅਦ ਵਿਚ ਪਾਸਪੋਰਟ ਹਾਸਲ ਕਰਕੇ ਆਪਣੇ ਆਪ ਨੂੰ ਇਸ ਮੁਲਕ ਦੇ ਨਾਗਰਿਕ ਅਖਵਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਿਸੇ ਕੀਮਤ 'ਤੇ ਅਜਿਹਾ ਸਵੀਕਾਰਿਆ ਨਹੀਂ ਜਾ ਸਕਦਾ।

ਯਾਦ ਰਹੇ ਕਿ ਸਰਕਾਰ ਨੇ ਨਕਲੀ ਏਜੰਟਾਂ, ਜਾਅਲੀ ਸ਼ਰਨਾਰਥੀਆਂ ਤੇ ਸਮਗਲਰਾਂ ਖ਼ਿਲਾਫ ਤਕੜੀ ਮੁਹਿੰਮ ਛੇੜੀ ਹੋਈ ਹੈ ਤਾਂ ਕਿ ਮੁਲਕ ਦੇ ਇਮੀਗ੍ਰੇਸ਼ਨ ਢਾਂਚੇ ਦੀ ਦੁਰਵਰਤੋਂ ਰੋਕੀ ਜਾ ਸਕੇ। ਸਾਲ 2009 ਵਿਚ ਜਦ ਜਨਾਬ ਕੈਨੀ ਨੇ ਚੰਡੀਗੜ੍ਹ ਸਥਿਤ ਕੌਂਸਲਖਾਨੇ ਦੀ ਫੇਰੀ ਦੌਰਾਨ ਬਹੁਤ ਸਾਰੇ ਜਾਅਲੀ ਦਸਤਾਵੇਜ਼ਾਂ ਵਾਲੀਆਂ ਅਰਜ਼ੀਆਂ ਵੇਖੀਆਂ ਸਨ ਤੇ ਇਸ ਮਾਮਲੇ ਨੂੰ ਉਨ੍ਹਾਂ ਪੰਜਾਬ ਸਰਕਾਰ ਦੇ ਧਿਆਨ 'ਚ ਵੀ ਲਿਆਂਦਾ ਸੀ ਤੇ ਆਪਣੇ ਮਹਿਕਮੇ ਨੂੰ ਵੀ ਚੌਕੰਨਾ ਕੀਤਾ ਸੀ। ਇਨ੍ਹਾਂ ਜਾਅਲੀ ਨਾਗਰਿਕਾਂ ਦੇ ਵੇਰਵੇ ਅਜੇ ਗੁਪਤ ਹਨ ਪਰ ਇਨ੍ਹਾਂ ਵਿਚ ਕੁਝ ਭਾਰਤੀ ਲੋਕ ਵੀ ਹੋ ਸਕਦੇ ਹਨ।

# ਛੁੱਟੀ ਲਈ ਬਿਮਾਰੀ ਸਭ ਤੋਂ ਵਧੀਆ ਬਹਾਨਾ

**ਲੰਡਨ:** ਇਕ ਅਧਿਐਨ ਮੁਤਾਬਕ ਤਿੰਨ ਕਰਮਚਾਰੀਆਂ ਵਿਚੋਂ ਇਕ ਦੀ ਬਿਮਾਰੀ ਲਈ ਛੁੱਟੀ ਦੀ ਮੰਗ ਝੂਠੀ ਤੇ ਬਹਾਨੇਬਾਜ਼ੀ ਹੁੰਦੀ ਹੈ। ਅਧਿਐਨ ਮੁਤਾਬਕ ਚੰਗਾ ਮੌਸਮ, ਹੈਂਗਓਵਰ ਤੇ ਰੁਮਾਂਟਿਕ ਮੌਕੇ ਕਰਮਚਾਰੀਆਂ ਨੂੰ ਗੈਰਹਾਜ਼ਰ ਹੋਣ ਲਈ ਪ੍ਰੇਰਤ ਕਰਦੇ ਹਨ। ਖੋਜ ਦੱਸਦੀ ਹੈ ਕਿ ਦਫ਼ਤਰਾਂ ਤੇ ਕੰਮਕਾਜੀ ਥਾਵਾਂ 'ਤੇ ਬੋਰੀਅਤ ਤੇ ਡਿਪਰੈਸ਼ਨ ਵੀ ਤਕਰੀਬਨ ਦੋ ਤਿਹਾਈ ਲੋਕਾਂ ਦੀ ਬਿਮਾਰੀ ਦੀ ਛੁੱਟੀ ਦਾ ਕਾਰਨ ਹੁੰਦਾ ਹੈ।

ਛੁੱਟੀ ਲਈ ਕੀਤੇ ਜਾਂਦੇ ਬਹਾਨਿਆਂ ਬਾਰੇ ਖੋਜ ਕਹਿੰਦੀ ਹੈ ਕਿ ਅਕਸਰ ਕਰਮਚਾਰੀ ਡਿੱਗ ਜਾਣ, ਕਿਸੇ ਨਾਲ ਲੜਾਈ ਜਾਂ ਕੁੱਟਮਾਰ ਹੋਣ, ਜਾਂ ਪਾਲਤੂ ਜਾਨਵਰਾਂ ਖਾਸ ਕਰਕੇ ਕੁੱਤੇ ਕਾਰਨ ਹੋਈਆਂ ਸਮੱਸਿਆਵਾਂ ਨੂੰ ਬਹਾਨਾ ਬਣਾਉਂਦੇ ਹਨ ਪਰ ਬਿਮਾਰੀ ਗੈਰ ਹਾਜ਼ਰਾਂ ਦਾ ਸਭ ਤੋਂ ਪਸੰਦੀਦਾ ਬਹਾਨਾ ਹੈ। ਖੋਜ ਮੁਤਾਬਕ ਅੱਧੇ ਤੋਂ ਵੱਧ ਗੈਰ ਹਾਜ਼ਰ ਲੋਕ ਪੇਟ ਖਰਾਬ ਹੋਣ ਦਾ ਬਹਾਨਾ ਵਰਤਦੇ ਹਨ ਕਿਉਂਕਿ ਇਸ ਨੂੰ ਗਲਤ ਸਾਬਤ ਕਰਨਾ ਔਖਾ ਹੁੰਦਾ ਹੈ।

ਰਿਪੋਰਟ ਮੁਤਾਬਕ 18 ਤੋਂ 34 ਸਾਲ ਦੀ ਉਮਰ ਵਿਚਕਾਰਲੇ ਕਰਮਚਾਰੀ ਬਿਮਾਰੀ ਦਾ ਬਹਾਨਾ ਸਫਲਤਾ ਸਹਿਤ ਵਰਤਣ ਵਿਚ ਇਸ ਤੋਂ ਵਡੇਰੀ ਉਮਰ ਦੇ ਲੋਕਾਂ ਨਾਲੋਂ ਜ਼ਿਆਦਾ ਤੇਜ਼ ਹੁੰਦੇ ਹਨ। ਅਧਿਐਨ ਦੌਰਾਨ ਇਹ ਵੀ ਸਿੱਟਾ ਕੱਢਿਆ ਗਿਆ ਹੈ ਕਿ ਛੁੱਟੀ ਲਈ ਬਿਮਾਰੀ ਦਾ ਬਹਾਨਾ ਬਣਾਉਣ ਪਿੱਛੇ ਪਰਿਵਾਰਕ ਜ਼ਿੰਮੇਵਾਰੀਆਂ ਦਾ ਦਬਾਅ ਵੀ ਵੱਡਾ ਕਾਰਨ ਹੈ। ਇਹ ਅਧਿਐਨ 2,000 ਫਰਮਾਂ ਦੇ ਸਰਵੇਖਣ 'ਤੇ ਆਧਾਰਤ ਸੀ।

# ਅਮਰੀਕਾ ਤੇ ਬਰਤਾਨੀਆ 'ਚ ਜਾ ਰਿਹੈ ਬੇਈਮਾਨੀ ਦਾ ਪੈਸਾ

**ਨਵੀਂ ਦਿੱਲੀ:** ਅਤਿਵਾਦੀਆਂ ਨੂੰ ਪੈਸਾ ਦੇਣ ਤੇ ਕਾਲੇ ਧਨ ਨੂੰ ਚਿੱਟਾ ਕਰਨ ਤੋਂ ਰੋਕਣ ਲਈ ਮਿਆਰ ਤੈਅ ਕਰਨ ਵਾਲੀ ਵਿਸ਼ਵ ਸੰਸਥਾ ਨੇ ਪਹਿਲੀ ਵਾਰ ਆਪਣੀ ਤਾਜ਼ਾ ਰਿਪੋਰਟ 'ਚ ਦੱਸਿਆ ਕਿ ਜਥੇਬੰਦਕ ਮਨੁੱਖੀ ਤਸਕਰਾਂ ਦੇ ਸਿੰਡੀਕੇਟ ਵੱਲੋਂ ਕਾਲੇ ਧਨ ਨੂੰ ਚਿੱਟਾ ਕਰਨ ਲਈ ਬੇਈਮਾਨੀ ਦਾ ਪੈਸਾ ਅਮਰੀਕਾ ਤੇ ਬਰਤਾਨੀਆ ਨੂੰ ਭੇਜਿਆ ਜਾ ਰਿਹਾ ਹੈ।




ਬਰਤਾਨੀਆਂ ਦੇ ਗ੍ਰਹਿ ਵਿਭਾਗ ਨੇ ਦੇਖਿਆ ਕਿ ਮਨੁੱਖੀ ਤਸਕਰਾਂ ਦਾ ਜਥੇਬੰਦਕ ਗਰੋਹ ਭਾਰਤ ਤੋਂ 200 ਗੈਰ-ਕਾਨੂੰਨੀ ਪਰਵਾਸੀਆਂ ਨੂੰ ਬਰਤਾਨੀਆਂ ਵਿਚ ਘੁਸਪੈਠ ਕਰਵਾਉਣ ਲਈ ਭਾਰਤ, ਦੱਖਣੀ ਅਫਰੀਕਾ ਤੇ ਬਰਤਾਨੀਆ 'ਚ ਸਰਗਰਮ ਰਿਹਾ ਹੈ ਤੇ ਇਸ ਕੰਮ ਲਈ ਗੈਰ-ਕਾਨੂੰਨੀ ਪਰਵਾਸੀਆਂ ਤੋਂ ਛੇ ਕਰੋੜ ਰੁਪਏ ਲਏ ਗਏ। ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ ਜਿਸ ਦਾ ਭਾਰਤ ਪਿਛਲੇ ਸਾਲ 34ਵਾਂ ਮੈਂਬਰ ਬਣਿਆ ਨੇ, ਆਪਣੀ ਤਾਜ਼ਾ ਰਿਪੋਰਟ 'ਮਨੁੱਖੀ ਤਸਕਰੀ ਤੋਂ ਪੈਦਾ ਹੋ ਰਿਹਾ ਕਾਲੇ ਧਨ ਨੂੰ ਚਿੱਟਾ ਬਣਾਉਣ ਦਾ ਖਤਰਾ' ਵਿਚ ਇਸ ਬੇ-ਤਾਰੀਖ ਅਪਰਾਧ ਦੇ ਦ੍ਰਿਸ਼ਟਾਂਤ ਪੇਸ਼ ਕੀਤੇ ਹਨ।

ਇਸ ਮਾਮਲੇ ਵਿਚ ਇਕ ਜਥੇਬੰਦਕ ਅਪਰਾਧੀ ਸਿੰਡੀਕੇਟ ਸ਼ਾਮਲ ਹੈ ਜਿਹੜਾ ਭਾਰਤ, ਦੱਖਣੀ ਅਫਰੀਕਾ ਤੇ ਬਰਤਾਨੀਆ 'ਚ ਸਰਗਰਮ ਰਿਹਾ। ਜਦੋਂ ਗੈਰ-ਕਾਨੂੰਨੀ ਪਰਵਾਸੀ ਭਾਰਤ ਤੋਂ ਦੱਖਣੀ ਅਫਰੀਕਾ ਪਹੁੰਚਦੇ ਹਨ ਤਾਂ ਇਸ ਸਿੰਡੀਕੇਟ ਦੇ ਦੂਸਰੇ ਮੈਂਬਰ ਉਨ੍ਹਾਂ ਲਈ ਗ੍ਰਹਿ ਮੰਤਰਾਲੇ ਨੂੰ ਗਲਤ ਜਾਣਕਾਰੀ ਦੇ ਕੇ ਪਛਾਣ ਦਸਤਾਵੇਜ਼ਾਂ ਤੇ ਪਾਸਪੋਰਟਾਂ ਦਾ ਪ੍ਰਬੰਧ ਕਰਦੇ ਹਨ। ਯਾਤਰਾ ਦਸਤਾਵੇਜ਼ ਹਾਸਲ ਕਰਨ ਪਿੱਛੋਂ ਉਹ ਬਰਤਾਨੀਆ ਲਈ ਚਲ ਪੈਂਦੇ ਹਨ। ਇਸ ਤਰੀਕੇ ਨਾਲ ਬਰਤਾਨੀਆ ਵਿਚ ਦਾਖਲ ਹੋਣ ਵਾਲੇ 200 ਵਿਅਕਤੀਆਂ ਦੀ ਮਦਦ ਕੀਤੀ ਗਈ।

ਔਸਤਨ ਪ੍ਰਤੀ ਵਿਅਕਤੀ 40000 'ਜ਼ਾਰ' ਲਏ ਗਏ ਤੇ ਇਹ ਰਕਮ ਨਕਦ ਰੂਪ 'ਚ ਜਾਂ ਦੱਖਣੀ ਅਫਰੀਕਾ ਵਿਚ ਸਿੰਡੀਕੇਟ ਮੈਂਬਰ ਦੇ ਬੈਂਕ ਖਾਤੇ ਵਿਚ ਕਿਸ਼ਤਾਂ ਦੇ ਰੂਪ 'ਚ ਦਿੱਤੀ ਗਈ। ਸਿੰਡੀਕੇਟ ਦੇ ਦੱਖਣੀ ਅਫਰੀਕਨ ਮੈਂਬਰ ਦੇ ਖਾਤੇ ਦੀਆਂ ਸੰਗਠਨ ਨੇ ਬੈਂਕ ਸਟੇਟਮੈਂਟਾਂ ਹਾਸਲ ਕੀਤੀਆਂ ਹਨ ਤੇ ਇਸ ਤੋਂ ਵੱਖ-ਵੱਖ ਵਿਅਕਤੀਆਂ ਤੋਂ ਪੈਸੇ ਲੈਣ ਦੇ ਵੇਰਵੇ ਮਿਲਦੇ ਹਨ।

# ਹਾਂਸੀ-ਬੁਟਾਣਾ ਨਹਿਰ ਅਤੇ ਦਰਿਆਈ ਪਾਣੀਆਂ ਦਾ ਝਗੜਾ

**ਕਰਮ ਬਰਸਟ**

ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਵਿਚਕਾਰ ਰੱਫੜ ਤੇਜ਼ ਹੋ ਰਿਹਾ ਹੈ। ਪੰਜਾਬ ਦੇ ਸਿੰਜਾਈ ਮੰਤਰੀ ਸ੍ਰੀ ਜਨਮੇਜਾ ਸਿੰਘ ਸੇਖੋਂ ਨੇ ਆਪਣੇ ਹਮਰੁਤਬਾ ਵਜ਼ੀਰ ਨਾਲ ਅਤੇ ਉਥੋਂ ਦੇ ਉਚ ਅਧਿਕਾਰੀਆਂ ਨਾਲ ਢੁਕਵਾਂ ਸਲੂਕ ਨਾ ਕਰਕੇ ਕੁੜਿੱਤਣ ਵਿਚ ਹੀ ਵਾਧਾ ਕੀਤਾ ਹੈ। ਜਾਪਦਾ ਹੈ ਕਿ ਅਕਾਲੀ ਵਜ਼ੀਰਾਂ ਨੂੰ ਆਪਣੇ ਵਿਰੋਧੀਆਂ ਨਾਲ ਤਾਂ ਕੀ, ਦੂਜੇ ਸੂਬਿਆਂ ਦੇ ਅਧਿਕਾਰੀਆਂ ਨਾਲ ਵੀ ਵਰਤਣਾ ਸਿਖਾਇਆ ਨਹੀਂ ਜਾਂਦਾ। ਅਕਾਲੀ ਵਜ਼ੀਰ ਨੇ ਸ਼ਾਇਦ ਇਸ ਤਰ੍ਹਾਂ ਦੀ ਹੂੜ੍ਹਮਤ ਨਾ ਦਿਖਾਈ ਹੁੰਦੀ, ਜੇਕਰ ਪੰਜਾਬ ਦੀਆਂ ਅਸੰਬਲੀ ਚੋਣਾਂ ਸਿਰ 'ਤੇ ਨਾ ਖੜੀਆਂ ਹੁੰਦੀਆਂ। ਇਹ ਮਸਲਾ ਤਾਂ ਪਿਛਲੇ ਚਾਰ ਪੰਜ ਸਾਲਾਂ ਤੋਂ ਅਖਬਾਰੀ ਸੁਰਖ਼ੀਆਂ ਦਾ ਸ਼ਿੰਗਾਰ ਬਣਿਆ ਹੋਇਆ ਹੈ। ਇਸ ਸਬੰਧੀ ਪਹਿਲਾਂ ਹੀ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿਚ ਕਾਨੂੰਨ ਪਾਸ ਕਰਵਾ ਕੇ ਪਾਣੀਆਂ ਦੀ ਵੰਡ ਬਾਬਤ ਸਾਰੇ ਪਿਛਲੇ ਸਮਝੌਤੇ ਰੱਦ ਕਰ ਦਿੱਤੇ ਸਨ, ਸਿਵਾਏ ਇਕ ਸ਼ਰਤ 'ਤੇ ਕਿ ਜੋ ਪਹਿਲਾਂ ਪਾਣੀ ਸਬੰਧਤ ਸੂਬਿਆਂ ਨੂੰ ਮਿਲ ਰਿਹਾ ਹੈ, ਉਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਪੰਜਾਬ ਅਤੇ ਹਰਿਆਣਾ ਵਿਚਕਾਰ ਦਰਿਆਈ ਪਾਣੀਆਂ, ਵਿਸ਼ੇਸ਼ ਕਰਕੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਝਗੜਾ ਅਜੇ ਮੁੱਕਿਆ ਵੀ ਨਹੀਂ ਕਿ ਹਰਿਆਣਾ ਨੇ ਹਾਂਸੀ-ਬੁਟਾਣਾ ਨਾਮ ਦੀ ਨਵੀਂ ਨਹਿਰ ਦੀ ਉਸਾਰੀ ਕਰਕੇ ਇਸ ਮਸਲੇ ਨੂੰ ਗੰਭੀਰ ਮੋੜ ਦੇ ਦਿੱਤਾ ਹੈ। 260 ਕਰੋੜ ਦੀ ਲਾਗਤ ਨਾਲ ਬਣੀ 109 ਕਿਲੋਮੀਟਰ ਲੰਬੀ ਨਹਿਰ ਨੂੰ ਪੰਜਾਬ ਦੇ ਸਮਾਣਾ ਸ਼ਹਿਰ ਨੇੜੇ ਭਾਖੜਾ ਮੇਨ ਲਾਇਨ ਨਾਲ ਜੋੜਿਆ ਜਾਣਾ ਹੈ। ਫੇਰ ਇਸ ਵੱਡੀ ਨਹਿਰ ਵਿਚ ਮੋਘਾ ਕਰਕੇ ਹਾਂਸੀ-ਬੁਟਾਣਾ ਨਹਿਰ ਰਾਹੀਂ ਹਰਿਆਣੇ ਨੂੰ ਪਾਣੀ ਦੀ ਸਪਲਾਈ ਕੀਤੀ ਜਾਣੀ ਹੈ। ਪਿਛਲੇ ਸਾਲਾਂ ਵਿਚ ਆਏ ਹੜ੍ਹਾਂ ਨੂੰ ਰੋਕਣ ਦਾ ਬਹਾਨਾ ਬਣਾ ਕੇ ਅਤੇ ਟਟਿਆਣਾ ਪਿੰਡ ਦੇ ਘੱਗਰ ਦੇ ਪੁਲ ਅਤੇ ਜ਼ਮੀਨੀ ਪੱਧਰ 'ਤੇ ਨਹਿਰ ਨੂੰ ਬਚਾਉਣ ਲਈ ਸਹਾਇਕ ਕੰਧ (ਟੋਅ ਵਾਲ) ਖੜੀ ਕਰਨ ਦਾ ਬਹਾਨਾ ਬਣਾ ਰਹੀ ਹੈ। ਹਰਿਆਣਾ ਸਰਕਾਰ ਦਾ ਦਾਅਵਾ ਹੈ ਕਿ ਉਹ ਸਤਲੁਜ-ਬਿਆਸ ਦੇ ਪਾਣੀਆਂ ਵਿਚੋਂ ਵਾਧੂ ਪਾਣੀ ਨਹੀਂ ਲਵੇਗੀ, ਸਗੋਂ ਆਪਣੇ ਹਿੱਸੇ ਆਉਂਦਾ ਪਾਣੀ ਹੀ ਲਵੇਗੀ।

ਹੈਰਾਨੀ ਦੀ ਗੱਲ ਹੈ ਕਿ ਹਰਿਆਣਾ ਸਰਕਾਰ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਦੋ ਵੱਡੇ ਹਿੱਸੇਦਾਰਾਂ ਪੰਜਾਬ ਅਤੇ ਰਾਜਸਥਾਨ ਨੂੰ ਇਸ ਨਹਿਰ ਦੀ ਉਸਾਰੀ ਬਾਰੇ ਕਦੇ ਵੀ ਭਰੋਸੇ ਵਿਚ ਨਹੀਂ ਲਿਆ। ਵਾਧੇ ਦੀ ਗੱਲ ਇਹ ਹੈ ਕਿ ਕੇਂਦਰੀ ਜਲ ਕਮਿਸ਼ਨ ਨੇ ਵੀ ਹਰਿਆਣਾ ਸਰਕਾਰ ਦੇ ਇਸ ਆਪਹੁਦਰੇਪਣ ਦੀ ਕਾਰਵਾਈ ਨੂੰ ਪ੍ਰਵਾਨਗੀ ਦੇਣ ਵੇਲੇ ਪੰਜਾਬ ਤੇ ਰਾਜਸਥਾਨ ਦਾ ਪੱਖ ਸੁਣਨ ਦੀ ਵੀ ਖੇਚਲ ਨਹੀਂ ਕੀਤੀ। ਦੂਜੇ ਪਾਸੇ ਇਹੀ ਜਲ ਕਮਿਸ਼ਨ ਪੰਜਾਬ ਵਲੋਂ ਪ੍ਰਸਤਾਵਿਤ ਦਸ਼ਮੇਸ਼ ਨਹਿਰ ਦੀ ਉਸਾਰੀ ਉਤੇ ਸਰਾਲ ਵਾਂਗ ਕੁੰਡਲੀ ਮਾਰ ਕੇ ਬੈਠਾ ਹੋਇਆ ਹੈ।

ਬੇਸ਼ੱਕ ਸੁਪਰੀਮ ਕੋਰਟ ਨੇ ਹਰਿਆਣੇ ਦੀ ਦਲੀਲ ਰੱਦ ਕਰਦਿਆਂ ਭਾਖੜਾ ਮੇਨ ਲਾਈਨ ਵਿਚ ਪਾੜ ਲਾਉਣ ਤੋਂ ਮਨਾਹੀ ਕਰ ਦਿੱਤੀ ਹੈ ਅਤੇ ਇਸ ਮਸਲੇ ਬਾਰੇ ਸੁਣਵਾਈ ਦਰ ਸੁਣਵਾਈ ਚੱਲ ਰਹੀ ਹੈ। ਸਰਬਉਚ ਅਦਾਲਤ ਦੇ ਇਸ ਮਸਲੇ 'ਤੇ 7 ਸਤੰਬਰ 2011 ਦੀ ਆਖਰੀ ਤਰੀਕ ਰੱਖੀ ਹੈ। ਕੀ ਫੈਸਲਾ ਹੁੰਦਾ ਹੈ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਲੇਕਿਨ ਪੰਜਾਬ ਸਰਕਾਰ ਵਲੋਂ ਦਿੱਤੀ ਗਈ ਦਲੀਲ, ਅੰਤਿਮ ਤੌਰ 'ਤੇ ਹਰਿਆਣਾ ਦੇ ਪੱਖ ਵਿਚ ਹੀ ਜਾ ਸਕਦੀ ਹੈ। ਪੰਜਾਬ ਨੇ ਤਰਕ ਦਿੱਤਾ ਹੈ ਕਿ ਨਰਵਾਣਾ ਬਰਾਂਚ ਦੀ ਸਮਰੱਥਾ 4000 ਕਿਊਸਕ ਪਾਣੀ ਲਿਜਾਣ ਦੀ ਹੈ, ਲੇਕਿਨ ਹਰਿਆਣਾ ਇਸ ਵਿਚੋਂ ਕੇਵਲ 2000 ਕਿਊਸਕ ਪਾਣੀ ਹੀ ਵਰਤ ਰਿਹਾ ਹੈ। ਭਾਵੇਂ ਪੰਜਾਬ ਸਰਕਾਰ ਇਹ ਦਰਸਾਉਣਾ ਚਾਹੁੰਦੀ ਹੈ ਕਿ ਹਰਿਆਣਾ ਕੋਲ ਪਹਿਲਾਂ ਅਲਾਟ ਕੀਤੇ ਪਾਣੀ ਨੂੰ ਵਰਤਣ ਦੀ ਸਮਰੱਥਾ ਵੀ ਨਹੀਂ ਹੈ ਜਿਸ ਕਰਕੇ ਨਵੀਂ ਨਹਿਰ ਖੋਦਣ ਦੀ ਕੋਈ ਤੁੱਕ ਨਹੀਂ ਬਣਦੀ। ਜਦੋਂ ਕਿ ਹਰਿਆਣਾ ਵੀ ਇਹੋ ਹੀ ਦਲੀਲ ਦੇ ਰਿਹਾ ਹੈ ਕਿ ਉਹ ਕੋਈ ਵਾਧੂ ਪਾਣੀ ਨਹੀਂ ਲੈ ਰਿਹਾ, ਸਗੋਂ ਨਰਵਾਣਾ ਬਰਾਂਚ ਵਿਚਲਾ ਆਪਣਾ ਅਣਵਰਤਿਆ ਪਾਣੀ ਛੱਡ ਕੇ, ਹਾਂਸੀ-ਬੁਟਾਣਾ ਨਹਿਰ ਰਾਹੀਂ ਵਰਤਣਾ ਚਾਹੁੰਦਾ ਹੈ ਤਾਂ ਕਿ ਦੱਖਣੀ ਹਰਿਆਣੇ ਦੀਆਂ ਪੀਣ ਵਾਲੇ ਪਾਣੀ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਜਾਪਦਾ ਹੈ ਕਿ ਪੰਜਾਬ ਸਰਕਾਰ ਹਰਿਆਣੇ ਵਲੋਂ ਸੁੱਟੇ ਸਾਜ਼ਿਸੀ ਜਾਲ ਵਿਚ ਫਸ ਕੇ ਰਹਿ ਜਾਵੇਗੀ।

ਪੰਜਾਬ ਦੇ ਦਰਿਆਈ ਪਾਣੀਆਂ ਨੂੰ ਬਦਲੀ ਹੋਈ ਸਥਿਤੀ ਅਤੇ ਆਧੁਨਿਕ ਖੇਤੀ ਲੋੜਾਂ ਦੇ ਸਬੰਧ ਵਿਚ ਮੁੜ ਕੇ ਵਿਚਾਰਨ ਦੀ ਲੋੜ ਹੈ। ਬਰਤਾਨਵੀ ਹਕੂਮਤ ਅਤੇ ਬੀਕਾਨੇਰ ਰਿਆਸਤ ਵਿਚਾਲੇ ਸਤਲੁਜ ਦਾ ਪਾਣੀ ਵੰਡਣ ਅਤੇ ਬਾਅਦ ਵਿਚ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਲੈ ਕੇ ਖੇਤੀ ਵਿਚ ਬੁਨਿਆਦੀ ਤਬਦੀਲੀ ਵਾਪਰ ਚੁੱਕੀ ਹੈ। ਪਹਿਲੀਆਂ ਸੰਧੀਆਂ ਵੇਲੇ ਪੰਜਾਬ ਕੋਲ ਸਚਮੁੱਚ ਹੀ ਪਾਣੀ ਦੀ ਬਹੁਤਾਤ ਸੀ ਅਤੇ ਇਸ ਨੂੰ ਵਰਤਣ ਲਈ ਸਿੰਚਾਈ ਦੇ ਸਾਧਨ ਵੀ ਪੁਖਤਾ ਨਹੀਂ ਸਨ। ਝੋਨੇ ਦੀ ਵੱਡੀ ਪੱਧਰ 'ਤੇ ਖੇਤੀ ਹੋਣ ਤੋਂ ਪਹਿਲਾਂ ਪੰਜਾਬ ਵਿਚ ਅਕਸਰ ਹੀ ਸੇਮ ਦੀ ਮਾਰ ਪਈ ਰਹਿੰਦੀ ਸੀ, ਲੇਕਿਨ 1966 ਤੋਂ ਬਾਅਦ ਹਰੇ ਇਨਕਲਾਬ ਦੀ ਵਿਦੇਸ਼ੀ ਤਕਨੀਕ ਨਾਲ ਵੱਧ ਪਾਣੀ ਮੰਗਣ ਵਾਲੇ, ਵਧੇਰੇ ਝਾੜ ਵਾਲੇ ਬੀਜਾਂ ਦੀ ਕਾਸ਼ਤ ਨਾਲ ਪਾਣੀ ਦਾ ਸੰਕਟ ਖੜਾ ਹੋਣਾ ਸ਼ੁਰੂ ਹੋਇਆ, ਜਿਸ ਨੇ ਪੰਜਾਬ ਸਮੇਤ ਨਵੇਂ ਸੂਬੇ ਹਰਿਆਣੇ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਪੰਜਾਬ ਦੇ ਖੇਤੀ ਵਿਗਿਆਨੀਆਂ ਅਤੇ ਹਾਕਮਾਂ ਨੂੰ ਜਦੋਂ ਹੋਸ਼ ਆਈ ਤਾਂ ਖੇਤੀ ਦਾ ਝੁੱਗਾ ਚੌੜ ਹੋ ਚੁੱਕਾ ਸੀ। ਗੱਲ ਇੱਕਲੇ ਪੰਜਾਬ ਦੀ ਨਹੀਂ ਹੈ, ਸਗੋਂ ਜਿੱਥੇ ਵੀ ਖੇਤੀ ਦੀ ਸਾਮਰਾਜੀ ਤਕਨੀਕ ਨੇ ਆਪਣੇ ਪੈਰ ਪਸਾਰੇ ਹਨ, ਉਥੇ ਹੀ ਦਰਿਆਈ ਪਾਣੀਆਂ ਨੂੰ ਲੈ ਕੇ ਮਸਲੇ ਖੜੇ ਹੋਏ ਹਨ। ਕਾਵੇਰੀ ਅਤੇ ਨਰਮਦਾ ਦਰਿਆ ਦੇ ਝਗੜੇ ਇਸ ਦਲੀਲ ਦੀ ਪੁਸ਼ਟੀ ਕਰਦੇ ਹਨ।

ਕਣਕ-ਝੋਨੇ ਦੇ ਫਸਲੀ ਚੱਕਰ ਨੇ ਪੰਜਾਬ ਅਤੇ ਹਰਿਆਣੇ ਦੀਆਂ ਪਾਣੀ ਲੋੜਾਂ ਦਸ ਗੁਣਾ ਵਧਾ ਦਿੱਤੀਆਂ ਹਨ। ਉਪਰੋਂ ਵੱਧ ਰਹੇ ਸ਼ਹਿਰੀਕਰਨ ਅਤੇ ਹਾਸਲ ਪਾਣੀ ਦੀ ਸੁਚੱਜੀ ਵਰਤੋਂ ਨਾ ਹੋਣ ਕਰਕੇ, ਇਹ ਸੰਕਟ ਦਿਨੋ ਦਿਨ ਗੰਭੀਰ ਹੋ ਰਿਹਾ ਹੈ। ਅੰਕੜਿਆਂ ਵੱਲ ਨਜ਼ਰ ਮਾਰੀਏ ਤਾਂ ਪੰਜਾਬ ਦੀ 83% ਜ਼ਮੀਨ ਕਾਸ਼ਤ ਅਧੀਨ ਆ ਚੁੱਕੀ ਹੈ, ਜਿਸ ਦਾ 96% ਸੇਂਜੂ ਹੈ। ਨਿੱਕੇ ਜਿਹੇ ਪੰਜਾਬ ਵਿਚ ਤਿੰਨ ਵੱਡੇ ਦਰਿਆ ਲੰਘਣ ਅਤੇ ਨਹਿਰਾਂ ਕੱਸੀਆਂ ਦਾ ਵਿਸ਼ਾਲ ਢਾਂਚਾ ਹੋਣ ਦੇ ਬਾਵਜੂਦ ਸਿਰਫ 38% ਜ਼ਮੀਨ ਨੂੰ ਨਹਿਰੀ ਪਾਣੀ ਹਾਸਲ ਹੈ ਅਤੇ ਕਾਸ਼ਤ ਅਧੀਨ 62% ਜ਼ਮੀਨ ਨੂੰ ਧਰਤੀ ਹੇਠਲੇ ਪਾਣੀ ਨਾਲ ਸਿੰਜਿਆਂ ਜਾਂਦਾ ਹੈ। ਸਿੱਟਾ ਇਹ ਹੈ ਕਿ ਪੰਜਾਬ ਦਾ 75% ਹਿੱਸਾ ਮਾਰੂਥਲ ਬਣਨ ਵੱਲ ਵਧ ਰਿਹਾ ਹੈ। ਧਰਤੀ ਹੇਠਲੇ ਪਾਣੀ ਦੀ ਰਿਚਾਰਜਿੰਗ ਨਾ ਹੋਣ ਕਰਕੇ, ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਹੇਠਾਂ ਚਲਿਆ ਗਿਆ ਹੈ। ਇਸ ਲਈ ਪੰਜਾਬ ਦੀਆਂ ਜਲ ਲੋੜਾਂ ਨਵੇਂ ਸਿਰੇ ਤੋਂ ਵਾਚਣ ਦੀ ਲੋੜ ਹੈ। ਪੰਜਾਬ ਅਤੇ ਹਰਿਆਣਾ ਦੀਆਂ ਹਾਕਮ ਪਾਰਟੀਆਂ ਵਲੋਂ ਆਪਣੀ ਵੋਟ ਰਾਜਨੀਤੀ ਦੀ ਖਾਤਰ ਇਸ ਮਸਲੇ ਨੂੰ ਉਲਝਾਉਣ ਦੀ ਕਵਾਇਦ ਵਿਚ ਨਾ ਪੈਂਦੇ ਹੋਏ, ਪਾਣੀਆਂ ਦੇ ਮਸਲੇ ਨੂੰ ਵਿਗਿਆਨਕ ਨੇਮਾਂ, ਕੌਮਾਂਤਰੀ ਸੰਧੀਆਂ ਅਤੇ ਸੰਵਿਧਾਨਕ ਮੱਦਾਂ ਦੀ ਰੋਸ਼ਨੀ ਵਿਚ ਸੁਲਝਾਉਣ ਦੀ ਲੋੜ ਹੈ। ਭਾਰਤੀ ਸੰਵਿਧਾਨ ਮੁਤਾਬਕ ਹੀ ਪਾਣੀਆਂ ਨੂੰ ਸਟੇਟ ਸੂਚੀ ਵਿਚ ਰੱਖਿਆ ਹੈ ਅਤੇ ਅੰਤਰਰਾਜੀ ਝਗੜਿਆਂ ਨੂੰ ਨਿਬੇੜਣ ਲਈ ਹੀ ਕੇਂਦਰੀ ਜਲ ਕਮਿਸ਼ਨ ਦੀ ਸਾਲਸੀ ਜਾਂ ਟ੍ਰਿਬਿਊਨਲਾਂ ਦੀ ਮਦਦ ਲਈ ਜਾਂਦੀ ਹੈ। ਲੇਕਿਨ ਪੰਜਾਬ ਦੇ ਸਬੰਧ ਵਿਚ ਕਿਸੇ ਵੀ ਕਾਇਦੇ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ ਗਈ। ਪੰਜਾਬੀ ਕੌਮੀਅਤ ਦੀਆਂ ਅਨੇਕਾਂ ਜਮਹੂਰੀ ਮੰਗਾਂ ਵਾਂਗ ਪਾਣੀਆਂ ਦੀ ਵੰਡ ਦੇ ਮਸਲੇ ਨੂੰ ਵੀ ਇਕੱਲੇ ਸਿੱਖਾਂ ਦਾ ਮਸਲਾ ਬਣਾ ਕੇ ਪੇਸ਼ ਕਰ ਦਿੱਤਾ ਜਾਦਾ ਰਿਹਾ ਹੈ। ਇਸ ਤੋਂ ਬਾਅਦ ਸਿੱਖ ਭਾਰਤੀ ਨਹੀਂ ਰਹਿੰਦੇ ਸਗੋਂ ਵੱਖਵਾਦੀ ਬਣ ਜਾਂਦੇ ਹਨ, ਜਿਨ੍ਹਾਂ ਨੂੰ ਕੁੱਟ ਕੇ ਚੁੱਪ ਕਰਾਉਣਾ ਹਰ ਕੌਮਪ੍ਰਸਤ ਦਾ ਪਰਮ ਧਰਮ ਬਣਾ ਦਿੱਤਾ ਜਾਂਦਾ ਹੈ।

ਪੰਜਾਬ ਦਾ ਮਸਲਾ ਹੱਲ ਕਰਨ ਲਈ ਕੌਮਾਤਰੀ ਤੌਰ 'ਤੇ ਪ੍ਰਵਾਨੇ ਗਏ ਰਿਪੇਰੀਅਨ ਅਤੇ ਨਦੀ ਜਲ ਖੇਤਰ ਦੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ, ਜਦੋਂ ਕਿ ਇਸੇ ਆਧਾਰ 'ਤੇ ਰਾਜਸਥਾਨ ਨੂੰ ਨਰਮਦਾ ਦਾ ਪਾਣੀ ਨਹੀਂ ਦਿੱਤਾ ਗਿਆ। ਪਾਕਿਸਤਾਨ ਨਾਲ ਦਰਿਆਈ ਪਾਣੀਆਂ ਦਾ ਝਗੜਾ ਨਿਬੇੜਨ ਲਈ ਭਾਵੇਂ ਕਿ ਇਹ ਵੀ ਉਚਿਤ ਨਹੀਂ ਸੀ ਘੱਗਰ ਦਰਿਆ ਨੂੰ ਸਤਲੁਜ ਨਦੀ ਜਲ ਖੇਤਰ ਦਾ ਹਿੱਸਾ ਸਾਬਤ ਕਰ ਦਿੱਤਾ ਗਿਆ, ਜਦੋਂ ਕਿ ਇਹ ਬਰਸਾਤੀ ਦਰਿਆ ਪੰਜਾਬ ਦੇ ਕਿਸੇ ਵੀ ਦਰਿਆ ਵਿਚ ਨਹੀਂ ਡਿੱਗਦਾ। ਰਾਵੀ, ਬਿਆਸ ਅਤੇ ਸਤਲੁਜ ਉਪਰ ਬਣੇ ਡੈਮਾਂ ਅਤੇ ਹੈਡਵਰਕਸਾਂ ਨੂੰ ਕੇਂਦਰੀ ਏਜੰਸੀਆਂ ਦੇ ਕੰਟਰੋਲ ਵਿਚ ਕਰ ਦਿੱਤਾ ਗਿਆ ਜਦੋਂ ਕਿ ਯਮੁਨਾ ਦਰਿਆ 'ਤੇ ਬਣੇ ਤਾਜੇਵਾਲਾ ਹੈਡਵਰਕਸ ਅਤੇ ਘੱਗਰ ਉਪਰ ਬਣੇ ਓਖਲਾ ਡੈਮ ਨੂੰ ਹਰਿਆਣੇ ਦੇ ਕੰਟਰੋਲ ਅਧੀਨ ਰਹਿਣ ਦਿੱਤਾ ਗਿਆ। ਪੰਜਾਬ ਵਿਚੋਂ ਵਗਦੇ ਤਿੰਨ ਦਰਿਆਵਾਂ ਦਾ ਪਾਣੀ ਵੰਡਣ ਲਈ ਤਾਂ ਸਾਰੇ ਹੀ ਗੈਰ ਪੰਜਾਬੀ ਰੌਲਾ ਪਾਉਂਦੇ ਹਨ, ਲੇਕਿਨ ਯਮੁਨਾ ਦੇ ਪਾਣੀ ਦੀ ਕੋਈ ਗੱਲ ਕਰਨ ਲਈ ਵੀ ਤਿਆਰ ਨਹੀਂ ਜੋ ਕਿ ਸਾਂਝੇ ਪੰਜਾਬ ਦਾ ਹੀ ਹਿੱਸਾ ਸੀ। ਕੇਂਦਰ ਵਲੋਂ 1955, 1976, 1982 ਅਤੇ 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ, ਪੰਜਾਬ ਨਾਲ ਪਾਣੀਆਂ ਦੇ ਮੁੱਦੇ 'ਤੇ ਕੀਤੇ ਧੱਕਿਆਂ ਬਾਬਤ ਦੱਬੇ ਮੁਰਦੇ ਉਖੇੜਨ ਨਾਲ ਹੁਣ ਕੋਈ ਬਹੁਤਾ ਲਾਭ ਨਹੀਂ ਹੋਣਾ।

ਪੰਜਾਬ ਵਿਧਾਨ ਸਭਾ ਵਲੋਂ 2004 ਵਿਚ ਪਾਸ ਕੀਤੇ "ਪੰਜਾਬ ਸਮਝੌਤਾ ਖਾਤਮਾ ਕਾਨੂੰਨ 2004" ਨੂੰ ਇਕ ਇਤਿਹਾਸਕ ਨਿਰਣਾ ਸਮਝ ਕੇ, ਪਾਣੀਆਂ ਦੇ ਮਸਲੇ ਨੂੰ ਹੱਲ ਹੋਇਆ ਮੰਨ ਲੈਣਾ ਚਾਹੀਦਾ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਦੀ ਪੁਟਾਈ ਤੋਂ ਪਹਿਲਾਂ ਹਰਿਆਣੇ ਨੂੰ ਜਿੰਨਾ ਪਾਣੀ ਮਿਲ ਰਿਹਾ ਸੀ, ਮਿਲਦਾ ਰਹਿਣਾ ਚਾਹੀਦਾ ਹੈ। ਵੋਟਾਂ ਦੀ ਖਾਤਰ ਕਿਸੇ ਵੀ ਸਿਆਸੀ ਪਾਰਟੀ ਅਤੇ ਧਿਰ ਨੂੰ ਸ਼ਾਵਨਵਾਦੀ ਅਤੇ ਖੇਤਰਵਾਦੀ ਭਾਵਨਾ ਨੂੰ ਭੜਕਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਜਦੋਂ ਕਦੇ ਸਚਮੁੱਚ ਹੀ ਲੋਕ ਪੱਖੀ ਸਰਕਾਰਾਂ ਬਣੀਆਂ ਤਾਂ ਸਾਰੇ ਸੂਬਿਆਂ ਦੇ ਲੋਕ ਮਿਲ ਬੈਠ ਕੇ ਆਪਣੇ ਝਗੜੇ ਨਿਬੇੜ ਲੈਣਗੇ। ਸਾਰੀਆਂ ਹੀ ਪਾਰਟੀਆਂ ਵਲੋਂ ਅਣਲਿਖਤੀ ਤੌਰ 'ਤੇ ਮੁਰਦਾ ਬਣਾ ਦਿੱਤੇ ਗਏ 'ਪੰਜਾਬ ਸਮਝੌਤੇ' (ਇਸ ਸਮਝੌਤੇ ਦੀ 26 ਵੀਂ ਬਰਸੀ ਹੁਣੇ ਹੀ ਲੰਘ ਕੇ ਗਈ ਹੈ।) ਦੀਆਂ ਦਸ ਮੱਦਾਂ ਵਿਚੋਂ ਸਿਰਫ ਪਾਣੀਆਂ ਦੀ ਵੰਡ ਨੂੰ ਲੈ ਕੇ ਕੁੱਕੜ ਖੋਹੀ ਕਰਨੀ ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਚੰਗਾ ਹੀ ਹੋਵੇਗਾ ਜੇਕਰ ਸਰਵ ਉਚ ਅਦਾਲਤ ਵੀ 1980 ਤੱਕ ਦੀ ਯਥਾ ਸਥਿਤੀ ਨੂੰ ਮਾਨਤਾ ਦੇ ਕੇ, ਦੋਵੇਂ ਸੂਬਿਆਂ ਦਾ ਹਮੇਸ਼ਾ ਹਮੇਸ਼ਾ ਲਈ ਝਗੜਾ ਖਤਮ ਕਰ ਦੇਵੇ।

ਜਿਥੋਂ ਤੱਕ ਹਾਂਸੀ-ਬੁਟਾਣਾ ਨਹਿਰ ਦਾ ਸਵਾਲ ਹੈ, ਇਹ ਹਰਿਆਣੇ ਦਾ ਆਪਹੁਦਰਾ ਫੈਸਲਾ ਹੈ। ਕੇਂਦਰੀ ਜਲ ਕਮਿਸ਼ਨ ਨੇ ਪੰਜਾਬ ਨਾਲ ਬੇਇਨਸਾਫੀ ਕੀਤੀ ਹੈ। ਭਾਖੜਾ ਮੇਨ ਲਾਈਨ ਸਮਾਣਾ ਸ਼ਹਿਰ ਨੇੜੇ ਸਿਰਫ਼ ਕੁਝ ਕੁ ਕਿਲੋਮੀਟਰਾਂ ਤੱਕ ਹੀ ਹਰਿਆਣਾ ਦੇ ਖੇਤਰ ਵਿਚੋਂ ਲੰਘਦੀ ਹੈ। ਹਰਿਆਣਾ ਸਰਕਾਰ ਇਸ ਸਥਿਤੀ ਦਾ ਨਾਜਾਇਜ਼ ਫਾਇਦਾ ਉਠਾਉਣਾ ਚਾਹੁੰਦੀ ਹੈ। ਜੇਕਰ ਪੰਜਾਬ ਸਰਕਾਰ ਨਹਿਰੀ ਫਿਰਨੀ ਬਣਾ ਕੇ ਭਾਖੜਾ ਨਹਿਰ ਦਾ ਰੁਖ ਹੀ ਬਦਲ ਦੇਵੇ ਤਾਂ ਹਰਿਆਣੇ ਨਾਲ ਕੀ ਵਾਪਰੇਗੀ? ਇਸ ਦਾ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ। ਰੱਬ ਕਰਕੇ ਅਜਿਹੀ ਨੌਬਤ ਕਦੇ ਵੀ ਨਾ ਆਵੇ। ਪੰਜਾਬ ਦੀ ਸ਼ਾਹਰਾਹ ਹਰਿਆਣੇ ਵਿਚੋਂ ਦੀ ਹੋ ਕੇ ਹੀ ਬਾਕੀ ਦੇਸ਼ ਨਾਲ ਜੁੜਦੀ ਹੈ। ਕਿਸੇ ਵੇਲੇ ਬੰਸੀ ਲਾਲ ਅਤੇ ਭਜਨ ਲਾਲ ਨੇ ਦੋ ਵੱਖ ਵੱਖ ਸਮਿਆਂ 'ਤੇ ਇਸ ਸ਼ਾਹਰਾਹ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੇ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਲਈ ਬੜੇ ਭਿਆਨਕ ਸਿੱਟੇ ਨਿਕਲੇ ਸਨ।

ਹਾਂਸੀ-ਬੁਟਾਣਾ ਪ੍ਰਾਜੈਕਟ ਨਾਲ ਸਿਰਫ ਪੰਜਾਬ ਤੇ ਰਾਜਸਥਾਨ ਦੇ ਹਿੱਸੇ ਆਉਂਦੇ ਪਾਣੀ ਹੀ ਨਹੀਂ ਖੋਹੇ ਜਾਣਗੇ, ਸਗੋਂ ਇਸ ਦੇ ਨਾਲ ਪੰਜਾਬ ਦੇ ਵਾਤਾਵਰਣ ਦਾ ਨੁਕਸਾਨ ਵੀ ਹੋਵੇਗਾ। ਇਹ ਨਹਿਰ ਪੰਜਾਬ ਹਰਿਆਣਾ ਸਰਹੱਦ ਦੇ ਨਾਲ ਨਾਲ ਉਤਰ ਪੂਰਬ ਤੋਂ ਦੱਖਣ ਪੱਛਮ ਵੱਲ ਜਾਵੇਗੀ, ਜਿਸ ਦੇ ਕੰਢੇ ਪਹਿਲੇ ਗਿਆਰਾਂ ਕਿਲੋਮੀਟਰ ਤੱਕ 10 ਫੁੱਟ ਤੋ ਵੀ ਉਚੇ ਹੋਣਗੇ ਫਿਰ ਨੀਵੇਂ ਹੁੰਦੇ ਹੋਏ ਅਗਲੇ 9 ਕਿਲੋਮੀਟਰ ਤੱਕ 7 ਫੁੱਟ ਤੱਕ ਆ ਜਾਣਗੇ। ਇਸ ਤਰਾਂ ਇਹ ਨਹਿਰ ਘੱਗਰ, ਟਾਂਗਰੀ ਅਤੇ ਮਾਰਕੰਡਾ ਨਦੀ ਦੇ ਮਿਲਵੇਂ ਪਾਣੀਆਂ ਦੇ ਵਹਾਅ ਵਿਚ ਵੀ ਰੁਕਾਵਟ ਪੈਦਾ ਕਰੇਗੀ। ਇਸ ਨਾਲ ਪੰਜਾਬ ਦੇ 32 ਪਿੰਡਾਂ ਦੀ 20756 ਏਕੜ ਜ਼ਮੀਨ ਬਰਸਾਤਾਂ ਵਿਚ ਡੁੱਬ ਜਾਇਆ ਕਰੇਗੀ ਅਤੇ ਹਰ ਸਾਲ ਇਕ ਲੱਖ ਲੋਕਾਂ ਨੂੰ ਵਕਤੀ ਉਜਾੜਾ ਝੱਲਣਾ ਪੈ ਸਕਦਾ ਹੈ। ਇਹੋ ਜਿਹਾ ਸੰਤਾਪ ਹੀ ਬਨੂੜ-ਰਾਜਪੁਰਾ ਇਲਾਕੇ ਦੇ ਲੋਕ ਐਸ.ਵਾਈ.ਐਲ. ਕਰਕੇ ਕਈ ਵਾਰ ਹੰਢਾ ਚੁੱਕੇ ਹਨ।

ਪਾਣੀਆਂ ਦੇ ਮਸਲੇ 'ਤੇ 1982 ਵਿਚ ਸ਼ੁਰੂ ਹੋਏ 'ਕਪੂਰੀ ਮੋਰਚੇ' ਨੇ ਕਿਹੜੀਆਂ ਕਿਹੜੀਆਂ ਕਰਵਟਾਂ ਲਈਆਂ, ਪੰਜਾਬ ਦੇ ਲੋਕ ਅਜੇ ਉਸ ਦੇ ਜ਼ਖਮਾਂ ਨੂੰ ਭੁੱਲੇ ਨਹੀਂ ਹਨ। ਇਸ ਲਈ ਲੋਕਾਂ ਨੂੰ ਅੱਗ ਦੀ ਭੱਠੀ ਵਿਚ ਝੋਕਣ ਤੋਂ ਹਰ ਹੀਲੇ ਬਚਣਾ ਚਾਹੀਦਾ ਹੈ। ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਤੁਰੰਤ ਬੰਦ ਕਰਵਾ ਕੇ, ਨਹਿਰੀ ਤੇ ਦਰਿਆਈ ਪਾਣੀਆਂ ਦੀ ਯਥਾ-ਸਥਿਤੀ ਨੂੰ ਕਾਇਮ ਰੱਖਣ ਵਿਚ ਹੀ ਪੰਜਾਬ ਅਤੇ ਹਰਿਆਣਾ ਦਾ ਭਲਾ ਹੈ। ਇਸ ਤਰ੍ਹਾਂ ਹੀ ਮਿਹਨਤਕਸ਼ ਲੋਕਾਂ ਦੀ ਏਕਤਾ ਮਜ਼ਬੂਤ ਰੱਖੀ ਜਾ ਸਕਦੀ ਹੈ ਅਤੇ ਦੁਫੇੜਬਾਜ਼ ਤਾਕਤਾਂ ਨੂੰ ਹਰਾਇਆ ਜਾ ਸਕਦਾ ਹੈ।


**Global Multi Services**

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**

**DMV Lic No. 62822**
**Insurance Lic No. 0G73739**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.




*Rajinder Singh*

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ: 209-982-9997

# ਹੁਣ ਭਾਰਤ-ਪਾਕਿਸਤਾਨ ਦੋਸਤੀ ਦਾ ਵੇਲਾ

***ਆਮ ਪੜ੍ਹੇ-ਲਿਖੇ ਪਾਕਿਸਤਾਨੀ ਦੀ ਇਹ ਸਪੱਸ਼ਟ ਸੋਚ ਹੈ ਕਿ ਭਾਰਤ ਸਾਡਾ ਦੁਸ਼ਮਣ ਮੁਲਕ ਨਹੀਂ ਹੈ। ਅਸੀਂ ਪਾਕਿਸਤਾਨੀ ਹਿੰਦੁਸਤਾਨੀ ਸਦੀਆਂ ਤੋਂ ਇਕੱਠੇ ਹੀ ਰਹੇ ਹਾਂ। ਇਕ-ਦੂਜੇ ਦੇ ਜਜ਼ਬਾਤ ਤੇ ਅਹਿਸਾਸ ਨੂੰ ਰੂਹ ਦੀਆਂ ਗਹਿਰਾਈਆਂ ਨਾਲ ਮਹਿਸੂਸ ਕਰਦੇ ਹਾਂ। ਸਾਡੀਆਂ ਅਟੁੱਟ ਤਹਿਜ਼ੀਬ ਸੱਭਿਆਚਾਰ ਤੇ ਜ਼ੁਬਾਨ ਦੀਆਂ ਸਾਂਝਾਂ ਹਨ। ਸਾਨੂੰ ਇਕ-ਦੂਜੇ ਦੇ ਮਨ ਦੇ ਵਿਚਾਰਾਂ, ਮਿਲਣ ਦੀਆਂ ਤਾਂਘਾਂ ਤੇ ਮੁਹੱਬਤਾਂ ਦੀ ਸਮਝ ਹੈ। ਸਾਡੇ ਵਿਚੋਂ ਕਿਹੜਾ ਹੈ ਜੋ ਆਪਸੀ ਨੇੜਤਾ ਤੇ ਮਿਲਵਰਤਣ ਦੀ ਜ਼ਬਰਦਸਤ ਖਾਹਿਸ਼ ਨਹੀਂ ਰੱਖਦਾ?***

■ **ਡਾ. ਤਾਹਿਰ ਮਹਿਮੂਦ**



ਅਤਿਵਾਦ ਦੇ ਭਿਆਨਕ ਖੂਨੀ ਤੂਫ਼ਾਨ ਨੇ ਪਾਕਿਸਤਾਨ ਨੂੰ ਦੋਰਾਹੇ 'ਤੇ ਲਿਆ ਖੜ੍ਹਾ ਕੀਤਾ ਹੈ। ਇਕ ਰਸਤਾ ਪਾਕਿਸਤਾਨ ਦੀ ਤਬਾਹੀ ਅਤੇ ਬਰਬਾਦੀ ਵੱਲ ਜਾਂਦਾ ਹੈ; ਦੂਜਾ ਰਸਤਾ ਪਾਕਿਸਤਾਨ ਨੂੰ ਇਸ ਖੂਨੀ ਹਨੇਰ ਵਿਚੋਂ ਕੱਢ ਸਕਦਾ ਹੈ ਪਰ ਇਸ ਲਈ ਜ਼ਰੂਰੀ ਹੈ ਕਿ ਇਸ ਖਿੱਤੇ ਦੇ ਮੁਲਕਾਂ ਵਿਚਕਾਰ ਦੋਸਤੀ ਤੇ ਅਮਨ ਕਾਇਮ ਕਰਨ ਅਤੇ ਆਪਸੀ ਤਿਜਾਰਤੀ ਰਸਤਿਆਂ ਦੀ ਅਤਿਵਾਦ ਤੋਂ ਸੁਰੱਖਿਅਤ ਬਣਾਉਣ ਲਈ, ਇਸ ਖਿੱਤੇ ਦੇ ਸਾਰੇ ਮੁਲਕਾਂ ਦੀ ਲੀਡਰਸ਼ਿਪ ਬੈਠ ਕੇ ਵਿਸ਼ਾਲ ਯੋਜਨਾ ਬਣਾਏ ਤੇ ਇਸ ਯੋਜਨਾ ਨੂੰ ਅਮਲੀ ਸ਼ਕਲ ਦੇਣ ਲਈ ਹਰ ਸੰਭਵ ਯਤਨ ਕੀਤੇ ਜਾਣ। ਅਮਨ, ਖੁਸ਼ਹਾਲੀ, ਦੋਸਤਾਨਾ ਵਾਤਾਵਰਨ ਦੀ ਇਸ ਮੰਜ਼ਿਲ ਨੂੰ ਪਾਉਣ ਲਈ ਇਸ ਖਿੱਤੇ ਵਿਚੋਂ ਅਤਿਵਾਦ, ਅਤਿਵਾਦੀਆਂ ਅਤੇ ਇਨ੍ਹਾਂ ਦੀਆਂ ਜਥੇਬੰਦੀਆਂ ਦਾ ਖ਼ਾਤਮਾ ਜ਼ਰੂਰੀ ਹੈ।

ਬਹੁਤ ਹੀ ਅਫ਼ਸੋਸ, ਦੁੱਖ ਤੇ ਮਾਯੂਸ ਕਰਨ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਦੀ ਹਕੂਮਤੀ ਲੀਡਰਸ਼ਿਪ ਸਾਰਾ ਮੁਲਕ ਇਨ੍ਹਾਂ ਅਤਿਵਾਦੀਆਂ ਹੱਥੋਂ ਤਬਾਹ ਕਰਵਾ ਕੇ, 35 ਹਜ਼ਾਰ ਆਮ ਲੋਕ ਅਤੇ ਸੁਰੱਖਿਆ ਅਦਾਰਿਆਂ ਦੇ 5 ਹਜ਼ਾਰ ਤੋਂ ਵੱਧ ਜਵਾਨਾਂ ਤੇ ਅਫ਼ਸਰਾਂ ਨੂੰ ਸ਼ਹੀਦ ਕਰਵਾ ਕੇ ਵੀ ਕੋਈ ਰਣਨੀਤੀ ਬਣਾਉਣ 'ਚ ਸਫਲ ਨਹੀਂ ਹੋ ਸਕੀ। ਐਬਟਾਬਾਦ ਵਿਚ ਉਸਾਮਾ ਬਿਨ-ਲਾਦਿਨ ਦੇ ਕੰਪਾਊਂਡ 'ਤੇ ਅਮਰੀਕੀ ਸੀਲਜ਼ ਕਮਾਂਡੋ ਦਾ ਹਮਲਾ, ਤੇ ਇਸ ਤੋਂ ਬਾਅਦ ਪਾਕਿਸਤਾਨ ਜਲ ਸੈਨਾ ਦੇ ਏਅਰਬੇਸ ਮਿਹਰਾਨ (ਕਰਾਚੀ) 'ਤੇ ਅਤਿਵਾਦੀਆਂ ਦੇ ਹੈਰਾਨਕੁਨ ਤੇ ਭਿਆਨਕ ਹਮਲੇ ਨੇ ਪਾਕਿਸਤਾਨ ਦੀ 17 ਕਰੋੜ ਤੋਂ ਵੱਧ ਜਨਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਾਕਿਸਤਾਨ ਦੇ 90 ਫ਼ੀਸਦੀ ਬੰਦਿਆਂ ਦੀ ਇਹ ਸੋਚ ਬਣ ਗਈ ਹੈ ਕਿ ਇਕੱਲਾ ਪਾਕਿਸਤਾਨ ਇਸ ਖੂਨੀ ਅਤਿਵਾਦ 'ਤੇ ਕਾਬੂ ਨਹੀਂ ਪਾ ਸਕਦਾ। ਇਨਸਾਨੀਅਤ ਦੀ ਦੁਸ਼ਮਣ ਇਸ ਬਲਾ 'ਤੇ ਕਾਬੂ ਪਾਉਣ ਲਈ ਇਸ ਵਿਰੁੱਧ ਖਿੱਤੇ ਦੇ ਸਾਰੇ ਮੁਲਕਾਂ ਦਾ ਇਤਿਹਾਦ ਤੇ ਸਾਂਝੀ ਯੋਜਨਾਬੰਦੀ ਬਹੁਤ ਜ਼ਰੂਰੀ ਹੈ। 'ਹਿੰਦੁਸਤਾਨ ਪਾਕਿਸਤਾਨ ਦੁਸ਼ਮਣ ਮੁਲਕ ਹਨ' ਸੋਚ ਦਾ ਇਹ ਅੰਦਾਜ਼ ਹੁਣ ਆਪਣੀ ਮੌਤ ਆਪ ਮਰ ਰਿਹਾ ਹੈ।

ਅਮਰੀਕਾ ਇਸ ਖਿੱਤੇ ਵਿਚ ਹਕੀਕੀ ਅਮਨ ਕਾਇਮ ਕਰਨ 'ਚ ਸੰਜੀਦਾ ਨਹੀਂ ਹੈ। ਇਕ ਪਾਸੇ ਤਾਂ ਅਮਰੀਕਾ ਅਫ਼ਗਾਨਿਸਤਾਨ ਅੰਦਰ ਤਾਲਿਬਾਨ ਅਤੇ ਅਲ-ਕਾਇਦਾ ਨਾਲ ਲੜ ਰਿਹਾ ਹੈ ਅਤੇ ਐਬਟਾਬਾਦ 'ਚ ਅਮਰੀਕੀ ਸੀਲਜ਼ ਕਮਾਂਡੋ ਨੇ ਅਲ-ਕਾਇਦਾ ਦੇ ਲੀਡਰ ਉਸਾਮਾ ਬਿਨ-ਲਾਦਿਨ ਨੂੰ ਮਾਰ ਦਿੱਤਾ ਹੈ ਪਰ ਲੀਬੀਆ ਅੰਦਰ ਅਮਰੀਕਾ ਨੇ ਅਲ-ਕਾਇਦਾ ਨੂੰ ਲੀਬੀਆ ਦਾ ਅਮਨ ਤਬਾਹ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਪਾਕਿਸਤਾਨ ਅੰਦਰ ਸੂਹੀਆ ਏਜੰਸੀਆਂ ਅਤਿਵਾਦੀਆਂ ਵਿਰੁੱਧ ਕੋਈ ਵੀ ਅਸਰਦਾਰ ਯੋਜਨਾਬੰਦੀ ਕਰਨ ਵਿਚ ਸਫਲ ਨਹੀਂ ਹੋ ਸਕੀਆਂ, ਕਿਉਂਕਿ ਇਨ੍ਹਾਂ ਏਜੰਸੀਆਂ ਦੇ ਆਪਸੀ ਰਾਬਤੇ ਅਤੇ ਜਾਣਕਾਰੀ ਦੇ ਆਪਸੀ ਤਬਾਦਲੇ ਦਾ ਕੋਈ ਵਧੀਆ ਪ੍ਰਬੰਧ ਨਹੀਂ ਹੈ। ਦੂਜਾ, ਸੁਰੱਖਿਆ ਏਜੰਸੀਆਂ ਕੋਈ ਵੀ ਸਾਂਝੀ ਅਤਿਵਾਦ ਵਿਰੋਧੀ ਅਥਾਰਿਟੀ ਨਹੀਂ ਬਣਾ ਸਕੀਆਂ। ਪਾਕਿਸਤਾਨ ਅੰਦਰ ਅਤਿਵਾਦ ਵਿਰੁੱਧ ਸੂਹੀਆ ਏਜੰਸੀਆਂ ਦੀ ਅਸਫਲਤਾ ਦਾ ਇਹ ਸਭ ਤੋਂ ਵੱਡਾ ਕਾਰਨ ਹੈ। ਭਾਰਤ ਦੀ ਸੂਹੀਆ ਏਜੰਸੀ ਆਰ.ਏ.ਡਬਲਿਊ. (ਰਾਅ) ਤੇ ਪਾਕਿਸਤਾਨ ਦੀ ਸੂਹੀਆ ਏਜੰਸੀ ਆਈ.ਐਸ.ਆਈ. ਹਮੇਸ਼ਾ ਇਕ-ਦੂਜੇ ਦਾ ਮੁਕਾਬਲਾ ਤੇ ਇਕ-ਦੂਜੇ ਦੇ ਖਿਲਾਫ਼ ਕੰਮ ਕਰਦੀਆਂ ਆ ਰਹੀਆਂ ਹਨ। ਇਕ-ਦੂਜੇ ਵਿਰੁੱਧ ਝੂਠੇ-ਸੱਚੇ ਦੋਸ਼ ਲਾਏ ਜਾਂਦੇ ਰਹੇ ਹਨ ਪਰ ਅਤਿਵਾਦ ਵਿਰੁੱਧ ਜੇ ਇਹ ਦੋਵੇਂ ਸੂਹੀਆ ਏਜੰਸੀਆਂ ਆਪਸੀ ਜਾਣਕਾਰੀ ਦਾ ਤਬਾਦਲਾ ਕਰਨ ਅਤੇ ਸਾਂਝੀ ਅਤਿਵਾਦ ਵਿਰੋਧੀ ਯੋਜਨਾ ਬਣਾ ਲੈਣ ਤਾਂ ਇਨ੍ਹਾਂ ਖੂਨੀ ਦਰਿੰਦਿਆਂ ਦਾ ਸਫਲਤਾ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ।

ਇਸ ਖਿੱਤੇ ਦੇ ਮੁਲਕ ਜੋ ਅਤਿਵਾਦ ਹੱਥੋਂ ਗੰਭੀਰ ਜ਼ਖ਼ਮ ਖਾਈ ਬੈਠੇ ਹਨ, ਈਰਾਨ, ਅਫ਼ਗਾਨਿਸਤਾਨ, ਖਾਸ ਤੌਰ 'ਤੇ ਪਾਕਿਸਤਾਨ ਤੇ ਭਾਰਤ ਦੀ ਸਿਆਸੀ ਤੇ ਫ਼ੌਜੀ ਲੀਡਰਸ਼ਿਪ ਨੂੰ ਆਪਣੇ-ਆਪਣੇ ਮੁਲਕਾਂ ਦੀਆਂ ਸੂਹੀਆਂ ਏਜੰਸੀਆਂ ਦਾ ਸਾਂਝਾ ਦੱਖਣੀ ਏਸ਼ੀਆ ਅਤਿਵਾਦ ਵਿਰੋਧੀ ਢਾਂਚਾ ਬਣਾਉਣ ਲਈ ਆਪਸੀ ਗੱਲਬਾਤ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਇਸ ਸੋਚ ਨੂੰ ਹਕੀਕਤ ਦਾ ਰੂਪ ਦੇਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਇੰਜ ਹੀ ਅਸੀਂ ਇਸ ਖਿੱਤੇ ਅੰਦਰ ਭਿਆਨਕ ਮੌਤ ਦਾ ਰੂਪ ਧਾਰਦੇ ਅਤਿਵਾਦ ਅੱਗੇ ਮਜ਼ਬੂਤ 'ਬੰਨ੍ਹ' ਬਣਾ ਸਕਦੇ ਹਾਂ; ਨਹੀਂ ਤਾਂ ਇਹ ਸਾਰਾ ਖਿੱਤਾ ਅਤਿਵਾਦ ਦੇ ਖੂਨੀ ਵਹਾਅ 'ਚ ਬੁਰੀ ਤਰ੍ਹਾਂ ਰੁੜ੍ਹ ਜਾਏਗਾ।

ਆਮ ਪੜ੍ਹੇ-ਲਿਖੇ ਪਾਕਿਸਤਾਨੀ ਦੀ ਇਹ ਸਪੱਸ਼ਟ ਸੋਚ ਹੈ ਕਿ ਭਾਰਤ ਸਾਡਾ ਦੁਸ਼ਮਣ ਮੁਲਕ ਨਹੀਂ ਹੈ। ਅਸੀਂ ਪਾਕਿਸਤਾਨੀ ਹਿੰਦੁਸਤਾਨੀ ਸਦੀਆਂ ਤੋਂ ਇਕੱਠੇ ਹੀ ਰਹੇ ਹਾਂ। ਇਕ-ਦੂਜੇ ਦੇ ਜਜ਼ਬਾਤ ਤੇ ਅਹਿਸਾਸ ਨੂੰ ਰੂਹ ਦੀਆਂ ਗਹਿਰਾਈਆਂ ਨਾਲ ਮਹਿਸੂਸ ਕਰਦੇ ਹਾਂ। ਸਾਡੀਆਂ ਅਟੁੱਟ ਤਹਿਜ਼ੀਬ ਸੱਭਿਆਚਾਰ ਤੇ ਜ਼ੁਬਾਨ ਦੀਆਂ ਸਾਂਝਾਂ ਹਨ। ਸਾਨੂੰ ਇਕ-ਦੂਜੇ ਦੇ ਮਨ ਦੇ ਵਿਚਾਰਾਂ, ਮਿਲਣ ਦੀਆਂ ਤਾਂਘਾਂ ਤੇ ਮੁਹੱਬਤਾਂ ਦੀ ਸਮਝ ਹੈ। ਸਾਡੇ ਵਿਚੋਂ ਕਿਹੜਾ ਹੈ ਜੋ ਆਪਸੀ ਨੇੜਤਾ ਤੇ ਮਿਲਵਰਤਣ ਦੀ ਜ਼ਬਰਦਸਤ ਖਾਹਿਸ਼ ਨਹੀਂ ਰੱਖਦਾ? ਮੁਹੱਬਤਾਂ ਦੇ ਇਹ ਰੰਗ ਤਾਂ ਸਾਡੇ ਖੂਨ ਵਿਚ ਰਚੇ ਹੋਏ ਹਨ। ਖੂਨ ਨਾਲ ਜ਼ਿੰਦਗੀ ਤੇ ਦਿਲ ਦੀ ਧੜਕਣ ਹੈ। ਜਦ ਤੱਕ ਦਿਲ ਦੀ ਧਕ-ਧਕ ਨਾਲ ਜ਼ਿੰਦਗੀ ਚੱਲ ਰਹੀ ਹੈ, ਉਸ ਸਮੇਂ ਤੱਕ ਭਾਰਤ ਤੇ ਪਾਕਿਸਤਾਨ ਦੇ ਭਾਈਚਾਰੇ ਦੀ ਮਿਲਣ ਦੀ ਆਸ਼ਾ ਨੂੰ ਜ਼ਿੰਦਗੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਅਮਨ ਤੇ ਖੁਸ਼ਹਾਲੀ ਦੀ ਜ਼ਿੰਦਗੀ ਜਿਉਣ ਲਈ ਇਸ ਮਿਲਣ ਦੀ ਆਸ਼ਾ ਨੂੰ ਹਕੀਕਤ ਦਾ ਰੂਪ ਦੇਣਾ ਹੀ ਪਏਗਾ। ਇਹ ਹੈ ਕੁਦਰਤ ਦਾ ਫ਼ੈਸਲਾ ਜਿਸ ਨੂੰ ਦੋਵਾਂ ਮੁਲਕਾਂ ਦੀ ਲੀਡਰਸ਼ਿਪ ਜਿੰਨੀ ਜਲਦੀ ਮੰਨ ਲਵੇ, ਓਨਾ ਹੀ ਚੰਗਾ ਹੈ।


ਭਾਰਤ ਪਾਕਿਸਤਾਨ ਦਾ ਦੁਸ਼ਮਣ ਮੁਲਕ ਨਹੀਂ ਹੈ। ਪਾਕਿਸਤਾਨ ਦੇ ਅਸਲ ਦੁਸ਼ਮਣ ਤਹਿਰੀਕ-ਏ-ਤਾਲਿਬਾਨ ਤੇ ਇਸ ਤਰ੍ਹਾਂ ਦੀਆਂ ਦੂਜੀਆਂ ਅਤਿਵਾਦੀ ਜਥੇਬੰਦੀਆਂ ਹਨ ਜਿਨ੍ਹਾਂ ਨੇ ਮਜ਼ਹਬ ਦੇ ਓਹਲੇ ਆਪਣਾ ਭਿਆਨਕ ਰੂਪ ਛੁਪਾ ਕੇ ਰੱਖਿਆ ਹੋਇਆ ਹੈ। ਇਹ ਤਨਜ਼ੀਮਾਂ ਪਾਕਿਸਤਾਨ ਦੀ ਅਖੰਡਤਾ, ਅਮਨ ਤੇ ਖੁਸ਼ਹਾਲੀ ਦੀਆਂ ਦੁਸ਼ਮਣ ਹਨ। ਇਨ੍ਹਾਂ ਹੀ ਜਥੇਬੰਦੀਆਂ ਨੂੰ ਭਾਰਤ-ਪਾਕਿਸਤਾਨ ਵਿਚਕਾਰ ਦੋਸਤੀ, ਅਮਨ ਤੇ ਆਪਸੀ ਤਿਜਾਰਤ 'ਚ ਆਪਣੀ ਮੌਤ ਨਜ਼ਰ ਆਉਂਦੀ ਹੈ।

'ਅਲ-ਕਾਇਦਾ ਤੇ ਤਹਿਰੀਕ-ਏ-ਤਾਲਿਬਾਨ ਜਥੇਬੰਦੀਆਂ ਮਿਲ ਕੇ ਫ਼ੌਜ ਤੇ ਸੁਰੱਖਿਆ ਦੇ ਦੂਜੇ ਅਦਾਰੇ ਤੇ ਇਨ੍ਹਾਂ ਅਦਾਰਿਆਂ ਦੇ ਅਸਾਸੇ (ਮਾਲ ਤੇ ਜਾਇਦਾਦ, ਹਥਿਆਰ) ਤਬਾਹ ਕਰ ਰਹੀਆਂ ਹਨ। ਪਾਕਿਸਤਾਨ ਦੇ ਸੂਝਵਾਨ ਵਰਗ ਦੀ ਰਾਏ ਹੈ ਕਿ ਭਾਰਤ ਵੱਲ ਦੋਸ਼ ਭਰੀਆਂ ਉਂਗਲਾਂ ਚੁੱਕਣ ਦੀ ਥਾਂ ਆਪਣੇ ਘਰ ਨੂੰ ਠੀਕ ਕੀਤਾ ਜਾਏ। ਅਤਿਵਾਦੀ ਤਨਜ਼ੀਮਾਂ ਨੂੰ ਖ਼ਤਮ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਜੋ ਪਾਕਿਸਤਾਨ ਦੀ ਅਖੰਡਤਾ ਤੇ ਅਮਨ ਦੀਆਂ ਸਖ਼ਤ ਦੁਸ਼ਮਣ ਹਨ।' ਇਹ ਬਿਆਨ ਏਅਰ ਵਾਇਸ ਮਾਰਸ਼ਲ (ਰਿਟਾਇਰਡ) ਸ਼ਹਿਜ਼ਾਦ ਚੌਧਰੀ ਨੇ ਪਾਕਿਸਤਾਨ ਦੇ ਟੀ.ਵੀ. ਚੈਨਲ ਨੂੰ ਦਿੱਤਾ ਸੀ।

ਪਾਕਿਸਤਾਨ ਵਿਚ ਅਤਿਵਾਦ ਦਾ ਵੱਡਾ ਕਾਰਨ ਅਫ਼ਗਾਨਿਸਤਾਨ ਬਾਰੇ ਪਾਕਿਸਤਾਨ ਦੀ ਗ਼ਲਤ ਨੀਤੀ ਤੇ ਯੋਜਨਾ ਹੈ। ਇਸ ਲਈ ਹੀ ਪਾਕਿਸਤਾਨ ਭਿਆਨਕ ਦਹਿਸ਼ਤਗਰਦੀ ਦਾ ਸ਼ਿਕਾਰ ਬਣ ਰਿਹਾ ਹੈ। ਹਿੰਦੁਸਤਾਨ ਬਾਰੇ ਪਾਕਿਸਤਾਨੀ ਨੀਤੀ-ਘਾੜਿਆਂ ਨੂੰ ਦੋਸਤੀ ਤੇ ਇਸ ਖਿੱਤੇ ਦੇ ਮੁਫ਼ਾਦ ਲਈ ਮਿਲ ਕੇ ਨੀਤੀ ਬਣਾਉਣ ਦੀ ਸਖ਼ਤ ਜ਼ਰੂਰਤ ਹੈ। (ਬ੍ਰਿਗੇਡੀਅਰ ਰਿਟਾਇਰਡ ਸਾਅਦ)

ਅਤਿਵਾਦੀ ਮੁਸਲਮਾਨਾਂ ਨੂੰ ਮਸੀਤਾਂ 'ਚ ਮਾਰ ਰਹੇ ਹਨ। ਜਨਾਜ਼ਾ ਲਈ ਜਾ ਰਹੇ ਦੁਖੀ ਲੋਕਾਂ ਨੂੰ ਮਾਰਦੇ ਹਨ। ਇਹ ਹਨ ਪਾਕਿਸਤਾਨ ਦੇ ਅਸਲ ਦੁਸ਼ਮਣ, ਭਾਰਤ ਨਹੀਂ। (ਐਡਮਿਰਲ ਅਹਿਮਦ ਤਸਨੀਮ (ਰਿਟਾਇਰਡ) ਵੱਲੋਂ ਟੀ.ਵੀ. ਚੈਨਲ ਦੇ ਟਾਕ ਸ਼ੋਅ 'ਚ ਦਿੱਤਾ ਬਿਆਨ)

ਪਾਕਿਸਤਾਨ 'ਚ ਅਤਿਵਾਦੀਆਂ ਵਿਰੁੱਧ ਕੋਈ ਠੋਸ ਤੇ ਕੌਮੀ ਸਲਾਮਤੀ ਦੀ ਨੀਤੀ ਹੈ ਹੀ ਨਹੀਂ। ਇਸ ਵਾਸਤੇ ਹੀ ਅਤਿਵਾਦ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ ਤੇ ਬਹੁਤ ਸਾਰੀਆਂ ਅਤਿਵਾਦੀ ਦੁਰਘਟਨਾਵਾਂ ਦਾ ਇਲਜ਼ਾਮ ਭਾਰਤ 'ਤੇ ਧਰ ਦਿੱਤਾ ਜਾਂਦਾ ਹੈ। (ਐਡਮਿਰਲ ਅਹਿਮਦ ਤਸਨੀਮ ਦੀ ਟੀ.ਵੀ. ਚੈਨਲ ਪ੍ਰੋਗਰਾਮ ਵਿਚ ਟਿੱਪਣੀ)



*1947: ਵੰਡ ਦਾ ਸਾਂਝਾ ਦਰਦ*

ਪਾਕਿਸਤਾਨ 'ਚ ਅਤਿਵਾਦ ਨੂੰ ਹੱਲਾ-ਸ਼ੇਰੀ ਦੇਣ ਦਾ ਦੋਸ਼ ਭਾਰਤ 'ਤੇ ਲਗਾਤਾਰ ਲੱਗ ਰਿਹਾ ਹੈ ਪਰ ਬਹੁਗਿਣਤੀ ਪਾਕਿਸਤਾਨੀਆਂ ਨੇ ਭਾਰਤ ਵੱਲ ਇੰਜ ਦੇ ਦੋਸ਼ਾਂ ਦੀ ਵਾਛੜ ਕਰਨ ਵਾਲਿਆਂ ਵੱਲ ਧਿਆਨ ਦੇਣਾ ਛੱਡ ਦਿੱਤਾ ਹੈ।

ਪਾਕਿਸਤਾਨ ਦੀਆਂ ਕੁਝ ਕੱਟੜਪੰਥੀ ਮਜ਼ਹਬੀ ਜਮਾਤਾਂ ਦੇ ਲੀਡਰ ਕਿਸੇ ਵੀ ਵੱਡੇ ਅਤਿਵਾਦੀ ਮੁਜਰਮ ਦੇ ਸੁਰੱਖਿਆ ਏਜੰਸੀਆਂ ਹੱਥੋਂ ਮਾਰੇ ਜਾਣ 'ਤੇ ਸੰਸਦ ਅੰਦਰ ਉਸ ਦੇ ਸਵਰਗ ਜਾਣ ਲਈ ਅਰਦਾਸ ਵੀ ਕਰਦੇ ਹਨ ਪਰ ਪਾਕਿਸਤਾਨੀ ਕੌਮ ਦੀ ਬਹੁਗਿਣਤੀ ਇੰਜ ਦੇ ਮਜ਼ਹਬੀ ਲੀਡਰਾਂ ਅਤੇ ਇਨ੍ਹਾਂ ਦੇ ਮਿਸ਼ਨ ਤੋਂ ਪ੍ਰਭਾਵਿਤ ਨਹੀਂ ਹੈ ਅਤੇ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੇ ਖਿਲਾਫ਼ ਹਨ, ਚਾਹੇ ਇਹ ਅਤਿਵਾਦ ਹਿੰਦੁਸਤਾਨ ਅੰਦਰ ਹੋਵੇ ਜਾਂ ਪਾਕਿਸਤਾਨ ਵਿਚ।

ਪਾਕਿਸਤਾਨ 'ਚ ਮਜ਼ਹਬੀ ਸਿਆਸੀ ਜਮਾਤਾਂ ਨੂੰ ਚੋਣਾਂ ਵਿਚ ਬਹੁਤ ਘੱਟ ਵੋਟ ਮਿਲਦੇ ਹਨ। ਲੋਕ ਇਨ੍ਹਾਂ ਦੀਆਂ ਇਸ ਖਿੱਤੇ ਦੇ ਮੁਲਕਾਂ ਵਿਰੋਧੀ ਤੇ ਗ਼ੈਰ-ਮੁਸਲਿਮ ਭਾਈਚਾਰੇ ਵਿਰੋਧੀ ਨੀਤੀਆਂ ਨਾਲ ਸਹਿਮਤ ਨਹੀਂ ਹਨ ਤੇ ਨਾ ਹੀ ਪਾਕਿਸਤਾਨ ਦੀ ਬਹੁਗਿਣਤੀ ਜਨਤਾ ਭਾਰਤ ਅੰਦਰ ਕੱਟੜਪੰਥੀ ਤੇ ਨਫ਼ਰਤ ਫੈਲਾਉਣ ਵਾਲੀਆਂ ਜਥੇਬੰਦੀਆਂ ਨੂੰ ਚੰਗੀ ਨਜ਼ਰ ਨਾਲ ਵੇਖਦੀ ਹੈ। ਪਾਕਿਸਤਾਨੀ ਕੌਮ ਦਾ ਵੱਡਾ ਹਿੱਸਾ ਇਸਲਾਮੀ ਧਰਮ-ਨਿਰਪੱਖ ਵਿਚਾਰ ਰੱਖਦਾ ਹੈ ਅਤੇ ਇਸ ਖਿੱਤੇ 'ਚ ਅਮਨ ਤੇ ਭਾਰਤ ਨਾਲ ਦੋਸਤੀ ਦਾ ਜ਼ਬਰਦਸਤ ਹਾਮੀ ਹੈ। ਯਾਦ ਰੱਖਣਾ ਪਵੇਗਾ ਕਿ ਅਮਰੀਕਾ ਦੀ ਜੰਗ ਪਾਕਿਸਤਾਨ ਤੇ ਪਾਕਿਸਤਾਨੀਆਂ ਦੇ ਪੱਲੇ ਪੈ ਗਈ। ਇੰਜ ਗ਼ੈਰਾਂ ਦੀ ਜੰਗ ਪਾਕਿਸਤਾਨ ਦੀ ਜੰਗ ਬਣ ਗਈ।

ਭਾਰਤ ਦਾ ਪਾਕਿਸਤਾਨ ਨਾਲ ਦੁਸ਼ਮਣੀ ਵਾਲਾ ਕਿਰਦਾਰ ਜੋ ਪਾਕਿਸਤਾਨ 'ਚ ਮੀਡੀਆ ਪ੍ਰਚਾਰ ਰਾਹੀਂ ਪਿਛਲੇ 60 ਸਾਲਾਂ ਵਿਚ ਬੜੀ ਮਿਹਨਤ ਨਾਲ ਉਭਾਰਿਆ ਗਿਆ ਸੀ, ਆਮ ਪਾਕਿਸਤਾਨੀਆਂ ਦੇ ਜ਼ਿਹਨ ਦਾ ਹਿੱਸਾ ਬਣਾ ਦਿੱਤਾ ਗਿਆ ਕਿ ਭਾਰਤ ਤੁਹਾਡਾ ਸਭ ਤੋਂ ਵੱਡਾ ਦੁਸ਼ਮਣ ਹੈ। ਹੁਣ ਇਹ ਸੋਚ ਤੇ ਇਸ ਦੀ ਉਸਾਰੀ ਢਹਿ-ਢੇਰੀ ਹੋ ਰਹੀ ਹੈ। ਪਾਕਿਸਤਾਨੀ ਫ਼ੌਜ ਦਾ ਵੱਡਾ ਤਬਕਾ ਅਫਸਰ ਤੇ ਜਵਾਨ ਭਾਰਤ ਬਾਰੇ ਹੁਣ ਨਰਮ ਦਿਲ ਰੱਖਦੇ ਹਨ ਤੇ ਹਰ ਮਸਲੇ ਦਾ ਹੱਲ ਆਪਸੀ ਗੱਲਬਾਤ ਰਾਹੀਂ ਚਾਹੁੰਦੇ ਹਨ। ਪਾਕਿਸਤਾਨੀ ਫ਼ੌਜ ਨੂੰ ਬਦਨਾਮ ਕਰਨ ਵਾਲੀਆਂ ਕਾਲੀਆਂ ਭੇਡਾਂ ਤੇ ਜਹਾਦ ਦੇ ਨਾਂ 'ਤੇ ਦਹਿਸ਼ਤਗਰਦੀ ਕਰਨ ਵਾਲਿਆਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਕੋਰਟ ਮਾਰਸ਼ਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇੰਜ ਦਾ ਜ਼ਹਿਨ-ਓ-ਕਿਰਦਾਰ ਰੱਖਣ ਵਾਲਿਆਂ ਨੂੰ ਨੌਕਰੀ ਤੋਂ ਕੱਢਿਆ ਜਾ ਰਿਹਾ ਹੈ। ਇਹ ਪਾਕਿਸਤਾਨੀ ਫ਼ੌਜ ਦੀ ਸੋਚ 'ਚ ਇਨਕਲਾਬੀ ਤਬਦੀਲੀ ਹੈ। ਫ਼ੌਜੀ ਆਗੂਆਂ ਦੀ ਇਸ ਸੋਚ ਦੀ ਤਬਦੀਲੀ ਪਿੱਛੇ ਸਾਰੀ ਪਾਕਿਸਤਾਨੀ ਕੌਮ ਖੜ੍ਹੀ ਹੈ।

ਭਾਰਤੀ ਸਿਆਸੀ ਲੀਡਰਸ਼ਿਪ ਤੇ ਆਮ ਲੋਕ ਅਮਨ ਤੇ ਦੋਸਤੀ ਦੀ ਆਸ਼ਾ ਨੂੰ ਅਮਲੀ ਰੂਪ ਦੇਣ ਲਈ ਅੱਗੇ ਵਧਣ। ਪਾਕਿਸਤਾਨ ਦੀ 18 ਕਰੋੜ ਤੱਕ ਪਹੁੰਚੀ ਹੋਈ ਆਬਾਦੀ ਤੁਹਾਡੇ ਮੋਢੇ ਨਾਲ ਮੋਢਾ ਲਾਈ ਖੜ੍ਹੀ ਨਜ਼ਰ ਆਏਗੀ। ਇਹ ਹੱਕ ਤੇ ਸੱਚ ਹੈ ਜਿਸ ਨੂੰ ਜਿੰਨੀ ਛੇਤੀ ਮੰਨ ਲਿਆ ਜਾਵੇ, ਓਨਾ ਹੀ ਚੰਗਾ ਹੈ ਕਿਉਂਕਿ ਇਹ ਇਸ ਖਿੱਤੇ ਦੀ ਡੇਢ ਅਰਬ ਤੋਂ ਵੱਧ ਆਬਾਦੀ ਦੀ ਇੱਛਾ ਹੈ। ਜਨਰਲ ਹਮੀਦ ਗੁਲ (ਆਈ.ਐਸ.ਆਈ. ਦੇ ਰਿਟਾਇਰਡ ਡਾਇਰੈਕਟਰ ਜਨਰਲ) ਤੇ ਇਨ੍ਹਾਂ ਦੀ ਸੋਚ 'ਤੇ ਚੱਲਣ ਵਾਲੀ ਦੂਜੇ ਕਰਤਾ-ਧਰਤਾ ਜੋ ਪਾਕਿਸਤਾਨ 'ਚ ਹੋਣ ਵਾਲੇ ਹਰ ਅਤਿਵਾਦੀ ਵਾਰਦਾਤ ਦਾ ਰੁਖ਼ ਭਾਰਤ ਵੱਲ ਕਰ ਦਿੰਦੇ ਹਨ, ਦੀ ਸੋਚ ਦਾ ਇਹ ਅੰਦਾਜ਼ ਪਾਕਿਸਤਾਨ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਤੇ ਇਸ ਦੀ ਸਲਾਮਤੀ ਲਈ ਖ਼ਤਰਨਾਕ ਹੈ। ਇਸ ਸੋਚ ਕਾਰਨ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਦਾ ਧਿਆਨ ਪੱਛਮ ਦੀ ਸਰਹੱਦ ਵੱਲੋਂ ਆ ਰਹੇ ਅਤਿਵਾਦ ਦੇ ਭਿਆਨਕ ਤੂਫ਼ਾਨ ਤੋਂ ਹਟ ਕੇ ਪੂਰਬੀ ਸਰਹੱਦ (ਭਾਰਤ ਨਾਲ ਲਗਦੀ ਸਰਹੱਦ) ਵੱਲ ਹੋ ਜਾਏਗਾ। ਇੰਜ ਭਾਰਤ-ਪਾਕਿਸਤਾਨ ਦੀਆਂ ਆਪਸੀ ਨਫ਼ਰਤਾਂ ਹੋਰ ਵਧ ਜਾਣਗੀਆਂ। ਇਸ ਦਾ ਜ਼ਿਆਦਾ ਨੁਕਸਾਨ ਪਾਕਿਸਤਾਨ ਨੂੰ ਹੀ ਹੋਵੇਗਾ ਕਿਉਂਕਿ ਪੱਛਮੀ ਸਰਹੱਦ (ਅਫ਼ਗਾਨਿਸਤਾਨ ਨਾਲ ਲਗਦੀ



ਪਾਕਿਸਤਾਨ ਦੀ ਸਰਹੱਦ ਜੋ 1200 ਕਿਲੋਮੀਟਰ ਲੰਮੀ ਹੈ) ਤੋਂ ਪਾਕਿਸਤਾਨੀ ਫ਼ੌਜ ਹਟਾਏ ਜਾਣ ਨਾਲ ਸਰਹੱਦੀ ਨਿਗਰਾਨੀ 'ਚ ਕਮੀ ਆ ਜਾਏਗੀ। ਇਸ ਕਾਰਨ ਅਫ਼ਗਾਨਿਸਤਾਨ ਵਿਚੋਂ ਅਤਿਵਾਦੀ ਵੱਡੀ ਗਿਣਤੀ ਵਿਚ ਪਾਕਿਸਤਾਨ ਅੰਦਰ ਆਉਣਾ ਸ਼ੁਰੂ ਹੋ ਜਾਣਗੇ। ਅਤਿਵਾਦ ਦੀ ਭਿਆਨਕ ਅੱਗ ਹੋਰ ਵਧੇਗੀ। ਅਫ਼ਗਾਨਿਸਤਾਨ ਦੀ ਜੰਗ ਮੁਕੰਮਲ ਤੌਰ 'ਤੇ ਪਾਕਿਸਤਾਨ 'ਚ ਆਣ ਵੜੇਗੀ। ਭਾਰਤੀ ਫ਼ੌਜ ਤੇ ਖੁਫੀਆ ਏਜੰਸੀ ਰਾਅ ਨੂੰ ਵੀ ਪੂਰਬੀ ਸਰਹੱਦ 'ਤੇ ਕੋਈ ਇਹੋ ਜਿਹੀ ਹਾਲਤ ਪੈਦਾ ਨਹੀਂ ਕਰਨੀ ਚਾਹੀਦੀ ਜਿਸ ਨਾਲ ਪਾਕਿਸਤਾਨੀ ਫ਼ੌਜ ਦਾ ਧਿਆਨ ਪੱਛਮੀ, ਅਫ਼ਗਾਨਿਸਤਾਨ ਵਾਲੀ ਸਰਹੱਦ ਤੋਂ ਪਾਸੇ ਹੋਵੇ। ਪਾਕਿਸਤਾਨ ਨਾਲ ਲਗਦੇ ਅਫ਼ਗਾਨਿਸਤਾਨ ਦੀ ਸਰਹੱਦ ਦੀ ਨਿਗਰਾਨੀ 'ਚ ਕਮੀ ਅਤਿਵਾਦ ਦੀ ਭਿਆਨਕ ਹਾਲਤ ਨੂੰ ਹੋਰ ਖ਼ਤਰਨਾਕ ਬਣਾ ਦੇਵੇਗੀ। ਇੰਜ ਪੱਛਮੀ ਸਰਹੱਦ ਵੱਲੋਂ ਆਉਣ ਵਾਲਾ ਅਤਿਵਾਦ ਬਹੁਤ ਵਧ ਜਾਵੇਗਾ ਜੋ ਖ਼ੁਦ ਹਿੰਦੁਸਤਾਨ ਦੀ ਸਲਾਮਤੀ ਲਈ ਵੀ ਖ਼ਤਰੇ ਦਾ ਰੂਪ ਧਾਰ ਲਏਗਾ।

ਇਸ ਖਿੱਤੇ 'ਚ ਜਹਾਦੀ ਜਥੇਬੰਦੀਆਂ ਦਾ ਖ਼ਾਤਮਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਅਮਨ ਦਫ਼ਨ ਹੋ ਜਾਏਗਾ। ਅਫ਼ਗਾਨਿਸਤਾਨ ਅੰਦਰ ਲੜਾਈ ਤਾਂ ਤਾਲਿਬਾਨ ਤੇ ਅਮਰੀਕੀ ਨਾਟੋ ਫ਼ੌਜਾਂ ਦਰਮਿਆਨ ਹੋ ਰਹੀ ਹੈ ਪਰ ਤਬਾਹੀ-ਓ-ਬਰਬਾਦੀ ਪਾਕਿਸਤਾਨ ਦੀ ਹੋ ਰਹੀ ਹੈ। ਅਫ਼ਗਾਨਿਸਤਾਨ ਅੰਦਰ ਭਾਰਤੀ ਨਿਵੇਸ਼ ਤੇ ਅਫ਼ਗਾਨਿਸਤਾਨ ਦੇ ਆਰਥਿਕ ਵਿਕਾਸ 'ਚ ਹਿੱਸਾ ਲੈਣ ਵਾਲੇ ਭਾਰਤੀ ਭਿਆਨਕ ਅਤਿਵਾਦ ਦੇ ਘੇਰੇ ਅੰਦਰ ਹਨ। ਭਾਰਤ ਦਾ ਜਾਨੀ ਤੇ ਮਾਲੀ ਨੁਕਸਾਨ ਕਿਸੇ ਸਮੇਂ ਵੀ ਨਾਟਕੀ ਅੰਦਾਜ਼ 'ਚ ਹੋ ਸਕਦਾ ਹੈ। ਅਫ਼ਗਾਨਿਸਤਾਨ ਅੰਦਰ ਲੱਗੀ ਹੋਈ ਅੱਗ ਦੇ ਭਾਂਬੜ ਭਾਰਤ ਤੱਕ ਵੀ ਪਹੁੰਚਣ ਲੱਗ ਪਏ ਹਨ।

ਅਫ਼ਗਾਨਿਸਤਾਨ 'ਚ ਛਿੜੀ ਹੋਈ ਜੰਗ ਨੇ ਪਾਕਿਸਤਾਨੀ ਕੌਮ ਨੂੰ ਤਕਸੀਮ ਕਰ ਦਿੱਤਾ ਹੈ ਅਤੇ ਹੌਸਲੇ ਡਾਵਾਂਡੋਲ ਕਰ ਦਿੱਤੇ ਹਨ। ਅਮਰੀਕਾ ਤੇ ਤਾਲਿਬਾਨ ਦੋਵੇਂ ਪਾਕਿਸਤਾਨ ਦੇ ਦੁਸ਼ਮਣ ਹਨ। ਜੇਕਰ ਦੋਵਾਂ ਕੋਲੋਂ ਬੜੀ ਦਾਨਸ਼ਮੰਦੀ ਨਾਲ ਜਾਨ ਨਾ ਛੁਡਾਈ ਗਈ ਤਾਂ ਪਾਕਿਸਤਾਨ ਨਹੀਂ ਬਚੇਗਾ। (ਹਾਮਦ ਮੀਰ 'ਜਿਓ ਨਿਊਜ਼' ਜਿਓ ਟੀ. ਵੀ.)

ਇਸ ਖਿੱਤੇ ਦੇ ਗੁਆਂਢੀ ਮੁਲਕਾਂ ਵਿਚਕਾਰ ਦੁਸ਼ਮਣੀ ਡੇਢ ਅਰਬ ਆਬਾਦੀ ਦੇ ਮੁਫ਼ਾਦ ਵਿਚ ਨਹੀਂ ਹੈ। ਇਹ ਨੀਤੀਆਂ ਖੁਸ਼ਹਾਲੀ ਤੇ ਅਮਨ ਦੀਆਂ ਕਾਤਲ ਹਨ। ਪਾਕਿਸਤਾਨ ਅੰਦਰ ਸਿਵਲ ਸੁਸਾਇਟੀ ਅਤੇ ਮੀਡੀਆ ਦਾ ਵੱਡਾ ਹਿੱਸਾ, ਰਿਟਾਇਰਡ ਫ਼ੌਜੀ ਜਨਰਲ ਤੇ ਸਿਵਲ ਅਫਸਰਸ਼ਾਹ ਭਾਰਤ ਨਾਲ ਦੋਸਤੀ-ਤਿਜਾਰਤ ਤੇ ਆਪਸੀ ਸਾਰੇ ਮਸਲੇ ਗੱਲਬਾਤ ਨਾਲ ਹੱਲ ਕਰਨ ਦੇ ਹੱਕ ਵਿਚ ਹਨ। ਅਮਨ ਦੀ ਆਸ਼ਾ ਦੀ ਇਹ ਲਹਿਰ ਪੂਰੇ ਪਾਕਿਸਤਾਨ 'ਚ ਫੈਲੀ ਹੋਈ ਹੈ। ਇੰਜ ਹੀ ਹਿੰਦੁਸਤਾਨ ਅੰਦਰ ਸਿਵਲ ਸੁਸਾਇਟੀ, ਸਿਵਲ ਤੇ ਫ਼ੌਜੀ ਰਿਟਾਇਰਡ ਜਨਰਲਾਂ, ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਦੋਵਾਂ ਮੁਲਕਾਂ ਵਿਚਕਾਰ ਦੋਸਤੀ, ਅਮਨ ਤੇ ਮਸਲਿਆਂ ਦੇ ਹਕੀਕੀ ਹੱਲ ਤੱਕ ਛੇਤੀ ਤੋਂ ਛੇਤੀ ਪੁੱਜਣ ਲਈ ਜ਼ੋਰਦਾਰ ਲਹਿਰ ਚਲਾਈ ਜਾਣੀ ਬਹੁਤ ਜ਼ਰੂਰੀ ਹੈ। ਇੰਜ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਸਿਵਲ ਤੇ ਫ਼ੌਜੀ ਅਫਸਰਾਂ ਤੇ ਸਿਆਸੀ ਜਮਾਤਾਂ ਦੇ ਲੀਡਰਾਂ 'ਤੇ ਦਬਾਅ ਵਧੇਗਾ। ਅਮਨ ਤੇ ਖੁਸ਼ਹਾਲੀ ਦੀ ਮੰਜ਼ਿਲ ਤੱਕ ਇੰਜ ਹੀ ਪਹੁੰਚਿਆ ਜਾ ਸਕਦਾ ਹੈ।

ਸਾਡੇ-ਤੁਹਾਡੇ ਮਿਲਣ ਦਾ ਇਕ-ਦੂਜੇ ਕੋਲ ਆਉਣ ਅਤੇ ਗਲ ਲਾਉਣ ਦਾ ਇਹੀ ਇਕੋ-ਇਕ ਫਾਰਮੂਲਾ ਤੇ ਨੁਸਖਾ ਹੈ। ਫਿਰ ਦੇਰ ਕਿਸ ਗੱਲ ਦੀ। ਆਓ! ਆਪਾਂ ਰਲ ਕੇ ਦੁਸ਼ਮਣੀ ਨੂੰ ਦੋਸਤੀ 'ਚ, ਗ਼ੁਰਬਤ ਨੂੰ ਖੁਸ਼ਹਾਲੀ 'ਚ ਤੇ ਜੁਦਾਈ ਨੂੰ ਮਿਲਾਪ 'ਚ ਬਦਲ ਕੇ ਰੱਖ ਦੇਈਏ। ਇਹੋ ਹੀ ਸਮੇਂ ਦੀ ਪੁਕਾਰ ਅਤੇ ਪੰਜਾਬ ਦੀ ਆਵਾਜ਼ ਹੈ। ਅੱਲਾ ਬੇਲੀ।

# ਪੁਲਾੜ ਗੱਡੀ ਐਟਲਾਂਟਿਸ ਦੀ ਆਖਰੀ ਉਡਾਣ-ਇਕ ਯੁੱਗ ਦਾ ਅੰਤ

**ਹਰਜਿੰਦਰ ਢੇਸੀ**

ਅਮੈਰੀਕਨ ਸ਼ਟਲ ਐਟਲਾਂਟਿਸ ਨੇ 21 ਜੁਲਾਈ ਨੂੰ ਸਵੇਰੇ ਦੇ 4:49 ਤੇ ਫਲੋਰੀਡਾ ਦੇ ਕੈਨੇਡੀ ਸਪੇਸ ਸੈਂਟਰ 'ਤੇ ਉਤਰਦਿਆਂ ਆਪਣੀ ਇਕ ਹੋਰ ਉਡਾਣ ਸਫਲਤਾ ਨਾਲ ਪੂਰੀ ਕਰ ਲਈ। ਇਹ ਉਡਾਣ ਜੋ 8 ਜੁਲਾਈ ਨੂੰ ਕੈਨੇਡੀ ਸਪੇਸ ਸੈਂਟਰ ਤੋਂ ਹੀ ਸ਼ੁਰੂ ਹੋਈ ਸੀ, ਇਸ ਪੁਲਾੜ ਗਡੀ ਦੀ ਆਖਰੀ ਉਡਾਣ ਸੀ ਅਤੇ ਇਸ ਤੋਂ ਬਾਅਦ ਇਹ ਸ਼ਟਲ ਹੁਣ ਕੈਨੇਡੀ ਸਪੇਸ ਸੈਂਟਰ ਦੇ ਮਿਊਜੀਅਮ ਦੀ ਸੋਭਾ ਬਣੇਗੀ। ਐਟਲਾਂਟਿਸ ਦੀ ਇਸ ਆਖਰੀ ਉਡਾਣ ਦੇ ਨਾਲ ਹੀ ਨਾਸਾ ਦੇ ਸਪੇਸ ਪ੍ਰੋਗਰਾਮ ਦੇ ਇਕ ਯੁਗ ਦਾ ਵੀ ਅੰਤ ਹੋ ਗਿਆ ਹੈ। ਇਹ ਪੁਲਾੜ ਯੁੱਗ ਜਨਵਰੀ 1972 ਵਿਚ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਸਪੇਸ ਪ੍ਰੋਗਰਾਮ ਦਾ ਐਲਾਨ ਕਰ ਕੇ ਸ਼ੁਰੂ ਕੀਤਾ ਸੀ ਅਤੇ ਇਸ ਨੇ ਆਪਣਾ ਪਹਿਲਾ ਕਦਮ 12 ਅਪਰੈਲ 1981 ਨੂੰ ਦੁਨੀਆਂ ਦੀ ਪਹਿਲੀ ਅਤੇ ਅਨੋਖੀ ਪੁਲਾੜ ਗੱਡੀ (ਸਪੇਸ ਸ਼ਟਲ) ਪੁਲਾੜ ਵਿਚ ਪਹੁੰਚਾ ਕੇ ਪੁੱਟਿਆ। ਇਹ ਸ਼ਟਲ ਆਪਣੀ ਤਰ੍ਹਾਂ ਦੀ ਪਹਿਲੀ ਪੁਲਾੜ ਗੱਡੀ ਸੀ ਜੋ ਪੁਲਾੜ ਵਿਚ ਜਾ ਕੇ ਵਾਪਸ ਧਰਤੀ 'ਤੇ ਆ ਸਕਦੀ ਸੀ। ਇਸ ਪੁਲਾੜ ਗੱਡੀ ਦਾ ਮੁੱਖ ਮੰਤਵ ਧਰਤੀ ਦੇ ਇਰਦ ਗਿਰਦ ਘੁਮ ਰਹੇ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਅਤੇ ਉਸ ਵਿਚ ਕੰਮ ਕਰਦੇ ਸਾਇੰਸਦਾਨਾਂ ਨੂੰ ਲੋੜੀਂਦੀਆਂ ਵਸਤਾਂ ਅਤੇ ਪੁਰਜੇ ਪਹੁਚਾਉਣਾ ਹੈ। ਅੰਤਰਰਾਸ਼ਟਰੀ ਸਪੇਸ ਸਟੇਸ਼ਨ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਲੋਂ ਵਖਰੇ ਵਖਰੇ ਪ੍ਰੋਗਰਾਮ ਚਲਾਉਣ ਤੋਂ ਬਾਅਦ 1998 ਵਿਚ ਇਕ ਸਾਂਝੇ ਪ੍ਰੋਗਰਾਮ ਦੇ ਅਧੀਨ ਸਥਾਪਤ ਕੀਤਾ ਗਿਆ ਸੀ। ਇਹ ਅਨੋਖਾ ਸਟੇਸ਼ਨ ਪੁਲਾੜ ਵਿਚ ਵੱਖ ਵੱਖ ਤਜਰਬਿਆਂ ਲਈ ਵਰਤਿਆ ਜਾਂਦਾ ਹੈ ਅਤੇ ਪੁਲਾੜ ਤੇ ਦੂਜੇ ਗ੍ਰਹਿਆਂ ਅਤੇ ਉਪ ਗ੍ਰਹਿਆਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਬਹੁਤ ਕਾਰਗਰ ਸਾਬਤ ਹੋਇਆ ਹੈ।

ਪੁਲਾੜ ਗੱਡੀ ਐਟਲਾਟਿਸ ਦੀ ਇਹ 33ਵੀਂ ਅਤੇ ਆਖਰੀ ਉਡਾਣ ਸੀ ਅਤੇ ਇਨ੍ਹਾਂ ਉਡਾਣਾਂ ਦੌਰਾਨ ਇਸ ਨੇ ਧਰਤੀ ਦੀ 200 ਵਾਰ ਪਰਿਕਰਮਾ ਕਰਦਿਆਂ ਕੁਲ 5,284,862 ਮੀਲਾਂ ਦਾ ਸਫਰ ਤੈਅ ਕੀਤਾ। ਆਪਣੀ ਇਸ ਆਖਰੀ ਉਡਾਣ ਵਿਚ ਵੀ ਇਹ ਗੱਡੀ 9500 ਪੌਂਡ ਭਾਰਾ ਸਾਮਾਨ ਅੰਤਰਰਾਸ਼ਟਰੀ ਸਪੇਸ ਸਟੇਸਨ ਤੱਕ ਲੈ ਕੇ ਗਈ ਜਿਸ ਵਿਚ ਖਾਣ-ਪੀਣ ਅਤੇ ਹੋਰ ਰੋਜ਼ਮੱਰਾ ਦੀ ਵਰਤੋਂ ਦੀਆਂ ਚੀਜ਼ਾਂ ਤੋਂ ਇਲਾਵਾ ਸੈਲ ਫੋਨ ਅਤੇ ਇਕ ਰੋਬਾਟਿਕ ਸਿਸਟਮ ਵੀ ਸ਼ਾਮਿਲ ਸੀ। ਇਹ ਰੋਬਾਟਿਕ ਸਿਸਟਮ ਪੁਲਾੜ ਵਿਚ ਉਡ ਰਹੇ ਹੋਰ ਸੈਟੇਲਾਈਟਾਂ ਵਿਚ ਈਂਧਨ ਭਰਨ ਲਈ ਵਰਤਿਆ ਜਾਵੇਗਾ। ਨਾਸਾ ਦੇ ਇਸ ਪੁਲਾੜ ਪ੍ਰੋਗਰਾਮ ਤਹਿਤ ਪਿਛਲੇ 30 ਸਾਲਾਂ ਵਿਚ ਵੱਖ ਵੱਖ ਸ਼ਟਲਾਂ ਨੇ ਕੁਲ 135 ਉਡਾਣਾਂ ਭਰੀਆਂ ਅਤੇ ਇਨ੍ਹਾਂ ਉਡਾਣਾਂ ਵਿਚ 16 ਦੇਸ਼ਾਂ ਦੇ 355 ਸਾਇੰਸਦਾਨਾਂ ਅਤੇ ਇੰਜੀਨੀਅਰਾਂ ਨੂੰ ਪੁਲਾੜ ਦੀ ਸੈਰ ਕਰਾਈ। ਪੁਲਾੜ ਦੀ ਇਕ ਉਡਾਣ ਦਾ ਖਰਚ ਜਿਹੜਾ ਇਕ ਵਕਤ 20 ਮਿਲੀਅਨ ਡਾਲਰ ਅਨੁਮਾਨਿਆ ਗਿਆ ਸੀ ਅਸਲ ਵਿਚ 1.6 ਬਿਲੀਅਨ ਸੀ।

ਇਸ ਮਹਿੰਗੇ ਪੁਲਾੜ ਪ੍ਰੋਗਰਾਮ ਦਾ ਮੁਲ ਸਿਰਫ ਡਾਲਰਾਂ ਵਿਚ ਹੀ ਨਹੀਂ ਬਲਕਿ 14 ਅਣਮੁਲੀਆਂ ਜਾਨਾਂ ਨਾਲ ਵੀ ਚੁਕਾਇਆ ਜਾ ਚੁਕਾ ਹੈ। ਇਸ ਪੁਲਾੜ ਮਿਸ਼ਨ ਦੀਆਂ ਦੋ ਗੱਡੀਆਂ ਹਾਦਸਾਗ੍ਰਸਤ ਹੋ ਗਈਆਂ ਸਨ। ਪਹਿਲੀ ਗੱਡੀ ਚੈਲੈਂਜਰ 1986 ਵਿਚ ਉਡਾਣ ਤੋਂ ਛੇਤੀ ਬਾਅਦ ਹੀ ਹਾਦਸਾਗ੍ਰਸਤ ਹੋ ਗਈ ਜਿਸ ਵਿਚ 7 ਬੰਦਿਆਂ ਦੀ ਮੌਤ ਹੋ ਗਈ। ਦੂਜੀ ਗੱਡੀ ਕੋਲੰਬੀਆ, 2003 ਵਿਚ ਪੁਲਾੜ ਤੋਂ ਵਾਪਸ ਆਉਂਦਿਆਂ ਉਤਰਨ ਤੋਂ 16 ਮਿੰਟ ਪਹਿਲਾਂ ਹੀ ਹਾਦਸਾਗ੍ਰਸਤ ਹੋ ਗਈ ਜਿਸ ਵਿਚ 7 ਸਾਇੰਸਦਾਨਾਂ ਦੀ ਮੌਤ ਹੋ ਗਈ। ਇਸ ਘਟਨਾ ਵਿਚ ਭਾਰਤੀ ਮੂਲ ਦੀ ਇਕ ਸਾਇਸਦਾਨ ਕਲਪਨਾ ਚਾਵਲਾ ਵੀ ਸ਼ਾਮਲ ਸੀ। ਕਲਪਨਾ ਚਾਵਲਾ ਕਰਨਾਲ, ਹਰਿਆਣੇ ਦੀ ਜੰਮਪਲ ਸੀ ਅਤੇ ਉਸ ਨੇ ਆਪਣੀ ਮੁਢਲੀ ਪੜ੍ਹਾਈ ਟੈਗੋਰ ਸਕੂਲ, ਕਰਨਾਲ ਤੋਂ ਹਾਸਲ ਕੀਤੀ। ਪੰਜਾਬ ਇੰਜੀਨੀਅਰਿੰਗ ਕਾਲਜ ਤੋਂ ਇੰਜੀਨੀਅਰਿੰਗ ਦੀ ਡਿਗਰੀ ਕਰਨ ਤੋ ਬਾਅਦ ਉਹ ਉਚੇਰੀ ਪੜ੍ਹਾਈ ਲਈ ਟੈਕਸਸ ਆ ਗਈ। ਉਸ ਨੇ ਇੰਜੀਨੀਅਰਿੰਗ ਵਿਚ ਪੀ ਐਚ ਡੀ ਦੀ ਡਿਗਰੀ ਵੀ ਕਾਲੋਰਾਡੋ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਉਸ ਨੇ 1988 ਵਿਚ ਹੀ ਨਾਸਾ ਨਾਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਲਗਨ ਸਦਕਾ 1997 ਵਿਚ ਉਹ ਪਹਿਲੀ ਵਾਰ ਪੁਲਾੜ ਵਿਚ ਜਾਣ ਵਾਲੀ ਚੈਲੈਂਜਰ ਦੇ ਇਕ ਮੈਂਬਰ ਵਜੋਂ ਚੁਣੀ ਗਈ ਅਤੇ 2003 ਵਿਚ ਦੂਜੀ ਵਾਰ ਚੈਲੈਂਜਰ-107 ਵਿਚ। ਉਹ ਕੁਲ 30 ਦਿਨ 14 ਘੰਟੇ ਤੇ 54 ਮਿੰਟ ਪੁਲਾੜ ਵਿਚ ਗੁਜਾਰ ਕੇ ਆਪਣੀ ਜੀਵਨ ਦੀ ਆਹੂਤੀ ਦੇ ਗਈ। ਭਾਰਤੀਆਂ ਨੂੰ ਆਪਣੀ ਇਸ ਮਹਾਨ ਬੇਟੀ ਤੇ ਸਦਾ ਮਾਣ ਰਹੇਗਾ।



*ਪੁਲਾੜ ਗੱਡੀ ਐਟਲਾਂਟਿਸ ਆਪਣੀ 135ਵੀਂ ਤੇ ਆਖਰੀ ਉਡਾਣ ਭਰਦੇ ਹੋਏ*

ਇਹ ਪੁਲਾੜ ਪ੍ਰੋਗਰਾਮ ਪਿਛਲੇ 40 ਸਾਲਾਂ ਵਿਚ ਕਈ ਤਰ੍ਹਾਂ ਦੇ ਉਤਰਾ-ਚੜਾਅ 'ਚੋਂ ਲੰਘਦਾ ਹੋਇਆ ਆਪਣੀ ਸਮਾਪਤੀ 'ਤੇ ਆ ਗਿਆ ਹੈ। ਹੁਣ ਤੋਂ ਬਾਅਦ ਅਮਰੀਕਨ ਸਾਇੰਸਦਾਨ ਪੁਲਾੜ ਸਟੇਸ਼ਨ ਤੱਕ ਜਾਣ ਲਈ ਰੂਸੀ ਸ਼ਟਲ 'ਤੇ ਸਵਾਰੀ ਕਰਿਆ ਕਰਨਗੇ ਜਿਸ ਦਾ ਮੁਲ 45 ਮਿਲੀਅਨ ਡਾਲਰ ਹੋਵੇਗਾ। ਰੂਸ ਵਲੋਂ ਇਹ ਪ੍ਰੋਗਰਾਮ 2020 ਤੱਕ ਚਲਾਇਆ ਜਾਵੇਗਾ। ਨਾਸਾ ਦੀ ਆਸ ਹੈ ਕਿ ਪ੍ਰਾਈਵੇਟ ਕੰਪਨੀਆਂ ਪੁਲਾੜ ਗੱਡੀਆਂ ਬਾਰੇ ਹੁਣ ਤੱਕ ਦੀ ਖੋਜ ਨੂੰ ਲੈ ਕੇ ਮੈਦਾਨ ਵਿਚ ਆਉਣਗੀਆਂ ਅਤੇ ਭਵਿੱਖ ਵਿਚ ਹੋਰ ਕਾਰਗਰ ਪੁਲਾੜ ਗੱਡੀਆਂ ਦੀ ਖੋਜ ਹੋਵੇਗੀ।

ਇਸ ਪੁਲਾੜ ਪ੍ਰੋਗਰਾਮ ਦੀਆਂ ਪ੍ਰਾਪਤੀਆਂ ਵਿਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਉਸਾਰੀ ਅਤੇ ਸਥਾਪਤੀ ਅਤੇ ਹਬਲ ਟੈਲੀਸਕੋਪ ਦੀ ਸਥਾਪਤੀ ਹੈ। ਹਬਲ ਟੈਲੀਸਕੋਪ ਤਾਰਿਆਂ ਦੀ ਖੋਜ ਲਈ ਇਕ ਵੱਡਮੁਲਾ ਔਜਾਰ ਹੈ। ਇਸ ਤੋਂ ਇਲਾਵਾ 14 ਹੋਰ ਸੈਟੇਲਾਈਟਾਂ ਨੂੰ ਵੀ ਪੁਲਾੜ ਵਿਚ ਪਹੁੰਚਾਇਆ ਜੋ ਸੈਟੇਲਾਈਟ ਸੰਚਾਰ ਸਾਧਨਾਂ ਲਈ ਵਰਤੇ ਜਾਂਦੇ ਹਨ।

ਪੁਲਾੜ ਦੇ ਇਸ ਪ੍ਰੋਗਰਾਮ ਬਾਰੇ ਲੋਕਾਂ ਦੇ ਵੱਖ ਵੱਖ ਵਿਚਾਰ ਹਨ। ਜਿਥੇ ਕੁਝ ਲੋਕ ਇਹ ਮੰਨਦੇ ਹਨ ਕੇ ਇਸ ਨਾਲ ਸਾਇੰਸ ਕਮਿਊਨਿਟੀ ਨੂੰ ਇਕ ਵੱਡਾ ਹੁੰਗਾਰਾ ਮਿਲਿਆ ਹੈ ਅਤੇ ਆਉਣ ਵਾਲੀਆਂ ਨਸਲਾਂ ਨੂੰ ਪੁਲਾੜ ਖੋਜ ਲਈ ਰਾਹ ਦਿਖਾਵੇਗਾ, ਉਥੇ ਦੂਜੇ ਪਾਸੇ ਉਨ੍ਹਾਂ ਲੋਕਾਂ ਦੀ ਵੀ ਘਾਟ ਨਹੀਂ ਜਿਹੜੇ ਇਹ ਪ੍ਰੋਗਰਾਮ ਨੂੰ ਪੂਰੀ ਫਜ਼ੂਲ ਖਰਚੀ ਸਮਝਦੇ ਹਨ ਅਤੇ ਇਹ ਪੈਸਾ ਮਨੁਖਤਾ ਦੀ ਭਲਾਈ ਲਈ ਖਰਚ ਕੀਤਾ ਜਾ ਸਕਦਾ ਸੀ ਪਰ ਇਹ ਆਉਣ ਵਾਲਾ ਸਮਾਂ ਹੀ ਦਸੇਗਾ ਕਿ ਕੌਣ ਕਿੰਨਾ ਠੀਕ ਸੀ?


## *ਪੰਜਾਬ ਪੁਲਿਸ ਵਿਦੇਸ਼ੀ ਹਥਿਆਰਾਂ ਨਾਲ ਲੈਸ*

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਵੱਡੀ ਮਾਤਰਾ ਵਿਚ ਵਿਦੇਸ਼ੀ ਹਥਿਆਰ ਖਰੀਦੇ ਹਨ ਜੋ ਅਤਿ ਵਿਸ਼ੇਸ਼ ਵਿਅਕਤੀਆਂ ਦੀ ਸੁਰੱਖਿਆ 'ਤੇ ਤਾਇਨਾਤ ਦਸਤਿਆਂ ਨੂੰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਦੰਗਿਆਂ ਦੀ ਰੋਕਥਾਮ ਲਈ ਵੀ ਇਨ੍ਹਾਂ ਦੀ ਵਰਤੋਂ ਕੀਤੀ ਜਾਵੇਗੀ। ਇਹ ਨਵੇਂ ਹਥਿਆਰ ਨਵੇਂ ਬਣਾਏ ਗਏ ਸਪੈਸ਼ਲ ਸਰਵਿਸਿਜ਼ ਗਰੁਪ (ਐਸ.ਐਸ.ਜੀ.) ਨੂੰ ਦਿੱਤੇ ਜਾਣਗੇ ਜੋ ਰਾਜਪਾਲ, ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਸੁਰੱਖਿਆ ਛਤਰੀ ਵਜੋਂ ਕੰਮ ਕਰੇਗਾ।

ਇਸ ਤੋਂ ਇਲਾਵਾ ਅਤਿਵਾਦੀਆਂ ਦੀਆਂ ਧਮਕੀਆਂ ਦੀ ਸੂਰਤ ਵਿਚ ਜਾਂ ਹੋਰ ਵਿਸ਼ੇਸ਼ ਹਾਲਾਤ ਦੇ ਟਾਕਰੇ ਲਈ ਵੀ ਵੱਖਰੀਆਂ ਟੀਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਨੂੰ ਇਹ ਹਥਿਆਰ ਦਿੱਤੇ ਜਾਣਗੇ। ਸੂਬਾ ਪੁਲੀਸ ਨੇ ਇਸ ਮੰਤਵ ਲਈ 234 ਐਸ.ਜੀ. 553 ਮਾਡਲ ਦੀਆਂ ਸਵਿਸ ਅਸਾਲਟ ਰਾਈਫਲਾਂ ਖਰੀਦੀਆਂ ਹਨ। ਇਸੇ ਤਰ੍ਹਾਂ ਇਸਰਾਈਲ ਵੈਪਨ ਇੰਡਸਟਰੀ ਆਈ.ਡਬਲਿਊ. ਆਈ. ਤੋਂ ਵੀ 163 ਐਕਸ-95 ਅਸਾਲਟ ਰਾਈਫਲਾਂ ਖਰੀਦੀਆਂ ਗਈਆਂ ਹਨ। ਇਹ ਦੋਵੇਂ ਆਧੁਨਿਕ ਹਥਿਆਰ ਹਨ।

Quik Signs
Signs * Graphics * Wraps


ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ
ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi
*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਪੰਜਾਬੀ ਰੰਗ-ਮੰਚ ਦੀ ਬੁਲੰਦੀ 'ਪੱਤਣਾਂ 'ਤੇ ਰੋਣ ਖੜ੍ਹੀਆਂ'

**ਰੰਗ-ਮੰਚ**

**ਐਸ ਅਸ਼ੋਕ ਭੌਰਾ**

ਰੱਬ ਦੇ ਸਿੱਧਿਆਂ ਅਤੇ ਛੇਤੀ ਸੰਪਰਕ 'ਚ ਆਉਣ ਦੇ ਯਤਨਾਂ 'ਚ ਤਰਲੋ-ਮੱਛੀ ਹੋਇਆ ਮਨੁੱਖ ਜੋਤਸ਼ੀਆਂ ਦੀ ਬਣਦੀ ਜਾ ਰਹੀ ਦੁਕਾਨਦਾਰੀ ਦਾ ਗ੍ਰਾਹਕ ਬਣਦਾ ਜਾ ਰਿਹਾ ਹੈ। ਪਤਾ ਨਹੀਂ ਉਨ੍ਹਾਂ ਕੋਲ ਕਿਹੜੇ ਹਵਾਈ, ਸਮੁੰਦਰੀ ਜਾਂ ਸੜਕੀ ਰਾਸਤੇ ਹਨ ਜਿਨ੍ਹਾਂ 'ਤੇ ਸੰਕਟਾਂ, ਤਣਾਓ ਅਤੇ ਚਿੰਤਾਵਾਂ 'ਚ ਫਸੇ ਮਨੁੱਖ ਨੂੰ ਘੜੀਸ ਕੇ ਰੱਬ ਨੂੰ ਮਿਹਰਬਾਨ ਕਰਨ ਦੇ ਲਾਲਚ ਦੀ ਮੋਟੀ ਬੁਰਕੀ ਸੁੱਟੀ ਜਾ ਰਹੀ ਹੈ। ਇਹ ਸਭ ਲੋਭ-ਲਾਲਚ ਵਧਣ ਕਾਰਨ ਹੋਇਆ ਹੈ। ਲੋਭੀ ਬੰਦਿਆਂ ਨੇ ਹੀ ਲਾਲਸਾਵਾਂ ਹੇਠ ਰਿਸ਼ਤਿਆਂ ਦੀ ਜੱਖਣਾ ਵੀ ਪੁੱਟੀ ਹੈ, ਤੇ ਬੁੱਢਿਆਂ ਨਾਲ ਧੀਆਂ ਵਿਆਹੁਣ ਪਿੱਛੇ ਬਾਬਲ ਕਮਲਾ ਨਹੀਂ, ਬਾਜ਼ਾ ਕਿਉਂ ਹੋ ਗਿਆ ਹੈ? ਇਹਦਾ ਜੁਆਬ ਵਿਦੇਸ਼ੀ ਲਾੜੇ ਚੰਗੇ ਢੰਗ ਨਾਲ ਦੇ ਸਕਦੇ ਹਨ।

ਹਾਲ ਹੀ 'ਚ ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੇ ਮੇਲੇ 'ਤੇ ਬਲਵੀਰ ਸਿੰਘ ਦੀ ਜ਼ੁਬਾਨੀ ਕਹਾਣੀ 'ਤੇ ਆਧਾਰਿਤ ਮਰਹੂਮ ਸਰਬਜੀਤ ਸਿੰਘ



ਬਲਜੀਵਨ ਧਾਲੀਵਾਲ

ਔਲਖ ਦਾ ਲਿਖਿਆ ਅਤੇ ਸੁਰਿੰਦਰ ਧਨੋਆ ਦੇ ਨਿਰਦੇਸ਼ਕ ਹੇਠ ਖੇਡਿਆ ਗਿਆ ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਧੁਰ ਅੰਦਰ ਤੱਕ ਇਸ ਕਰਕੇ ਲਹਿ ਗਿਆ ਕਿ ਭਾਰਤੀ, ਖਾਸ ਤੌਰ 'ਤੇ ਪੰਜਾਬੀ ਭਾਈਚਾਰੇ ਲਈ ਵਿਦੇਸ਼ਾਂ 'ਚ ਧੀਆਂ ਪੁੱਤਰਾਂ ਦੇ ਪੈਰ ਰੱਖਣ ਦੀ ਲਲ੍ਹਕ ਨਾਲ ਲੂਣਾ ਬੁੱਢੇ ਸਲਵਾਨ ਦਾ ਪੱਲਾ ਫੜਨ ਲਈ ਮਜਬੂਰ ਕੀਤੀ ਜਾ ਸਕਦੀ ਹੈ। ਨਾਟਕ ਦੀ ਵਿਆਖਿਆ ਜਾਂ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਗੱਲ ਕਹਿਣੀ ਬਣਦੀ ਹੈ ਕਿ ਇਹ ਅਮਰੀਕਾ, ਕੈਨੇਡਾ ਜਾਂ ਯੂਰਪ 'ਚ ਰਹਿ ਰਹੇ ਪੰਜਾਬੀਆਂ ਲਈ ਉਦੇਸ਼ ਭਰਪੂਰ ਵਿਸ਼ਾ ਸੀ। ਇਸ ਲਈ ਇਸ ਨੂੰ ਬੇਹੱਦ ਪਸੰਦ ਕੀਤਾ ਜਾਣਾ ਅਤੇ ਸਲਾਹਿਆ ਜਾਣਾ ਗੈਰ-ਸੁਭਾਵਿਕ ਨਹੀਂ ਸੀ।

ਕਈ ਮਲਾਹਾਂ ਨੇ ਭਰੀਆਂ ਬੇੜੀਆਂ ਡੋਬੀਆਂ ਹਨ, ਕਈ ਅਨਪੜ੍ਹ ਮਿਸਤਰੀਆਂ ਨੇ ਪੜ੍ਹਿਆਂ-ਲਿਖਿਆਂ ਨੂੰ ਕੰਮ ਦੇ ਪੱਧਰ ਤੋਂ ਵੰਗਾਰਿਆ ਹੈ, ਤੇ ਤਾਜ ਮਹਿਲ ਬਣਾਉਣ ਵਾਲੇ ਸਿਵਲ ਇੰਜੀਨੀਅਰ ਨਹੀਂ ਸਨ। ਰੰਗ-ਮੰਚ ਦੇ ਸਫ਼ਲ ਰੂਪ ਦੀ ਘੁੰਡ-ਚੁਕਾਈ ਕਰਨ ਲੱਗਾ ਹਾਂ, ਹਾਲਾਂਕਿ ਥੀਏਟਰ ਨਾਲ ਮੇਰਾ ਕੋਈ ਵਾਹ-ਵਾਸਤਾ ਨਹੀਂ ਰਿਹਾ ਪਰ ਥੀਏਟਰ ਕਰਨ ਵਾਲੇ ਲੋਕਾਂ ਨਾਲ ਬਹੁਤ ਦੇਰ ਟਿੱਚ-ਬਟਨਾਂ ਵਾਂਗ ਜੁੜਿਆ ਰਿਹਾ ਹਾਂ। ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ ਅਸੀਂ ਸ਼ੌਕੀ ਮੇਲੇ



ਨਾਟਕ ਦਾ ਇਕ ਦ੍ਰਿਸ਼

'ਚ ਕਰਵਾਏ, ਦੁਆਬਾ ਕਲਾ ਮੰਚ ਵੱਲੋਂ ਜਸਵੰਤ ਖਟਕੜ ਦੇ ਨਿਰਦੇਸ਼ਨ ਹੇਠ ਅਜਮੇਰ ਔਲਖ ਦਾ 'ਬਗਾਨੇ ਬੋਹੜ ਦੀ ਛਾਂ', ਬਲਵੰਤ ਗਾਰਗੀ ਦਾ 'ਲੋਹਾ ਕੁੱਟ' ਇੱਥੇ ਹੀ ਖਿਡਾਏ। ਥੀਏਟਰ ਦੇ ਪਿਤਾਮਾ ਹਰਪਾਲ ਟਿਵਾਣਾ ਨਾਲ ਮੋਗੇ ਵਾਲੇ ਸਿਨਮੇ ਦੀਆਂ ਮੁਲਾਕਾਤਾਂ ਤੋਂ ਸਿਵਾ 'ਦੀਵਾ ਬਲੇ ਸਾਰੀ ਰਾਤ' ਦੀ ਸ਼ੂਟਿੰਗ ਦੌਰਾਨ ਉਹਦੇ ਨਾਲ ਰਿਹਾ। ਅਜਮੇਰ ਔਲਖ ਦੇ ਕਾਲਜ 'ਚ ਮੈਂ ਅਤੇ ਜੱਸੋਵਾਲ ਨੇ ਉਹ ਦੇ ਨਾਲ ਹੀ ਪ੍ਰਯੋਗਸ਼ਾਲਾ 'ਚ ਕੌੜਾ ਘੁੱਟ ਲਾਉਣ ਦਾ ਪ੍ਰਯੋਗ ਵੀ ਕੀਤਾ। ਉਦੋਂ ਹਰਭਜਨ ਚੜ੍ਹਾਈ ਵਾਲੇ ਦਿਨਾਂ 'ਚ ਉਹਦੇ ਕਾਲਜ ਪ੍ਰੋਗਰਾਮ ਕਰਨ ਗਿਆ ਸੀ।

ਅਮਰੀਕਾ 'ਚ ਰਹਿੰਦਿਆਂ ਪਿਛਲੇ ਕੁਝ ਵਰ੍ਹਿਆਂ ਵਿਚ ਸੁਰਿੰਦਰ ਧਨੋਆ ਦੇ ਨਿਰਦੇਸ਼ਨ ਹੇਠ 'ਮਿੱਟੀ ਰੁਦਨ ਕਰੇ', 'ਸਰਦਲ ਦੇ ਆਰ-ਪਾਰ', 'ਗੁਰੂ ਮਾਨਿਓ ਗ੍ਰੰਥ', 'ਗਦਰ ਐਕਸਪ੍ਰੈਸ' ਅਤੇ 'ਪੱਤਣਾਂ 'ਤੇ ਰੋਣ ਖੜ੍ਹੀਆਂ', ਅਸ਼ੋਕ ਟਾਂਗਰੀ ਦੇ ਨਿਰਦੇਸ਼ਕ ਹੇਠ 'ਬੋਲ ਸ਼ਰੀਕਾਂ ਦੇ' ਨਾਟਕ ਦੇਖੇ। ਧਨੋਏ ਦਾ ਖੇਤਰ ਲੋਕ-ਨਾਚ ਰਿਹਾ ਹੈ;



ਰਾਜ ਬਡਵਾਲ

ਸ਼ਰੀਕੇ ਵਾਲੇ ਕੁਝ ਵੀ ਕਹਿੰਦੇ ਰਹਿਣ ਪਰ ਨਿਰਪੱਖ ਹੋ ਕੇ ਕਹਿਣਾ ਹੋਵੇ ਤਾਂ ਉਸ ਨੇ ਇਥੇ ਰੰਗ-ਮੰਚ ਨੂੰ ਬੜਾ ਕੁਝ ਦਿੱਤਾ ਹੈ। ਇਸ ਧਾਰਨਾ ਦੀ ਤੰਦ ਵੀ ਤੋੜੀ ਹੈ ਕਿ ਲੁਹਾਰ, ਸੋਨੇ ਦੇ ਕੇ.ਡੀ.ਐਮ. ਬਿਨਾਂ ਟਾਂਕੇ ਵਾਲੇ ਗਹਿਣੇ ਵੀ ਸਫ਼ਲਤਾ ਨਾਲ ਬਣਾ ਕੇ ਵੇਚ ਸਕਦਾ ਹੈ। ਗਹੁ



ਜਸਵਿੰਦਰ

ਨਾਲ ਦੇਖੋ 'ਮਿੱਟੀ ਰੁਦਨ ਕਰੇ' ਵਿਚ ਗਾਇਕਾ ਇਸ਼ਮਿਤ ਨਰੂਲਾ ਨੇ ਧਨੋਆ ਦੇ ਨਿਰਦੇਸ਼ਕ ਹੇਠ ਹੀ ਅਦਾਕਾਰੀ ਦਾ ਸਿਖਰ ਦਿਖਾਇਆ ਸੀ, 'ਸਰਦਲ ਦੇ ਆਰ-ਪਾਰ' ਵਿਚਲਾ ਜਸਵਿੰਦਰ ਬੀਸਲਾ ਦਾ ਕਿਰਦਾਰ ਜਿਨ੍ਹਾਂ ਨੇ ਨਾਟਕ ਦੇਖਿਆ ਕਦੇ ਨਹੀਂ ਭੁੱਲੇਗਾ।...ਤੇ 'ਪੱਤਣਾਂ 'ਤੇ ਰੋਣ ਖੜ੍ਹੀਆਂ' ਵਿਚ ਰਮਨੀਤ ਮੀਤ ਵਰਗੀ ਕੁੜੀ, ਦਰਸ਼ਨ ਕਹਿਲ ਵਰਗਾ ਕਲਾਕਾਰ ਅਤੇ ਦਿਲਾਵਰ ਚਹਿਲ ਵਰਗਾ ਕਾਮੇਡੀਅਨ ਨਿਖਾਰ ਕੇ ਰੱਖ ਦਿੱਤਾ ਹੈ। ਰੰਗ-ਮੰਚ ਨਾਲ ਲੰਬਾ ਸਮਾਂ ਗੁਜ਼ਾਰਨ ਵਾਲਾ ਬਲਜੀਵਨ ਨਵੇਂ ਅੰਦਾਜ਼ ਵਿਚ ਕਿਆ ਕਮਾਲ ਹੈ। ਇੱਥੋਂ ਤੀਕਰ ਕਿ ਸੁਰਿੰਦਰ ਧਨੋਏ ਦੀ ਪਤਨੀ ਜਸਵਿੰਦਰ ਧਨੋਆ ਦੇ ਸਹੇਲਪੁਣੇ 'ਚੋਂ ਜਸਵਿੰਦਰ ਸੱਗੀ ਨਾਂ ਦੀ ਕੁੜੀ ਅਦਾਕਾਰੀ ਦੀ ਮੈਰਿਟ ਵਿਚ ਲੈ ਆਂਦੀ ਹੈ। ਰਾਜ ਬਡਵਾਲ, ਕੁਲਵਿੰਦਰ ਕੌਰ ਅਤੇ ਰਿੰਪਲ ਬੈਂਸ ਵਰਗੇ ਕਲਾਕਾਰਾਂ ਨੂੰ ਆਪਣੀ ਕਲਾ ਦਿਖਾਉਣ ਲਈ ਰੰਗ-ਮੰਚ ਦਾ ਪਲੇਟਫਾਰਮ ਸੁਰਿੰਦਰ ਧਨੋਆ ਨੇ ਹੀ ਮੁਹੱਈਆ ਕਰਵਾਇਆ ਹੈ।

ਨਾਟਕ ਦੀ ਕਹਾਣੀ 'ਚ ਦੰਗਿਆਂ ਦਾ ਜ਼ਿਕਰ ਵੀ ਆਉਂਦਾ ਹੈ, ਤੇ ਆਲੇਖ ਦਾ ਮੁੱਖ ਥੀਮ ਇਹ ਹੈ ਕਿ ਪੜ੍ਹੀ-ਲਿਖੀ ਧੀ ਨੂੰ ਅਧਿਆਪਕ ਕਹਾਉਣ ਵਾਲਾ ਬਾਪ ਕਿਸੇ ਬੁੱਢੇ ਲਾੜੇ, ਜਿਸ ਨੇ ਵਾਰ-ਵਾਰ ਵਿਆਹ ਕਰਨ ਦਾ ਵਪਾਰ ਬਣਾਇਆ ਹੋਇਆ ਹੈ, ਵੀਹ ਲੱਖ ਰੁਪਏ ਦੇ ਕੇ ਇਸ ਕਰਕੇ ਅਮਰੀਕਾ ਵਿਆਹ ਦਿੰਦਾ ਹੈ ਤਾਂ ਜੋ ਉਸ ਦਾ ਅਲੱਥ ਪੁੱਤਰ ਰਿਸ਼ਤਿਆਂ ਦੇ ਤਾਣੇ-ਬਾਣੇ 'ਚ ਅਮਰੀਕਾ ਚਲਾ ਜਾਵੇ। ਕਿਸੇ ਹਾਣ-ਮੰਗਲ ਨੂੰ ਚਾਹੁਣ ਵਾਲੀ ਧੀ ਪ੍ਰੀਤ (ਰਮਨੀਤ ਮੀਤ) ਜਦੋਂ ਇਸ ਦਾ ਵਿਰੋਧ ਕਰਦੀ ਹੈ ਤਾਂ ਭਰਾ ਹੈਪੀ (ਗੁਰਸ਼ਾਨ ਸੋਖੋਂ) ਦਬਕੇ ਮਾਰਦਾ ਹੈ, ਮਾਂ ਸਤਿੰਦਰ (ਜਸਵਿੰਦਰ ਧਨੋਆ) ਵਿਰਾਸਤੀ ਮੱਤਾਂ ਦੇਂਦੀ ਹੈ ਅਤੇ ਅਧਿਆਪਕ ਲੱਗਾ ਬਾਪ ਗਿਆਨ ਸਿੰਘ (ਦਰਸ਼ਨ ਕਹਿਲ) ਘਰ 'ਚ ਡਾਲਰਾਂ ਦੀਆਂ ਬਰਕਤਾਂ ਤੇ ਘਰ 'ਚ ਖੁਸ਼ਹਾਲੀ ਲਈ ਜਜ਼ਬਾਤੀ ਹੋਇਆ ਬਾਪ ਦੀ ਇੱਜ਼ਤ ਰੱਖਣ ਲਈ ਆਪਣੀ ਇੱਜ਼ਤ ਪੱਗ ਹੀ ਲਾਹ ਕੇ ਧੀ ਦੇ ਪੈਰਾਂ 'ਚ ਰੱਖ ਦਿੰਦਾ ਹੈ। ਇਕ ਬੇਟੀ ਦੀ ਮਾਂ ਬਣ ਕੇ ਧੀ ਬੁੱਢੇ ਕੋਲ ਅਮਰੀਕਾ ਪੁੱਜਦੀ ਹੈ ਤਾਂ ਉਹ ਹਵਾਈ ਅੱਡੇ 'ਤੇ ਲੈਣ ਵੀ ਨਹੀਂ ਪਹੁੰਚਦਾ। ਇਕ ਪੰਜਾਬੀ ਟੈਕਸੀ ਡਰਾਇਵਰ ਸੁਖਦਿਆਲ (ਰਾਜ ਬਡਵਾਲ) ਉਸ ਨੂੰ ਉਸੇ ਪਤੇ 'ਤੇ ਲੈ ਕੇ ਜਾਂਦਾ ਹੈ ਤਾਂ ਵੀਹ ਲੱਖ ਲੈ ਕੇ ਸੌਦੇ ਅਧੀਨ ਲਿਆਉਣ ਵਾਲਾ ਬਘੇਲ ਸਿੰਘ (ਸੁਰਿੰਦਰ ਧਨੋਆ) 'ਤੇਰੇ ਜਿਹੀਆਂ ਵੀਹ ਆਈਆਂ ਤੇ ਹੋਰ ਵੀਹ ਆਉਣਗੀਆਂ' ਕਹਿ ਕੇ ਘਰੋਂ ਦੁਰਕਾਰ ਦਿੰਦਾ ਹੈ। ਪ੍ਰੀਤ ਫਿਰ ਸੁਖਦਿਆਲ ਦੇ ਘਰ ਹੀ ਰਹਿੰਦੀ ਹੈ। ਨਿੱਕੀ ਜਿਹੀ ਧੀ ਜਦੋਂ ਮਾਂ ਪ੍ਰੀਤ ਨੂੰ ਕਹਿੰਦੀ ਹੈ, "ਮੈਂ ਅੰਕਲ (ਸੁਖਦਿਆਲ) ਨੂੰ ਡੈਡੀ ਕਹਿ ਲਿਆ ਕਰਾਂ", ਘੂਰਨ ਵਾਲੀ ਮਾਂ ਫਿਰ ਆਪ ਹੀ ਸੁਖਦਿਆਲ ਨੂੰ ਆਖਦੀ ਹੈ, "ਬੇਟੀ ਹੁਣ ਤੁਹਾਨੂੰ ਡੈਡੀ ਕਹਿ ਲਿਆ ਕਰੇ?" ਤਾਂ ਜ਼ਮੀਨ ਕੰਬਦੀ ਹੈ।

ਪ੍ਰੋਫੈਸਰ (ਜਸਪਾਲ ਸੈਣੀ) ਹਰਮੇਲ ਸਿੰਘ ਨੂੰ ਪ੍ਰੀਤ ਨੂੰ ਘਰੇ ਲਿਆਉਣ ਦੀਆਂ ਮੱਤਾਂ ਦਿੰਦਾ ਹੈ। ਗੱਲ ਕੀ, ਨਾਟਕ ਦੀ ਸਮੁੱਚੀ ਕਹਾਣੀ ਹਰ ਪੈਰ 'ਤੇ ਬੜਾ ਦਰਦੀਲਾ ਮੋੜ ਕੱਟਦੀ ਹੈ, ਤੇ ਨਾਟਕ ਦੇਖਣ ਵਾਲਾ ਹਰ ਦਰਸ਼ਕ ਜਜ਼ਬਾਤੀ ਅਤੇ ਗੰਭੀਰ



ਦਿਲਾਵਰ ਚਾਹਲ

ਹੋ ਜਾਂਦਾ ਹੈ। ਅੱਜ ਦੇ ਹਾਲਾਤ ਮੁਤਾਬਕ ਵਿਦੇਸ਼ਾਂ 'ਚ ਆਉਣ ਲਈ ਅਪਣਾਏ ਜਾਂਦੇ ਗਲਤ ਤਰੀਕਿਆਂ 'ਤੇ ਚੋਟ ਵਜਾ ਕੇ ਘੰਟੀ ਨਹੀਂ, ਟੱਲ ਖੜਕਾਉਣ ਵਾਲਾ ਨਾਟਕ ਆਪਣੇ-ਆਪ ਵਿਚ ਪੰਜਾਬੀਆਂ ਨੂੰ ਸੁਚੇਤ ਕਰਨ ਵਿਚ ਸਫ਼ਲ ਯਤਨ ਬਣ ਜਾਂਦਾ ਹੈ।

ਹਾਸਰਸ ਪਾਤਰਾਂ ਵਿਚ ਬੋਲੇ ਦਾ ਰੋਲ ਕਰਨ ਵਾਲਾ ਦਿਲਾਵਰ ਚਹਿਲ, ਭਈਏ ਦੇ ਰੋਲ 'ਚ ਰਾਣਾ ਸੋਨੇ, ਘੁੱਗੀ ਤੇ ਭਾਪੇ ਦੇ ਰੋਲ 'ਚ ਪਾਲੀ ਧਨੋਆ ਮੁਕੰਮਲ ਪੇਸ਼ਕਾਰ ਬਣ ਕੇ ਨਿਤਰਦੇ ਹਨ। ਗੁਰਜਸਪਾਲ, ਦਰਸ਼ਨ ਔਜਲਾ, ਭੁਪਿੰਦਰ ਧਾਲੀਵਾਲ, ਗੁਰਜੀਤ ਕੌਰ, ਪਰਮਿੰਦਰ ਲਾਲੀ, ਬੱਚੇ ਹਰਕੀਰਤ, ਜਗਵੀਰ ਤੇ ਅਨੀਤਾ ਵੱਡੇ ਅਤੇ ਛੋਟੇ ਰੋਲ ਕਰਨ ਵਿਚ ਚੇਤੇ ਰੱਖੇ ਜਾਣਗੇ। ਆਪਣੇ ਹੀ ਯਤਨਾਂ ਨਾਲ ਪੰਜਾਬੀ ਰੰਗ-ਮੰਚ ਨੂੰ ਪ੍ਰਫੁੱਲਤ ਕਰਨ ਵਿਚ ਇਕ ਗੱਲ ਇਹ ਵੀ ਜੋੜੀ ਜਾਵੇਗੀ ਕਿ ਵਿਵੇਕ ਅਤੇ ਜਸਕੀਰਤ ਦਾ ਲਾਈਟ ਤੇ



ਦਰਸ਼ਨ ਖੇਲਾ

ਸਾਊਂਡ ਸਿਸਟਮ ਅਦਾਰੇ ਦੇ ਪ੍ਰਬੰਧ ਵਰਗਾ ਹੈ। ਨਾਟਕ ਦਾ ਟਾਈਟਲ ਗੀਤ ਅਲਫਾ 'ਤੇ 'ਅੱਖੀਆਂ ਤੋਂ ਦੂਰ ਜਾਈਂ ਨਾ' ਗਾਉਣ ਵਾਲੀ ਪਰਮਿੰਦਰ ਗਿੱਲ ਨੇ ਗਾਇਆ ਹੈ। ਕੁਝ ਗੀਤ ਪਾਕਿਸਤਾਨੀ ਗਾਇਕ ਮੀਜ਼ਾ ਖਾਨ ਤੇ ਮਸੱਰਤ ਨਜ਼ੀਰ ਦੇ ਸ਼ਾਮਲ ਕੀਤੇ ਗਏ ਹਨ। ਪਰਮਜੀਤ ਸਿੰਘ ਅਤੇ ਰੇਨੂੰ ਸਿੰਘ ਦਾ ਗਾਇਨ ਤੇ ਸੰਗੀਤ ਢੁੱਕਵੇਂ ਥਾਵਾਂ 'ਤੇ ਢੁੱਕਵਾਂ ਹੋਣ ਕਾਰਨ ਨਾਟਕ ਦੇ ਮੱਥੇ 'ਤੇ ਸ਼ੁਭ ਟਿੱਕੇ ਜਿਹੈ। ਚੰਗੀ ਗੱਲ ਹੈ ਸੁਰਿੰਦਰ ਧਨੋਏ ਨੂੰ ਮੋਨਿਕਾ ਉਪਲ ਵਰਗੀ ਸਟੇਜ ਸੰਚਾਲਕਾ ਮਿਲ ਗਈ ਹੈ।

ਪੰਜਾਬ ਲੋਕ ਮੰਚ ਦਾ ਵਿਦੇਸ਼ੀ ਧਰਤੀ 'ਤੇ ਸਹੀ ਮਾਅਨਿਆਂ 'ਚ ਸੰਪੂਰਨ ਅਤੇ ਸਫ਼ਲ ਯਤਨ ਸਲਾਹਿਆ ਵੀ ਜਾਣਾ ਚਾਹੀਦੈ, ਤੇ ਵਡਿਆਇਆ ਵੀ। ਹੰਸ ਨੂੰ ਕਾਂ ਕਹਿਣ ਵਾਲਿਆਂ ਨੂੰ ਅੱਖਾਂ 'ਤੇ ਛਿੱਟੇ ਮਾਰਨੇ ਚਾਹੀਦੇ ਹਨ। ਭਲਿਆਂ ਬੰਦਿਆਂ ਨੂੰ ਨਾਟਕ ਖਿਡਾ ਕੇ ਭਲੇ ਲੋਕਾਂ ਨੂੰ ਦਿਖਾ ਕੇ ਵਿਦੇਸ਼ਾਂ 'ਚ ਆਉਣ ਲਈ ਬੁੱਢਿਆਂ ਲੜ ਲਾ ਕੇ ਭੇਜੀਆਂ ਜਾਂਦੀਆਂ ਮਜਬੂਰ ਪਰ ਹੁਸੀਨ ਕੁੜੀਆਂ ਤੇ ਖੱਖੜੀਆਂ ਹੁੰਦੇ ਰਿਸ਼ਤਿਆਂ ਨੂੰ ਬਚਾਉਣ ਲਈ ਢਿੱਲੀ ਚੂਲ 'ਚ ਕਿੱਲ ਠੋਕਣ ਵਾਲਾ ਕਾਰਜ ਹੀ ਸਕਦੈ।

ਬਲਦੇ ਚਿਰਾਗਾਂ 'ਚ ਭਲੇ ਮਾਣਸਾਂ ਨੇ ਤੇਲ ਹੀ ਪਾਇਐ, ਲੱਤ ਨਹੀਂ ਮਾਰੀ। ਇਸ ਲਈ 'ਪੱਤਣਾਂ 'ਤੇ ਰੋਣ ਖੜ੍ਹੀਆਂ' ਨਾਟਕ ਦੇ ਹੱਕ 'ਚ ਦਿਲ-ਦਿਮਾਗ ਵਾਲੇ ਬੰਦਿਆਂ ਨੂੰ ਵੋਟ ਪਾਉਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਸਿਆਣੇ ਬੰਦੇ ਇਕ-ਸੁਰ ਹੋਣ ਵੇਲੇ ਸੁਰਾਂ ਨਾਲ ਛੇੜ-ਛਾੜ ਨਹੀਂ ਕਰਦੇ।

# ਮਿਸ ਪੂਜਾ ਦਾ ਫਰਾਡ ਸ਼ੋਅ

ਲੰਘੀ 16 ਜੁਲਾਈ ਨੂੰ ਫਰਿਜ਼ਨੋ ਵਿਚ ਮਿਸ ਪੂਜਾ ਦਾ ਸ਼ੋਅ ਹੋਇਆ ਜੋ ਪ੍ਰਬੰਧ ਅਤੇ ਕਲਾ ਦੇ ਪੱਖ ਤੋਂ ਪੂਰੀ ਤਰ੍ਹਾਂ ਊਣਾ ਸੀ। ਮੈਂ ਇਸ ਸ਼ਹਿਰ ਵਿਚ 20 ਕੁ ਕਲਾਕਾਰਾਂ ਦੇ 50 ਕੁ ਸ਼ੋਅ ਵੇਖੇ ਹਨ ਪਰ ਇਸ ਕਲਾਕਾਰ ਨੂੰ ਪਹਿਲਾਂ ਕਦੇ ਵੇਖਣ ਦਾ ਮੌਕਾ ਨਹੀਂ ਮਿਲਿਆ। ਦਿਲ ਵਿਚ ਬੜੀ ਤਮੰਨਾ ਸੀ ਇਸ ਕਲਾਕਾਰ ਦੀ ਕਲਾ ਦਾ ਵੀ ਅਨੰਦ ਮਾਣਿਆ ਜਾਵੇ। ਇਸ ਲਈ ਮੈਨੂੰ ਅਤੇ ਮੇਰੀ ਸਰਦਾਰਨੀ ਗੁਰਮੇਲ ਕੌਰ ਨੂੰ 16 ਜੁਲਾਈ ਦੀ ਬੇਸਬਰੀ ਨਾਲ ਉਡੀਕ ਸੀ।

ਪ੍ਰੋਗਰਾਮ ਦਾ ਸਮਾਂ 7 ਵਜੇ ਸ਼ਾਮ ਦਾ ਸੀ ਜੋ ਕਿ ਪੌਣੇ 2 ਘੰਟੇ ਲੇਟ 8:45 'ਤੇ ਸ਼ੁਰੂ ਹੋਇਆ। ਸਟੇਜ ਸੰਚਾਲਕ ਰਮਨਦੀਪ ਰਿੰਪੀ ਵਲੋਂ ਭੂਮਿਕਾ ਬੰਨ੍ਹੇ ਜਾਣ ਉਪਰੰਤ ਨਿਊ ਯਾਰਕ ਤੋਂ ਇਕ ਕਲਾਕਾਰ ਲਾਡੀ ਬਸਰਾ ਪੇਸ਼ ਹੋਇਆ। ਫਿਰ ਰੌਸ਼ਨ ਪ੍ਰਿੰਸ, ਗੀਤਾ ਜ਼ੈਲਦਾਰ ਆਏ। ਜਿਸ ਕਲਾਕਾਰ ਨੂੰ ਖਾਸ ਤੌਰ 'ਤੇ ਵੇਖਣ

**ਸੰਪਾਦਕ ਦੀ ਡਾਕ**

ਗਏ ਸੀ ਯਾਨਿ ਮਿਸ ਪੂਜਾ ਦੇ ਦਰਸ਼ਨ 10:40 'ਤੇ ਯਾਨਿ ਮਿਥੇ ਸਮੇਂ ਤੋਂ ਤਕਰੀਬਨ ਪੌਣੇ ਚਾਰ ਘੰਟੇ ਬਾਅਦ ਹੋਏ। ਉਸ ਨੇ ਗੱਲਬਾਤਾਂ ਅਤੇ ਗਾਉਣ ਨੂੰ ਕੁਲ 30 ਮਿੰਟ ਦਿੱਤੇ। 11:10 ਉਪਰ ਪ੍ਰਬੰਧਕਾਂ ਨੇ ਆਪਣੇ ਸਪਾਂਸਰਾਂ ਨੂੰ ਸਨਮਾਨਤ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।

ਜਿਥੋਂ ਤੱਕ ਸਰੋਤਿਆਂ ਦੇ ਨੱਚਣ ਦਾ ਸਵਾਲ ਹੈ, ਪਹਿਲਾਂ ਪ੍ਰਿੰਸ ਅਤੇ ਫੇਰ ਗੀਤਾ ਜ਼ੈਲਦਾਰ ਸਰੋਤਿਆਂ ਦੇ ਵਿਚ ਆ ਕੇ ਨੱਚਣ ਗਾਉਣ ਲੱਗ ਪਏ ਤਾਂ ਕੁਝ ਮੁੰਡੇ ਉਨ੍ਹਾਂ ਦੇ ਨਾਲ ਨੱਚਣ ਲੱਗ ਪਏ ਜੋ ਕੁਲ ਸਰੋਤਿਆਂ ਦਾ ਦੋ-ਢਾਈ ਪ੍ਰਤੀਸ਼ਤ ਤੋਂ ਵੱਧ ਨਹੀਂ ਸੀ। ਜਦਕਿ ਇਹ ਸਭ ਕੁਝ ਸ਼ਾਂਤੀ ਪਸੰਦ ਸਰੋਤਿਆਂ ਵਾਸਤੇ ਹੁੱਲੜਬਾਜ਼ੀ ਹੀ ਸੀ। ਕਿਉਂਕਿ ਜਦ ਕਿਸੇ ਦੇ ਸਾਹਮਣੇ ਕੋਈ ਉਠ ਕੇ ਨੱਚਣ ਲੱਗ ਜਾਵੇ ਤਾਂ ਪਿਛਲੇ ਵਾਲੇ ਜਾਂ ਤਾਂ ਮਜਬੂਰਨ ਉਠਣਗੇ ਜਾਂ ਮਨ ਮਸੋਸ ਕੇ ਬੈਠੇ ਰਹਿਣਗੇ। ਐਸਾ ਹੀ ਉਸ ਸ਼ੋਅ ਵਿਚ ਹੋਇਆ। ਜਦਕਿ ਸਾਰੇ ਹਾਲ ਵਿਚ ਜਨਾਨੀਆਂ ਸਿਰਫ ਦੋ ਕੁ ਹੀ ਨੱਚਦੀਆਂ ਰਹੀਆਂ ਜੋ ਸ਼ਾਇਦ ਪ੍ਰਬੰਧਕਾਂ ਦੇ ਪਰਿਵਾਰਾਂ ਨਾਲ ਸਬੰਧ ਰੱਖਦੀਆਂ ਸਨ। ਜਦੋਂ ਪ੍ਰਿੰਸ ਅਤੇ ਗੀਤਾ ਜ਼ੈਲਦਾਰ ਸਰੋਤਿਆਂ ਨਾਲ ਆ ਕੇ ਨੱਚਣ ਲਗਦੇ ਸਨ ਤਾਂ ਮੂਹਰਲੀਆਂ 10-12 ਲਾਈਨਾਂ ਦੇ ਸਰੋਤਿਆਂ ਨੂੰ ਧੌਣਾਂ ਘੁਮਾ ਕੇ ਪਿੱਛੇ ਵੇਖਣਾ ਪੈਂਦਾ ਸੀ। ਇਹ ਸ਼ਾਇਦ ਉਨ੍ਹਾਂ ਨੂੰ ਵੀ.ਵੀ.ਆਈ.ਪੀ. ਜਾਂ ਵੀ.ਆਈ.ਪੀ. ਹੋਣ ਦਾ ਇਨਾਮ ਜਾਂ ਸਜ਼ਾ ਸੀ।

ਮੈਂ ਗੁਰਦਾਸ ਮਾਨ ਦੇ ਬਹੁਤ ਵਾਰ ਸ਼ੋਅ ਵੇਖੇ ਹਨ। ਪਿਛਲੇ ਸਾਲ ਵੀ ਉਸ ਦਾ ਫਰਿਜ਼ਨੋ ਵਿਚ ਸ਼ੋਅ ਸੀ। ਉਹ ਪ੍ਰੋਗਰਾਮ ਸ਼ੁਰੂ ਹੋਣ ਤੋਂ ਖਤਮ ਹੋਣ ਤੱਕ ਪੂਰੇ ਤਿੰਨ ਘੰਟੇ ਸਟੇਜ ਉਪਰ ਰਿਹਾ ਜਦਕਿ ਇਸ ਪ੍ਰੋਗਰਾਮ ਦੇ ਮੁੱਖ ਕਲਾਕਾਰ ਨੇ 30 ਮਿੰਟ ਨਾਲ ਹੀ ਸਾਰ ਦਿੱਤਾ ਜੋ ਕਿ ਮੈਂ ਸਮਝਦਾਂ ਇਹ ਸਰੋਤਿਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਸੀ। ਹਾਂ, ਵਪਾਰਕ ਪੱਖ ਤੋਂ ਪ੍ਰਬੰਧਕਾਂ ਅਤੇ ਕਲਾਕਾਰਾਂ ਵਾਸਤੇ ਪੂਰਾ ਕਾਮਯਾਬ ਸ਼ੋਅ ਸੀ, ਪਰ ਕਲਾ ਦੇ ਪੱਖ ਤੋਂ ਪੂਰੀ ਤਰ੍ਹਾਂ ਊਣਾ।

*-ਦਲੀਪ ਸਿੰਘ ਮੰਜ਼ਿਲ*
*ਫੋਨ:559-824-1983*

# ਆਮਿਰ ਖਾਨ ਨੂੰ ਅਦਾਲਤ ਵੱਲੋਂ ਨੋਟਿਸ

**ਅਲਾਹਾਬਾਦ (ਪੰਜਾਬ ਟਾਈਮਜ਼ ਬਿਊਰੋ):** ਅਲਾਹਾਬਾਦ ਉਚ-ਅਦਾਲਤ ਨੇ ਫ਼ਿਲਮ 'ਡੇਲ੍ਹੀ ਬੇਲੀ' ਦੇ ਇਕ ਵਿਵਾਦਪੂਰਨ ਗੀਤ ਨੂੰ ਫ਼ਿਲਮ 'ਚ ਦਿਖਾਏ ਜਾਣ ਸਬੰਧੀ ਅਦਾਕਾਰ ਆਮਿਰ ਖਾਨ, ਕੇਂਦਰ ਸਰਕਾਰ ਤੇ ਸੈਂਸਰ ਬੋਰਡ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

ਸੌਮਿਤਰ ਤ੍ਰਿਵੇਦੀ ਦੀ ਜਨਹਿਤ ਅਪੀਲ 'ਤੇ ਸੁਣਵਾਈ ਕਰਦੇ ਹੋਏ ਜੱਜ ਇਮਤਿਆਜ਼ ਮੁਰਤਜ਼ਾ ਤੇ ਜੱਜ ਜੈ ਸ੍ਰੀ ਤਿਵਾੜੀ ਦੀ ਬੈਂਚ ਨੇ ਇਹ ਨੋਟਿਸ ਜਾਰੀ ਕੀਤਾ। ਇਸਤਗਾਸਾ ਧਿਰ ਦੇ ਵਕੀਲ ਵਿਨੈ ਸ਼ਰਨ ਨੇ ਦੱਸਿਆ ਕਿ ਜਨਹਿਤ ਅਪੀਲ 'ਚ ਫ਼ਿਲਮ ਦੇ ਗੀਤ 'ਭਾਗ ਡੀ. ਕੇ. ਬੋਸ...' ਇਤਰਾਜ਼ ਜਨਕ ਸ਼ਬਦ ਕੱਟਣ ਤੇ ਸਰਵਜਨਕ ਤੌਰ 'ਤੇ ਨਾ ਦਿਖਾਏ ਜਾਣ ਦੀ ਗੱਲ ਕਹੀ ਗਈ ਸੀ।

# 'ਨਾਮ ਹੈ ਪਾਕਿਸਤਾਨ, ਦਹਿਸ਼ਤਗਰਦੀ ਹੈ ਪਹਿਚਾਨ'

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਇਹ ਜੁਮਲਾ ਪਾਕਿਸਤਾਨ ਦੇ ਮਸ਼ਹੂਰ ਪੱਤਰਕਾਰ, ਤਰਜ਼ੀਆਕਾਰ ਅਤੇ ਟੀ.ਵੀ. ਐਂਕਰ ਕਾਮਰਾਨ ਖ਼ਾਨ ਨੇ ਆਪਣੇ ਦੇਸ਼ ਦੇ ਲਮਹਾ-ਏ-ਫ਼ਿਕਰੀਆ ਬਾਰੇ ਤਬਸਰਾ ਕਰਦਿਆਂ ਬੋਲਿਆ ਸੀ। ਇਹ ਸਤਰ ਪਾਕਿਸਤਾਨ ਦੀ ਜ਼ਮੀਨੀ ਸੱਚਾਈ ਨੂੰ ਬੜੀ ਬਾਖ਼ੂਬੀ ਬਿਆਨਦੀ ਹੈ। ਇਸ ਗੱਲੋਂ ਕੋਈ ਵੀ ਇਨਕਾਰੀ ਨਹੀਂ ਕਿ ਅੱਜ ਦਹਿਸ਼ਤਵਾਦ ਅਤੇ ਕਤਲੋਗਾਰਤ ਕਿਸੇ ਨਾ ਕਿਸੇ ਸ਼ਕਲ 'ਚ ਪਾਕਿਸਤਾਨ ਦਾ ਮੁੱਖ ਵਰਤਾਰਾ ਬਣ ਗਿਆ ਹੈ। ਕਰਾਚੀ ਜਿਸ ਨੂੰ ਪਾਕਿਸਤਾਨ ਦੀ ਵਾਪਰਕ ਰਾਜਧਾਨੀ ਵੀ ਕਿਹਾ ਜਾਂਦਾ ਹੈ ਤੇ ਮਿੰਨੀ ਪਾਕਿਸਤਾਨ ਵੀ, ਇਸ ਰੁਝਾਨ ਦੀ ਮੂੰਹ ਬੋਲਦੀ ਤਸਵੀਰ ਹੈ। ਇੱਥੇ ਭੱਤਾ ਮਾਫ਼ੀਆ, ਕਬਜ਼ਾ ਮਾਫ਼ੀਆ ਅਤੇ ਜ਼ਮੀਨ ਮਾਫ਼ੀਆ ਇੰਨੇ ਸਰਗਰਮ ਹਨ ਕਿ ਕੰਮਕਾਜੀ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ, ਤੇ ਇਨ੍ਹਾਂ ਸਭ ਨੂੰ ਕਿਸੇ ਨਾ ਕਿਸੇ ਸਿਆਸੀ ਪਾਰਟੀ ਦੀ ਸਰਪ੍ਰਸਤੀ ਹਾਸਲ ਹੈ। ਪਾਕਿਸਤਾਨ 'ਚ ਉਨੇ ਜਾਇਜ਼ ਤੇ ਨਾਜਾਇਜ਼ ਹਥਿਆਰ ਨਹੀਂ, ਜਿੰਨੇ ਇਕੱਲੇ ਕਰਾਚੀ ਸ਼ਹਿਰ ਵਿਚ ਹਨ। 'ਟਾਰਗੈਟ ਕਿਲਿੰਗ' ਇਥੋਂ ਦੀ ਆਮ ਭਾਸ਼ਾ ਦਾ ਸ਼ਬਦ ਬਣ ਗਿਆ ਹੈ।

ਜੁਲਾਈ ਦੇ ਪਹਿਲੇ ਹਫ਼ਤੇ ਦੇ ਤਿੰਨ ਦਿਨਾਂ 'ਚ 94 ਲੋਕ ਕਤਲ ਹੋਏ ਅਤੇ ਸੈਂਕੜੇ ਜ਼ਖ਼ਮੀ ਹੋਏ। ਅਗਲੇ ਦਿਨ ਸੂਬੇ ਦੇ ਸਾਬਕਾ ਗ੍ਰਹਿ ਮੰਤਰੀ ਦੇ ਬੇਹੂਦਾ ਬਿਆਨ 'ਤੇ ਲੋਕ ਇੰਨੇ ਭੜਕੇ ਕਿ ਇਕੋ ਦਿਨ 'ਚ 20 ਲੋਕ ਮਾਰੇ ਗਏ, 35 ਜ਼ਖ਼ਮੀ ਹੋਏ ਅਤੇ 40 ਵਾਹਨਾਂ ਨੂੰ ਅੱਗ ਲਾ ਦਿੱਤੀ ਗਈ। ਬਾਕੀ ਡਕੈਤੀ ਤਾਂ ਇੱਥੇ ਵੀ ਲਾਹੌਰ, ਰਾਵਲਪਿੰਡੀ ਜਾਂ ਇਸਲਾਮਾਬਾਦ 'ਚ ਜਿੰਨੀ ਹੀ ਹੈ। ਪਿਸਤੌਲਧਾਰੀ ਕਾਰ ਜਾਂ ਸਕੂਟਰ ਰੋਕਦੇ ਹਨ ਅਤੇ ਅਗਲਾ ਚੁੱਪ-ਚਾਪ ਮੋਬਾਈਲ ਫੋਨ ਤੇ ਪਰਸ ਦੇ ਦਿੰਦਾ ਹੈ, ਤੇ ਠੀਕ-ਠਾਕ ਘਰ ਪਹੁੰਚ ਜਾਂਦਾ ਹੈ। ਇਸੇ ਕਰਾਚੀ 'ਚ ਦਾਊਦ ਇਬਰਾਹੀਮ ਵੀ ਵੱਸਦਾ ਹੈ, ਤੇ ਇਸੇ ਸ਼ਹਿਰ 'ਚੋਂ ਪਿਛਲੇ ਦਿਨੀਂ ਭਾਰਤੀ ਜਾਅਲੀ ਕਰੰਸੀ ਦੀ ਫੈਕਟਰੀ ਫੜ੍ਹ ਹੋਈ ਸੀ। ਪਾਕਿਸਤਾਨ ਸਰਕਾਰ ਭਾਵੇਂ ਇਸ ਨੂੰ ਨਿਰੋਲ ਲਾ-ਕਾਨੂੰਨੀ ਦਾ ਮਸਲਾ ਕਹਿ ਕੇ ਅਤਿਵਾਦ ਨਾਲੋਂ ਨਿਖੇੜ ਲੈਂਦੀ ਹੈ ਪਰ ਅਸਲ 'ਚ ਇਹ ਕੌਮੀ ਅਤਿਵਾਦ ਦੀ ਹੀ ਇਕ ਵੰਨਗੀ ਹੈ। ਦਾਊਦ ਇਬਰਾਹੀਮ ਦੀ ਪੁਸ਼ਤਪਨਾਹੀ ਤੋਂ ਬਿਨਾਂ ਆਈ.ਐਸ.ਆਈ. ਇਥੇ ਇੰਨੀ ਜ਼ਿਆਦਾ ਸਰਗਰਮ ਨਹੀਂ ਹੈ। ਇੱਥੇ ਸਿੰਧ ਦੀਆਂ ਸਿਆਸੀ ਪਾਰਟੀਆਂ ਜ਼ਿਆਦਾ ਕਾਰਜਸ਼ੀਲ ਹਨ।

ਦਹਿਸ਼ਤਗਰਦੀ ਦੀ ਅਗਲੀ ਵੰਨਗੀ ਅਜਿਹੇ ਦਹਿਸ਼ਤਗਰਦ ਗਰੁਪ ਹਨ ਜਿਨ੍ਹਾਂ ਨੂੰ ਮਦਦ ਵੀ ਪਾਕਿਸਤਾਨ 'ਚ ਹੀ ਮਿਲਦੀ ਹੈ ਅਤੇ ਉਹ ਹਮਲੇ ਵੀ ਇਥੇ ਹੀ ਕਰਦੇ ਹਨ; ਜਿਵੇਂ ਪੰਜਾਬੀ ਤਾਲਿਬਾਨ ਜਾਂ ਤਹਿਰੀਕ-ਏ-ਤਾਲਿਬਾਨ ਆਦਿ। ਇਹ ਲੋਕ ਜ਼ਿਆਦਾਤਰ ਬੰਬਾਂ ਜਾਂ ਆਤਮਘਾਤੀਆਂ ਦੀ ਵਰਤੋਂ ਕਰਦੇ ਹਨ। ਪਾਕਿਸਤਾਨ ਦੇ ਬਾਜ਼ਾਰਾਂ, ਮਸਜਿਦਾਂ ਜਾਂ ਦਰਗਾਹਾਂ 'ਤੇ ਇਹੀ ਗਰੁਪ ਹਮਲੇ ਕਰਦੇ ਹਨ। ਪਾਕਿਸਤਾਨ 'ਚ ਸੁਰੱਖਿਆ ਕਰਮੀਆਂ ਜਾਂ ਫ਼ੌਜੀ ਕੇਂਦਰਾਂ ਨੂੰ ਵੀ ਇਨ੍ਹਾਂ ਕਈ ਵਾਰ ਨਿਸ਼ਾਨਾ ਬਣਾਇਆ ਹੈ। ਸ੍ਰੀਲੰਕਾ ਦੀ ਕ੍ਰਿਕਟ ਟੀਮ 'ਤੇ ਹਮਲੇ 'ਚ ਵੀ ਇਸੇ ਵੰਨਗੀ ਦੇ ਦਹਿਸ਼ਤਗਰਦ ਸ਼ਾਮਲ ਸਨ। ਇਸ ਤੋਂ ਅੱਗੇ ਐਸੇ ਇੰਤਹਾਪਸੰਦ ਗਰੁਪ ਹਨ ਜਿਨ੍ਹਾਂ ਦੀ ਸਿੱਧੀ ਪੁਸ਼ਤਪਨਾਹੀ ਆਈ. ਐਸ. ਆਈ. ਕਰਦੀ ਹੈ। ਇਨ੍ਹਾਂ 'ਚ ਦੇਸੀ ਅਤਿਵਾਦੀ ਵੀ ਸ਼ਾਮਲ ਹਨ, ਤੇ ਵਿਦੇਸ਼ੀ ਵੀ; ਜਿਵੇਂ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਜਮਾਤ-ਏ-ਦਾਅਵਾ, ਹਰਕਤ-ਉਲ-ਜਿਹਾਦ-ਅਲ-ਇਸਲਾਮੀ, ਹੱਕਾਨੀ ਨੈਟਵਰਕ, ਅਲ-ਕਾਇਦਾ ਜਾਂ ਤਾਲਿਬਾਨ ਆਦਿ। ਇਨ੍ਹਾਂ 'ਚ ਇਲਿਆਸ ਕਸ਼ਮੀਰ ਅਤੇ ਹੱਕਾਨੀ ਵਰਗੇ ਦੇਸੀ ਅਤਿਵਾਦੀਆਂ ਤੋਂ ਬਿਨਾਂ ਅਫ਼ਗਾਨ, ਅਰਬ, ਚੇਚਨ ਅਤੇ ਸੋਮਾਲੀ ਵੀ ਸ਼ਾਮਲ ਹਨ। ਇਸ ਸਾਰੇ ਨਾਨਕਾ-ਦਾਦਕਾ ਮੇਲ ਦੀ ਕਿਸੇ ਨਾ ਕਿਸੇ ਤਰ੍ਹਾਂ ਮੇਜ਼ਮਾਨੀ ਤਾਂ ਆਈ.ਐਸ.ਆਈ ਹੀ ਕਰਦੀ ਹੈ ਕਿਉਂਕਿ ਇਨ੍ਹਾਂ ਸਭ ਦੇ ਹੈਡਕੁਆਰਟਰ ਪਾਕਿਸਤਾਨ ਵਿਚ ਹੀ ਹਨ।

ਸਵਾਲ ਹੈ ਕਿ ਆਈ.ਐਸ.ਆਈ. ਇਨ੍ਹਾਂ ਸਭ ਦੀ ਸਾਂਭ-ਸੰਭਾਲ ਕਿਉਂ ਕਰਦੀ ਹੈ? ਪਿਛਲੇ ਦਿਨੀਂ ਪਾਕਿਸਤਾਨੀ ਦਹਿਸ਼ਤਗਰਦਾਂ ਦੇ ਇਕ ਸਾਬਕਾ ਕਮਾਂਡਰ ਨੇ ਅਖਬਾਰ 'ਨਿਊ ਯਾਰਕ ਟਾਈਮਜ਼' ਨਾਲ ਗੱਲਬਾਤ ਦੌਰਾਨ ਇਸ ਸਵਾਲ ਦਾ ਬੜਾ ਸਪਸ਼ਟ ਅਤੇ ਵੇਰਵੇ ਵਾਲਾ ਜਵਾਬ ਦਿੱਤਾ ਹੈ। ਉਸ ਅਨੁਸਾਰ ਵੱਖ-ਵੱਖ ਵੰਨਗੀਆਂ ਦੀਆਂ ਦਹਿਸ਼ਤਗਰਦ ਤਨਜ਼ੀਮਾਂ ਅਤੇ ਅਤਿਵਾਦੀ ਆਈ.ਐਸ.ਆਈ. ਲਈ ਪਾਕਿਸਤਾਨ ਦੇ ਅਸਾਸੇ ਹਨ ਜਿਨ੍ਹਾਂ ਨੂੰ ਉਸ ਨੇ ਦੇਸ਼ ਵਿਚ ਵੱਖ-ਵੱਖ ਕੰਮਾਂ ਲਈ ਵਰਤਣਾ ਹੈ। ਜਿਵੇਂ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਅਤੇ ਜਮਾਤ-ਏ-ਦਾਅਵਾ ਨੂੰ ਭਾਰਤ 'ਚ ਅਤਿਵਾਦੀ ਐਕਸ਼ਨਾਂ ਲਈ ਵਰਤਿਆ ਜਾਂਦਾ ਹੈ, ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਮੱਦਦ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਦੇਸ਼ ਤੇ ਧਰਮ ਦੇ ਸੱਚੇ ਸੇਵਕ ਦੇ ਤੌਰ 'ਤੇ ਪ੍ਰਚਾਰਿਆ ਜਾਂਦਾ ਹੈ। ਬਦਲੇ ਵਿਚ ਇਹ ਜਥੇਬੰਦੀਆਂ ਹੀ ਫੌਜ ਦੀ ਵਤਨਪ੍ਰਸਤੀ ਅਤੇ ਇਸਲਾਮਪ੍ਰਸਤੀ ਦਾ ਢੰਡੋਰਾ ਪਿੱਟਦੀਆਂ ਹਨ।

ਹੱਕਾਨੀ ਅਤੇ ਇਲਿਆਸ ਕਸ਼ਮੀਰੀ ਵਰਗੇ ਦਹਿਸ਼ਤਗਰਦ ਤਨਜ਼ੀਮਾਂ ਨੂੰ ਅਫ਼ਗਾਨਿਸਤਾਨ 'ਚ ਅਮਰੀਕੀ ਤੇ ਨਾਟੋ ਫੌਜਾਂ ਖ਼ਿਲਾਫ਼ ਵੀ ਵਰਤਿਆ ਜਾਂਦਾ ਹੈ, ਤੇ ਕਦੇ-ਕਦੇ ਅਫ਼ਗਾਨਿਸਾਨ 'ਚ ਭਾਰਤ ਵਿਰੋਧੀ ਕਾਰਵਾਈਆਂ ਲਈ ਵੀ; ਜਿਵੇਂ ਭਾਰਤੀ ਦੂਤਘਰ 'ਤੇ ਹਮਲਾ ਜਾਂ ਉਥੇ ਭਾਰਤੀ ਵਰਕਰਾਂ ਦਾ ਕਤਲ ਜਾਂ ਅਗਵਾ ਆਦਿ। ਆਈ.ਐਸ.ਆਈ. ਅਲ-ਕਾਇਦਾ ਅਤੇ ਤਾਲਿਬਾਨ ਨੂੰ ਨਿਰੋਲ ਅਮਰੀਕੀ ਤੇ ਨਾਟੋ ਫ਼ੌਜਾਂ ਖ਼ਿਲਾਫ਼ ਲੜਾਈ 'ਚ ਮਦਦ ਵੀ ਦਿੰਦੀ ਹੈ ਤੇ ਅਮਰੀਕੀ ਤੇ ਨਾਟੋ ਫੌਜਾਂ ਨਾਲ ਰਲ ਕੇ ਇਨ੍ਹਾਂ 'ਤੇ ਹਮਲੇ ਵੀ ਕਰਵਾਉਂਦੀ ਹੈ।

ਇਸ ਸਾਬਕਾ ਕਮਾਂਡਰ ਅਨੁਸਾਰ ਤਾਂ ਪਾਕਿ ਫੌਜੀ ਅਫ਼ਸਰ ਕਈ ਵਾਰ ਤਾਲਿਬਾਨ ਦੀਆਂ ਮੀਟਿੰਗਾਂ 'ਚ ਵੀ ਹਾਜ਼ਰ ਹੁੰਦੇ ਹਨ। ਪਾਕਿ ਫੌਜ ਦੀ ਇੱਛਾ ਹੈ ਕਿ ਨਾ ਅਮਰੀਕਾ ਨੂੰ ਜਿੱਤਣ ਦੇਣਾ ਹੈ ਅਤੇ ਨਾ ਹੀ ਅਲ-ਕਾਇਦਾ ਤੇ ਤਾਲਿਬਾਨ ਨੂੰ। ਇਹ ਜੰਗ ਜਾਰੀ ਰਹਿਣੀ ਚਾਹੀਦੀ ਹੈ ਤੇ ਅਮਰੀਕੀ ਧਨ ਦਾ ਖਾਲ ਵਗਦਾ ਰਹਿਣਾ ਚਾਹੀਦਾ ਹੈ। ਇਕ ਹੋਰ ਰਿਪੋਰਟ ਅਨੁਸਾਰ ਦਾਊਦ ਇਬਰਾਹੀਮ ਜਾਂ ਹੋਰ ਅਜਿਹੇ ਭਾਰਤ ਵਿਰੋਧੀ ਸ਼ਖ਼ਸਾਂ ਨੂੰ ਆਈ.ਐਸ.ਆਈ. ਭਾਰਤ ਵਿਚ ਆਪਣੇ ਸੈਲ ਕਾਇਮ ਕਰਨ ਲਈ ਵਰਤਦੀ ਹੈ। ਆਈ. ਐਸ. ਆਈ. ਦੀ ਮਦਦ ਲੈਣ ਵਾਲੇ ਇਹ ਇੰਤਹਾਪਸੰਦ ਗਰੁਪ ਕਈ ਵਾਰ ਫੌਜ ਨਾਲ ਨਾਰਾਜ਼ਗੀ ਕਾਰਨ ਜਾਂ ਆਪਣੇ ਸਵਾਰਥ ਲਈ ਮਨਮਰਜ਼ੀ ਵੀ ਕਰ ਲੈਂਦੇ ਹਨ, ਤੇ ਕਈ ਵਾਰ ਫੌਜ ਵਿਰੋਧੀ ਕਾਰਵਾਈ ਵੀ ਕਰ ਜਾਂਦੇ ਹਨ; ਮਸਲਨ, ਪਾਕਿ ਪੁਲਿਸ ਟ੍ਰੇਨਿੰਗ ਸੈਂਟਰ ਲਾਹੌਰ 'ਤੇ ਹਮਲਾ ਜਾਂ ਰਾਵਲਪਿੰਡੀ ਵਿਖੇ ਫੌਜੀ ਟਿਕਾਣੇ ਨਾਲ ਦੀ ਮਸਜਿਦ 'ਤੇ ਆਤਮਘਾਤੀ ਹਮਲਾ ਜਾਂ ਕਰਾਚੀ ਨੇੜੇ ਮਹਿਰਾਨ ਨੇਵੀ ਬੇਸ 'ਤੇ ਹਮਲਾ ਜਾਂ ਸ਼ਬਕਦਰ ਇਲਾਕੇ 'ਚ ਪੈਰਾ-ਮਿਲਟਰੀ ਕੈਡਟਾਂ 'ਤੇ ਹਮਲਾ ਜਿਸ ਵਿਚ 30-40 ਨੌਜਵਾਨ ਮਾਰੇ ਗਏ ਸਨ। ਇਹੋ ਜਿਹੇ ਹਮਲੇ ਫੌਜ ਨਾਲ ਨਾਰਾਜ਼ਗੀ ਦਾ ਇਜ਼ਹਾਰ ਹੁੰਦੇ ਹਨ।

ਲੋੜ ਪੈਣ 'ਤੇ ਆਈ.ਐਸ.ਆਈ. ਅਤੇ ਉਸ ਦੇ ਸਾਥੀ ਦਹਿਸ਼ਤਗਰਦ ਗਰੁੱਪ ਇਕ-ਦੂਜੇ ਨਾਲ ਦਗਾ ਵੀ ਕਰ ਜਾਂਦੇ ਹਨ। ਜਿਵੇਂ 26/11 ਦੀ ਕਾਰਵਾਈ ਸਕੀਮ ਤਾਂ ਨਿਰੋਲ ਆਈ.ਐਸ. ਆਈ. ਦੀ ਸੀ। ਉਹ ਹੀ ਡੇਵਿਡ ਹੈਡਲੀ, ਲਸ਼ਕਰ-ਏ-ਤੋਇਬਾ ਅਤੇ ਇਲਿਆਸ ਕਸ਼ਮੀਰੀ ਵਿਚ ਤਾਲਮੇਲ ਕਰ ਰਹੀ ਸੀ ਪਰ ਸਿਰੇ ਚਾੜ੍ਹਨ ਵੇਲੇ ਇਸ ਨੂੰ ਹਾਈਜੈਕ ਇਲਿਆਸ ਕਸ਼ਮੀਰੀ ਕਰਕੇ ਲੈ ਗਿਆ ਅਤੇ ਉਸ ਨੇ ਆਪਣੀ ਲੋੜ ਲਈ ਇਹ ਕਾਰਾ ਇੰਨੇ ਵੱਡੇ ਪੱਧਰ 'ਤੇ ਕਰ ਦਿੱਤਾ ਤਾਂ ਕਿ ਭਾਰਤ ਫੌਰਨ ਪਾਕਿਸਤਾਨ 'ਤੇ ਹਮਲਾ ਕਰ ਦੇਵੇ ਤਾਂ ਜੋ ਉਸ ਨੂੰ ਆਪਣੀਆਂ ਫੌਜਾਂ ਅਫਗਾਨ ਸਰਹੱਦ ਤੋਂ ਹਟਾਉਣੀਆਂ ਪੈ ਜਾਣ ਤੇ ਸਾਰੇ ਜਹਾਦੀ ਗਰੁੱਪ ਅਮਰੀਕਾ ਨੂੰ ਮਾਤ ਦੇ ਸਕਣ। ਇੰਜ ਹੀ 9/11 ਤੋਂ ਬਾਦ ਅਫ਼ਗਾਨਿਸਤਾਨ 'ਤੇ ਅਮਰੀਕੀ ਹਮਲੇ 'ਚ ਪਾਕਿ ਫੌਜ ਅਮਰੀਕੀ ਫੌਜਾਂ ਦੇ ਨਾਲ ਸੀ ਪਰ ਤਾਲਿਬਾਨ ਅਤੇ ਅਲਕਾਇਦਾ ਲੀਡਰਸ਼ਿਪ ਨੂੰ ਤੋਰਾ-ਬੋਰਾ ਤੋਂ ਬਚਾ ਕੇ ਵਜ਼ੀਰਸਤਾਨ 'ਚ ਤਾਂ ਆਈ.ਐਸ.ਆਈ. ਹੀ ਲੈ ਕੇ ਆਈ ਸੀ। ਇਸ ਦਾ ਪਰਵੇਜ਼ ਮੁਸ਼ੱਰਫ਼ ਤੱਕ ਨੂੰ ਵੀ ਉਸ ਨੇ ਪਤਾ ਨਹੀਂ ਲੱਗਣ ਦਿੱਤਾ। ਆਈ.ਐਸ.ਆਈ ਦੀ ਇਸੇ ਇਕ ਕਾਰਵਾਈ ਨੇ ਅਮਰੀਕਾ ਨੂੰ ਅੱਜ ਤੱਕ ਇੱਥੇ ਉਲਝਾ ਰੱਖਿਆ ਹੈ।

ਇਹ ਗੱਲ ਜਾਣ ਲੈਣਾ ਵੀ ਕੋਈ ਘੱਟ ਦਿਲਚਸਪ ਨਹੀਂ ਕਿ ਇਕ ਛੋਟੇ ਜਿਹੇ ਮੁਲਕ ਦੀ ਫੌਜ ਦਾ ਇਹ ਸਾਧਾਰਨ ਜਿਹਾ ਅਦਾਰਾ ਦੇਸ਼ ਦੀ ਸ਼ਕਤੀ ਦਾ ਕੇਂਦਰ ਤੇ ਸੰਸਾਰ ਦੀ ਚਰਚਾ ਦਾ ਵਿਸ਼ਾ ਕਿਵੇਂ ਬਣਿਆ? 1948 ਦੀ ਭਾਰਤ ਨਾਲ ਲੜਾਈ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਐਸੇ ਅਦਾਰੇ ਦੀ ਲੋੜ ਮਹਿਸੂਸ ਕੀਤੀ ਜੋ ਫੌਜ ਦੇ ਤਿੰਨਾਂ ਵਿੰਗਾਂ-ਫੌਜ, ਨੇਵੀ ਤੇ ਏਅਰ ਫੋਰਸ ਵਿਚ ਤਾਲਮੇਲ ਰੱਖ ਸਕੇ। ਇਹ ਤਿੰਨੇ ਵਿੰਗ ਆਪੋ-ਆਪਣੀ ਖੁਫੀਆ ਰਿਪੋਰਟ ਇਕ ਥਾਂ 'ਤੇ ਸਾਂਝੀ ਕਰ ਸਕਣ। ਇਸ ਆਸ਼ੇ ਨੂੰ ਮੁੱਖ ਰੱਖ ਕੇ ਇਹ 'ਇੰਟਰ-ਸਰਵਿਸਿਜ਼ ਇੰਟੈਲੀਜੈਂਸ' ਨਾਂ ਦਾ ਅਦਾਰਾ ਕਾਇਮ ਕੀਤਾ ਗਿਆ ਜੋ ਬਾਅਦ 'ਚ ਆਈ.ਐਸ.ਆਈ. ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਜਦੋਂ 1950 'ਚ ਪਾਕਿਸਤਾਨ ਨੇ ਆਪਣੇ ਆਪ ਨੂੰ ਸੰਸਾਰ ਦੇ ਕਮਿਊਨਿਸਟ ਵਿਰੋਧੀ ਗੁੱਟ 'ਚ ਸ਼ਾਮਲ ਕਰ ਲਿਆ ਤਾਂ ਅਮਰੀਕਾ ਤੇ ਉਸ ਦੇ ਸਾਥੀ ਕਮਿਊਨਿਸਟ ਵਿਰੋਧੀ ਮੁਲਕਾਂ ਨੇ ਉਸ ਨੂੰ ਇਸ ਖਿੱਤੇ 'ਚ ਆਪਣਾ ਤਕੜਾ ਕੇਂਦਰ ਬਣਾਉਣ ਦੀ ਠਾਣ ਲਈ। ਹਰ ਕਿਸਮ ਦੀ ਮੱਦਦ ਆਉਣ ਲੱਗੀ ਤੇ ਮੁਲਕ ਦੀ ਹਸਤੀ ਦੀ ਪਛਾਣ ਬਣਨ ਲੱਗੀ ਪਰ 1965 ਤੇ 1971 ਦੀਆਂ ਭਾਰਤ ਨਾਲ ਜੰਗਾਂ 'ਚ ਨਾਮੋਸ਼ੀ ਭਰੀ ਹਾਰ ਨੇ ਜਿੱਥੇ ਇਸ ਦੇਸ਼ ਦੇ



*ਆਈ ਐਸ ਆਈ ਮੁਖੀ ਅਹਿਮਦ ਸੁਜਾ ਪਾਸ਼ਾ*

ਆਕਾਵਾਂ ਨੂੰ ਉਦਾਸੀ ਦੇ ਆਲਮ 'ਚ ਧੱਕ ਦਿੱਤਾ, ਉਥੇ ਫੌਜ ਤੇ ਆਈ.ਐਸ.ਆਈ. ਨੂੰ ਵੀ ਤਨਕੀਦ (ਨਿਰਾਸ਼ਾ) ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਹਾਰਾਂ ਨੇ ਫੌਜ ਤੇ ਇਸ ਅਦਾਰੇ ਨੂੰ ਨਿਰਾਸ਼ ਤਾਂ ਕਰ ਦਿੱਤਾ ਪਰ ਇਸ ਵਿਚ ਭਾਰਤ ਪ੍ਰਤੀ ਗੁੱਸੇ ਤੇ ਨਫ਼ਰਤ ਦਾ ਜ਼ਹਿਰ ਵੀ ਭਰ ਦਿੱਤਾ ਜੋ ਅੱਜ ਤੱਕ ਕਾਇਮ ਹੈ।

ਜ਼ੁਲਿਫ਼ਕਾਰ ਅਲੀ ਭੁੱਟੋ ਨੇ ਦੇਸ਼ ਲਈ ਪਰਮਾਣੂ ਹਥਿਆਰ ਬਣਾਉਣ ਦਾ ਪ੍ਰਾਜੈਕਟ ਸ਼ੁਰੂ ਕੀਤਾ ਤਾਂ ਸਾਰੀ ਜ਼ਿੰਮੇਵਾਰੀ ਫੌਜ ਤੇ ਖਾਸ ਕਰਕੇ ਆਈ.ਐਸ.ਆਈ. ਨੂੰ ਸੌਂਪੀ ਗਈ। ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਦੇ ਵਿਰੋਧ ਦੇ ਬਾਵਜੂਦ ਇਹ ਪ੍ਰਾਜੈਕਟ ਨੇਪਰੇ ਚੜ੍ਹ ਗਿਆ ਤੇ ਦੇਸ਼ 'ਚ ਫੌਜ ਤੇ ਆਈ.ਐਸ.ਆਈ. ਦੀ ਬੱਲੇ-ਬੱਲੇ ਹੋ ਗਈ। ਉਦੋਂ ਤੋਂ ਹੀ ਸਿਆਸੀ ਸੀਨ 'ਤੇ ਫੌਜ ਦਾ ਹਾਵੀ ਹੋਣਾ ਸ਼ੁਰੂ ਹੋਇਆ ਜੋ ਜ਼ਿਆ-ਉਲ-ਹੱਕ ਵੇਲੇ ਆਪਣੇ ਸ਼ਿਖਰ 'ਤੇ ਪਹੁੰਚ ਚੁੱਕਾ ਸੀ।

ਫੌਜ ਅਤੇ ਆਈ.ਐਸ.ਆਈ. ਲਈ ਸੋਨੇ 'ਤੇ ਸੁਹਾਗਾ ਵਾਲੀ ਗੱਲ ਉਦੋਂ ਹੋਈ, ਜਦੋਂ 1979 'ਚ ਰੂਸ ਨੇ ਆਪਣੀਆਂ ਫੌਜਾਂ ਅਫਗਾਨਿਸਤਾਨ 'ਤੇ ਚਾੜ੍ਹ ਦਿੱਤੀਆਂ। ਅਮਰੀਕਾ ਅਤੇ ਉਸ ਦੇ ਸਾਥੀਆਂ ਨੇ ਰੂਸ ਨੂੰ ਇੱਥੋਂ ਵਾਪਸ ਭੇਜਣ ਲਈ ਹਰ ਕਿਸਮ ਦੀ ਮੱਦਦ ਭੇਜਣੀ ਸ਼ੁਰੂ ਕਰ ਦਿੱਤੀ। ਇਹ ਮਦਦ-ਪੈਸਾ ਤੇ ਹਥਿਆਰ, ਪਾਕਿਸਤਾਨ ਰਾਹੀਂ ਹੀ ਆਉਂਦੇ ਸਨ ਜੋ ਫੌਜ ਅਤੇ ਅੱਗੇ ਆਈ.ਐਸ.ਆਈ. ਰਾਹੀਂ ਵਰਤਾਏ ਜਾਂਦੇ ਸਨ। ਆਈ.ਐਸ.ਆਈ. ਹੀ ਰੂਸ ਖ਼ਿਲਾਫ਼ ਇਸ ਜਹਾਦ 'ਚ ਲੜ ਰਹੇ ਜਹਾਦੀ ਗਰੁੱਪਾਂ 'ਚ ਤਾਲਮੇਲ ਰੱਖ ਰਹੀ ਸੀ। ਉਨ੍ਹਾਂ ਨੂੰ ਧਨ ਅਤੇ ਹਥਿਆਰ ਸਪਲਾਈ ਕਰ ਰਹੀ ਸੀ, ਤੇ ਨਾਲ ਹੀ ਉਨ੍ਹਾਂ ਦੇ ਟ੍ਰੇਨਿੰਗ ਕੈਂਪ ਲਾ ਰਹੀ ਸੀ। ਇਨ੍ਹਾਂ ਹੀ ਦਿਨਾਂ 'ਚ ਇਸ ਏਜੰਸੀ ਨੇ ਅਫ਼ਗਾਨ ਬਾਰਡਰ 'ਤੇ ਮਦਰੱਸੇ ਖੋਲ੍ਹੇ ਜਿਥੇ ਬੱਚਿਆਂ ਤੇ ਜਵਾਨਾਂ ਨੂੰ ਕੁਰਾਨ ਤੇ ਜਹਾਦ ਦੀ ਸਿਖਲਾਈ ਦਿੱਤੀ ਜਾਂਦੀ ਸੀ। ਇਨ੍ਹਾਂ ਹੀ ਸਕੂਲਾਂ ਦੇ ਵਿਦਿਆਰਥੀ (ਤਾਲਿਬ) ਅੱਜ ਕੱਲ੍ਹ ਤਾਲਿਬਾਨ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਸ ਸਾਰੇ ਅਮਲ ਦਾ ਨਤੀਜਾ ਇਹ ਹੋਇਆ ਕਿ ਫੌਜ ਅਤੇ ਆਈ. ਐਸ. ਆਈ. ਮੁਲਕ ਦੇ ਹਰ ਸ਼ੋਹਬੇ 'ਚ ਕਰਤਾ-ਧਰਤਾ ਬਣ ਗਈ। ਦੇਸ਼ ਦੀ ਵਿਦੇਸ਼ੀ ਤੇ ਰੱਖਿਆ ਨੀਤੀਆਂ ਉਤੇ ਇਸ ਦੀ ਮਜ਼ਬੂਤ ਪਕੜ ਖਾਸ ਕਰਕੇ ਕਾਇਮ ਹੋ ਗਈ। ਇਹੋ ਕਾਰਨ ਸੀ ਕਿ ਬੇਨਜ਼ੀਰ ਭੁੱਟੋ, ਨਵਾਜ਼ ਸ਼ਰੀਫ਼ ਅਤੇ ਪਰਵੇਸ਼ ਮੁਸ਼ੱਰਫ਼ ਦੇ ਦਿਲੋਂ ਚਾਹੁਣ ਦੇ ਬਾਵਜੂਦ ਭਾਰਤ ਨਾਲ ਸ਼ਾਂਤੀ ਕਾਇਮ ਨਾ ਹੋ ਸਕੀ।

ਪਰਵੇਜ਼ ਮੁਸ਼ੱਰਫ਼ ਤਾਂ ਮੌਜੂਦਾ ਲਾਈਨ ਆਫ਼ ਕੰਟਰੋਲ ਨੂੰ ਹੀ ਪੱਕਾ ਬਾਰਡਰ ਬਣਾਉਣ ਦੀ ਸੋਚ ਰਿਹਾ ਸੀ ਪਰ ਇਸ ਏਜੰਸੀ ਨੇ ਇਨ੍ਹਾਂ ਹਾਕਮਾਂ ਦੀ ਇਕ ਨਾ ਚੱਲਣ ਦਿੱਤੀ। ਦੇਸ਼ ਵਿਚ ਆਪਣੀ ਸ਼ਕਤੀ ਨੂੰ ਕਾਇਮ ਰੱਖਣ ਲਈ ਇਹ ਵੱਖੋ-ਵੱਖ ਵੰਨਗੀ ਦੇ ਦਹਿਸ਼ਤਗਰਦਾਂ ਨੂੰ ਸਾਂਭਦੀ ਤੇ ਵਰਤਦੀ ਹੈ। ਇਹੋ ਕਾਰਨ ਹੈ ਕਿ ਬੇਨਜ਼ੀਰ ਭੁੱਟੋ ਤੋਂ ਲੈ ਕੇ ਜ਼ਰਦਾਰੀ ਤੱਕ ਦੀ ਹਰ ਸਿਵਲ ਹਕੂਮਤ ਹਰ ਵੇਲੇ 'ਐਡਹਾਕਇਜ਼ਮ' ਦਾ ਸ਼ਿਕਾਰ ਰਹੀ ਹੈ। ਪਤਾ ਨਹੀਂ ਕਿਹੜੀ ਰਾਤ ਦੇ ਤਿੰਨ ਵਜੇ ਬੂਟਾਂ ਵਾਲੇ ਆ ਧਮਕਣ। ਇਸੇ ਕਰਕੇ ਅਣਕਿਆਸੇ ਭਵਿੱਖ ਤੋਂ ਸਹਿਮੇ ਹਾਕਮਾਂ ਨੂੰ ਵਿਦੇਸ਼ਾਂ 'ਚ ਆਪਣੇ ਅਸਾਸੇ ਜਮ੍ਹਾਂ ਕਰਨ ਦੀ ਦੌੜ ਲੱਗੀ ਰਹਿੰਦੀ ਹੈ। ਇਸ ਕੰਮ ਦੀ ਇੰਨੀ ਕਾਹਲ ਹੁੰਦੀ ਹੈ ਕਿ ਨਾ ਉਹ ਕਿਸੇ ਕਾਨੂੰਨ ਦੀ ਪ੍ਰਵਾਹ ਕਰਦੇ ਹਨ ਅਤੇ ਨਾ ਹੀ ਆਪਣੇ ਆਵਾਮ ਦੇ ਦੁੱਖ ਤਕਲੀਫ਼ ਜਾਂ ਭਲੇ ਬਾਰੇ ਸੋਚਦੇ ਹਨ।

ਜ਼ਰਦਾਰੀ ਸਰਕਾਰ ਨੂੰ ਹੀ ਦੇਖ ਲਵੋ। ਇਸ ਸਰਕਾਰ ਖ਼ਿਲਾਫ਼ ਘੱਟੋ-ਘੱਟ 10 ਫੈਸਲੇ ਦੇਸ਼ ਦੀ ਸੁਪਰੀਮ ਕੋਰਟ ਅਜਿਹੇ ਕਰ ਚੁੱਕੀ ਹੈ ਜਿਨ੍ਹਾਂ 'ਚ ਜ਼ਰਦਾਰੀ ਸਮੇਤ ਕਈਆਂ ਨੂੰ ਤੌਹੀਨ-ਏ-ਅਦਾਲਤ ਤਹਿਤ ਸਜ਼ਾ ਹੋ ਸਕਦੀ ਹੈ ਪਰ ਕੋਈ ਪ੍ਰਵਾਹ ਨਹੀਂ। ਰੇਲਵੇ, ਪਾਕਿ ਏਅਰ ਲਾਈਨ ਅਤੇ ਪਾਕਿ ਸਟੀਲ ਮਿੱਲ ਵਰਗੇ ਅਦਾਰੇ ਜੋ ਪਾਕਿਸਤਾਨ ਦੀ ਰੀੜ੍ਹ ਦੀ ਹੱਡੀ ਗਿਣੇ ਜਾਂਦੇ ਸਨ, ਪਿਛਲੇ ਤਿੰਨ ਸਾਲਾਂ 'ਚ ਦਿਵਾਲੀਏ ਹੋ ਗਏ ਹਨ। ਤੇਲ ਖੁਣੋਂ ਕਈ-ਕਈ ਰੇਲ ਗੱਡੀਆਂ ਤੇ ਫਲਾਈਟਾਂ ਮਿਸ ਹੋ ਜਾਂਦੀਆਂ ਹਨ। ਪੈਟਰੋਲ ਪੰਪਾਂ 'ਤੇ ਲਾਈਨਾਂ 'ਚ ਲੱਗੇ ਲੋਕਾਂ ਦੇ ਦਾੜ੍ਹੀ ਉਗ ਆਉਂਦੀ ਏ।

ਅੱਜ-ਕੱਲ੍ਹ ਪਾਕਿਸਤਾਨੀ ਫੌਜ ਅਤੇ ਆਈ. ਐਸ. ਆਈ. ਦਾ ਦੇਸ਼ ਦੇ ਅੰਦਰੋਂ ਵੀ ਵਿਰੋਧ ਹੋ ਰਿਹਾ ਹੈ ਜੋ ਪਹਿਲਾਂ ਕਦੇ ਨਹੀਂ ਸੀ ਹੋਇਆ, ਤੇ ਅਮਰੀਕਾ ਨੇ ਵੀ ਇਸ ਨੂੰ ਗਾਜਰ ਨਾਲੋਂ ਸੋਟਾ ਵਧੇਰੇ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਅਮਲ ਰੇਮੰਡ ਡੇਵਿਸ ਦੀ ਗ੍ਰਿਫ਼ਤਾਰੀ ਤੋਂ ਸ਼ੁਰੂ ਹੋਇਆ। ਇਸ ਵਿਚ ਸ਼ੱਕ ਨਹੀਂ ਕਿ ਅਮਰੀਕੀ ਸੀ.ਆਈ.ਏ. ਦੇ ਹਜ਼ਾਰਾਂ ਏਜੰਟ ਪਾਕਿਸਤਾਨ 'ਚ ਵੱਖੋ-ਵੱਖਰੇ ਨਾਂਵਾਂ ਜਾਂ ਪ੍ਰਾਜੈਕਟਾਂ ਹੇਠ ਕੰਮ ਕਰਦੇ ਹਨ। ਇਸ ਦਾ ਹਕੂਮਤ ਨੂੰ ਵੀ ਪਤਾ ਹੈ ਅਤੇ ਫੌਜ ਤੇ ਆਈ.ਐਸ.ਆਈ. ਨੂੰ ਵੀ। ਇਨ੍ਹਾਂ ਲੋਕਾਂ ਲਈ ਅਮਰੀਕਾ 'ਚ ਪਾਕਿਸਤਾਨੀ ਦੂਤਘਰ ਤੋਂ ਵੀਜ਼ਾ ਰੇਲ ਗੱਡੀ ਦੀ ਰਿਜ਼ਰਵੇਸ਼ਨ ਕਰਵਾਉਣ ਜਿੰਨੇ ਸਮੇਂ 'ਚ ਮਿਲ ਜਾਂਦਾ ਹੈ। ਇਕੋ ਦਿਨ 'ਚ ਇਸ ਤਰ੍ਹਾਂ ਦੇ 736 ਵੀਜ਼ੇ ਜਾਰੀ ਹੋਣਾ ਰਿਕਾਰਡ ਹੈ। ਜਿਨ੍ਹਾਂ ਦਿਨਾਂ 'ਚ ਰੇਮੰਡ ਡੇਵਿਸ ਨੇ ਲਾਹੌਰ ਦੇ ਬਾਜ਼ਾਰ 'ਚ ਦੋ ਮੁੰਡੇ ਮਾਰੇ ਅਤੇ ਫਿਰ ਭੱਜਣ ਦੀ ਬਜਾਏ ਉਨ੍ਹਾਂ ਦੀਆਂ ਫੋਟੋਆਂ ਲੈਣ ਲੱਗ ਪਿਆ, ਉਹ ਇਸੇ ਵਿਸ਼ਵਾਸ ਦਾ ਨਤੀਜਾ ਸੀ ਪਰ ਉਸ ਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਦਿਨਾਂ 'ਚ ਸੀ.ਆਈ.ਏ. ਅਤੇ ਆਈ.ਐਸ.ਆਈ. ਦੀ ਆਪਸ 'ਚ ਠਣੀ ਹੋਈ ਹੈ। ਸੀ.ਆਈ.ਏ. ਨਾਲ ਆਪਣਾ ਹਿਸਾਬ ਬਰਾਬਰ ਕਰਨ ਲਈ ਆਈ.ਐਸ.ਆਈ. ਨੇ ਹੀ ਇਹ ਮੁੱਦਾ ਉਠਾਇਆ ਅਤੇ ਕਿਹਾ ਕਿ ਰੇਮੰਡ ਡੇਵਿਸ ਕਾਤਲ ਹੈ ਤੇ ਸਾਧਾਰਨ ਅਮਰੀਕੀ ਹੈ। ਇਹ ਕੋਈ ਡਿਪਲੋਮੈਟ ਨਹੀਂ, ਇਸ ਨੂੰ ਕੋਈ ਮਾਫ਼ੀ ਹਾਸਲ ਨਹੀਂ ਹੈ। ਪਾਕਿਸਤਾਨ 'ਚ ਡੇਵਿਸ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਮੁਜ਼ਾਹਰੇ ਹੋਣ ਲੱਗੇ। ਇਸ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਤੋਂ ਇਲਾਵਾ ਹੋਰ ਪਾਰਟੀਆਂ ਵੀ ਸ਼ਾਮਲ ਹੋ ਗਈਆਂ ਕਿਉਂਕਿ ਫੌਜ ਇਹੀ ਚਾਹੁੰਦੀ ਸੀ। ਜਦ ਲੋਕਾਂ ਦਾ ਗੁੱਸਾ ਸਿਖ਼ਰ 'ਤੇ ਸੀ ਤਾਂ ਆਈ.ਐਸ.ਆਈ. ਦਾ ਸੀ.ਆਈ.ਏ. ਨਾਲ ਸਮਝੌਤਾ ਹੋ ਗਿਆ। ਕੋਟ ਲਖਪਤ ਜੇਲ੍ਹ 'ਚ 10 ਵਜੇ ਸਪੈਸ਼ਲ ਅਦਾਲਤ ਲਾਈ ਗਈ। ਆਈ.ਐਸ.ਆਈ. ਦਾ ਖਾਸ ਵਕੀਲ ਪੇਸ਼ ਹੋਇਆ ਤੇ ਡੇਵਿਸ ਦੇ ਨਾਲ ਮੁਲਜ਼ਮਾਂ ਦੇ ਟੱਬਰ ਵੀ ਪੇਸ਼ ਹੋਏ। 12 ਵਜੇ ਉਸ ਨੂੰ ਰਿਹਾ ਕਰ ਦਿੱਤਾ ਗਿਆ ਅਤੇ 2 ਵਜੇ ਜਹਾਜ਼ ਚੜ੍ਹਾ ਦਿੱਤਾ ਗਿਆ।

ਇਸ ਹਵਾਲੇ ਨਾਲ ਅਜੇ ਆਵਾਮ ਅਤੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਫੌਜ ਦੀ ਤਨਕੀਦ ਮੱਠੀ ਨਹੀਂ ਸੀ ਪਈ ਕਿ ਐਬਟਾਬਾਦ ਵਾਲੀ ਘਟਨਾ ਵਾਪਰ ਗਈ। ਗੱਲ ਇੱਥੋਂ ਤੱਕ ਪਹੁੰਚ ਗਈ ਕਿ ਲੋਕ ਤੇ ਵਿਰੋਧੀ ਸਿਆਸੀ ਧਿਰਾਂ ਫੌਜ ਅਤੇ ਆਈ.ਐਸ.ਆਈ. ਨੂੰ ਦੇਸ਼ ਦੀ ਰੱਖਿਆ ਤੇ ਖ਼ੁਦਦਾਰੀ ਦੇ ਮਾਮਲੇ 'ਚ ਨਾ-ਅਹਿਲ ਅਤੇ ਅਯੋਗ ਕਹਿਣ ਲੱਗ ਪਏ। ਲੋਕਾਂ ਨੂੰ ਸ਼ਾਂਤ ਕਰਨ ਲਈ ਤੇ ਆਪਣੇ-ਆਪ ਨੂੰ ਬੇਕਸੂਰ ਸਿੱਧ ਕਰਨ ਲਈ ਤਿੰਨੇ ਫੌਜਾਂ ਦੇ ਮੁਖੀ ਤੇ ਆਈ.ਐਸ.ਆਈ. ਦਾ ਮੁਖੀ ਪਾਰਲੀਮੈਂਟ ਦੇ ਸਾਂਝੇ ਇਜਲਾਸ 'ਚ ਪੇਸ਼ ਹੋਏ ਤੇ ਲੋਕਾਂ ਦੇ ਨੁਮਾਇੰਦਿਆਂ ਦੇ ਜਵਾਬ ਦਿੱਤੇ। ਇਹ ਭਾਵੇਂ ਡਰਾਮਾ ਹੀ ਸੀ ਪਰ ਦੇਸ਼ 'ਚ ਇੰਜ ਪਹਿਲੀ ਵਾਰ ਹੋਇਆ ਸੀ। ਇਹ ਇਕ ਅਲੋਕਾਰ ਘਟਨਾ ਸੀ ਕਿ ਦੇਸ਼ ਦਾ ਅਹਿਮ ਤੇ ਸ਼ਕਤੀਸ਼ਾਲੀ ਅਦਾਰਾ ਗੁਨਾਹਗਾਰਾਂ ਵਾਂਗ ਪੇਸ਼ ਹੋਇਆ ਹੋਵੇ।

ਉਸ ਤੋਂ ਬਾਅਦ ਮਹਿਰਾਨ ਨੇਵੀ ਬੇਸ 'ਤੇ ਹਮਲੇ ਦੀ ਘਟਨਾ ਵਾਪਰ ਗਈ। 3-4 ਬੰਦੇ ਆਏ ਅਤੇ ਉਨ੍ਹਾਂ ਆਰਾਮ ਨਾਲ ਤਿੰਨ ਅਰਬ ਰੁਪਏ ਦੀ ਕੀਮਤ ਦੇ ਦੋ ਖਾਸ ਜਹਾਜ਼ ਖਾਕ ਕਰ ਦਿੱਤੇ, ਤੇ ਆਪ ਮਰਨ ਤੋਂ ਪਹਿਲਾਂ ਨੇਵੀ ਦੇ ਗਿਆਰਾਂ ਕਮਾਂਡੋ ਵੀ ਮਾਰ ਦਿੱਤੇ। ਇਸ ਸਬੰਧ 'ਚ ਫੌਜ ਵੀ ਪਰੇਸ਼ਾਨ ਹੋ ਹੀ ਰਹੀ ਸੀ ਕਿ ਸਲੀਮ ਸ਼ਾਹਜ਼ਾਦ ਦੀ ਇਹ ਖ਼ਬਰ ਨਸ਼ਰ ਹੋ ਗਈ ਕਿ ਇਹ ਹਮਲਾ ਅਲ-ਕਾਇਦਾ ਨੇ ਨੇਵੀ ਨੂੰ ਇਹ ਸਬਕ ਸਿਖਾਉਣ ਲਈ ਕੀਤਾ ਸੀ ਕਿ ਅੱਗੇ ਤੋਂ ਉਹ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣਿਆ ਕਰੇ। ਨੇਵੀ 'ਚ ਕੰਮ ਕਰਦੇ ਉਨ੍ਹਾਂ ਦੇ ਬੰਦਿਆਂ ਨੂੰ ਇੰਟੈਰੋਗੇਟ ਕਰਨ ਦੀ ਕੋਸ਼ਿਸ਼ ਨਾ ਕਰੇ। ਇਸ ਖ਼ਬਰ ਨੇ ਫੌਜ ਅਤੇ ਆਈ.ਐਸ.ਆਈ. ਨੂੰ ਹੋਰ ਵੀ ਕਹਿਰ ਦਾ ਸ਼ਿਕਾਰ ਬਣਾ ਦਿੱਤਾ। ਉਨ੍ਹਾਂ ਇਸ ਪੱਤਰਕਾਰ ਨੂੰ ਇਸਲਾਮਾਬਾਦ ਤੋਂ ਚੁੱਕਿਆ ਅਤੇ ਦੋ ਦਿਨਾਂ ਬਾਅਦ ਉਸ ਦੀ ਲਾਸ਼ ਪੰਜਾਬ ਦੀ ਕਿਸੇ ਨਹਿਰ 'ਚੋਂ ਮਿਲੀ। ਉਂਗਲ ਸਿੱਧੀ ਆਈ.ਐਸ.ਆਈ. 'ਤੇ ਉਠੀ। ਪਾਕਿਸਤਾਨ ਦਾ ਤਮਾਮ ਮੀਡੀਆ ਸੜਕਾਂ 'ਤੇ ਨਿਕਲ ਆਇਆ। ਕੌਮੀ ਅਸੰਬਲੀ ਸਾਹਮਣੇ ਅਣਮਿਥੇ ਸਮੇਂ ਲਈ ਧਰਨਾ ਦਿੱਤਾ ਗਿਆ। ਆਖਰ ਰਾਤ ਦੇ ਤਿੰਨ ਵਜੇ ਸਰਕਾਰ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਲਈ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ 'ਚ ਕਮਿਸ਼ਨ ਬਣਾ ਦਿੱਤਾ।

ਜਦੋਂ ਅੰਦਰੋਂ ਸ਼ੱਕ ਅਤੇ ਤਨਕੀਦ ਨੇ ਘੇਰ ਲਿਆ ਤਾਂ ਪਾਕਿ ਫੌਜ ਨੇ ਅਮਰੀਕਾ ਵੱਲ ਦਹਾੜਨਾ ਸ਼ੁਰੂ ਕਰ ਦਿੱਤਾ। ਅਖੇ, ਤਾਲਿਬਾਨ ਨਾਲ ਹੋ ਰਹੀ ਗੁਪਤ ਗੱਲਬਾਤ 'ਚ ਪਾਕਿਸਤਾਨ ਨੂੰ ਬਰਾਬਰ ਦੀ ਧਿਰ ਬਣਾਇਆ ਜਾਵੇ। ਦਹਿਸ਼ਤਗਰਦਾਂ ਬਾਰੇ ਹਰ ਖ਼ੁਫ਼ੀਆ ਜਾਣਕਾਰੀ ਆਈ.ਐਸ.ਆਈ. ਨਾਲ ਸਾਂਝੀ ਕੀਤੀ ਜਾਵੇ। ਐਬਟਾਬਾਦ ਵਰਗੇ ਓਪ੍ਰੇਸ਼ਨ ਕਰਨ ਵੇਲੇ ਬਾਕਾਇਦਾ ਪਾਕਿਸਤਾਨ ਨੂੰ ਵਿਸ਼ਵਾਸ 'ਚ ਲਿਆ ਜਾਵੇ, ਨਹੀਂ ਤਾਂ ਪਾਕਿਸਤਾਨ ਦੀ ਧਰਤੀ ਤੋਂ ਡਰੋਨ ਹਮਲੇ ਨਹੀਂ ਹੋਣ ਦਿੱਤੇ ਜਾਣਗੇ ਅਤੇ ਨਾਟੋ ਫੌਜਾਂ ਦੀ ਸਪਲਾਈ ਰੋਕ ਦਿੱਤੀ ਜਾਵੇਗੀ।

ਅਮਰੀਕਾ ਨੇ ਕੋਈ ਸਫ਼ਾਈ ਪੇਸ਼ ਕਰਨ ਦੀ ਬਜਾਏ ਪਾਕਿਸਤਾਨ ਨੂੰ ਦੱਸਿਆ ਕਿ ਤੁਹਾਨੂੰ ਆਈ.ਈ.ਡੀ. ਨਾਲ ਤਿਆਰ ਹੁੰਦੇ ਬੰਬਾਂ ਦੀਆਂ ਦੋ ਫੈਕਟਰੀਆਂ ਵਜ਼ੀਰਸਤਾਨ 'ਚ ਚਲਦੀਆਂ ਸੈਟੇਲਾਈਟ ਦੀ ਫੁਟੇਜ਼ ਰਾਹੀਂ ਦਿਖਾਈਆਂ ਸਨ ਪਰ ਤੁਹਾਡੇ ਨਾਲ ਸਾਂਝਾ ਆਪ੍ਰੇਸ਼ਨ ਕੀਤਾ ਤਾਂ ਉਹ ਫੈਕਟਰੀਆਂ ਉਥੋਂ ਸ਼ਿਫ਼ਟ ਹੋ ਚੁੱਕੀਆਂ ਸਨ। ਫਿਰ ਫੁਟੇਜ਼ ਰਾਹੀਂ ਤੁਹਾਨੂੰ ਉਹ ਫੈਕਟਰੀਆਂ ਸ਼ਿਫ਼ਟ ਹੁੰਦੀਆਂ ਵੀ ਦਿਖਾਈਆਂ। ਫਿਰ ਕਿਸ ਵਿਸ਼ਵਾਸ ਨਾਲ ਤੁਹਾਡੇ ਨਾਲ ਇੰਟੈਲੀਜੈਂਸ ਸਾਂਝੀ ਕੀਤੀ ਜਾਵੇ। ਉਪਰੋਂ ਅਮਰੀਕੀ ਫੌਜੀ ਚੀਫ਼ ਜਨਰਲ ਮਲਨ ਨੇ ਇਹ ਬਿਆਨ ਦਾਗ ਦਿੱਤਾ ਕਿ ਪੱਤਰਕਾਰ ਸਲੀਮ ਸ਼ਾਹਜ਼ਾਦ ਦਾ ਕਤਲ ਬਾਕਾਇਦਾ ਸਰਕਾਰੀ ਮਨਜ਼ੂਰੀ ਨਾਲ ਹੋਇਆ ਹੈ। ਤੀਜੇ ਦਿਨ ਹੀ ਓਬਾਮਾ ਨੇ ਜਲਦੀ ਮਿਲਣ ਵਾਲੀ 800 ਮਿਲੀਅਨ ਡਾਲਰ ਮੱਦਦ 'ਤੇ ਰੋਕ ਲਾ ਦਿੱਤੀ।

ਨਤੀਜਾ ਇਹ ਹੋਇਆ ਕਿ 13 ਜੁਲਾਈ ਨੂੰ ਸ਼ਕਤੀਸ਼ਾਲੀ ਏਜੰਸੀ ਆਈ.ਐਸ.ਆਈ. ਦਾ ਜਨਰਲ ਸੂਜਾ ਪਾਸ਼ਾ ਵਸ਼ਿੰਗਟਨ ਦਰਬਾਰ 'ਚ ਜਾ ਹਾਜ਼ਰ ਹੋਇਆ। ਇਹ ਹਾਜ਼ਰੀ ਕਿਸੇ ਲਈ ਕਿੰਨੀ ਕੁ ਲਾਹੇਵੰਦ ਹੁੰਦੀ ਹੈ ਇਹ ਤਾਂ ਆਉਣ ਵਾਲੇ ਦਿਨਾਂ 'ਚ ਪਾਕਿਸਤਾਨ ਤੇ ਅਫ਼ਗਾਨਿਸਤਾਨ 'ਚ ਹੋਣ ਵਾਲੀਆਂ ਕਾਰਵਾਈਆਂ ਤੋਂ ਹੀ ਪਤਾ ਲੱਗੇਗਾ ਪਰ ਅੰਕੜੇ ਦੱਸਦੇ ਹਨ ਕਿ ਪਾਕਿ ਦਹਿਸ਼ਤਗਰਦੀ ਦੀ ਇਸ ਖੇਡ 'ਚ ਕੁੱਲ 40,000 ਪਾਕਿਸਤਾਨੀ ਮਾਰੇ ਗਏ ਹਨ ਜਿਨ੍ਹਾਂ 'ਚ 4000 ਸੁਰੱਖਿਆਂ ਕਰਮੀ ਸ਼ਾਮਲ ਹਨ ਅਤੇ 6000 ਦਹਿਸ਼ਤਗਰਦ। ਮਾਰਨ ਅਤੇ ਮਰਨ ਵਾਲੇ ਸਾਰੇ ਪਾਕਿਸਤਾਨੀ ਅਤੇ ਮੁਸਲਮਾਨ ਸਨ। ਇਨਾਂ 'ਚ ਕੋਈ ਵੀ ਅਮਰੀਕੀ, ਇਜ਼ਰਾਈਲੀ ਜਾਂ ਭਾਰਤੀ ਨਹੀਂ ਸੀ ਜਦੋਂ ਕਿ ਭਾਰਤ ਪਾਕਿਸਤਾਨ ਦੀਆਂ ਤਿੰਨੇ ਜੰਗਾਂ 'ਚ ਕੁੱਲ 15000 ਪਾਕਿਸਤਾਨੀ ਮਾਰੇ ਗਏ ਸਨ। ਪਾਕਿਸਤਾਨ ਦੇ ਆਵਾਮ ਲਈ ਇਹ ਅੰਕੜੇ ਸੋਚਣ ਵਾਲਾ ਮਸਲਾ ਹੈ।

# ਜਾਪੁ ਸਾਹਿਬ

ਡਾ. ਗੁਰਨਾਮ ਕੌਰ

ਜਾਪੁ ਸਾਹਿਬ ਵਿਚ ਜਿਸ ਪਰਮ ਸਤਿ ਨੂੰ ਨਮੋ ਕੀਤੀ ਗਈ ਹੈ ਉਹ ਅਸਰੀਰੀ, ਨਾਸ ਰਹਿਤ ਅਜਿਹੀ ਹਸਤੀ ਹੈ, ਜਿਸ ਦਾ ਕੋਈ ਭੇਖ ਨਹੀਂ ਹੈ ਅਤੇ ਜਿਸ ਦਾ ਕੋਈ ਲੇਖਾ ਨਹੀਂ ਕੀਤਾ ਜਾ ਸਕਦਾ। ਉਹ ਭਰਮ ਰਹਿਤ, ਕਰਮ ਰਹਿਤ ਅਤੇ ਸਭ ਤੋਂ ਆਦਿ ਵਿਚ ਅਤੇ ਸਦੀਵੀ ਹੈ। ਉਹ ਨਾ ਜਿੱਤਿਆ ਜਾਣ ਵਾਲਾ, ਅਦੁੱਤੀ, ਪੰਜ ਭੌਤਕਾਂ ਤੋਂ ਉਤੇ ਅਤੇ ਪਵਿੱਤਰ ਹੈ। ਉਹ ਨਾਸ ਰਹਿਤ, ਬੰਧਨ ਰਹਿਤ, ਧੰਦਿਆਂ ਤੋਂ ਰਹਿਤ ਅਤੇ ਨਿਰਲੇਪ ਹੈ। ਉਹ ਕਿਸੇ ਦੀ ਭਗਤੀ ਨਹੀਂ ਕਰਦਾ ਭਾਵ ਸਾਰੇ ਉਸ ਦੀ ਭਗਤੀ ਕਰਦੇ ਹਨ ਕਿਉਂਕਿ ਉਹ ਸਭ ਤੋਂ ਉਤੇ ਹੈ। ਉਹ ਵੈਰਾਗੀ, ਤਿਆਗੀ ਹੈ ਅਤੇ ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਉਹ ਚਿੰਤਾ ਰਹਿਤ, ਮਨ ਅਤੇ ਇੰਦਰੀਆਂ ਨੂੰ ਰੋਕਣ ਵਾਲਾ, ਗੁਪਤ ਹੈ ਜਿਸ ਦਾ ਕੋਈ ਲੇਖਾ ਨਹੀਂ ਕੀਤਾ ਜਾ ਸਕਦਾ। ਉਸ ਦਾ ਕੋਈ



ਡਾ. ਗੁਰਨਾਮ ਕੌਰ

ਧਾਰਮਿਕ ਭੇਖ ਨਹੀਂ ਹੈ। ਉਹ ਅਜਿਹੀ ਸ਼ਕਤੀ ਹੈ ਜਿਸ ਨੂੰ ਢਾਹਿਆ ਨਹੀਂ ਜਾ ਸਕਦਾ, ਨਾ ਹੀ ਉਸ ਦੀ ਕੋਈ ਥਾਹ ਪਾਈ ਜਾ ਸਕਦੀ ਹੈ। ਉਹ ਰੰਗ ਰਹਿਤ, ਅਜਨਮਾ ਅਤੇ ਅਪਹੁੰਚ ਹੈ, ਜਿਸ ਦਾ ਕੋਈ ਰੰਗ ਰੂਪ ਨਹੀਂ ਹੈ, ਉਹ ਜਨਮ ਰਹਿਤ, ਸਦਾ ਕਾਇਮ ਰਹਿਣ ਵਾਲਾ ਹੈ। ਉਹ ਜਨਮ ਰਹਿਤ ਅਤੇ ਅਨਾਦੀ ਹੈ:

ਅਲੇਖ ਹੈਂ॥ ਅਭੇਖ ਹੈਂ॥ ਅਢਾਹ ਹੈਂ॥ ਅਗਾਹ ਹੈਂ॥੭॥੧੩੫॥
ਅਸੰਭ ਹੈਂ॥ ਅਗੰਭ ਹੈਂ॥ ਅਨੀਲ ਹੈਂ॥ ਅਨਾਦਿ ਹੈਂ॥੮॥੧੩੬॥
ਅਨਿੱਤ ਹੈਂ॥ ਸੁਨਿੱਤ ਹੈਂ॥ ਅਜਾਤ ਹੈਂ॥ ਅਜਾਦਿ ਹੈਂ॥੯॥੧੩੭॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਰਮ ਸਤਿ ਦਾ ਜੋ ਸੰਕਲਪ ਹੈ, ਉਸ ਅਨੁਸਾਰ ਉਹ ਸਵੈ ਸਿੱਧ ਹੈ। ਉਸ ਦੀ ਹੋਂਦ ਨੂੰ ਸਿੱਧ ਕਰਨ ਲਈ ਕਿਸੇ ਪਰਮਾਣ ਦੀ ਲੋੜ ਨਹੀਂ ਹੈ। ਜਿਸ ਤਰ੍ਹਾਂ ਹਰ ਬਨਾਸਪਤੀ ਵਿਚ ਅੱਗ ਹੁੰਦੀ, ਹਰ ਦੁੱਧ ਵਿਚ ਘਿਉ ਹੁੰਦਾ ਹੈ, ਇਸੇ ਤਰ੍ਹਾਂ ਹਰ ਰਚਨਾ ਵਿਚ ਭਾਵੇਂ ਉਹ ਚੇਤਨ ਹੈ, ਜੜ੍ਹ ਹੈ, ਉਚੀ ਹੈ, ਨੀਵੀਂ ਹੈ, ਪਰਮ ਸਤਿ ਵਿਆਪਕ ਹੈ:

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ॥
ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ
ਰਮਈਆ ਆਹਿਓ॥੧॥ਰਹਾਉ॥
(ਪੰਨਾ ੬੧੭)

ਜਾਪੁ ਸਾਹਿਬ ਵਿਚ ਉਸ ਦੀ ਸਰਬ-ਵਿਆਪਕਤਾ ਨੂੰ ਦਸਮ ਪਾਤਿਸ਼ਾਹ ਆਪਣੇ ਖਾਸ ਅੰਦਾਜ਼ ਵਿਚ ਨਮਸਕਾਰ ਕਰਦਿਆਂ ਬਿਆਨ ਕਰਦੇ ਹਨ ਕਿ ਤੂੰ ਮੁਨੀਆਂ ਦੇ ਮਨਾਂ ਦਾ ਚਾਨਣ ਹੈਂ। ਤੂੰ ਅਬਿਨਾਸੀ ਅਤੇ ਨਿਡਰ ਹੈਂ, ਤੈਨੂੰ ਸਮੂਹ ਗੁਣੀਜਨ ਪ੍ਰਣਾਮ ਕਰਦੇ ਹਨ। ਤੂੰ ਸਦਾ ਹੀ ਜਲਾਂ-ਥਲਾਂ ਵਿਚ ਵਸਦਾ ਹੈਂ ਭਾਵ ਹਰ ਥਾਂ ਵਿਆਪਕ ਹੈਂ। ਤੂੰ ਹਰ ਦਿਸ਼ਾ ਅਤੇ ਉਪਦਿਸ਼ਾ, ਚੌਹਾਂ ਕੋਣਿਆਂ ਵਿਚ ਅਨੰਦਿਤ ਅਤੇ ਭੰਡੀ ਰਹਿਤ ਹੈ। ਜਲ ਅਤੇ ਥਲ, ਹਰ ਦਿਸ਼ਾ ਅਤੇ ਸਥਾਨ ਤੇ, ਹਰ ਥਾਂ ਬੇਅੰਤ ਹੈਂ:

ਅਨਭਵ ਅਨਾਸ॥ ਮੁਨਿ ਮਨਿ ਪ੍ਰਕਾਸ਼॥
ਗੁਨਿ ਗਨ ਪ੍ਰਨਾਮ॥
ਜਲ ਥਲ ਮੁਦਾਮ॥੩॥੧੫੯॥
ਅਨਛਿੱਜ ਅੰਗ॥ ਆਸਨ ਅਭੰਗ॥
ਉਪਮਾ ਅਪਾਰ॥
ਗਤਿ ਮਿਤਿ ਉਦਾਰ॥੪॥੧੬੦॥
ਜਲ ਥਲ ਅਮੰਡ॥ ਦਿਸ ਵਿਸ ਅਭੰਡ॥
ਜਲ ਥਲ ਮਹੰਤ॥
ਦਿਸ ਵਿਸ ਬੇਅੰਤ॥੫॥੧੬੧॥

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਉਹ ਜੋ ਅੱਖਾਂ ਨੂੰ ਚੰਗਾ ਲੱਗਣ ਵਾਲਾ ਹੈ, ਉਸ ਨੂੰ ਦੇਖ ਕੇ ਮੈਂ ਮੋਹਿਤ ਹੋ ਗਈ। ਮੇਰੇ ਵਿਚ ਕੋਈ ਗੁਣ ਨਹੀਂ ਹੈ, ਮੇਰੀ ਮਾਂ ਪਰ ਫਿਰ ਵੀ ਉਸ ਨੇ ਮੈਨੂੰ ਆਪਣੇ ਲੜ ਲਾ ਲਿਆ ਹੈ। ਉਹ ਅਕਾਲ ਪੁਰਖ ਵੇਦਾਂ, ਕਤੇਬਾਂ ਅਤੇ ਸੰਸਾਰ ਤੋਂ ਵੱਖਰਾ ਹੈ, ਭਾਵ ਪਰਮਾਤਮਾ ਧਾਰਮਿਕ ਪੁਸਤਕਾਂ ਅਤੇ ਸ੍ਰਿਸ਼ਟੀ ਦੇ ਅੰਦਰ ਹੀ ਨਹੀਂ ਸਮਾਇਆ ਹੋਇਆ, ਉਹ ਤਾਂ ਏਨਾ ਵਿਸ਼ਾਲ ਹੈ ਕਿ ਇਨ੍ਹਾਂ ਦੇ ਮਹਿਦੂਦ ਬਿਆਨ ਤੋਂ ਟੱਪ ਕੇ ਬਾਹਰ ਦੀ ਬੇਅੰਤਤਾ ਵਿਚ ਪ੍ਰਕਾਸ਼ਮਾਨ ਹੈ। ਨਾਨਕ ਦਾ ਪਰਮਾਤਮਾ ਜ਼ਾਹਰਾ ਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ:

ਨੈਣ ਪਸੰਦੋ ਸੋਇ ਪੇਖਿ
ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ॥੩॥
ਬੇਦ ਕਤੇਬ ਸੰਸਾਰ
ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ
ਦਿਸੈ ਜਾਹਰਾ॥੪॥੩॥

ਗੁਰਮਤਿ ਅਨੁਸਾਰ ਪਰਮ ਸਤਿ ਸਰਬਗ ਹੈ, ਜਾਣੀ ਜਾਣ ਹੈ, ਅੰਤਰਜਾਮੀ ਹੈ। ਸਿਆਣਾ ਹੈ ਅਤੇ ਗਿਆਨਵਾਨ ਹੈ। ਦਸਮ ਪਾਤਿਸ਼ਾਹ ਨੇ ਉਸ ਨੂੰ ਸਾਰੇ ਕਰਮਾਂ ਅਤੇ ਸਾਰੇ ਧਰਮਾਂ ਦਾ ਮਾਲਕ ਕਿਹਾ ਹੈ ਜੋ ਹਰ ਇੱਕ ਨੂੰ ਗਤੀ ਦੇਣ ਵਾਲਾ ਭਾਵ ਚਲਾਉਣ ਵਾਲਾ ਹੈ। ਉਹ ਸਭ ਕੁੱਝ ਜਾਨਣ ਵਾਲਾ, ਸਭ ਨੂੰ ਮਾਰਨ ਵਾਲਾ ਅਤੇ ਸਭ ਕੁੱਝ ਕਰਨ ਵਾਲਾ ਹੈ। ਉਹ ਸਭ ਦਾ ਜ਼ੋਰ ਭਾਵ ਸਭ ਨੂੰ ਤਾਕਤ ਦੇਣ ਵਾਲਾ, ਅਤੇ ਸਭ ਦਾ ਪ੍ਰਾਣਦਾਤਾ ਹੈ। ਉਹ ਸਭ ਨਾਲ ਜੁੜਿਆ ਵੀ ਹੋਇਆ ਹੈ ਅਤੇ ਸਾਰਿਆਂ ਤੋਂ ਨਿਰਲੇਪ ਵੀ ਹੈ। ਉਹ ਜਿਸ ਦਾ ਕੋਈ ਸਰੀਰ ਨਹੀਂ ਹੈ, ਜਿਸ ਨੂੰ ਨਾਸ ਨਹੀਂ ਕੀਤਾ ਜਾ ਸਕਦਾ, ਜੋ ਆਪ ਨਰਕਾਂ ਨੂੰ ਨਾਸ ਕਰਨਹਾਰਾ ਹੈ, ਉਹ ਸਦਾ ਜਾਗਦੀ ਜੋਤਿ ਹੈ, ਜਿਸ ਨੂੰ ਨਮਸਕਾਰ ਹੈ:

ਸਰਬੰ ਹੰਤਾ॥ ਸਰਬੰ ਗੰਤਾ॥
ਸਰਬੰ ਖਿਆਤਾ॥
ਸਰਬੰ ਗਿਆਤਾ॥੧॥੧੩੮॥
ਸਰਬੰ ਹਰਤਾ॥ ਸਰਬੰ ਕਰਤਾ॥
ਸਰਬੰ ਪ੍ਰਾਣੰ॥ ਸਰਬੰ ਤ੍ਰਾਣੰ॥੨॥੧੩੯॥
ਸਰਬੰ ਕਰਮੰ॥ ਸਰਬੰ ਧਰਮੰ॥
ਸਰਬੰ ਜੁਗਤਾ॥
ਸਰਬੰ ਮੁਕਤਾ॥੩॥੧੪੦॥

ਉਹ ਜਿਸ ਦੇ ਸਰੂਪ ਦੀ ਥਾਹ ਨਹੀਂ ਪਾਈ ਜਾ ਸਕਦੀ, ਬੇਅੰਤ, ਦੌਲਤਾਂ ਦਾ ਮਾਲਕ, ਸਭ ਦਾ ਸਾਥੀ ਹੈ ਅਤੇ ਮਾਰਨ ਵਾਲਿਆਂ ਨੂੰ ਵੀ ਮਾਰਨ ਵਾਲਾ ਹੈ। ਉਹ ਅਮਰ ਸਰੂਪ ਹੈ ਜਿਸ ਦਾ ਕੋਈ ਨਾਮ ਨਹੀਂ ਹੈ ਅਤੇ ਤਿੰਨਾਂ ਰੋਗਾਂ ਨੂੰ ਨਾਸ ਕਰਨ ਵਾਲਾ ਹੈ। ਉਹ ਤਿੰਨਾਂ ਲੋਕਾਂ ਦੀ ਕਾਮਨਾ ਪੂਰੀ ਕਰਨ ਵਾਲਾ ਸੰਪੂਰਨ ਤੌਰ 'ਤੇ ਸਾਰੇ ਪਾਸਿਆਂ ਤੋਂ ਅਨੂਪ ਹੈ। ਨਾ ਉਸ ਦੇ ਕੋਈ ਪੋਤਰੇ ਜਾਂ ਪੁੱਤਰ ਹਨ, ਨਾ ਸ਼ਤਰੂ ਜਾਂ ਮਿੱਤਰ ਹਨ। ਨਾ ਉਸ ਦਾ ਕੋਈ ਪਿਤਾ ਹੈ ਨਾ ਮਾਤਾ ਹੈ। ਨਾ ਉਸ ਦੀ ਕੋਈ ਜਾਤ, ਵਰਣ ਜਾਂ ਕੌਮ ਹੈ। ਨਾ ਗੋਤ, ਪੰਕਤੀ, ਸ਼ਾਖ ਜਾਂ ਫਿਰਕਾ ਹੈ। ਉਹ ਸਾਕਾਂ, ਸਬੰਧੀਆਂ, ਸ਼ਰੀਕਾਂ ਅਤੇ ਭਾਈਵਾਲਾਂ ਤੋਂ ਰਹਿਤ ਹੈ। ਉਹ ਮਿਣਤੀਆਂ ਤੋਂ ਉਤੇ ਅਪਾਰ ਅਤੇ ਅਥਾਹ ਹੈ। ਉਸ ਨਾ ਜਿੱਤੇ ਜਾਣ ਵਾਲੇ ਦੀ ਪ੍ਰਭੁਸਤਾ ਹਮੇਸ਼ਾ ਕਾਇਮ ਹੈ:

ਨ ਪੋਤ੍ਰੈ ਨ ਪੁਤ੍ਰੈ॥ ਨ ਸਤ੍ਰੈ ਨ ਮਿਤ੍ਰੈ॥
ਨ ਤਾਤੈ ਨ ਮਾਤੈ॥
ਨ ਜਾਤੈ ਨ ਪਾਤੈ॥੪॥੧੪੪॥
ਨ੍ਰਿਸਾਕੈ ਸਰੀਕ ਹੈਂ॥
ਅਮਿੱਤੋ ਅਮੀਕ ਹੈਂ॥
ਸਦੈਵੰ ਪ੍ਰਭਾ ਹੈਂ॥
ਅਜੈ ਹੈਂ ਅਜਾ ਹੈਂ॥੫॥੧੪੫॥

ਜਾਪੁ ਸਾਹਿਬ ਵਿਚ ਵੀ ਪਰਮ ਸਤਿ ਨੂੰ

## ਗੁਰਮਤਿ ਚਿੰਤਨ

'ਜ਼ਾਹਿਰ ਜ਼ਹੂਰ' ਅਤੇ 'ਹਾਜ਼ਿਰ ਹਜ਼ੂਰ' ਕਿਹਾ ਗਿਆ ਹੈ, ਭਾਵ ਜੋ ਪ੍ਰਤੱਖ ਨਜ਼ਰ ਆਉਂਦਾ ਹੈ, ਸਾਹਮਣੇ ਮੌਜੂਦ ਹੈ। ਉਹ ਸਾਰਿਆਂ ਦੀ ਬਾਣੀ ਦਾ ਕੇਂਦਰ ਅਤੇ ਸਦਾ ਨਮਸਕਾਰ ਕਰਨ ਦੇ ਯੋਗ ਹੈ। ਉਹ ਅਕਲ ਵਾਲਾ, ਸੁੰਦਰਤਾ ਦੀ ਜੋਤਿ, ਉਤਮ ਦਾਤਾ, ਰਿਜ਼ਕ ਦੇਣਹਾਰ,

ਪੂਰਨ ਕਿਰਪਾਲੂ ਅਤੇ ਹੁਸਨ ਦਾ ਤੇਜ ਹੈ। ਉਹ ਗ਼ਰੀਬ-ਨਿਵਾਜ਼, ਦੀਨ ਦਇਆਲ, ਡਰ ਅਤੇ ਭੈ ਨੂੰ ਜਿੱਤਣ ਵਾਲਾ, ਦੁਸ਼ਮਣਾਂ ਤੋਂ ਕਰ ਲੈਣ ਵਾਲਾ ਅਤੇ ਵਿਰੋਧੀਆਂ ਦਾ ਨਾਸ਼ਕ ਹੈ। ਉਹ ਜੋ ਸਰਬ ਨਿਵਾਸੀ ਹੈ, ਪਾਪਾਂ ਦਾ ਨਾਸ ਕਰਨਹਾਰਾ ਹੈ।

ਕਿ ਜ਼ਾਹਿਰ ਜ਼ਹੂਰ ਹੈਂ॥
ਕਿ ਹਾਜ਼ਿਰ ਹਜ਼ੂਰ ਹੈਂ॥
ਹਮੇਸ਼ੁਲ ਸਲਾਮ ਹੈਂ॥
ਸਮਸਤੁਲ ਕਲਾਮ ਹੈਂ॥੧॥੧੪੬॥
ਕਲੰਕੰ ਪ੍ਰਣਾਸ ਹੈਂ॥
ਸਮਸਤੁਲ ਨਿਵਾਸ ਹੈਂ॥
ਅਗੰਜੁਲ ਗ਼ਨੀਮ ਹੈਂ॥
ਰਜਾਇਕ ਰਹੀਮ ਹੈਂ॥੫॥੧੫੦॥

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ:

ਗੁਣ ਨਿਧਾਨ ਨਾਨਕੁ ਜਸੁ ਗਾਵੈ
ਸਤਿਗੁਰਿ ਭਰਮੁ ਚੁਕਾਇਆਓ॥
ਸਰਬ ਨਿਵਾਸੀ ਸਦਾ ਅਲੇਪਾ
ਸਭ ਮਹਿ
ਰਹਿਆ ਸਮਾਇਓ॥੨॥੧॥੨੯॥

ਉਹ ਸ਼ੁਭ ਨਛੱਤਰਾਂ ਵਾਲਾ, ਸਭ ਦੀ ਸਾਂਝੀ ਭਾਸ਼ਾ ਹੈ। ਉਹ ਨਰਕ ਦਾ ਨਾਸ ਕਰਨ ਵਾਲਾ ਅਤੇ ਸਵਰਗ ਵਿਚ ਨਿਵਾਸ ਕਰਨ ਵਾਲਾ ਹੈ। ਉਹ ਪੂਰਨ ਬਿਬੇਕੀ, ਹਰ ਥਾਂ ਰਮਣ ਕਰਨ ਵਾਲਾ ਹੈ ਅਤੇ ਸਦਾ ਤੁਰਿਆ ਰਹਿਣ ਵਾਲਾ ਹੈ। ਉਹ ਸਭ ਦਾ ਪਿਆਰਾ ਪਰਮ ਈਸ਼ਵਰ ਹੈ। ਉਹ ਸਭ ਤੋਂ ਅਡਿੱਠ ਅਤੇ ਬਿਆਨ ਰਹਿਤ ਹੈ। ਉਹ ਲੋਕ ਅਤੇ ਪਰਲੋਕ ਦੋਵੇਂ ਹੈ। ਉਹ ਧਰਮ ਦੀ ਗੰਭੀਰਤਾ, ਸ਼੍ਰੋਮਣੀ ਦਾਤਾ ਅਤੇ ਜ਼ੁਅਰਤ ਦਾ ਚਮਤਕਾਰ ਹੈ। ਉਹ ਅਚਲ ਪ੍ਰਕਾਸ਼, ਅਮਿਤ ਸੁਗੰਧੀ ਅਤੇ ਵਿਲੱਖਣ ਸਰੂਪ ਹੈ ਅਤੇ ਪੰਜ ਭੌਤਿਕ ਹੋਂਦ ਤੋਂ ਅਪਰੰਪਰ ਹੈ ਜਿਸ ਦਾ ਬੇਅੰਤ ਪਾਸਾਰਾ ਹੈ:

ਜ਼ਮੀਨੁਲ ਜਮਾ ਹੈਂ॥
ਅੱਮੀਕੁਲ ਇਮਾਂ ਹੈਂ॥
ਕਰੀਮੁਲ ਕਮਾਲ ਹੈਂ॥
ਕਿ ਜੁਰਅਤ ਜਮਾਲ ਹੈਂ॥੯॥੧੫੪॥
ਕਿ ਅਚਲੰ ਪ੍ਰਕਾਸ਼ ਹੈਂ॥
ਕਿ ਅਮਿਤੋ ਸੁਬਾਸ ਹੈਂ॥
ਕਿ ਅਜਬ ਸਰੂਪ ਹੈਂ॥
ਕਿ ਅਮਿਤੋ ਬਿਭੂਤਿ ਹੈਂ॥੧੦॥੧੫੫॥
ਕਿ ਅਮਿਤੋ ਪਸਾ ਹੈਂ॥
ਕਿ ਆਤਮ ਪ੍ਰਭਾ ਹੈਂ॥
ਕਿ ਅਚਲੰ ਅਨੰਗ ਹੈਂ॥
ਕਿ ਅਮਿਤੋ ਅਭੰਗ ਹੈਂ॥੧੧॥੧੫੬॥

ਜਾਪੁ ਸਾਹਿਬ ਦੇ ਇਸ ਅਧਿਐਨ ਦੇ ਅਰੰਭ ਵਿਚ ਹੀ ਜ਼ਿਕਰ ਕੀਤਾ ਸੀ ਕਿ ਇਹ ਪਰਮਾਤਮਾ ਦੇ ਕੀਤੇ ਕੰਮਾਂ ਕਾਰਨ ਪਏ ਨਾਂਵਾਂ ਦਾ ਵਰਣਨ ਹੈ ਭਾਵ ਉਸ ਦੇ ਨਾਂਵਾਂ ਦਾ ਸਿਮਰਣ ਹੈ, "ਤਵ ਸਰਬ ਨਾਮ ਕਥੈ ਕਵਨ ਕਰਮ-ਨਾਵ ਬਰਣਤ ਸੁਮੱਤਿ॥" ਉਸ ਦੇ ਨਾਮ ਜਪਦਿਆਂ ਉਸ ਨੂੰ ਨਮੋ ਹੀ ਕੀਤੀ ਜਾ ਸਕਦੀ ਹੈ, ਅੰਧਕਾਰ-ਪ੍ਰਕਾਸ਼, ਨਰਕ-ਸਵਰਗ ਸਭ ਦਾ ਰਚਣਹਾਰ ਅਤੇ ਸਭ ਥਾਂ ਵਿਆਪਕ ਹੈ।

ਇਸ ਸੰਖੇਪ ਜਿਹੇ ਅਧਿਐਨ ਤੋਂ ਅਸੀਂ ਇਹ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹਾਂ ਕਿ ਦਸਮ ਪਾਤਿਸ਼ਾਹ ਨੇ ਆਪਣੇ ਵਿਲੱਖਣ ਮੁਹਾਵਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਅਕਾਲ ਪੁਰਖ ਦੇ ਸੰਕਲਪ ਨੂੰ ਹੀ ਅੱਗੇ ਤੋਰਿਆ ਹੈ। ਗੁਰਮਤਿ ਚਿੰਤਨ ਅਨੁਸਾਰ ਅਕਾਲ ਪੁਰਖ ਦੇ ਨਿਰਗੁਣ ਅਤੇ ਸਰਗੁਣ ਦੋਵੇਂ ਸਰੂਪ ਪ੍ਰਵਾਨ ਕੀਤੇ ਗਏ ਹਨ। ਕੁੱਝ ਵਿਦਵਾਨਾਂ ਦਾ ਖਿਆਲ ਹੈ ਕਿ ਗੁਰਮਤਿ ਦਰਸ਼ਨ ਵਿਚ ਸ਼ੰਕਰਾਚਾਰੀਆ ਦੇ ਨਿਰਗੁਣ ਬ੍ਰਹਮ ਅਤੇ ਰਾਮਾਨੁਜ ਦੇ ਸਰਗੁਣ ਬ੍ਰਹਮ ਦਾ ਬੜਾ ਸੂਖਮ ਸੁਮੇਲ ਮਿਲਦਾ ਹੈ। ਇਹ ਵਿਚਾਰ ਗਲਤ ਹੈ। ਗੁਰਮਤਿ ਵਿਚ ਅਕਾਲ ਪੁਰਖ ਦਾ ਜੋ ਨਿਰਗੁਣ ਅਤੇ ਸਰਗੁਣ ਸਰੂਪ ਦੱਸਿਆ ਗਿਆ ਹੈ ਉਹ ਨਿਰੋਲ ਗੁਰਮਤਿ ਦਾ ਆਪਣਾ ਹੈ। ਸ਼ੰਕਰ ਨੇ ਨਾਕਾਰਾਤਮਕ ਵਿਧੀ ਅਪਨਾਈ ਹੈ ਜਦ ਕਿ ਗੁਰਮਤਿ ਦਰਸ਼ਨ ਦੀ ਵਿਧੀ ਸਾਕਾਰਾਤਮਕ ਹੈ। ਸ਼ੰਕਰ ਅਨੁਸਾਰ ਬ੍ਰਹਮ ਨਿਰਗੁਣ ਅਤੇ ਇੱਕ ਹੈ, ਮਾਇਆ ਯੁਕਤ ਉਪਾਧੀਆਂ ਕਾਰਨ ਉਹ ਭਿੰਨ-ਭਿੰਨ ਨਜ਼ਰ ਆਉਂਦਾ ਹੈ। ਰਾਮਾਨੁਜ ਅਨੁਸਾਰ ਬ੍ਰਹਮ ਨਿਰਗੁਣ ਇਸ ਲਈ ਹੈ ਕਿਉਂਕਿ ਉਹ ਪ੍ਰਕਿਰਤੀ ਤੋਂ ਪੈਦਾ ਹੋਏ ਅਸ਼ੁਧ ਗੁਣਾਂ ਤੋਂ ਰਹਿਤ ਹੈ। ਬ੍ਰਹਮ ਸਰਗੁਣ ਵੀ ਹੈ ਕਿਉਂਕਿ ਉਹ ਚੰਗੇ ਗੁਣਾਂ ਦਾ ਭੰਡਾਰ ਹੈ।

ਗੁਰਮਤਿ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਬ੍ਰਹਮ ਦੀ ਅਫੁਰ ਅਵਸਥਾ ਹੈ ਜਿਸ ਨੂੰ 'ਸੁੰਨ ਸਮਾਧੀ' ਦੀ ਅਵਸਥਾ ਵੀ ਕਿਹਾ ਗਿਆ ਹੈ। ਇਹ ਬ੍ਰਹਮ ਦਾ ਨਿਰਗੁਣ ਸਰੂਪ ਹੈ। ਅਫੁਰ ਤੋਂ ਫੁਰ ਅਵਸਥਾ ਵਿਚ ਆਉਣਾ, ਆਪਣੇ ਆਪ ਤੋਂ ਸ੍ਰਿਸ਼ਟੀ ਦੀ ਰਚਨਾ ਕਰਨੀ, ਇਹ ਬ੍ਰਹਮ ਦਾ ਸਰਗੁਣ ਸਰੂਪ ਹੈ। ਅਪ੍ਰਗਟ ਤੋਂ ਪ੍ਰਗਟ ਰੂਪ ਵਿਚ ਆਉਣਾ ਹੀ ਉਸ ਦਾ ਸਰਗੁਣ ਸਰੂਪ ਹੈ। ਉਹ ਆਪਣੇ ਬਾਣੇ ਵਿਚ ਆਪ ਹੀ ਗੁਪਤ ਤੋਂ ਪ੍ਰਗਟ ਰੂਪ ਵਿਚ ਆਇਆ। ਸ੍ਰਿਸ਼ਟੀ ਰਚਨਾ ਨੂੰ ਉਸ ਦਾ ਖੇਲੁ ਮੰਨਿਆ ਗਿਆ ਹੈ। ਇਸ ਧਰਤੀ ਨੂੰ ਅਕਾਲ ਪੁਰਖ ਨੇ ਧਰਮਸਾਲ ਕਰਕੇ ਥਾਪਿਆ ਹੈ, ਜਿਥੇ ਜੀਵ ਧਰਮ ਕਮਾਉਣ ਵਾਸਤੇ ਆਉਂਦਾ ਹੈ। ਨਿਰੰਕਾਰ ਆਪ ਹੀ ਅਕਾਰ ਵਿਚ ਆਉਂਦਾ ਹੈ, ਰੂਪਾਂ ਵਿਚ ਆਉਂਦਾ ਹੈ ਪਰ ਇਸ ਦੇ ਬਾਵਜੂਦ ਆਕਾਰ ਦਾ ਉਸ ਨੂੰ ਕੋਈ ਬੰਧਨ ਨਹੀਂ। ਇਹ ਪ੍ਰਾਤਪਰਤਾ ਹੈ, ਵਿਰੋਧਾਭਾਸ ਨਹੀਂ ਹੈ। ਜੀਵ ਮਾਇਆ ਕਾਰਨ ਜਾਂ ਅਵਿੱਦਿਆ ਕਾਰਨ ਜਗਤ ਵਿਚ ਨਹੀਂ ਆਉਂਦਾ। ਉਹ ਸਮਸਾਰ 'ਤੇ ਤਾਂ ਆਉਂਦਾ ਹੈ ਜੇ 'ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗਿ ਮਹਿ ਆਇਆ॥' ਆਉਣ ਦਾ ਮਨੋਰਥ ਹੈ ਆਪਣੇ ਅੰਦਰ ਉਸ ਜੋਤਿ ਦਾ ਅਨੁਭਵ ਕਰਨਾ। ਇਹੀ ਆਪਣੇ ਸੋਮੇ ਨਾਲ ਇਕਸੁਰ ਹੋਣਾ ਹੈ। ਆਪਣੇ ਅੰਦਰ ਲੁਪਤ ਪਰਮਾਤਮ-ਗੁਣਾਂ ਨੂੰ ਪ੍ਰਗਟ ਕਰਨਾ ਹੈ, ਜੋਤਿ ਨੂੰ ਜਗਾਉਣਾ ਹੈ। ਇਸ ਤੋਂ ਬਿਨਾਂ ਹੋਰ ਕਿਸੇ ਵੀ ਕਿਸਮ ਦੀ ਮੁਕਤੀ ਦੀ ਇੱਛਾ ਨਹੀਂ ਕੀਤੀ ਗਈ। ਇਸ ਤਰ੍ਹਾਂ ਗੁਰਮਤਿ ਚਿੰਤਨ ਬਿਲਕੁਲ ਸੁਤਮਤਰ ਚਿੰਤਨ ਹੈ ਜਿਸ ਵਿਚ ਬ੍ਰਹਮ ਸਰਗੁਣ ਹੋ ਕੇ ਵੀ ਸ਼ਬਦ ਹੈ, ਨਾਮ ਹੈ, ਜਿਸ ਦਾ ਅਨੁਭਵ ਕੀਤਾ ਜਾ ਸਕਦਾ ਹੈ। ਇਸ ਅਨੁਭਵ ਦਾ ਰਸਤਾ ਗੁਰੂ ਤੋਂ ਪਤਾ ਲਗਦਾ ਹੈ। ਗੁਰੂ ਕੋਈ ਦੇਹਧਾਰੀ ਗੁਰੂ ਨਹੀਂ, ਸ਼ਬਦ ਗੁਰੂ ਹੈ, ਬਾਣੀ ਗੁਰੂ ਹੈ।

ਕਿਸੇ ਵੀ ਇਲਹਾਮ ਦੀ ਸੁਤੰਤਰਤਾ ਅਸਲ ਵਿਚ ਇਸ ਤੱਥ ਵਿਚ ਨਿਹਿਤ ਹੁੰਦੀ ਹੈ ਕਿ ਉਸ ਨੇ ਕਿਹੋ-ਜਿਹੇ ਵਿਅਕਤੀਤਵ ਦੀ ਘਾੜਤ ਕੀਤੀ ਹੈ। ਸਿੱਖ ਧਰਮ ਦੇ ਇਲਹਾਮ ਦੀ ਸੁਤੰਤਰਤਾ ਵੀ ਇਸ ਨੇ ਸਿੱਖ ਦੇ ਵਿਅਕਤਿਤਵ ਦੀ ਜੋ ਘਾੜਤ ਕੀਤੀ ਹੈ, ਜਿਸ ਨੂੰ ਸਚਿਆਰ, ਗੁਰਮੁਖਿ, ਬ੍ਰਹਮਗਿਆਨੀ ਜਾਂ ਖ਼ਾਲਸਾ ਕਿਹਾ ਹੈ, ਉਸ ਤੋਂ ਭਲੀਭਾਂਤ ਉਜਾਗਰ ਹੋ ਜਾਂਦੀ ਹੈ। ਗੁਰਮਤਿ ਇਲਹਾਮ ਦਾ ਮਕਸਦ ਅਜਿਹੀ ਸ਼ਖਸੀਅਤ ਦੀ ਘਾੜਤ ਘੜਨਾ ਹੈ ਜਿਹੜੀ ਪਰਮਾਤਮ-ਗੁਣਾਂ ਦਾ ਆਪਣੇ ਅੰਦਰ ਅਨੁਭਵ ਕਰ ਸਕੇ ਅਤੇ ਫਿਰ ਇਨ੍ਹਾਂ ਗੁਣਾਂ ਨੂੰ ਆਪਣੇ ਅਮਲਾਂ ਵਿਚੋਂ ਪ੍ਰਗਟ ਕਰ ਸਕੇ। ਸਿਧਾਂਤ ਅਤੇ ਅਮਲ ਵਿਚ ਪਾੜਾ ਗੁਰਮਤਿ ਵਿਚ ਪ੍ਰਵਾਨ ਨਹੀਂ ਕੀਤਾ ਗਿਆ। ਇਸ ਆਦਰਸ਼ ਦੀ ਪ੍ਰਾਪਤੀ ਲਈ ਦਿੱਤੀ ਗੁਰਮਤਿ ਜੁਗਤਿ ਸੰਗਤੀ ਜੁਗਤਿ ਹੈ। ਇਹ ਇਕਾਂਤ ਵਿਚ ਜਾ ਕੇ ਤਪੱਸਿਆ ਜਾਂ ਜਪ ਤਪ ਕਰਨ ਦੀ ਜੁਗਤਿ ਨਹੀਂ ਹੈ। ਇਸ ਤਰ੍ਹਾਂ ਸਿੱਖ ਧਰਮ ਚਿੰਤਨ ਸਮਾਜਿਕ ਚਿੰਤਨ ਹੈ, ਕਿਉਂਕਿ ਇਹ ਜਗਿਆਸੂ ਨੂੰ ਸਮਾਜ ਨਾਲੋਂ ਤੋੜਦਾ ਨਹੀਂ ਸਗੋਂ ਸਮਾਜ ਨਾਲ ਜੋੜਦਾ ਹੈ। ਇਸ ਦੀ ਵਿਲੱਖਣਤਾ ਇਹੀ ਹੈ ਜਿਸ ਨੇ ਭਾਰਤੀ ਸਮਾਜ ਨੂੰ ਨਿਰਵਾਣ ਦੇ ਉਂਘਲਾਉਂਦੇ ਭੂਤ ਨਾਲੋਂ ਤੋੜ ਕੇ ਇੱਕ ਚੇਤੰਨ, ਸਕ੍ਰਿਅ, ਤੇਜੱਸਵੀ ਸਮਾਜ ਦੀ ਸਿਰਜਣਾ ਕੀਤੀ ਜਿਸ ਵਿਚ ਭਗਤੀ ਅਤੇ ਸ਼ਕਤੀ, ਸੰਤ ਅਤੇ ਸਿਪਾਹੀ ਦਾ ਸੁਮੇਲ ਹੈ।

---

### ਡੂੰਘੀ ਵਾਟ

ਨੇੜਿਉਂ ਘਬਰਾਈ ਜਾਨਾਂ ਹਾਂ,
ਹੱਥ ਦੀਪ ਟਿਕਾਈ ਜਾਨਾਂ ਹਾਂ।
ਝੱਖੜਾਂ ਬੁਝਾਇਆ ਹਰ ਵੇਰਾਂ,
ਮੁੜ-ਮੁੜ ਜਗਾਈ ਜਾਨਾਂ ਹਾਂ!
ਚਾਲ ਮੇਰੀ ਲੜਖੜਾਵੇ ਨਾ,
ਆਪਣੀ ਹੀ ਆਹਟ ਡਰਾਵੇ ਨਾ,
ਨੇੜੇ ਬੁਰੀ ਬਲਾ ਕੋਈ ਆਵੇ ਨਾ।
ਉਚੀ ਨਗਮੇ ਗਾਈ ਜਾਨਾਂ ਹਾਂ।
ਹੱਥ ਦੀਪ ਟਿਕਾਈ ਜਾਨਾ ਹਾਂ!

ਲੰਘ ਉਚੇ-ਨੀਵੇਂ ਰਾਹ ਆਇਆਂ,
ਚਾਅ ਦਿਲ ਦੇ ਬਹੁਤ ਪੁਗਾ ਆਇਆਂ,
ਕੀ ਖੱਟ ਤੇ ਕੀ ਗੁਆ ਆਇਆਂ।
ਇਹ ਹਿਸਾਬ ਲਗਾਈ ਜਾਨਾਂ ਹਾਂ
ਹੱਥ ਦੀਪ ਟਿਕਾਈ ਜਾਨਾ ਹਾਂ!

ਮਸਤੀ ਘੁੰਗਰੂ ਦਿਆਂ ਸ਼ੋਰਾਂ ਤੋਂ,
ਕੁਝ ਘਰ ਦੇ ਭੇਤੀ ਚੋਰਾਂ ਤੋਂ,
ਕਲਜੁਗ ਦੇ ਆਦਮਖੋਰਾਂ ਤੋਂ।
ਜਿੰਦ-ਜਾਨ ਬਚਾਈ ਜਾਨਾਂ ਹਾਂ।
ਹੱਥ ਦੀਪ ਟਿਕਾਈ ਜਾਨਾਂ ਹਾਂ।

ਅਜੇ ਅੱਖੀਉਂ ਮੁਕਿਆ ਨੂਰ ਨਹੀਂ,
ਥੱਕ ਹੋਇਆ ਚਕਨਾਚੂਰ ਨਹੀਂ,
ਹੁਣ ਮੰਜਿਲ ਥਰੀਕੇ ਦੂਰ ਨਹੀਂ।
ਇਹੋ ਆਸ ਲਗਾਈ ਜਾਨਾਂ ਹਾਂ।
ਹੱਥ ਦੀਪ ਟਿਕਾਈ ਜਾਨਾਂ ਹਾਂ।

*-ਇੰਦਰਜੀਤ ਗਰੇਵਾਲ*

---

### ਸਿਆਣਿਆਂ ਦਾ ਕਿਹਾ

(1) ਧਨ ਨਾਲ ਦਵਾਈ ਮਿਲਦੀ ਹੈ ਪਰ ਤੰਦਰੁਸਤੀ ਨਹੀਂ। ਧਨ ਨਾਲ ਇਕਾਂਤ ਮਿਲਦਾ ਹੈ ਪਰ ਸ਼ਾਂਤੀ ਨਹੀਂ। ਧਨ ਨਾਲ ਬਿਸਤਰਾ ਮਿਲਦਾ ਹੈ ਪਰ ਨੀਂਦ ਨਹੀਂ।
(2) ਸੱਚ ਨਾਲ ਕਮਾਇਆ ਧਨ ਹਰ ਪ੍ਰਕਾਰ ਨਾਲ ਸੁੱਖ ਹੀ ਦਿੰਦਾ ਹੈ। ਛਲ ਤੇ ਕਪਟ ਨਾਲ ਕਮਾਇਆ ਧਨ ਦੁੱਖ ਹੀ ਦੁੱਖ ਦਿੰਦਾ ਹੈ।
(3) ਸਭ ਤੋਂ ਵੱਡਾ ਦਾਨ ਕੰਨਿਆ ਦਾਨ ਹੁੰਦੈ।
(4) ਆਚਰਣ ਤੋਂ ਮਨੁੱਖ ਦੀ ਕੀਮਤ ਪੈਂਦੀ ਹੈ ਨਾ ਕਿ ਕੱਪੜਿਆਂ ਤੋਂ।
(5) ਹੰਝੂ ਦੇਣ ਵਾਲੇ ਹੰਝੂ ਪੂੰਜ ਨਹੀਂ ਸਕਦੇ।
(6) ਗਰੀਬ ਦੀ ਆਹ ਲੋਹੇ ਨੂੰ ਵੀ ਭਸਮ ਕਰ ਦਿੰਦੀ ਹੈ।
(7) ਤਾਰੀਫ ਅਤੇ ਪਿਆਰ ਵਿਚ ਕੰਜੂਸੀ ਨਾ ਵਰਤੋ।
(8) ਹਮੇਸ਼ਾਂ ਸਬਰ ਜਿੱਤਦਾ ਹੈ ਅਤੇ ਜ਼ਬਰ ਹਾਰਦਾ ਹੈ।
(9) ਹੌਂਸਲਾ, ਤਾਕਤ, ਮਿੱਤਰ, ਔਖੇ ਵੇਲੇ ਹੀ ਪਰਖੇ ਜਾਂਦੇ ਹਨ।
(10) ਲਹਿਰਾਂ ਭਾਵੇਂ ਆਕਾਸ਼ ਨੂੰ ਛੂਹ ਜਾਣ ਆਖਰ ਖਤਮ ਹੋਣਾ ਹੀ ਹੁੰਦਾ ਹੈ।
(11) ਜੀਵਨ ਖੁਸ਼ੀ ਖੁਸ਼ੀ ਜਿਉਣ ਦਾ ਨਾਂ ਹੈ, ਸਮਾਂ ਲੰਘਾਉਣ ਦਾ ਨਹੀਂ।
(12) ਰੱਬ ਕੋਲੋਂ ਡਰਦੇ ਰਹੋ ਤਾਂ ਚੰਗਾ ਹੈ। ਬੰਦਾ ਇੱਕ ਦਰ ਦਾ ਰਹੇ ਤਾਂ ਚੰਗਾ ਹੈ।
(13) ਆਪਣੇ ਗੁਣਾਂ ਦੀ ਤਾਰੀਫ ਕਰਨ ਤੋਂ ਵੱਡੀ ਕੋਈ ਮੂਰਖਤਾ ਨਹੀਂ।
(14) ਉਤਸ਼ਾਹ ਤੋਂ ਬਿਨਾਂ ਕੋਈ ਵੀ ਮਹਾਨ ਪ੍ਰਾਪਤੀ ਨਹੀਂ ਹੋ ਸਕਦੀ।
(15) ਇਨਸਾਨ ਅੰਦਰ ਛੁਪੇ ਗੁਣਾਂ ਦਾ ਵਿਕਾਸ ਪ੍ਰਸ਼ੰਸਾ ਅਤੇ ਉਤਸ਼ਾਹ ਰਾਹੀਂ ਹੁੰਦਾ ਹੈ।
(16) ਆਪਣੇ ਜੀਵਨ ਦਾ ਇੱਕ ਉਦੇਸ਼ ਬਣਾਉ ਅਤੇ ਉਸ ਦੀ ਪੂਰਤੀ ਲਈ-ਤਨ, ਮਨ ਨਾਲ ਜੁਟ ਜਾਓ।
(17) ਚਰਿੱਤਰ ਨਿਰਮਾਣ ਇਨਸਾਨ ਦਾ ਪਰਮ ਉਦੇਸ਼ ਹੋਣਾ ਚਾਹੀਦਾ ਹੈ।
(18) ਆਪਣੇ ਔਗੁਣਾਂ ਦਾ ਤਿਆਗ ਤੇ ਦੂਜਿਆਂ ਦੇ ਗੁਣਾਂ ਨੂੰ ਗ੍ਰਹਿਣ ਕਰਨਾ ਵੱਡਪਣ ਹੈ।
(19) ਉਮਰ ਦਾ ਪੰਧ ਸਾਲਾਂ ਦੀ ਬਜਾਏ ਕੰਮਾਂ ਵਿਚ ਮਿਣਿਆ ਜਾਂਦਾ ਹੈ।
(20) ਮਾਂ ਬੋਲੀ ਤੋਂ ਭਗੌੜੀ ਕੌਮ ਇਤਿਹਾਸ ਦਾ ਸੁਨਹਿਰੀ ਵਰਕਾ ਨਹੀਂ ਬਣਦੀ।
(21) ਮਹਾਨ ਵਿਅਕਤੀ ਉਪਕਾਰ ਦਾ ਅਹਿਸਾਨ ਨਹੀਂ ਜਤਾਉਂਦੇ।
(22) ਸਭ ਦਾ ਉਪਦੇਸ਼ ਸੁਣੋ ਪਰ ਆਪਣਾ ਉਪਦੇਸ਼ ਵਿਰਲੇ ਨੂੰ ਹੀ ਦੇਵੋ।
(23) ਆਪਣੇ ਵੱਲੋਂ ਲੱਖ ਛੁਪਾਓ ਪਰ ਅਪਰਾਧ ਤਾਂ ਜੀਭ ਤੋਂ ਬਿਨਾਂ ਵੀ ਬੋਲ ਪੈਂਦੇ ਹਨ।
(24) ਸਿੱਖਾਂ ਦੀਆਂ ਆਰਥਿਕ, ਸਮਾਜਿਕ ਅਤੇ ਸਿਆਸੀ ਮੰਗਾਂ ਦਾ ਜਵਾਬ ਭਾਰਤ ਸਰਕਾਰ ਵੱਲੋਂ ਜੂਨ 1984 ਦੇ ਘੱਲੂਘਾਰੇ ਵਜੋਂ ਦਿੱਤਾ ਗਿਆ ਹੈ।
(25) ਖਾੜਕੂ ਜੰਮਦੇ ਰਹਿਣਗੇ, ਸ਼ਹੀਦ ਹੁੰਦੇ ਰਹਿਣਗੇ, ਆਜ਼ਾਦੀ ਲਈ ਗੋਲੀ ਚਲਦੀ ਰਹੇਗੀ।
(26) ਜਿਸ ਦੇਸ਼ ਨੂੰ ਅਸੀਂ ਆਪਣਾ ਦੇਸ਼ ਨਹੀਂ ਮੰਨਦੇ ਉਸ ਦੇਸ਼ ਦੀ ਅਦਾਲਤ ਕੋਲ ਇਨਸਾਫ ਲਈ ਅਪੀਲ ਕਿਉਂ?
(27) ਜਿੱਥੇ ਅਪੀਲ ਦਲੀਲ ਨਾ ਚੱਲੇ, ਉਥੇ ਮਨੁਖੀ ਬੰਬ ਚਲਦੇ ਹਨ।
(28) ਅਹਿਸਾਸ ਰੂਹ ਦੀ ਰੌਸ਼ਨੀ ਹੈ।
(29) ਜਿਥੇ ਲੋਕ ਕੰਮ ਛੱਡ ਕੇ ਹਾਰੂ ਹੋ ਬੈਠਣ ਉਥੇ ਗਿਆਨ ਵੀ ਸਿੱਥਲ ਬਿਮਾਰੀ ਬਣ ਜਾਂਦਾ ਹੈ।
(30) ਅਹਿਸਾਸ ਰੂਹ ਦਾ ਪ੍ਰਛਾਵਾਂ ਹੈ।
(31) ਪਿਆਰ, ਸਤਿਕਾਰ 'ਚ ਕੰਜੂਸੀ ਨਹੀਂ।
(32) ਜੇ ਜਵਾਨ ਲਹੂ ਸਰੀਰ ਵਿਚੋਂ ਖਿੱਚ ਲਿਆ ਜਾਵੇ, ਢਾਂਚਾ ਕਿੰਨਾ ਕੁ ਚਿਰ ਖਲੋਤਾ ਰਹਿ ਸਕਦਾ ਹੈ। ਇਹੀ ਹਾਲ ਪੰਜਾਬ ਦਾ ਹੈ।
(33) ਜਿਹੜੇ ਤੀਰ ਮਾਰਿਆਂ ਪੀੜ ਦੀ ਚੀਸ ਨਹੀਂ ਵਟਦੇ, ਉਨ੍ਹਾਂ ਪੱਥਰਾਂ ਨਾਲ ਸਿਰ ਮਾਰ ਮਾਰ ਕੇ ਕੀ ਹਮਦਰਦੀ ਜਿੱਤ ਲਵਾਂਗੇ।
(34) ਜਿਨ੍ਹਾਂ ਕਾਰਨਾਂ ਕਰਕੇ ਹਿੰਦੋਸਤਾਨ ਕਦੇ ਗੁਲਾਮ ਹੋਇਆ ਸੀ, ਅੱਜ ਦਾ ਆਜ਼ਾਦ ਭਾਰਤ ਆਰ ਐਸ ਐਸ ਦੀਆਂ ਮਿਹਰਬਾਨੀਆਂ ਨਾਲ ਉਸੇ ਗੁਲਾਮੀ ਦੀ ਖੱਡ ਵਿਚ ਡਿਗ ਰਿਹਾ ਹੈ।
(35) ਪੰਜਾਬ ਦੀ ਧਰਤੀ ਕਦੇ ਸੂਰਮਿਆਂ ਤੋਂ ਵਾਂਝੀ ਨਹੀਂ ਹੁੰਦੀ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

ISBN # 978-0-9781624-9-8

**ਨੈਣ-ਨਕਸ਼**



ਐਸ. ਅਸ਼ੋਕ ਭੌਰਾ

# ਇਕ ਖ਼ਤ ਮਨਪ੍ਰੀਤ ਬਾਦਲ ਦੇ ਨਾਂ

*ਰਾਜਨੀਤੀ ਵਿਗਿਆਨ ਦੀ ਨਹੀਂ, ਗਿਆਨ ਦੀ ਖੇਡ ਹੈ। ਆਪਣੇ ਮੁਲਕ ਵਿਚ ਰਾਜਨੀਤੀ 'ਚ ਦਾਖਲੇ ਲਈ ਕਿਸੇ ਯੋਗਤਾ ਦੀ ਲੋੜ ਨਹੀਂ, ਤਜਰਬੇ ਦੀ ਜ਼ਰੂਰਤ ਹੁੰਦੀ ਹੈ ਜਾਂ ਫਿਰ ਤੁਸੀਂ ਕਿਸੇ ਨੇਤਾ ਦੇ ਧੀ-ਪੁੱਤ, ਨੂੰਹ, ਰਿਸ਼ਤੇਦਾਰ ਹੋ ਤਾਂ ਪਹਿਲੀ ਐਂਟਰੀ ਵੇਲੇ ਹੀ ਮੰਤਰੀ ਜਾਂ ਚੇਅਰਮੈਨੀਆਂ ਆਸਾਨੀ ਨਾਲ ਹਾਸਲ ਕਰ ਸਕਦੇ ਹੋ। ਕਈ ਲੋਕ ਇਸ ਖੇਤਰ ਵਿਚ ਆਉਣ ਵੇਲੇ ਤਾਂ ਬਹੁਤ ਇਮਾਨਦਾਰ ਸਨ ਪਰ ਬਾਅਦ ਵਿਚ ਏਨੇ ਢੀਠ ਹੋ ਗਏ ਕਿ ਸੰਗ ਅਤੇ ਸ਼ਰਮ ਅੱਗ ਲਾ ਕੇ ਫੂਕ ਸੁੱਟੀਆਂ। ਰਾਜਨੀਤੀ ਨੇ ਹੀ ਸਿਖਾਇਆ ਹੈ ਕਿ ਮੌਕਾਪ੍ਰਸਤ ਹੋਣਾ ਗੁਨਾਹ ਨਹੀਂ ਹੁੰਦਾ। ਲੀਡਰ ਨੂੰ ਭਾਸ਼ਣ ਇਸ ਕਰਕੇ ਪਿਆਰਾ ਹੁੰਦਾ ਹੈ ਕਿ ਝੂਠ ਬੋਲਣਾ, ਵਾਅਦੇ ਕਰਨੇ ਅਤੇ ਲਾਰੇ ਲਾਉਣ ਦਾ ਖੁੱਲ੍ਹਾ ਮੰਚ ਮਸਾਂ ਨਸੀਬ ਹੋਇਆ ਹੁੰਦਾ ਹੈ। ਲੀਡਰ ਸੁਣਨਾ ਬਿਲਕੁਲ ਪਸੰਦ ਨਹੀਂ ਕਰਦੇ, ਜੇ ਕੁਝ ਸੁਣਦੇ ਹਨ ਤਾਂ ਧਰਮ ਰਾਜ ਵਾਂਗ ਸਿਰਫ਼ ਫਰਿਆਦਾਂ। ਔਰੰਗਜ਼ੇਬ ਨੂੰ ਹਕੂਮਤ ਦੇ ਨਸ਼ੇ ਵਿਚ ਚੇਤਾ ਹੀ ਨਹੀਂ ਰਿਹਾ ਸੀ ਕਿ ਕਦੇ ਉਹਦੀ ਕਬਰ 'ਤੇ ਦੀਵਾ ਜਗਾਉਣ ਲਈ ਮੌਲਵੀਆਂ ਨੂੰ ਦੋ-ਦੋ ਰੁਪਏ ਦਾ ਤੇਲ ਵੀ ਮੰਗਣਾ ਪੈਣੈ? ਰਾਜਨੀਤੀ ਦੀ ਸਭ ਤੋਂ ਵਧੀਆ ਅਤੇ ਦਿਲਚਸਪ ਖੇਡ ਦੇਖੋ ਕਿ ਕਾਨੂੰਨ ਇਹ ਸਿਰਫ਼ ਦੇਸ਼ ਵਾਸੀਆਂ ਲਈ ਬਣਾਉਂਦੇ ਹਨ, ਆਪਣੇ ਲਈ ਨਹੀਂ। ਇਸੇ ਕਰਕੇ ਹਿੰਦੋਸਤਾਨ ਵਿਚ ਨੇਤਾ ਭ੍ਰਿਸ਼ਟ ਤਾਂ ਬੜੇ ਹੋਏ ਹਨ, ਪਰ ਸਬੂਤਾਂ ਦੀ ਘਾਟ ਜਾਂ ਗਵਾਹਾਂ ਦੇ ਮੁੱਕਰ ਜਾਣ ਕਾਰਨ ਕਿਸੇ ਨੇ ਫਾਹੇ ਤਾਂ ਕੀ ਲੱਗਣਾ ਸੀ, ਹਲਕੀ ਜਿਹੀ ਸਜ਼ਾ ਵੀ ਨਹੀਂ ਹੋਈ। ਹਰ ਯੁੱਗ ਵਿਚ ਧਰਮ ਨੇ ਰਾਜਨੀਤੀ ਵਿਚ ਜਾਂ ਰਾਜਨੀਤੀ ਨੇ ਧਰਮ ਵਿਚ ਘੁਸਪੈਠ ਕਰੀ ਰੱਖੀ ਹੈ। ਆਪਣੇ ਲੀਡਰਾਂ ਨੂੰ ਵਿਰੋਧ ਪਸੰਦ ਹੁੰਦਾ ਤਾਂ ਸਰਕਾਰਾਂ ਬਦਲਣ ਵੇਲੇ ਬਦਲੇ ਲੈਣ ਦੀਆਂ ਸੰਭਾਵਨਾਵਾਂ ਨਹੀਂ ਬਣਨੀਆਂ ਸਨ। ਅਸਲ ਵਿਚ, ਮਹਾਨ ਲੀਡਰ ਆਪਣੀਆਂ ਪਤਨੀਆਂ ਤੋਂ ਵੀ ਸਿਰਫ਼ ਪ੍ਰਸ਼ੰਸਾ ਅਤੇ ਵਡਿਆਈ ਸੁਣਨ ਦੇ ਆਦੀ ਇਸੇ ਕਰਕੇ ਹੀ ਹੋ ਗਏ ਹਨ। ਭਾਰਤ 'ਚ ਰਾਜਨੀਤੀ ਦੇ ਬਹੁਤ ਸਾਰੇ ਲੱਛਣ ਤਕਰੀਬਨ ਸਾਰੀਆਂ ਪਾਰਟੀਆਂ 'ਚ ਸਾਂਝੇ ਅਤੇ ਇਕੋ ਜਿਹੇ ਹਨ; ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। 'ਕੁਝ' ਹਾਲਾਤ ਕਾਰਨ ਸ਼ਾਇਦ ਪੰਜਾਬ 'ਚ ਮਨਪ੍ਰੀਤ ਸਿੰਘ ਬਾਦਲ ਨ੍ਹੇਰੀ ਬਣ ਕੇ ਤਾਂ ਆਇਆ ਹੈ, ਤੂਫ਼ਾਨ ਵੀ ਬਣ ਸਕਦੈ...?*

ਪਿਆਰੇ ਮਨਪ੍ਰੀਤ ਜੀ,

ਸਤਿਕਾਰ ਨਾਲ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ।

ਮੈਂ ਰਾਜਨੀਤੀਵਾਨ ਨਹੀਂ, ਪਰ ਰਾਜਨੀਤੀ ਵਿਚ ਹਰ ਮਨੁੱਖ ਦੀ ਦਿਲਚਸਪੀ ਹੁੰਦੀ ਹੈ। ਇਸੇ ਲਈ ਕੁਝ ਸ਼ਬਦਾਂ ਦੀ ਸਾਂਝ ਤੁਹਾਡੇ ਨਾਲ ਪਾਉਣ ਲੱਗਾ ਹਾਂ। ਜਿਨ੍ਹਾਂ ਕੋਲ ਸਿਰਫ਼ ਜੀ ਹਜ਼ੂਰੀਆਂ ਹੁੰਦੀਆਂ ਹਨ, ਉਨ੍ਹਾਂ ਕੋਲੋਂ ਨਵੀਂਆਂ ਸੰਭਾਵਨਾਵਾਂ ਅਤੇ ਬਦਲਾਓ ਦੀ ਆਸ ਕਰਨਾ ਕੋਈ ਮਾਇਨਾ ਨਹੀਂ ਰੱਖਦਾ। ਘਰ ਤੋਂ ਲੈ ਕੇ ਮੁਲਕ ਤੱਕ ਵਿਕਾਸ, ਵਖਰੇਵਿਆਂ ਨਾਲ ਹੀ ਹੁੰਦਾ ਹੈ ਤੇ ਜਿਸ ਲਿਹਾਜ ਨਾਲ ਪੰਜਾਬ ਦੀ ਰਾਜਨੀਤੀ ਵਿਚ, ਪੰਜਾਬ ਨੂੰ ਪੰਜਾਬ ਵਾਲੇ ਅਰਥ ਦੇਣ ਲਈ, ਤੁਸੀਂ ਅਤੇ ਤੁਹਾਡੀ 'ਪੀਪਲਜ਼ ਪਾਰਟੀ ਆਫ ਪੰਜਾਬ' ਨੇ ਵੱਖਰੀ ਪੈੜ ਖਿੱਚਣ ਦਾ ਸੰਕਲਪ ਲਿਆ ਹੈ, ਨਿਸ਼ਚੇ ਹੀ ਦੇਸ਼-ਵਿਦੇਸ਼ ਵਿਚ ਵਸਦੇ ਕਰੋੜਾਂ ਪੰਜਾਬੀਆਂ ਦੀ ਤੁਹਾਡੇ ਹੱਕ 'ਚ ਅੰਗੜਾਈ ਲੈਣੀ ਸੁਭਾਵਿਕ ਹੈ। ਜਦੋਂ ਸੁਪਨਿਆਂ ਨੂੰ ਸਾਕਾਰ ਹੋਣ ਦਾ ਮੰਚ ਮਿਲਣ ਦੀ ਆਸ ਬੱਝ ਜਾਵੇ, ਲੋਕ ਦੋਵੇਂ ਹੱਥ ਖੜ੍ਹੇ ਕਰਕੇ ਯੋਗਦਾਨ ਪਾਉਣ ਲਈ ਤਿਆਰ ਹੋ ਜਾਂਦੇ ਹਨ। ਆਜ਼ਾਦੀ ਤੋਂ ਬਾਅਦ ਪੰਜਾਬ ਕਦੇ ਬਨਵਾਰੀ ਲਾਲ ਕੋਲ ਅਤੇ ਕਦੇ ਸਰਦਾਰੀ ਲਾਲ ਕੋਲ ਰਿਹਾ ਹੈ; ਯਾਨਿ ਸਹੀ ਅਰਥਾਂ ਵਿਚ 'ਉਤਰ ਕਾਟੋ ਮੈਂ ਚੜ੍ਹਾਂ' ਵਾਲੀ ਗੱਲ। ਚਿੱਟੀਆਂ ਵਾਲੇ ਚਲੇ ਗਏ, ਤੇ ਨੀਲੀਆਂ ਵਾਲੇ ਆ ਗਏ। ਇਸੇ ਘਸਮਾਣ ਵਿਚ ਪੰਜਾਬੀਆਂ ਦਾ ਉਪਰੋ-ਥਲੀ ਹੋਣਾ ਲਗਾਤਾਰ ਚੱਲਦਾ ਆਇਆ ਹੈ।

ਮਨਪ੍ਰੀਤ ਜੀ! ਰਾਜਨੀਤੀ ਦੀਆਂ ਕੌਡਾਂ ਹੇਠ ਸਬਸਿਡੀਆਂ ਦੇ ਲਾਲਚ ਦੀ ਖੇਡ ਅਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਬੋਝ ਦੀ ਸਹੀ ਤਸਵੀਰ ਜਦੋਂ ਤੁਸੀਂ ਪੰਜਾਬ ਦੀ ਸੁੱਤੀ ਪਈ ਜਨਤਾ ਸਾਹਮਣੇ ਪੇਸ਼ ਕੀਤੀ ਤਾਂ ਅੱਖ ਖੁੱਲ੍ਹੀ ਕਿ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਦਾਅਵੇ ਕਰਨ ਵਾਲੇ ਅਸਲੀਅਤ ਤੋਂ ਬਹੁਤ ਦੂਰ ਹਨ। ਗਿੱਦੜਬਾਹਾ ਦੇ ਹਲਕੇ ਤੋਂ ਥੋਡੀ ਲੋਕਪ੍ਰਿਯਤਾ ਦੀ ਗੱਲ ਤਾਂ ਸੁਣੀ ਸੀ ਪਰ ਜਦੋਂ ਤੁਸੀਂ ਕੁਰਸੀ ਨੂੰ ਲੱਤ ਮਾਰ ਕੇ ਪੰਜਾਬ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਤਾਂ ਮਨਪ੍ਰੀਤ ਨਾਂ ਇਕ ਹਲਕੇ ਤੋਂ ਨਿਕਲ ਕੇ ਦੁਨੀਆ ਭਰ 'ਚ ਵਸਦੇ ਪੰਜਾਬੀਆਂ ਦੀਆਂ ਲਵਾਂ 'ਤੇ ਅਦਬ ਨਾਲ ਟਿਕ ਗਿਆ। ਸੱਚ ਇਹ ਹੈ ਕਿ ਹੱਡੀਆਂ ਦੀ ਮੁੱਠ ਬਣਦੇ ਜਾ ਰਹੇ ਪੰਜਾਬ ਨੂੰ ਕਿਸੇ ਸਿਹਤਮੰਦ ਖੁਰਾਕ ਦੀ ਲੋੜ ਸੀ, ਤੇ ਲੋਕਾਂ ਨੂੰ ਪੈਂਦੀ ਸੱਟੇ ਯਕੀਨ ਬੱਝ ਗਿਆ ਹੈ ਕਿ ਇਹ ਲੋੜ ਸਿਰਫ਼ ਤੇ ਸਿਰਫ਼ ਮਨਪ੍ਰੀਤ ਜ਼ਰੀਏ ਹੀ ਪੂਰੀ ਹੋ ਸਕਦੀ ਹੈ। ਥੋਡੀ ਬਾਤ ਪ੍ਰਤੀ ਪੰਜਾਬੀਆਂ ਦੇ ਹੁੰਗਾਰੇ ਤੋਂ ਥੋਡਾ ਬਾਗੋਬਾਗ ਹੋਣਾ ਗੈਰ-ਸੁਭਾਵਿਕ ਨਹੀਂ ਹੈ ਪਰ ਇਹ ਕਾਫ਼ਲੇ ਆਪਣੇ ਸਿਰਾਂ 'ਤੇ ਲੱਖਾਂ ਅਨੁਮਾਨਾਂ ਦੀ ਪੰਡ ਧਰ ਕੇ ਆਏ ਹਨ। ਲੋਕ ਬਨਵਾਰੀ ਅਤੇ ਸਰਦਾਰੀ ਲਾਲ ਤੋਂ ਹੱਡ ਛੁਡਾਉਣਾ ਚਾਹੁੰਦੇ ਨੇ, ਤੇ ਭ੍ਰਿਸ਼ਟਾਚਾਰ ਦੀ ਉਡਦੀ ਖੇਹ ਤੋਂ ਪੱਲਾ ਲੈ ਕੇ ਬਚਣ ਦੀ ਤਾਕ ਵਿਚ ਹਨ।

ਅਸਲ ਵਿਚ ਸੱਚਾਈ ਦੀ ਕਹਾਣੀ ਇਹ ਹੈ ਕਿ ਰਾਜਨੀਤੀ ਵਿਚ ਚਮਚਿਆਂ ਦੀ ਭਰਮਾਰ ਨੇ ਨੁਕਸਾਨ ਬੜਾ ਕੀਤਾ ਹੈ। ਬਿਆਨ ਤੁਸੀਂ ਵੀ ਪੜ੍ਹਦੇ ਹੋਵੋਗੇ ਕਿ 'ਪੰਜਾਬ ਦੀ ਜਨਤਾ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਬਣਿਆ ਦੇਖਣ ਲਈ ਕਾਹਲੀ ਪਈ ਹੋਈ ਹੈ।' ਉਨ੍ਹਾਂ ਨੂੰ ਸ਼ਾਇਦ ਚੇਤਾ ਹੀ ਭੁੱਲ ਗਿਆ ਕਿ ਕੋਈ ਸਿਟੀ ਘੁਟਾਲਾ ਵੀ ਹੋਇਆ ਸੀ। ਇਕ ਹੋਰ ਬਿਆਨ ਆਉਂਦਾ ਹੈ ਕਿ 'ਬਾਦਲ ਸਾਹਿਬ ਨੂੰ ਹੀ ਲੋਕ ਦੂਜੀ ਵਾਰ ਮੁੱਖ ਮੰਤਰੀ ਬਣਾਉਣ ਲਈ ਉਤਾਵਲੇ ਨੇ', ਤੇ ਹੁਣੇ ਹੀ ਖੁਰਾਣੇ ਹੋਰਾਂ ਦੀ ਭ੍ਰਿਸ਼ਟਾਚਾਰ ਦੀ ਜਿਹੜੀ ਡਾਕੂਮੈਂਟਰੀ ਚੱਲ ਕੇ ਹਟੀ ਹੈ; ਆਂਗਣਵਾੜੀ ਵਰਕਰ ਅਤੇ ਬੇਰੁਜ਼ਗਾਰ ਅਧਿਆਪਕ/ਅਧਿਆਪਕਾਵਾਂ ਮਾਣਯੋਗ ਮੁੱਖ ਮੰਤਰੀ ਦੇ ਹਲਕੇ 'ਚ ਪੁਲਿਸ ਦੀਆਂ ਡਾਂਗਾਂ ਖਾ ਕੇ ਹਟੇ ਹਨ; ਗੁੱਤਾਂ ਜਥੇਦਾਰਾਂ ਤੋਂ ਪੁਟਾ ਕੇ ਹਟੀਆਂ ਹਨ; ਵੱਡੇ ਵਫਾਦਾਰਾਂ ਨੂੰ ਲਗਦੈ ਕਿ ਏਦਾਂ ਸ਼ਾਇਦ ਕਦੇ ਹੋਇਆ ਹੀ ਨਹੀਂ ਹੁੰਦਾ?

ਮਨਪ੍ਰੀਤ ਜੀ! ਤੁਹਾਡੀ ਵਿਦਵਤਾ, ਕਾਬਲੀਅਤ ਅਤੇ ਲੋਕਪ੍ਰਿਯਤਾ ਦਾ ਹੀ ਸਿੱਟਾ ਹੈ ਕਿ ਕਤਾਰਾਂ ਬੰਨ੍ਹ ਕੇ ਥੋਡੇ ਪਿੱਛੇ ਆਉਣ ਵਾਲੇ ਲੋਕ ਬਹੁਤ ਕੁਝ ਨਵਾਂ ਚਾਹੁੰਦੇ ਹਨ। ਸ਼ਹੀਦ ਭਗਤ ਸਿੰਘ ਦੀ ਜਨਮ ਭੋਇੰ ਖਟਕੜ ਕਲਾਂ ਤੋਂ ਕੀਤੇ ਇਕਰਾਰ, ਸੰਕਲਪ ਕਰਕੇ ਹੀ ਥੋਡੇ ਹੱਕ 'ਚ ਜ਼ਿੰਦਾਬਾਦ ਕਹਿਣ ਆਏ ਹਨ। ਨਾਲ ਤੁਰਿਆ ਸੰਤ ਅਜੀਤ ਸਿੰਘ ਸਾਹਾ ਬੰਨ੍ਹਣ ਤੋਂ ਪਹਿਲਾਂ ਹੀ ਸਾਥ ਛੱਡ ਗਿਆ। ਲੋਕ ਇਸ ਗੱਲ ਤੋਂ ਸਿਰ ਨਹੀਂ ਫੇਰਦੇ ਕਿ ਤੁਹਾਡਾ ਤਾਇਆ ਸਿਆਣਾ ਸਿਆਸਤਦਾਨ ਨਹੀਂ ਹੈ, ਉਹ ਮਨਜਿੰਦਰ ਕੰਗ ਕੋਲ ਜਾ ਸਕਦੈ, ਤੇ ਲੋਕ ਉਦੋਂ ਵੀ ਕੰਨ ਚੁੱਕਦੇ ਨੇ ਜਦੋਂ 'ਪਾਸ਼ ਦਾਸ ਨੂੰ ਘਰੇ ਮਿਲਣ ਜਾਂਦੈ'। ਸਿਰਫ਼ ਇਸੇ ਕਰਕੇ ਕਿ ਸਿਆਣੀ ਸਿਆਸਤ ਕਿਤੇ ਤੁਹਾਡੀ ਪਾਰਟੀ ਜਾਂ ਤੁਹਾਡੀ ਪਿੱਠ 'ਤੇ ਮਲੂਕੜਾ ਜਿਹਾ ਹੱਥ ਨਾ ਫੇਰ ਜਾਵੇ। ਹੋਣੀ ਨੇ ਪੰਜਾਬ ਨੂੰ ਜੱਟ ਜੱਫਾ ਪਾਇਆ ਹੋਇਐ, ਤੇ ਕੋਈ ਧੋਬੀ-ਪਟੜਾ ਹੀ ਜਲਵਾ ਦਿਖਾ ਸਕਦੈ ਛੁਟਕਾਰਾ ਪਾਉਣ ਲਈ, ਤੇ ਲੋਕ ਸਮਝਦੇ ਹਨ ਕਿ ਇਹ ਦਾਅ ਨਹੀਂ, ਸਿਆਣਪ ਮਨਪ੍ਰੀਤ ਕੋਲ ਹੈ। ਸ਼ਾਇਦ ਪੰਜਾਬ ਦਾ ਭਵਿੱਖ ਉਨ੍ਹਾਂ ਨੂੰ ਆਪ ਦੇ ਹੱਥਾਂ ਵਿਚ ਸੁਰੱਖਿਅਤ ਲਗਦਾ ਹੋਵੇ। ਪਿੱਛੇ ਜਿਹੇ ਇਕ ਲੀਡਰ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਾਉਣ ਦਾ ਇੱਥੇ ਤਾਂ ਐਲਾਨ ਕਰ ਗਿਆ ਸੀ, ਪਰ ਉਹਦੇ ਵੱਲੋਂ ਲਗਾਈ ਜਾ ਰਹੀ ਸ਼ਰਾਬ ਦੀ ਫੈਕਟਰੀ ਦਾ ਵਿਰੋਧ ਅਤੇ ਮੁਜ਼ਾਹਰੇ ਕਰਕੇ ਲੋਕ ਹੁਣੇ ਹਟੇ ਹਨ।

ਅਰਸਤੂ ਬਹੁਤ ਵੱਡਾ ਵਿਦਵਾਨ ਹੋਇਆ ਹੈ। ਉਹ ਜਦੋਂ ਆਪਣੇ ਪੁੱਤਰ ਨੂੰ ਫਿਲਾਸਫੀ ਸਿਖਾਉਣ ਲੱਗਾ ਤਾਂ ਆਵਾਜ਼ ਮਾਰਨ ਵੇਲੇ ਪੁੱਤਰ ਦਾ ਉਤਰ ਹੁੰਦਾ ਸੀ, 'ਹਾਂ ਪਿਤਾ ਜੀ।' ਤੇ ਪਿਓ ਜਿਹੜਾ ਵੀ ਉਹਨੂੰ ਨੁਕਤਾ ਜਾਂ ਪਾਠ ਸਮਝਾ ਕੇ ਪੁੱਛਦਾ, 'ਕਿਵੇਂ ਐਂ ਪੁੱਤਰ', ਤਾਂ ਜਵਾਬ ਹੁੰਦਾ ਸੀ, 'ਠੀਕ ਪਿਤਾ ਜੀ'। ਕਈ ਸਾਲ 'ਹਾਂ ਪਿਤਾ ਜੀ, ਠੀਕ ਪਿਤਾ ਜੀ' ਸੁਣ ਕੇ ਅਰਸਤੂ ਅੱਕ ਗਿਆ, ਤੇ ਖਿਝ ਕੇ ਆਪਣੇ ਪੁੱਤਰ ਨੂੰ ਕੋਲ ਬਿਠਾ ਕੇ ਸਵਾਲ ਕੀਤਾ, 'ਖੋਪਰੀ 'ਚ ਕੁਛ ਹੈਗਾ? ਓਏ ਤੇਰੇ ਕੋਲੋਂ ਮੈਂ ਦੋ ਅੱਖਰ ਸੁਣ-ਸੁਣ ਕੇ ਅੱਕ ਗਿਆ ਹਾਂ। ਤੂੰ ਸੁਆਹ ਫਿਲਾਸਫਰ ਬਣ ਜਾਏਂਗਾ। ਤੂੰ ਤਾਂ ਮੈਨੂੰ ਵੀ ਡੋਬੂੰ।' ... ਤੇ ਜਦੋਂ ਤੁਸੀਂ 'ਠੀਕ ਨਹੀਂ ਤਾਇਆ ਜੀ' ਕਿਹਾ ਤਾਂ ਪਾਰਟੀ ਦੇ ਹਿੱਤ ਪੰਜਾਬ ਨਾਲੋਂ ਉਪਰ ਦੱਸ ਕੇ ਥੋਡੇ ਨਾਲ ਤਾਂ ਭਾਵੇਂ ਮਾੜੀ ਹੋਈ ਹੋਊ ਪਰ ਪੰਜਾਬੀ ਸੋਚਦੇ ਐ, ਚੰਗੀ ਹੋਈ ਐ; ਕਿਉਂਕਿ ਰਾਜਨੀਤੀ ਦੀ ਹਵੇਲੀ ਜਿਹੜੀ ਤੁਸੀਂ ਪਾਉਣ ਲੱਗੇ ਓ, ਸ਼ਾਇਦ ਉਥੇ ਸਾਰਿਆਂ ਨੂੰ ਮਾਣ ਨਾਲ ਸਿਰ ਚੁੱਕਣ ਦਾ ਮੌਕਾ ਮਿਲ ਜਾਵੇ। ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇਣ ਦੇ ਪਿੱਸੂ ਪਏ ਰਹਿੰਦੇ ਨੇ, ਇੱਧਰੋਂ-ਉਧਰੋਂ ਚੱਕ-ਥਲ ਕਰਕੇ ਡੰਗ ਟਪਾਇਆ ਜਾਂਦਾ ਰਿਹੈ, ਸੇਵਾ ਮੁਕਤ ਹੋਣ ਵਾਲਿਆਂ ਨੂੰ ਆਪਣੇ ਫੰਡ ਤੇ ਬਕਾਏ ਨਹੀਂ ਮਿਲ ਰਹੇ, ਬਿਜਲੀ ਮੁੱਲ ਦੇਣ ਲਈ ਹੈ ਨ੍ਹੀਂ, ਮੁਫ਼ਤ ਕਿਵੇਂ ਦਿੱਤੀ ਜਾ ਸਕਦੀ ਹੈ, ਮੁਲਕ ਦਾ ਢਿੱਡ ਭਰਨ ਵਾਲਾ ਅੰਨ ਦਾਤਾ ਫਾਹੇ ਲੈ ਰਿਹੈ, ਤੇ 'ਕੌਣ ਸਾਹਿਬ ਨੂੰ ਆਖੇ' ਦੀ ਧਾਰਨਾ ਨੂੰ ਤੋੜ ਕੇ ਤੁਹਾਡੇ ਹਿਤੈਸ਼ੀ ਸੋਚਦੇ ਨੇ ਕਿ ਮਨਪ੍ਰੀਤ ਹੀ ਕਹਿ ਸਕਦੈ ਕਿ 'ਸਾਹਿਬ ਇੰਜ ਨਹੀਂ, ਅਸੀਂ ਇੰਜ ਕਰਾਂਗੇ।'



*ਮਨਪ੍ਰੀਤ ਸਿੰਘ ਬਾਦਲ*

ਲਗਾਤਾਰ ਖਾਨਦਾਨੀ ਭੁੱਕੀ ਵੇਚਣ ਦਾ ਧੰਦਾ ਕਰਨ ਵਾਲੇ ਕਿਸੇ ਪੇਂਡੂ ਨੂੰ ਇਕ ਵਾਰ ਮੈਂ ਪੁੱਛਿਆ, 'ਦੁਨੀਆਂ ਚੰਦ 'ਤੇ ਚੜ੍ਹ ਗਈ ਐ, ਤੁਸੀਂ ਇਹ ਕਾਰੋਬਾਰ ਕਿਉਂ ਨ੍ਹੀਂ ਬੰਦ ਕਰਦੇ?' ਉਹਦਾ ਜਵਾਬ ਸੀ, 'ਅਸੀਂ ਤਾਂ ਦਿਨ 'ਚ ਪਾਈਆ ਸੇਰ ਵੇਚ ਲਾਂ'ਗੇ, ਜਿਨ੍ਹਾਂ ਦੇ ਟਰੱਕ ਭਰਕੇ ਆਉਂਦੇ ਨੇ ਉਹ ਕੌਣ ਨੇ, ਉਨ੍ਹਾਂ ਨੂੰ ਰੋਕੋ?' ਜੇ ਆਬਕਾਰੀ ਨੀਤੀ 'ਤੇ ਪੰਜਾਬ ਨਿਰਭਰ ਹੋਣ ਲੱਗ ਪਿਐ, ਜੇ ਆਏ ਸਾਲ ਕਰੋੜਾਂ ਵਾਧੂ ਬੋਤਲਾਂ ਦੇ ਉਤਪਾਦਨ ਤੇ ਵਿਕਰੀ ਦੀ ਤਜਵੀਜ਼ ਰੱਖੀ ਜਾ ਰਹੀ ਹੈ ਤਾਂ ਕਿਵੇਂ ਹੋ ਜੂ ਪੰਜਾਬ ਵਿਚ ਨਸ਼ਾ ਮੁਕਤੀ?' ਹੋਣੀ ਪੰਜਾਬ ਦੀ ਜਵਾਨੀ ਨੂੰ ਘੇਰ ਘੇਰ ਕੇ ਨਸ਼ਿਆਂ ਆਲੇ ਅੰਦਰ ਵਾੜ ਕੁੰਡੀ ਮਾਰ ਰਹੀ ਹੈ। ਲੋਕਾਂ ਦੀ ਥੋਡੇ ਵੱਲ ਟਿਕ-ਟਿਕੀ ਲੱਗੀ ਹੋਈ ਹੈ ਕਿ ਪੰਜਾਬ ਨੂੰ ਸ਼ਾਇਦ ਉਹ ਵਾਰਿਸ ਮਿਲ ਜਾਵੇ, ਜੀਹਦੀ ਤਸਵੀਰ ਥੋਡੇ ਥਾਣੀਂ ਦੇਖੀ ਜਾ ਰਹੀ ਹੈ।

ਰਾਜਨੀਤੀ 'ਚ ਦੂਸ਼ਣਬਾਜ਼ੀਆਂ ਹੱਦ ਦਰਜੇ ਦੀ ਗਿਰਾਵਟੀ ਸ਼ਬਦਾਵਲੀ 'ਚ ਲਗਦੀਆਂ ਆਈਆਂ

(ਬਾਕੀ ਸਫਾ 37'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਦੁਖੀ ਧੀ

*ਪੱਤੇ ਵਾਂਗੂੰ ਡਰਦੀ ਸੀ, ਡਰਦੀ ਰੱਬ ਰੱਬ ਕਰਦੀ ਸੀ।*
*ਮੈਂ ਤਾਂ ਸਿਰ ਦੇ ਸਾਈਂ ਨੂੰ ਪਲ ਪਲ ਜੀ ਜੀ ਕਰਦੀ ਸੀ।*
*ਜਦ ਸੀ ਜ਼ੋਰ ਜਵਾਨੀ ਦਾ, ਨਾ ਲਹਿੰਦੀ ਨਾ ਚੜ੍ਹਦੀ ਸੀ।*
*ਦਿਨ ਬਦਲੇ ਤਾਂ ਬਦਲ ਗਿਆ, ਜੀਹਦੇ ਉਤੇ ਮਰਦੀ ਸੀ।*
*ਫਿਰ ਹੌਕਿਆਂ ਦਾ ਸੇਕ ਪਿਆ, ਬਿਨ ਅਗਨੀ ਤੋਂ ਸੜਦੀ ਸੀ।*
*ਅਰਮਾਨਾਂ ਦੇ ਕਤਲ ਹੋਏ, ਨਾ ਜਿਉਂਦੀ ਨਾ ਮਰਦੀ ਸੀ।*
*ਕੱਚੇ ਘੜੇ ਤੋਂ ਪਹਿਲਾਂ ਹੀ, ਲੱਗਦੈ ਸੋਹਣੀ ਖਰਦੀ ਸੀ।*
*ਕਿੱਥੇ ਦੁਖੜੇ ਫੋਲ ਦਿਆਂ, ਦਰਦੀ ਹੀ ਬੇਦਰਦੀ ਸੀ।*
*ਲੜ ਲਾ'ਤੀ ਕਿਉਂ ਵੈਲੀ ਦੇ, ਸਰਦੇ ਪੁੱਜਦੇ ਘਰ ਦੀ ਸੀ।*
*ਮਾਏ ਮਿਲਿਆ ਘਾਟ ਨਹੀਂ ਤੇ ਨਾ ਤੂੰ ਰੱਖੀ ਘਰ ਦੀ ਸੀ।*

## ਜਿੱਥੇ ਸ਼ਰਾਬ ਤਾਂ ਚੜ੍ਹਦੀ ਹੈ, ਪਰ ਮਨੋਕਾਮਨਾਵਾਂ ਦਾ ਪਤਾ ਨ੍ਹੀਂ

ਹੁਣ ਤਾਂ ਮੈਂ ਵੀ ਭਾਵੇਂ ਪਰਵਾਸੀ ਹਾਂ ਪਰ ਜਦੋਂ ਅਧਿਆਪਕ ਲੱਗਾ ਹੋਇਆ ਸਾਂ ਤਾਂ ਇਕ ਪਰਵਾਸੀ ਮੇਰੇ ਕੋਲ ਆਇਆ ਤੇ ਕਹਿਣ ਲੱਗਾ, 'ਭਾਅ ਜੀ, ਮੇਰੇ ਨਾਲ ਚੱਲੋਗੇ?'

'ਕਿੱਥੇ ਨੂੰ?'

'... ਬਾਬੇ ਦੇ ਸ਼ਰਾਬ ਦੀ ਪੇਟੀ ਚੜ੍ਹਾ ਕੇ ਆਉਣੀ ਐ।'

ਪੰਜਾਬ 'ਚ ਦੋ-ਤਿੰਨ ਥਾਂਵਾਂ 'ਤੇ ਪ੍ਰਸ਼ਾਦ ਚੜ੍ਹਨ ਦੀਆਂ ਗੱਲਾਂ ਸੁਣੀਆਂ ਹੋਣ ਕਾਰਨ ਸੋਚਿਆ-ਚਲੋ! ਜ਼ਿੰਦਗੀ 'ਚ ਇਹ ਜਲਵਾ ਵੀ ਦੇਖ ਆਉਨੇ ਆਂ।'

ਉਹਨੇ ਬੈਗਪਾਈਪਰ ਦੀ ਪੇਟੀ ਲਈ, ਤੇ ਅਸੀਂ ਬਾਬੇ ਆਲੇ ਪਿੰਡ 'ਚ ਜਾ ਪਹੁੰਚੇ। ਅੰਦਰ ਬਾਬੇ ਦੀ ਤਸਵੀਰ ਅੱਗੇ ਚੁਬੱਚਾ ਜਿਹਾ ਬਣਿਆ ਹੋਇਆ ਸੀ ਸੀਮੈਂਟ ਦਾ। ਮਿੱਤਰ ਪਿਆਰੇ ਨੇ ਸਾਰੀਆਂ ਬੋਤਲਾਂ 'ਚੋਂ ਇਕ-ਇਕ ਡਟ ਉਸ ਚੁਬੱਚੇ ਵਿਚ ਬਾਬੇ ਦੇ ਭੋਗ ਲੱਗਣ ਲਈ ਸ਼ਰਾਬ ਪਾ ਦਿੱਤੀ ਜਿਹੜਾ ਪਹਿਲਾਂ ਹੀ ਨੱਕੋ-ਨੱਕ ਭਰਿਆ ਹੋਇਆ ਸੀ।

ਦਸ ਬੋਤਲਾਂ ਅੰਦਰ ਹੀ ਬਾਬੇ ਮੂਹਰੇ ਰੱਖ ਕੇ ਉਹ ਕਹਿਣ ਲੱਗਾ, 'ਬਾਬਾ ਕਰ ਮੇਰੀ ਮੁਰਾਦ ਪੂਰੀ, ਫਿਰ ਦੋ ਪੇਟੀਆਂ ਲੈ ਕੇ ਆਵਾਂਗਾ।'

ਸੰਗਤ 'ਚ ਸਾਫਿਆਂ ਦਾ ਮੜਾਸਾ ਮਾਰੀ ਬੈਠੇ ਅੱਧ-ਪਚੱਧੇ ਸ਼ਰਾਬੀ ਹੋਇਆਂ ਨੂੰ ਉਸ ਨੇ ਬਾਕੀ ਦੋ ਬੋਤਲਾਂ 'ਚੋਂ ਜਦੋਂ ਦੋ-ਦੋ ਪੈਗ ਭਰ ਕੇ ਪਿਆਏ ਤਾਂ ਗੜ੍ਹ-ਗੜ੍ਹ ਕਰਕੇ ਅੰਦਰ ਸੁੱਟਦਿਆਂ ਕਹਿਣ ਲੱਗੇ, 'ਜੈ ਹੋ... ਬਾਬੇ ਦੀ। ਬਾਬਾ ਕਰੀਂ ਮੁਰਾਦਾਂ ਪੂਰੀਆਂ।'

ਰਾਸਤਾ ਤੰਗ ਹੋਣ ਕਰਕੇ ਗੱਡੀ ਅਸੀਂ ਅੱਧੀ ਕੁ ਮੀਲ ਦੂਰ ਹੀ ਖੜ੍ਹੀ ਕਰ ਗਏ ਸਾਂ।

ਬਾਹਰ ਨਿਕਲਦਿਆਂ ਨੂੰ ਦੋ ਬੀਬੀਆਂ ਟੱਕਰ ਗਈਆਂ। ਇਕ ਕਹਿਣ ਲੱਗੀ, 'ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਸਾਡੇ ਘਰ ਕਿਉਂ ਗਾਲਦੇ ਓਂ?'

### ਧੁੱਪੇ ਬੈਠੀਆਂ ਯਾਦਾਂ

'ਗੱਲ ਕੀ ਹੋਈ ਬੀਬੀ?' ਮੈਂ ਨਿਮਰਤਾ ਨਾਲ ਪੁੱਛਿਆ।

ਦੂਜੀ ਕਹਿਣ ਲੱਗੀ, 'ਇੱਥੋਂ ਪ੍ਰਸ਼ਾਦ ਪੀ-ਪੀ ਕੇ ਮੇਰਾ ਘਰਵਾਲਾ ਪਿਛਲੇ ਸਾਲ ਚੜ੍ਹਾਈ



ਕਰ ਗਿਆ, ਤੇ ਇਹਦੇ ਆਲ੍ਹਾ ਤਿਆਰੀ ਕਰੀ ਬੈਠੈ।'

ਮੈਨੂੰ ਪੁੰਨ ਹੇਠ ਪਾਪ ਲੁਕਿਆ ਦਿਸਣ ਲੱਗਾ।

ਅੱਗੇ ਇਕ ਬਜ਼ੁਰਗ ਟੱਕਰ ਗਿਆ। ਮੈਂ ਕਿਹਾ, 'ਭਾਈ ਜਿਹੜੀ ਚੁਬੱਚੇ 'ਚ ਭੋਗ ਲੁਆਉਣ ਲਈ ਦਾਰੂ ਪਾਈ ਐ, ਉਹਦਾ ਕੀ ਬਣਦੈ?'

'ਸਵੇਰ ਨੂੰ ਰੋਜ਼ਾਨਾ ਖਾਲੀ ਹੁੰਦੈ। ਬਾਬਾ ਪੀ ਲੈਂਦੈ।'

ਅੰਦਰੋਂ ਮੇਰੀ ਹਾਸੀ ਨਿੱਕਲ ਗਈ ਕਿ ਬਾਬਾ ਪੀ ਕੇ ਵਹੀ ਖਾਤਾ ਖੋਲਦੈ ਹੋਣੈ ਕਿ ਕਿਹਨੇ ਕੀ ਸੁੱਖਿਆ ਅੱਜ?'

ਪਿੱਛੇ ਤੁਰੀ ਆਉਂਦੀ ਉਹੀ ਬੀਬੀ ਕਹਿਣ ਲੱਗੀ, 'ਜਾਇਆ ਖਾਣੇ ਦਾ ਸਿਰ। ਤੜਕੇ ਉਠ ਕੇ ਭਾਨ ਲਾਹੁਣ ਲਈ ਪੀਂਦੇ ਨੇ ਟੁੱਟ ਪੈਣੇ ਬੈਲੀ। ਬਾਬੇ ਨੇ ਪੰਜਾਹ ਘਰਾਂ ਦਾ ਭੱਠਾ ਬਿਠਾਇਆ ਹੋਊ। ਬਣਾਇਆ ਥੇਹ ਪੈਣੇ ਨੇ ਪਤਾ ਨ੍ਹੀਂ ਕਿਸੇ ਦਾ ਕੁਝ ਕਿ ਨਹੀਂ।'

ਅੱਗੇ ਆਏ ਤਾਂ ਕਾਰ ਦਾ ਸ਼ੀਸ਼ਾ ਟੁੱਟਿਆ ਹੋਇਆ ਸੀ। ਇਕ ਜੁਆਕ ਨੇ ਦੱਸਿਆ, 'ਬਚਨੇ ਦੀ ਪਾਲੋ ਤੋੜ'ਗੀ। ਜਿਹੜੀ ਰੋਜ਼ ਸ਼ਰਾਬੀ ਤੋਂ ਹੱਡ ਭਨਾਉਂਦੀ ਐ।'

ਫਿਰ ਮੈਂ ਮਿੱਤਰ ਨੂੰ ਪੁੱਛਿਆ, 'ਤੂੰ ਕੀ ਸੁੱਖਣਾ ਸੁੱਖੀ ਐ।'

'ਮੈਂ ਗੀਤ ਲਿਖਦੈਂ। ਜਿੱਦਣ ਕਿਸੇ ਨੇ ਮੇਰਾ ਗੀਤ ਰਿਕਾਰਡ ਕਰ'ਤਾ, ਜਾਨੀ ਵਾਕਰ ਚੜ੍ਹਾਊਂ।'

'ਪਤੰਦਰਾਂ ਬਾਬਾ ਕਿਤੇ ਪਿੰਗਲ ਜਾਣਦੈ ਜਾਂ ਵਾਰਿਸ ਸ਼ਾਹ ਦੇ ਗਰੁਪ 'ਚੋਂ ਐ। ਤੇਰੇ ਗੀਤ ਤਾਂ ਪਤਾ ਨ੍ਹੀਂ ਬਾਬਾ ਰਿਕਾਰਡ ਕਰਾਊ ਕਿ ਨਹੀਂ, ਇਨ੍ਹਾਂ ਬੀਬੀਆਂ ਦੇ ਗੀਤ ਜ਼ਰੂਰ ਸੁਣ ਲਏ ਆ।'

ਇਸ ਤਸਵੀਰ 'ਚ ਜਿਹੜੇ ਪ੍ਰਸ਼ਾਦ ਲੈ ਰਹੇ ਨੇ, ਬਾਬਾ ਰੋਜ਼ਾਨਾ ਇਨ੍ਹਾਂ ਦੀ ਜ਼ਿੰਦਗੀ 'ਚੋਂ ਦਿਨ ਘਟਾਈ ਜਾਂਦੈਂ।

ਲਗਦਾ ਨ੍ਹੀਂ ਸਿਆਣ ਤੇ ਗਿਆਨ ਬੌਂਦਲ ਜਿਹਾ ਗਏ ਨੇ?

**- ਐਸ. ਅਸ਼ੋਕ ਭੌਰਾ**

## ਫ਼ੈਜ਼ ਜਨਮ ਸ਼ਤਾਬਦੀ ਵਰ੍ਹਾ




ਚਿੱਤਰਕਾਰ ਐਮ.ਐਫ. ਹੁਸੈਨ ਵੱਲੋਂ ਫ਼ੈਜ਼ ਦਾ ਸਕੈਚ।

# ਦਰਦ ਬੇਚੇਂਗੇ ਗੀਤ ਗਾਏਂਗੇ, ਇਸਸੇ ਖ਼ੁਸ਼ਵਕਤ ਕਾਰੋਬਾਰ ਕਹਾਂ

ਇਸ ਲੇਖ ਵਿਚ ਮੈਂ ਪਾਠਕਾਂ ਨਾਲ ਬੈਠ ਕੇ ਫ਼ੈਜ਼ ਅਹਿਮਦ ਫ਼ੈਜ਼ ਪੜ੍ਹਨਾ ਚਾਹੁੰਦਾ ਹਾਂ, ਕਿਉਂਕਿ ਸ਼ਾਇਰੀ ਦੀ ਗੱਲ ਸ਼ਾਇਰੀ ਪੜ੍ਹਨ ਨਾਲ ਹੀ ਹੋ ਸਕਦੀ ਹੈ। ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸ਼ਾਇਰਾਂ ਬਾਰੇ ਦੋ ਗੱਲਾਂ ਕਰਨੀਆਂ ਜ਼ਰੂਰੀ ਸਮਝਦਾ ਹਾਂ।

ਸ਼ਾਇਰ ਤਿੰਨ ਜ਼ੁਮਰਿਆਂ ਵਿਚ ਵੰਡੇ ਜਾ ਸਕਦੇ ਹਨ। ਇਕ ਉਹ ਜੋ ਸ਼ਾਇਰੀ ਕਰਨ ਉਤੇ ਬਜ਼ਿਦ ਹਨ। ਉਨ੍ਹਾਂ ਦਾ ਕੱਦ ਸਾਧਾਰਨ ਪਾਠਕ ਤੋਂ ਉਚਾ ਨਹੀਂ ਹੁੰਦਾ ਅਤੇ ਉਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੁੰਦੀ ਹੈ।



■ ਗੁਰਦੀਪ*

ਉਨ੍ਹਾਂ ਨੂੰ ਦਾਦ ਨਹੀਂ ਮਿਲਦੀ ਅਤੇ ਉਨ੍ਹਾਂ ਦੀ ਗਿਣਤੀ ਵੱਡੀ ਹੋਣ ਦਾ ਕਾਰਨ ਹੈ: ਜੇ ਫਲਾਣਾ ਐਹੋ ਜਿਹਾ ਕੁਝ ਲਿਖ ਕੇ ਖ਼ਾਸ-ਉਲ-ਖ਼ਾਸ ਹੋ ਸਕਦਾ ਹੈ ਤੇ ਮੈਂ ਕਿਉਂ ਨਹੀਂ?

ਦੂਸਰੇ ਉਹ ਸ਼ਾਇਰ ਹਨ ਜੋ ਖ਼ਾਸੇ ਸਿਰ ਕੱਢ ਹੁੰਦੇ ਹਨ। ਗਿਣਤੀ ਦਰਮਿਆਨੀ, ਪਰ ਦਾਦ ਸਾਰੀ ਬਟੋਰ ਲੈਂਦੇ ਹਨ। ਇਸਦਾ ਕਾਰਨ ਲੋਕ ਜਜ਼ਬਾਤ ਨੂੰ ਜ਼ੁਬਾਨ ਦੇਣਾ ਹੈ। ਦਰਅਸਲ ਹਰ ਅਹਿਦ ਵਿਚ, ਲੋਕ ਮਨਾਂ ਵਿਚ ਬਹੁਤ ਕੁਝ ਅਜਿਹਾ ਹੁੰਦਾ ਹੈ ਜਿਸ ਨੂੰ ਉਹ ਜ਼ੁਬਾਨ ਨਹੀਂ ਦੇ ਸਕਦੇ। ਜੋ ਇਨ੍ਹਾਂ ਹਸਰਤਾਂ, ਤੜਪਾਂ, ਗਿਲਿਆਂ, ਨਾਫ਼ਰਮਾਨੀਆਂ, ਬਗਾਵਤਾਂ ਨੂੰ ਜ਼ੁਬਾਨ ਦਿੰਦਾ ਹੈ, ਲੋਕਾਂ ਨੂੰ ਆਪਣੀ ਧੁਰ ਅੰਦਰ ਦੀ ਗੱਲ ਕਰਦਾ ਜਾਪਦਾ ਹੈ ਅਤੇ ਉਹ ਦਾਦ ਦਿੰਦੇ ਹਨ।

ਤੀਸਰੇ ਜ਼ੁਮਰੇ ਵਿਚ ਬਹੁਤ ਵੱਡੇ, ਵਿਰਲੇ ਸ਼ਾਇਰ ਆਉਂਦੇ ਨੇ, ਉਹ ਵੀ ਹਰ ਦੌਰ ਵਿਚ ਨਹੀਂ। ਇਹ ਉਹ ਸ਼ਾਇਰ ਨੇ ਜੋ ਲੋਕਾਂ ਨੂੰ ਨਵੀਆਂ ਧੜਕਣਾਂ ਦਿੰਦੇ ਨੇ ਅਤੇ ਦਿਲਾਂ ਦਾ ਜ਼ਰਫ਼ ਬੇਪਨਾਹ ਵਧਾਉਂਦੇ ਨੇ। ਉਨ੍ਹਾਂ ਨੂੰ ਦਾਦ ਬਹੁਤ ਘੱਟ ਮਿਲਦੀ ਹੈ, ਕਿਉਂਕਿ ਇਹ ਸ਼ਾਇਰੀ ਲੋਕਾਂ ਦੀ ਪਹੁੰਚ ਤੋਂ ਅੱਗੇ ਹੁੰਦੀ ਹੈ। ਫ਼ੈਜ਼ ਇਸ ਜ਼ੁਮਰੇ ਦਾ ਸ਼ਾਇਰ ਹੈ ਪਰ ਉਸ ਨੂੰ ਦਾਦ ਦੂਸਰੇ ਜ਼ੁਮਰੇ ਦੇ ਸ਼ਾਇਰਾਂ ਤੋਂ ਵੀ ਵੱਧ ਮਿਲੀ। ਇਸ ਦੇ ਕਾਰਨ:

1) ਫ਼ੈਜ਼ ਦਾ ਪਸੰਦੀਦਾ ਜ਼ੁਬਾਨ ਨਾਲ ਜੁੜੇ ਹੋਣਾ।

2) ਉਸ ਜ਼ੁਬਾਨ ਨੂੰ ਨਵਾਂ ਅਤੇ ਵੱਧ ਕੁਝ ਕਹਿਣ ਲਈ ਢਾਲ ਸਕਣਾ।

3) ਸਮੇਂ ਦੀ ਮੰਗ ਅਤੇ ਫ਼ੈਜ਼ ਦਾ ਉਸ ਲਈ ਰਣਖੇਤਰ ਵਿਚ ਉਤਰਨਾ।

ਸਮੇਂ ਦੀ ਜੱਦੋਜਹਿਦ (ਤਾਨਾਸ਼ਾਹੀ ਦੇ ਖ਼ਿਲਾਫ਼) ਨੇ ਫ਼ੈਜ਼ ਦੀ ਸ਼ਾਇਰੀ ਨੂੰ ਪ੍ਰੇਰਨਾ ਵੀ ਦਿੱਤੀ, ਵਿਸ਼ੇ ਵੀ ਦਿੱਤੇ, ਪ੍ਰਸੰਗ ਅਤੇ ਵਿਆਖਿਆ ਵੀ; ਜਿਸ ਨਾਲ ਉਹ ਆਪਣੇ ਸਮੇਂ ਤੋਂ ਪਹਿਲਾਂ ਹੀ ਲੋਕਾਂ ਤਕ ਪਹੁੰਚ ਗਈ।

ਹੁਣ ਮੈਂ ਅਸਲ ਕੰਮ, ਪਾਠਕਾਂ ਨਾਲ ਫ਼ੈਜ਼ ਸਾਂਝਾ ਕਰਨ ਵੱਲ ਆਉਂਦਾ ਹਾਂ। ਇਹ ਉਹ ਸ਼ਾਇਰੀ ਹੈ ਜਿਸ ਨੂੰ ਸਾਡੇ ਸਿਰਮੌਰ, ਜੁਝਾਰ ਕਵੀ ਨੇ ਨਕਾਰਿਆ ਸੀ ਅਤੇ ਗਾਲਾਂ ਕੱਢੀਆਂ ਸਨ। ਫ਼ੈਜ਼ ਦੀ ਪਹਿਲੀ ਕਿਤਾਬ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਨਕਾਰੀ ਗਈ ਇਸ ਸ਼ਾਇਰੀ ਦਾ ਸ਼ਿਅਰ ਸੁਣੋ:

ਜਿਸ ਧਜ ਸੇ ਕੋਈ ਮਕਤਲ ਮੇਂ ਗਯਾ
ਵੋ ਸ਼ਾਨ ਸਲਾਮਤ ਰਹਿਤੀ ਹੈ,
ਯੇ ਜਾਨ ਤੋ ਆਨੀ ਜਾਨੀ ਹੈ
ਇਸ ਜਾਂ ਕੀ ਤੋ ਕੋਈ ਬਾਤ ਨਹੀਂ।

31 ਸਾਲ ਦੀ ਉਮਰ 'ਚ ਫ਼ੈਜ਼ 'ਨਕਸ਼ੇ ਫਰਿਆਦੀ' ਲੈ ਕੇ ਪਾਠਕਾਂ ਸਾਹਮਣੇ ਆਇਆ। ਕਿਤਾਬ ਦੇ ਨਾਂ ਤੋਂ ਜ਼ਾਹਰ ਹੈ ਕਿ ਫ਼ੈਜ਼ ਨੇ ਹੁਸਨ ਦੇ ਚਿਹਰੇ ਤੋਂ ਪਰਦਾ ਸਰਕਾਇਆ ਹੈ ਤੇ ਨਕਸ਼ ਪਾਠਕਾਂ ਸਾਹਮਣੇ ਲਿਆਂਦੇ ਹਨ। ਗ਼ਾਲਬ ਦਾ ਸ਼ਿਅਰ ਹੈ:

ਨਕਸ਼ ਫ਼ਰਿਆਦੀ ਹੈ ਕਿਸਕੀ
ਸ਼ੋਖ਼ੀ-ਏ ਤਹਰੀਰ ਕਾ।
ਕਾਗਜ਼ੀ ਹੈ ਪੈਰਹਨ
ਹਰ ਪੈਕਰੇ ਤਸਵੀਰ ਕਾ।

ਭਾਵ, ਨਕਸ਼ (ਹੁਸਨ) ਨੇ ਫ਼ਰਿਆਦੀਆਂ ਵਾਲਾ ਲਿਬਾਸ ਪਾਇਆ ਹੈ, ਇਹ ਕਿਸ ਦੀ ਤਹਰੀਰ (ਲਿਖ ਕੇ ਬਿਆਨ ਕਰਨਾ) ਦੀ ਛੇੜਛਾੜ ਦਾ ਗਿਲਾ ਕਰ ਰਿਹਾ ਹੈ। ਪ੍ਰਸੰਗ ਇਰਾਨ ਦੀ ਪੁਰਾਤਨ ਅਦਾਲਤ ਦਾ ਹੈ ਜਿੱਥੇ ਫ਼ਰਿਆਦੀ ਕਾਗਜ਼ ਦੇ ਕੱਪੜੇ ਪਾ ਕੇ ਪੇਸ਼ ਹੁੰਦਾ ਸੀ।

ਹੁਸਨ ਦੇ ਨਕਸ਼ਾਂ ਤੋਂ ਪਰਦਾ ਹਟਾਉਣ ਵਾਲਾ ਸ਼ਾਇਰ ਹੁਸਨ ਨਾਲ ਆਪਣਾ ਨੇੜ ਇਸ ਤਰ੍ਹਾਂ ਬਿਆਨ ਕਰਦਾ ਹੈ:

ਹਾਏ ਉਸ ਜਿਸਮ ਕੇ
ਕੰਬਖ਼ਤ ਦਿਲਆਵੇਜ਼ ਖ਼ਤੂਤ,
ਆਪ ਹੀ ਕਹੀਏ ਕਹੀਂ
ਐਸੇ ਭੀ ਅਫ਼ਸੂੰ ਹੋਂਗੇ।

ਯਾਨਿ ਉਸ ਕੰਬਖ਼ਤ ਦੇ ਤਿੱਖੇ ਨਕਸ਼ ਦਿਲ 'ਚ ਲਹਿ ਜਾਣ ਵਾਲੇ ਨੇ, ਤੁਸੀਂ ਹੀ ਦੱਸੋ, ਹੈ ਏਦਾਂ ਦੀ ਜਾਦੂਈ ਤਾਸੀਰ ਹੋਰ ਕਿਤੇ! ਹੁਸਨ ਦੇ ਨਕਸ਼ਾਂ ਨਾਲ ਆਪਣੀ ਪ੍ਰਤੀਬੱਧਤਾ ਨੂੰ ਹੋਰ ਪੱਕੀ ਉਹ ਇੰਜ ਕਰਦਾ ਹੈ:

ਅਪਨਾ ਮੌਜ਼ੂਏ ਸੁਖ਼ਨ
ਇਨ ਕੇ ਸਿਵਾ ਔਰ ਨਹੀਂ।
ਤਬ-ਏ ਸ਼ਾਇਰ ਕਾ ਵਤਨ
ਇਨ ਕੇ ਸਿਵਾ ਔਰ ਨਹੀਂ।

ਭਾਵ, ਮੇਰੀ ਸ਼ਾਇਰੀ ਦਾ ਵਿਸ਼ਾ ਹੁਸਨ ਤੋਂ ਸਿਵਾ ਹੋਰ ਨਹੀਂ 'ਤੇ ਇਸ ਵਿਚ ਹੀ ਸ਼ਾਇਰ ਦੀ ਰੂਹ ਟਿਕਦੀ ਹੈ।

'ਨਕਸ਼ੇ ਫ਼ਰਿਆਦੀ' ਵਿਚ 'ਤੂੰ ਜੋ ਮਿਲ ਜਾਏ ਤੋ ਤਕਦੀਰ ਨਗੂੰ ਹੋ ਜਾਏ' ਵਾਲਾ ਫ਼ੈਜ਼ ਅਗਲੀ ਕਿਤਾਬ 'ਦਸਤੇ ਸਬਾ' ਵਿਚ 'ਤੁਮਸੇ ਚਲਤੀ ਰਹੀ ਯੇ ਰਾਹ ਯੂੰ ਹੀ, ਅੱਛਾ ਹੈ ਤੁਮ ਨੇ ਮੁੜ ਕਰ ਭੀ ਨਾ ਦੇਖਾ ਤੋ ਕੋਈ ਬਾਤ ਨਹੀਂ' ਕਹਿਣ ਵਾਲਾ ਕੱਦ ਕੱਢ ਆਉਂਦਾ ਹੈ। ਖ਼ਿਆਲਾਂ ਵਿਚ ਪੁਖ਼ਤਗੀ ਅਤੇ ਨਿਖਾਰ ਦੀ ਕਮੀ ਦੇ ਬਾਵਜੂਦ ਨੌਜਵਾਨ ਫ਼ੈਜ਼ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਜਿਸ ਸਮਾਜ ਵਿਚ ਅਕਲ ਦੀ ਕੋਈ ਗੱਲ ਨਹੀਂ ਮੰਨੀ ਜਾਂਦੀ, ਉਥੇ ਦੀਵਾਨਗੀ (ਚਾਲੂ ਕਦਰਾਂ ਨੂੰ ਨਕਾਰ ਦੇਣਾ) ਤੋਂ ਸਿਵਾ ਹੋਰ ਕੋਈ ਚਾਰਾ ਨਹੀਂ:

ਬਜੁਜ਼ ਦੀਵਾਨਗੀ ਵਾਂ
ਔਰ ਚਾਰਾ ਭੀ ਕਹੋ ਕਿਯਾ ਹੈ
ਜਹਾਂ ਅਕਲੋਖ਼ਿਰਦ ਕੀ ਏਕ ਭੀ
ਮਾਨੀ ਨਹੀਂ ਜਾਤੀ

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਕੁਦਰਤ ਅਤੇ ਉਸਦੀਆਂ ਦੇਣਾਂ (ਧਰਤੀ, ਹਵਾ, ਪਾਣੀ ਅਤੇ ਇਨਸਾਨੀ ਮਿਹਨਤ) ਮੁਨਾਫ਼ਾ ਕਮਾਉਣ ਵਾਸਤੇ ਨਹੀਂ ਤਾਂ ਇਸ ਨੂੰ ਕੁਫ਼ਰ ਸਮਝਿਆ ਜਾਂਦਾ ਹੈ। ਅਜਿਹੀ ਹਾਲਤ ਵਿਚ ਸੱਚ ਨੂੰ ਦੀਵਾਨਗੀ ਅਖ਼ਤਿਆਰ ਕਰਨੀ ਪੈਂਦੀ ਹੈ।

ਦੇਖਣ ਵਾਲੀ ਗੱਲ ਇਹ ਹੈ ਕਿ ਆਪਣੀ ਪਹਿਲੀ ਕਿਤਾਬ ਵਿਚ ਹੀ ਫ਼ੈਜ਼ ਨੇ ਸ਼ਾਇਰੀ ਲਈ ਅਰਥ ਰੱਖਣ ਵਾਲ ਲਫ਼ਜ਼ਾਂ ਨੂੰ ਨਵਾਂ ਕਾਂਟੈਂਟ ਦੇਣਾ ਸ਼ੁਰੂ ਕਰ ਦਿੱਤਾ ਸੀ। ਦੀਵਾਨਗੀ ਜੋ ਆਸ਼ਕ ਦੇ ਮਹਿਬੂਬ ਵੱਲੋਂ ਨਕਾਰੇ ਜਾਣ ਜਾਂ ਸਮਾਜ ਵੱਲੋਂ ਇਸ਼ਕ ਉਤੇ ਹੋਣ ਵਾਲੇ ਦਮਨ ਦਾ ਪ੍ਰਤੀਕਰਮ ਸੀ, ਇਸੇ ਸੱਚ ਨੂੰ ਨਾ ਮੰਨਣ ਵਾਲੇ ਸਮਾਜ ਨੂੰ ਨਕਾਰਨ ਵਾਲਾ ਅਮਲ ਬਣ ਗਈ। 'ਦਸਤੇ ਸਬਾ' ਵਿਚ ਫ਼ੈਜ਼ ਕਹਿੰਦਾ ਹੈ:

ਦਸਤੇ ਸਇਆਦ ਭੀ ਆਜਜ਼ ਹੈ
ਕਫ਼ੇ ਗੁਲਕੀਂ ਭੀ
ਬੂਏ ਗੁਲ ਠਹਿਰੀ ਹੈ
ਨਾ ਬੁਲਬੁਲ ਕੀ ਜ਼ਬਾਂ ਠਹਿਰੀ ਹੈ

ਭਾਵ, ਬੁਲਬੁਲ ਨੂੰ ਫੜ ਕੇ ਪਿੰਜਰੇ ਪਾਉਣ ਵਾਲਾ ਫਾਂਦਕੀ ਬੁਲਬੁਲ ਦੀ ਫ਼ਰਿਆਦ ਨੂੰ ਕੈਦ ਨਹੀਂ ਕਰ ਸਕਦਾ ਅਤੇ ਨਾ ਹੀ ਫੁੱਲ ਸਮੇਟਣ ਵਾਲਾ ਮਹਿਕਾਂ ਨੂੰ ਆਪਣੇ ਕਬਜ਼ੇ ਵਿਚ ਰੱਖ ਸਕਦਾ ਹੈ।

'ਦਸਤੇ ਸਬਾ' ਵਾਲਾ ਰੰਗ 'ਜ਼ਿੰਦਾਂਨਾਮਾ', 'ਦਸਤੇ ਤਹੇ ਸੰਗ', 'ਸਰੇ ਵਾਦੀਏ ਸੀਨਾ', 'ਸ਼ਾਮ-ਏ ਸ਼ਹਿਰੇ ਯਾਰਾ' ਅਤੇ 'ਗ਼ੁੱਬਾਰੇ ਅਇਆਮ' ਵਿਚ ਨਿਖਰਦਾ ਜਾਂਦਾ ਹੈ ਅਤੇ ਅਖੀਰ ਵਿਚ ਕੋਈ 1975 ਪਿੱਛੋਂ ਇਸ ਵਿਚ ਯਾਸਖ਼ੇਜ਼ੀ (ਉਦਾਸੀ) ਦਾ ਰੰਗ ਵੀ ਝਲਕਣ ਲਗਦਾ ਹੈ।

ਫ਼ੈਜ਼ ਦੀ ਪ੍ਰੇਰਨਾ ਇਨਕਲਾਬ ਹੈ। ਉਹ ਹਯਾਤ ਦੀਆਂ ਰੰਗੀਨੀਆਂ ਦੇ ਨਗ਼ਮੇ ਗਾਉਂਦਾ ਅੱਗੇ ਵਧਦਾ ਹੈ। ਉਸ ਦੀ ਪ੍ਰਗਤੀਸ਼ੀਲਤਾ 'ਚ ਕਲਾਸਕੀਅਤ ਹੈ:

ਕੌਨ ਇਤਨ ਗ਼ਨੀ ਹੈ ਜਿਸਸੇ ਕੋਈ
ਨਕਦੇ ਸ਼ਮਸ਼ੋ ਕਮਰ ਕੀ ਬਾਤ ਕਰੇ
ਜਿਸਕੋ ਜ਼ੌਕੇ ਨਬਰਦ ਹੋ ਹਮਸੇ
ਜਾਏ ਤਸਕੀਰੇ ਕਾਇਨਾਤ ਕਰੇ

ਭਾਵ, ਏਦਾਂ ਦਾ ਧਨੀ ਕੌਣ ਹੈ ਜਿਸ ਨਾਲ ਚੰਦ ਅਤੇ ਸੂਰਜ ਦੀ ਦੌਲਤ ਦੀ ਗੱਲ ਕਰੀਏ। ਜਿਨ ਸਾਡਾ ਮੁਕਾਬਲਾ ਕਰਨਾ ਹੈ, ਜਾ ਕੇ ਦੁਨੀਆ ਨੂੰ ਆਪਣੇ ਵੱਲ ਕਰੇ। ਏਸ ਨਜ਼ਮ 'ਹਮਦ' ਵਿਚ ਸ਼ਾਇਰ ਹੋਰ ਕਹਿੰਦਾ ਹੈ:

ਮਲਕਾ-ਏ ਸ਼ਹਿਰੇ ਜ਼ਿੰਦਗੀ ਤੇਰਾ
ਸ਼ੁਕਰ ਕਿਸ ਤੌਰ ਸੇ ਅਦਾ ਕੀਜੇ
ਦੌਲਤੇ ਦਿਲ ਕਾ ਕੁਛ ਸ਼ੁਮਾਰ ਨਹੀਂ
ਤੰਗਦਸਤੀ ਕਾ ਕਿਯਾ ਗਿਲਾ ਕੀਜੇ
ਜੋ ਤੇਰੇ ਹੁਸਨ ਕੇ ਫ਼ਕੀਰ ਹੁਏ
ਉਨਕੋ ਤਸ਼ਵੀਸ਼ੇ ਰੋਜ਼ਗਾਰ ਕਹਾਂ
ਦਰਦ ਬੇਚੇਂਗੇ ਗੀਤ ਗਾਏਂਗੇ
ਇਸਸੇ ਖ਼ੁਸ਼ਵਕਤ ਕਾਰੋਬਾਰ ਕਹਾਂ

ਭਾਵ, ਹੇ ਜ਼ਿੰਦਗੀ ਦੇ ਸ਼ਹਿਰ ਦੀ ਮਲਿਕਾ! ਤੇਰੀਆਂ ਬਖ਼ਸ਼ੀਆਂ ਨਿਹਮਤਾਂ ਲਈ ਤੇਰਾ ਸ਼ੁਕਰ ਕਰਨ ਜੋਗੇ ਅਸੀਂ ਕਿੱਥੇ ਹਾਂ! ਦਿਲ ਦੀਆਂ ਦੌਲਤਾਂ ਦੇ ਰੂਬਰੂ ਹੱਥ ਤੰਗ ਹੋਣ ਦਾ ਗਿਲਾ ਕੀ ਕਰੀਏ? ਤੇਰੇ ਹੁਸਨ ਦੇ ਫ਼ਕੀਰਾਂ ਨੂੰ ਰੋਜ਼ੀ ਦਾ ਫਿਕਰ ਕੀ, ਦਰਦ ਵੇਚਣ 'ਤੇ ਗੀਤ ਗਾਉਣ ਨਾਲੋਂ ਚੰਗਾ ਕਾਰੋਬਾਰ ਕਿਹੜਾ ਹੈ?

ਫ਼ੈਜ਼ ਦੀ ਰੁਮਾਨੀਅਤ, ਕਲਾਸਕੀਅਤ ਅਤੇ ਪ੍ਰਗਤੀਸ਼ੀਲਤਾ ਇਕ ਥਾਂ ਹੋ ਕੇ ਇਸ ਤਰ੍ਹਾਂ ਦੇ ਸ਼ਿਅਰਾਂ ਵਿਚ ਢਲਦੀ ਹੈ:

ਰੰਗ ਪੈਰਾਹਨ ਕਾ ਖ਼ੁਸ਼ਬੂ
ਜ਼ੁਲਫ਼ ਲਹਿਰਾਨੇ ਕਾ ਨਾਮ।
ਮੌਸਮੇ ਗੁਲ ਹੈ ਤੁਮਹਾਰੇ
ਬਾਮ ਪਰ ਆਨੇ ਕਾ ਨਾਮ।

ਬਹਾਰ ਰੰਗ 'ਤੇ ਮਹਿਕਾਂ ਦੀ ਰੁੱਤ ਹੈ। ਫ਼ੈਜ਼ ਉਪਰਲੇ ਸ਼ਿਅਰ ਵਿਚ ਕਹਿੰਦਾ ਹੈ, ਰੰਗ ਤੇਰੇ ਲਿਬਾਸ ਦਾ ਨਾਂ ਹੈ, ਖ਼ੁਸ਼ਬੂ ਤੇਰੇ ਜ਼ੁਲਫ਼ਾਂ ਖਿਲਾਰਨ ਦਾ ਅਤੇ ਤੇਰਾ ਬਨੇਰੇ ਉਤੇ ਆ ਖੜਨਾ ਬਹਾਰ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ।

ਫ਼ੈਜ਼ ਦਾ ਰੰਗ ਜ਼ਿੰਦਗੀ ਅਤੇ ਮਹਿਬੂਬਾ ਦੇ ਇਕ-ਮਿੱਕ ਹੋ ਜਾਣ ਵਿਚ ਨਿਖਰਦਾ ਹੈ। ਉਹ ਜ਼ਿੰਦਗੀ ਵਿਚ ਜ਼ਹਿਰ ਘੋਲਣ ਵਾਲੀ ਵਿਵਸਥਾ ਨਾਲ ਟੱਕਰ ਲੈਣ ਵਾਲੇ ਲਸ਼ਕਰਾਂ ਵਿਚ ਸ਼ਾਮਲ ਹੁੰਦਾ ਹੈ। ਉਸ ਦੇ ਤਰਾਨੇ ਜ਼ਿੰਦਗੀ ਨੂੰ ਗਲਘੋਟੂ ਨਜ਼ਾਮ ਤੋਂ ਸੁਰਖ਼ਰੂ ਕਰਵਾਉਣ ਦੀ ਮੰਜ਼ਿਲ ਦੀ ਗੱਲ ਛੇੜਦੇ ਹਨ:

ਕਟਦੇ ਭੀ ਚਲੋ ਬੜ੍ਹਤੇ ਭੀ ਚਲੋ
ਬਾਜ਼ੂ ਭੀ ਬਹੁਤ ਹੈਂ ਸਰ ਭੀ ਬਹੁਤ
ਚਲਤੇ ਭੀ ਚਲੋ ਕਿ ਅਬ ਡੇਰੇ
ਮੰਜ਼ਲ ਹੀ ਪੈ ਡਾਲੇ ਜਾਏਂਗੇ।

ਫ਼ੈਜ਼ ਦੇ ਸਾਰੇ ਦਰਦ ਜ਼ਿੰਦਗੀ ਵੱਲੋਂ ਆਉਂਦੇ ਹਨ ਅਤੇ ਉਸਨੂੰ ਕਿਸੇ ਨਾਲ ਜੋ ਵੀ ਗਿਲਾ ਹੈ, ਜ਼ਿੰਦਗੀ ਕਰ ਕੇ ਹੈ। ਜੋ ਜ਼ਿੰਦਗੀ ਦਾ ਦੋਖੀ ਹੈ ਉਸਦਾ ਵੈਰੀ ਹੈ:

ਕਿਸੀ ਕਾ ਦਰਦ ਹੋ ਕਰਤੇ ਹੈਂ
ਤੇਰੇ ਨਾਮ ਰਕਮ
ਗਿਲਾ ਹੈ ਜੋ ਭੀ ਕਿਸੀ ਸੇ
ਤੇਰੇ ਸਬਬ ਸੇ ਹੈ

(ਤੇਰੇ ਨਾਮ ਰਕਮ, ਭਾਵ ਤੇਰੇ ਨਾਂ ਨਾਲ ਜੋੜਦੇ ਹਾਂ)

ਫ਼ੈਜ਼ ਹੁਸਨ, ਇਸ਼ਕ ਅਤੇ ਇਨਕਲਾਬ ਦਾ ਸ਼ਾਇਰ ਹੈ। ਉਸਦੀਆਂ ਗ਼ਜ਼ਲਾਂ, ਨਜ਼ਮਾਂ, ਰੁਬਾਈਆਂ, ਗੀਤਾਂ ਅਤੇ ਕਤਿਆਂ ਵਿਚ ਇਹ ਸਾਰੇ ਝੁਕਾਅ ਇਕ-ਮਿੱਕ ਹੋਏ ਪਏ ਹਨ ਅਤੇ ਹੈਨ ਵੀ ਇਕ ਤੋਂ ਇਕ ਖ਼ੂਬਸੂਰਤ ਅੰਦਾਜ਼ ਵਿਚ, ਸੈਂਕੜਿਆਂ ਦੀ ਗਿਣਤੀ ਵਿਚ। ਇਨ੍ਹਾਂ ਵਿਚੋਂ ਹਰ ਪਾਠਕ ਆਪਣੀ ਪਹੁੰਚ ਮੁਤਾਬਕ ਆਪਣੇ ਸੁਹਜ ਦੀ ਤਸਕੀਨ ਕਰ ਸਕਦਾ ਹੈ। ਫ਼ੈਜ਼ ਨਿਗਾਹੇ ਯਾਰ ਦਾ ਕਰਜ਼ਾ ਉਤਾਰਨ ਲਈ ਸਭ ਕੁਝ ਵਾਰ ਦਿੰਦਾ ਹੈ:

ਕਰਜ਼ੇ ਨਿਗਾਹੇ ਯਾਰ
ਅਦਾ ਕਰ ਚੁਕੇ ਹੈਂ ਹਮ।
ਸਬ ਕੁਛ ਨਿਸਾਰੇ ਰਾਹੇ
ਵਫ਼ਾ ਕਰ ਚੁਕੇ ਹੈਂ ਹਮ।
ਉਨਕੀ ਨਜ਼ਰ ਮੇਂ ਕਿਆ ਕਰੇਂ
ਫੀਕਾ ਹੈ ਅਬ ਭੀ ਰੰਗ।
ਜਿਤਨਾ ਲਹੂ ਥਾ ਸਰਫ਼ੇ ਕਬਾ

(ਬਾਕੀ ਅਗਲੇ ਸਫੇ 'ਤੇ)

## ਫ਼ੈਜ਼ ਕਾਵਿ ਦੀ ਬੁਲੰਦੀ ਦੇ ਰਹੱਸ ਦੀ ਨਿਸ਼ਾਨਦੇਹੀ ਕਰਦਿਆਂ: ਗੁਰਦੀਪ

20ਵੀਂ ਸਦੀ ਵਿਗਿਆਨ ਦੀ ਚੜ੍ਹਤ ਦੇ ਨਾਲ ਨਾਲ ਆਮ ਲੋਕਾਈ ਦੀ ਚੇਤਨਾ ਦੀ ਵਿਆਪਕ ਜਾਗ੍ਰਿਤੀ ਦਾ ਸਮਾਂ ਸੀ। ਮਹਾਨ ਲੈਨਿਨ ਦੀ ਅਗਵਾਈ ਹੇਠ ਰੂਸੀਆਂ ਨੇ ਇਸ ਵੱਡੀ ਉਮੀਦ ਨਾਲ ਪੁਰਾਣੀ ਰਾਜਾਸ਼ਾਹੀ ਅਤੇ ਜਗੀਰਦਾਰੀ ਨਿਜ਼ਾਮ ਦਾ ਤਖਤਾ ਉਲਟਾਇਆ ਕਿ ਉਨ੍ਹਾਂ ਨੇ ਅੰਤਿਮ ਤੌਰ 'ਤੇ ਬੰਦੇ ਹੱਥੋਂ ਬੰਦੇ ਦੀ ਲੁੱਟ ਖਸੁੱਟ ਅਤੇ ਹਰ ਤਰ੍ਹਾਂ ਦੀ ਨਾਬਰਾਬਰੀ ਧਾਰਮਿਕ ਤੰਗਨਜ਼ਰੀ ਖਤਮ ਕਰ ਦੇਣੀ ਹੈ। ਏਸ਼ੀਅਨ ਖਿੱਤੇ ਵਿਚੋਂ ਜਿਨ੍ਹਾਂ ਮਹਾਨ ਸਾਹਿਤਕਾਰਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਵਲੋਂ ਇਨਸਾਨੀ ਮੁਕਤੀ ਦੇ ਇਸ ਮਹਾਂ ਪ੍ਰੋਜੈਕਟ ਵਿਚ ਵੱਡੀ ਨਿਹਚਾ ਪ੍ਰਗਟਾਈ ਗਈ, ਉਰਦੂ ਜ਼ੁਬਾਨ ਦੇ ਮਹਾਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦਾ ਨਾਂ ਉਨ੍ਹਾਂ ਵਿਚੋਂ ਮੂਹਰਲੀ ਪਾਲ ਵਿਚ ਸੀ।

ਫ਼ੈਜ਼ ਅਹਿਮਦ ਫ਼ੈਜ਼ ਦੀ ਵਡਿਆਈ ਸਭ ਤੋਂ ਵੱਧ ਇਸ ਗੱਲ ਵਿਚ ਸੀ ਕਿ ਪਾਕਿਸਤਾਨ ਬਣਦੇ ਸਾਰ ਹੀ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਅਤੇ ਰਾਜਸੀ ਅਮਲ ਰਾਹੀਂ ਐਲਾਨੀਆ ਤੌਰ 'ਤੇ ਸਪਸ਼ਟ ਕੀਤਾ ਕਿ ਨਵੇਂ ਬਣੇ ਨਿਜ਼ਾਮ ਦਾ ਆਮ ਗਰੀਬ ਮੁਸਲਮਾਨਾਂ ਦੀ ਮੁਕਤੀ ਜਾਂ ਖ਼ੁਆਬਾਂ ਦੀ ਪੂਰਤੀ ਨਾਲ ਉਕਾ ਹੀ ਕੋਈ ਸਬੰਧ ਨਹੀਂ ਸੀ, ਬਲਕਿ ਉਹ ਜ਼ਿੰਦਗੀ ਦੇ ਸੁਹੱਪਣ ਦੀਆਂ ਆਮ ਫਹਿਮ ਕਦਰਾਂ ਦਾ ਵੀ ਖੁੱਲ੍ਹਮ-ਖੁੱਲ੍ਹਾ ਨਿਖੇਧ ਸੀ।



ਫ਼ੈਜ਼ ਅਹਿਮਦ ਫ਼ੈਜ਼ ਨੂੰ ਧਾਰਮਿਕ ਵਖਰੇਵੇਂ ਦੇ ਅਧਾਰ 'ਤੇ ਦੇਸ਼ ਦੀ ਵੰਡ ਦਾ ਬੇਹੱਦ ਦੁੱਖ ਸੀ ਅਤੇ ਬਾਅਦ ਦੇ ਵਰ੍ਹਿਆਂ ਦੌਰਾਨ ਉਨ੍ਹਾਂ ਨੂੰ ਲਗਾਤਾਰ ਵੱਡੀ ਚਿੰਤਾ ਇਸ ਗੱਲ ਦੀ ਸੀ ਕਿ ਪਾਕਿਸਤਾਨ ਦੇ ਗਰੀਬ ਮਿਹਨਤਕਸ਼ ਲੋਕ ਜੇਕਰ ਆਪਣੇ ਅਸਲ ਹੱਕਾਂ ਪ੍ਰਤੀ ਜਾਗਰੂਕ ਅਤੇ ਜਥੇਬੰਦ ਨਾ ਹੋਏ ਤਾਂ ਰਾਜਸੀ ਤਾਕਤ 'ਤੇ ਕਾਬਜ਼ ਟੋਲੇ ਮੌਲਾਣਿਆਂ ਦੇ ਸਰਗਰਮ ਸਹਿਯੋਗ ਨਾਲ ਉਨ੍ਹਾਂ ਨੂੰ ਸਥਾਈ ਤੌਰ 'ਤੇ ਦੁਬੇਲ ਬਣਾ ਲੈਣਗੇ ਅਤੇ ਇਤਿਹਾਸ ਨੂੰ ਸਹਿਜੇ ਹੀ ਮੱਧਯੁਗੀ ਹਨ੍ਹੇਰਗਰਦੀ ਵੱਲ ਧਕੇਲ ਦੇਣਗੇ। ਫ਼ੈਜ਼ ਸਾਹਿਬ ਦੀ ਅਜਿਹੀ ਫਿਰਕਮੰਦੀ ਪਿਛਲੇ ਕੁਝ ਮਹੀਨਿਆਂ ਦੌਰਾਨ ਉਸ ਸਮੇਂ ਸਹੀ ਸਾਬਤ ਹੋਈ ਜਦੋਂ ਜਨੂੰਨੀ ਟੋਲਿਆਂ ਦੀ ਸ਼ਹਿ 'ਤੇ ਉਨ੍ਹਾਂ ਵਲੋਂ ਦਰਸਾਈਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਦੇ ਦੋਸ਼ ਹੇਠ ਉਨ੍ਹਾਂ ਦੇ ਸਾਂਢੂੰ ਸਾਹਿਬ ਦੇ ਫਰਜ਼ੰਦ ਸਲਮਾਨ ਤਾਸੀਰ ਜੋ ਪੱਛਮੀ ਪੰਜਾਬ ਦੇ ਬਹੁਤ ਹੀ ਰੌਸ਼ਨ ਦਿਮਾਗ ਗਵਰਨਰ ਸਨ, ਨੂੰ 4 ਜਨਵਰੀ ਦੇ ਦਿਨ ਉਨ੍ਹਾਂ ਦੇ ਬਾਡੀਗਾਰਡ ਵਲੋਂ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਸ੍ਰੀ ਤਾਸੀਰ ਦਾ ਗੁਨਾਹ ਇਹ ਸੀ ਕਿ ਉਸ ਵਲੋਂ ਪਾਕਿਸਤਾਨ ਦੇ ਕੁਫਰ ਵਿਰੋਧੀ ਕਾਨੂੰਨ ਵਿਚ ਲੋੜੀਂਦੀਆਂ ਸੋਧਾਂ ਕਰਨ ਖਾਤਰ ਆਵਾਜ਼ ਉਠਾਈ ਗਈ ਸੀ, ਤਾਂ ਕਿ ਅਜਿਹੇ ਮੱਧਯੁਗੀ ਆਭਾ ਵਾਲੇ ਮਨਹੂਸ ਕਾਨੂੰਨ ਦੀ ਦੁਰਵਰਤੋਂ ਕਰਦਿਆਂ ਕਿਸੇ ਬੇਗੁਨਾਹ ਔਰਤ ਜਾਂ ਮਰਦ ਨੂੰ ਖਾਹ-ਮਖਾਹ ਜ਼ਲੀਲ ਨਾ ਕੀਤਾ ਜਾ ਸਕੇ। ਭੜਕਾਹਟ ਦਾ ਫੌਰੀ ਕਾਰਨ ਇਹ ਬਣਿਆ ਸੀ ਕਿ ਉਹ ਆਪਣੀ ਪਤਨੀ ਅਤੇ ਆਪਣੀ ਧੀ ਨੂੰ ਨਾਲ ਲੈ ਕੇ ਇਸੇ ਕਾਨੂੰਨ ਦੀ ਫੇਟ ਵਿਚ ਆ ਕੇ ਫਾਂਸੀ ਦਾ ਫੰਧਾ ਉਡੀਕ ਰਹੀ ਇਕ ਅਤਿ ਗਰੀਬ ਇਸਾਈ ਔਰਤ ਨਾਲ ਮੁਲਾਕਾਤ ਕਰਕੇ ਹਮਦਰਦੀ ਪ੍ਰਗਟਾ ਆਏ ਸਨ। ਸਲਮਾਨ ਤਾਸੀਰ ਦੀ ਹੱਤਿਆ ਦੀ ਘਟਨਾ ਸਮੇਂ ਭਾਅ ਜੀ ਗੁਰਦੀਪ ਹੋਰੀਂ ਚੰਡੀਗੜ੍ਹ ਆਏ ਹੋਏ ਸਨ। ਗੁਰਦੀਪ ਹੋਰਾਂ ਦੀ ਸਾਰੀ ਜ਼ਿੰਦਗੀ ਕਾਵਿਕ ਹੈ; ਕਵਿਤਾ ਦੀ ਆਤਮਾ ਨੂੰ ਜਿਉਣ ਵਾਂਗ ਹੈ। ਉਨ੍ਹਾਂ ਨੇ ਸਾਰੀ ਜ਼ਿੰਦਗੀ ਖੇਤੀ ਦੇ ਦੇਖ-ਰੇਖ ਕੀਤੀ ਅਤੇ ਜਾਂ ਫਿਰ ਆਪਣੇ ਸ਼ਾਗਿਰਦਾਂ ਅਤੇ ਦੋਸਤਾਂ ਮਿੱਤਰਾਂ ਨੂੰ ਮਿਰਜ਼ਾ ਗਾਲਿਬ ਅਤੇ ਫ਼ੈਜ਼ ਅਹਿਮਦ ਫ਼ੈਜ਼ ਦੇ ਕਾਵਿ ਸੂਹਜ ਦੀ ਥਾਹ ਪਵਾਉਣ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਸਨ।

'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਫ਼ੈਜ਼ ਕਾਵਿ ਦੀ ਤਾਕਤ ਦੇ ਰਾਜ਼ ਤੋਂ ਜਾਣੂ ਕਰਵਾਉਣ ਲਈ ਗੁਜ਼ਾਰਿਸ਼ ਕੀਤੇ ਜਾਣ 'ਤੇ ਉਨ੍ਹਾਂ ਇਹ ਕਹਿ ਕੇ ਅਜਿਹਾ ਕੁਝ ਲਿਖ ਕੇ ਦੇਣ ਤੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਉਹ ਇਸ ਕਿਸਮ ਦੇ ਆਲੋਚਕ ਜਾਂ ਕਲਾ ਪਾਰਖੂ ਨਹੀਂ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਫ਼ੈਜ਼ ਦੇ ਸ਼ਬਦਾਂ ਦੇ ਸੂਹਜ ਬਾਰੇ ਸਾਹਮਣੇ ਬੈਠੇ ਸਰੋਤਿਆਂ ਨਾਲ ਗੱਲਾਂ ਕਰ ਸਕਦੇ ਹਨ, ਚਾਹੇ ਕੋਈ ਸਾਰੀ ਉਮਰ ਕਰਵਾਈ ਜਾਵੇ, ਪਰ ਇਸ ਬਾਰੇ ਲਿਖ ਕੇ ਦੇਣਾ ਉਨ੍ਹਾਂ ਦੀ ਜ਼ਮੀਨ ਨਹੀਂ ਹੈ।

ਫਿਰ ਵੀ ਸਾਡੇ ਵਾਰ ਵਾਰ ਕਹਿਣ 'ਤੇ ਫ਼ੈਜ਼ ਸਾਹਿਬ ਦੀਆਂ ਗਜ਼ਲਾਂ ਅਤੇ ਕਵਿਤਾਵਾਂ ਦੀਆਂ ਅਜਿਹੀਆਂ ਕੁਝ ਸਤਰਾਂ ਛਾਂਟੀਆਂ ਜਿਨ੍ਹਾਂ ਵਿਚ ਉਹ ਸਾਰੀਆਂ ਕਦਰਾਂ ਹੀ ਨੁਮਾਇਆ ਹਨ ਜਿਨ੍ਹਾਂ ਦੀ ਪੈਰਵੀ ਕਰਦਿਆਂ ਸ੍ਰੀ ਤਾਸੀਰ ਜਾਨ 'ਤੇ ਖੇਡ ਗਏ।

ਫ਼ੈਜ਼ ਸਾਹਿਬ ਦੇ ਜੀਵਨ ਦਰਸ਼ਨ ਨੂੰ ਪ੍ਰਗਟਾਉਂਦੀਆਂ ਇਹ ਸਤਰਾਂ ਅਤੇ ਵਿਚਾਰ ਪਾਠਕਾਂ ਦੀ ਨਜ਼ਰ ਹਨ। ਫ਼ੈਜ਼ ਸਾਹਿਬ ਦੀ ਰੂਹ 'ਅਗਲੇ ਜਹਾਨ' ਅੰਦਰ ਵੀ ਉਸ ਸਮੇਂ ਬੇਹੱਦ ਕੁਰਲਾਈ ਹੋਵੇਗੀ ਜਦੋਂ ਉਸ ਤੱਕਿਆ ਹੋਵੇਗਾ ਕਿ ਪੱਛਮੀ ਪੰਜਾਬ ਦੀ ਹਾਈ ਕੋਰਟ ਦੇ 500 ਤੋਂ ਵੀ ਵੱਧ ਮਨਚਲੇ ਵਕੀਲ ਹਤਿਆਰੇ ਦੇ ਕੇਸ ਦੀ ਪੈਰਵੀ ਕਰਨ ਲਈ ਤਾਂ ਪੇਸ਼ ਸਨ ਜਦੋਂ ਕਿ ਜਨੂੰਨੀਆਂ ਤੋਂ ਡਰਦਾ ਮਾਰਿਆ ਕੋਈ ਇਕ ਜਣਾ ਵੀ ਫ਼ੈਜ ਸਾਹਿਬ ਦੇ ਪਿਆਰੇ ਅਜ਼ੀਜ਼ ਸਲਮਾਨ ਤਾਸੀਰ ਦਾ ਕੇਸ ਲੜਨ ਲਈ ਤਿਆਰ ਨਹੀਂ। ਸ. ਖੁਸ਼ਵੰਤ ਸਿੰਘ 26 ਮਾਰਚ 2011 ਦੇ ਆਪਣੇ ਹਫਤਾਵਾਰੀ ਕਾਲਮ ਵਿਚ ਨੈਸ਼ਨਲ ਕਮਿਸ਼ਨ ਫਾਰ ਜਸਟਿਸ, ਪੀਸ ਐਂਡ ਹਿਊਮਨ ਰਾਈਟਸ ਕਮਿਸ਼ਨ ਆਫ ਪਾਕਿਸਤਾਨ ਵਲੋਂ ਜਾਰੀ ਕੀਤੇ ਹਾਲੀਆ ਅੰਕੜਿਆਂ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਦੇ ਹਨ ਕਿ ਕੁਫਰ ਕਨੂੰਨ ਦੀ ਉਲੰਘਣਾ ਦੇ ਮਹਿਜ਼ ਸੰਦੇਹ ਹੇਠ ਪਾਕਿਸਤਾਨ ਅੰਦਰ 39 ਵਿਅਕਤੀ ਬਿਨਾ ਮੁਕੱਦਮਾ ਚਲਾਏ ਮਾਰੇ ਜਾ ਚੁੱਕੇ ਹਨ।

*–ਗੁਰਦਿਆਲ ਬਲ*

## ਫ਼ੈਜ਼ ਜਨਮ ਸ਼ਤਾਬਦੀ ਵਰ੍ਹਾ

ਕਰ ਚੁਕੇ ਹੈਂ ਹਮ।
(ਸਰਫ਼ੇ ਕਬਾ, ਭਾਵ ਪੋਸ਼ਾਕ ਰੰਗਣ ਉਤੇ ਖਰਚ ਕਰਨਾ)
ਗ਼ਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ
ਜੋ ਚਾਹੋ ਲਗਾ ਦੋ ਡਰ ਕੈਸਾ।
ਗ਼ਰ ਜੀਤ ਗਏ ਤੋ ਕਿਆ ਕਹਿਨਾ
ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।
ਚਲੇ ਹੈਂ ਜਾਨੋਈਮਾਂ ਆਜ਼ਮਾਨੇ
ਆਜ ਦਿਲਵਾਲੇ,
ਵੋ ਲਾਏਂ ਲਸ਼ਕਰੇ ਅਗਿਆਰੋ
ਆਦਾ ਹਮ ਭੀ ਦੇਖੇਂਗੇ।
ਵੋ ਆਏਂ ਤੋ ਸਰੇ ਮਕਤਲ
ਤਮਾਸ਼ਾ ਹਮ ਭੀ ਦੇਖੇਂਗੇ
(ਅਗਿਆਰੋ ਆਦਾ, ਭਾਵ ਦੁਸ਼ਮਣਾਂ ਦੀ ਫੌਜ)

ਫ਼ੈਜ਼ ਦਾ ਇਸ਼ਕ ਵੀ ਉਸਦਾ ਹੀ ਮਾਮਲਾ ਨਹੀਂ, ਇਹ ਸਭ ਦਿਲਾਂ ਦੀ ਧੜਕਣ ਹੈ। ਵਫ਼ਾ ਦਾ ਇਮਤਿਹਾਨ ਵੀ ਕੋਈ ਵਿਆਪਕ ਲੋਕ ਲਹਿਰ ਹੈ:

ਹੁਈ ਫਿਰ ਇਮਤਿਹਾਨੇ ਇਸ਼ਕ ਕੀ
ਤਦਬੀਰ ਬਿਸਮਿੱਲਾਹ।
ਹਰ ਇਕ ਜਾਨਬ ਮਚਾ ਕੋਹਰਾਮੇ
ਜ਼ਾਰੋਗੀਰ ਬਿਸਮਿੱਲਾਹ।
ਗਲੀ ਕੂਚੋਂ ਮੇਂ ਬਿਖਰੀ
ਸ਼ੋਰਸ਼ੇ ਜ਼ੰਜੀਰ ਬਿਸਮਿੱਲਾਹ।
(ਕੋਹਰਾਮੇਂ ਜ਼ਾਰੋਗੀਰ, ਭਾਵ ਜੰਗ ਦਾ ਸ਼ੋਰ, ਫੜਫੜਾਈ ਦਾ ਹੰਗਾਮਾ, ਸ਼ੋਰਸ਼ੇ ਜ਼ੰਜੀਰ, ਭਾਵ ਹਥਕੜੀਆਂ ਅਤੇ ਬੇੜੀਆਂ ਦੇ ਖੜਕਣ ਦਾ ਰੌਲਾ)

ਫ਼ੈਜ਼ ਆਸ਼ਕਾਂ ਦੀ ਵਫ਼ਾ ਦਾ ਜ਼ਿਕਰ ਇੰਜ ਕਰਦਾ ਹੈ:

ਜਬ ਘੁਲੀ ਤੇਰੀ ਰਾਹੋਂ ਮੇਂ ਸ਼ਾਮੇਂ ਸਿਤਮ
ਹਮ ਚਲੇ ਆਏ ਲਾਏ ਜਹਾਂ ਤਕ ਕਦਮ
ਲਬ ਪੈ ਹਰਫ਼ੇ ਗ਼ਜ਼ਲ ਦਿਲ ਮੇਂ ਕੰਦੀਲੇ ਗ਼ਮ
ਅਪਨਾ ਗ਼ਮ ਥਾ ਗਵਾਹੀ ਤੇਰੇ ਹੁਸਨ ਕੀ
ਦੇਖ ਕਾਇਮ ਰਹੇ ਉਸ ਗਵਾਹੀ ਪੇ ਹਮ
ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ
(ਕੰਦੀਲ, ਭਾਵ ਮਸ਼ਾਲ)

ਉਪਰਲੀਆਂ ਸਤਰਾਂ ਨਜ਼ਮ 'ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ' ਵਿਚੋਂ ਲਈਆਂ ਗਈਆਂ ਹਨ। ਦਰਅਸਲ 25 ਸਤਰਾਂ ਦੀ ਇਹ ਨਜ਼ਮ ਸਾਡੇ ਵੇਲਿਆਂ ਦਾ ਮਹਾਂਕਾਵਿ ਹੈ। ਜ਼ਿੰਦਗੀ ਤਕ ਰਸਾਈ ਦੀ ਘਾਲਣਾ ਤੇ ਉਸਦੇ ਹੁਸਨ ਦੀ ਗਵਾਹੀ ਦੀ ਦਾਸਤਾਨ ਹੈ। ਇਹ ਨਜ਼ਮ ਜਿਸ ਨੂੰ ਗਾਉਂਦੀਆਂ ਮਹਿਫ਼ਲਾਂ ਚਸ਼ਮਤਰ ਹੋ ਜਾਂਦੀਆਂ ਸੀ, ਜੇ ਅੱਜ ਦੇ ਪਾਠਕਾਂ ਨੂੰ ਅਜ਼ਬਰ ਹੋ ਜਾਏ ਤਾਂ ਉਨ੍ਹਾਂ ਦੇ ਸੁਹਜਸੁਆਦ ਵਿਚ ਜਾਨ ਪੈ ਸਕਦੀ ਹੈ। ਨਜ਼ਮ ਵਿਚੋਂ ਹੋਰ ਵੰਨਗੀ ਦਿੱਤੇ ਬਿਨਾ ਰਿਹਾ ਨਹੀਂ ਜਾ ਸਕਦਾ:

ਨਾਰਸਾਈ ਅਗਰ ਅਪਨੀ ਤਕਦੀਰ ਥੀ
ਤੇਰੀ ਉਲਫ਼ਤ ਤੋ ਅਪਨੀ ਹੀ ਤਦਬੀਰ ਥੀ
ਕਿਸਕੋ ਸ਼ਿਕਵਾ ਹੈ ਗ਼ਰ ਸ਼ੌਕ ਕੇ ਕਾਫ਼ਲੇ
ਹਿਜਰ ਕੀ ਕਤਲਗਾਹੋਂ ਸੇ ਸਭ ਜਾ ਮਿਲੇ
ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ
ਔਰ ਨਿਕਲੇਂਗੇ ਅਸ਼ਾਕ ਕੇ ਕਾਫ਼ਲੇ
ਜਿਨ ਕੀ ਰਾਹੇ ਤਲਬ ਸੇ ਹਮਾਰੇ ਕਦਮ
ਮੁਖ਼ਤਸਰ ਕਰ ਚਲੇ ਦਰਦ ਕੇ ਫ਼ਾਸਲੇ
ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ
(ਨਾਰਸਾਈ, ਭਾਵ ਨਾ ਪਹੁੰਚ ਹੋਣਾ, ਅਲਮ-ਝੰਡੇ, ਅਸ਼ਾਕ-ਆਸ਼ਕ ਦਾ ਬਹੁਵਚਨ, ਮੁਖ਼ਤਸਰ-ਘੱਟ ਕਰ ਦੇਣਾ)

ਹੁਣ ਤਕ ਪਾਠਕਾਂ ਨਾਲ ਜੋ ਸ਼ਿਅਰ ਸਾਂਝੇ ਕੀਤੇ ਹਨ, ਉਹ ਆਮ ਗ਼ਜ਼ਲਾਂ ਅਤੇ ਨਜ਼ਮਾਂ ਵਿਚੋਂ ਹੀ ਲਏ ਗਏ ਹਨ। ਫ਼ੈਜ਼ ਨੇ ਬਹੁਤ ਸ਼ਾਇਰਾਨਾ ਗੀਤ ਵੀ ਲਿਖੇ ਹਨ ਇੱਥੋਂ ਤਕ ਕਿ ਫਿਲਮੀ ਗੀਤ ਵੀ। ਮੈਂ ਇੱਥੇ ਫ਼ੈਜ਼ ਦੇ ਇਕ ਗੀਤ ਦਾ ਜ਼ਿਕਰ ਕਰਨਾ ਚਾਹਾਂਗਾ। ਏਨਾ ਸ਼ਾਇਰਾਨਾ ਗੀਤ ਉਰਦੂ, ਹਿੰਦੀ ਅਤੇ ਪੰਜਾਬੀ ਵਿਚ ਸ਼ਾਇਦ ਹੀ ਕਿਤੇ ਮਿਲੇ:

ਯੇ ਧੂਪ ਕਿਨਾਰਾ ਸ਼ਾਮ ਢਲੇ
ਮਿਲਤੇ ਹੈਂ ਦੋਨੋ ਵਕਤ ਜਹਾਂ
ਜੋ ਰਾਤ ਨਾ ਦਿਨ, ਜੋ ਆਜ ਨਾ ਕਲ
ਪਲ ਪਰ ਭਰ ਕੋ ਅਮਰ ਪਲ ਭਰ ਕੋ ਧੂੰਆਂ
ਇਸ ਧੂਪ ਕਿਨਾਰੇ ਪਲ ਦੋ ਪਲ
ਹੋਠੋਂ ਕੀ ਲਪਕ
ਬਾਹੋਂ ਕੀ ਖਨਕ
ਯੇ ਮੇਲ ਹਮਾਰਾ ਝੂਠ ਨਾ ਸਚ
ਕਿਉਂ ਰਾਰ ਕਰੋ ਕਿਉਂ ਦੋਸ਼ ਧਰੋ
ਕਿਸ ਕਾਰਨ ਝੂਠੀ ਬਾਤ ਕਰੋ
ਜਬ ਤੇਰੀ ਸਮੰਦਰ ਆਖੋਂ ਮੇਂ
ਇਸ ਸ਼ਾਮ ਕਾ ਸੂਰਜ ਡੂਬੇਗਾ
ਸੁਖ ਸੋਏਂਗੇ ਘਰ ਘਰਵਾਲੇ
ਔਰ ਰਾਹੀ ਅਪਨੀ ਰਾਹ ਲੇਗਾ

ਸ਼ਾਮ ਦੇ ਵੇਲੇ ਧੁੱਪ ਦੇ ਪੱਛਮੀ ਕੰਢੇ 'ਤੇ ਰਾਤ ਅਤੇ ਦਿਨ ਦਾ ਮਿਲਣਾ ਕੀ ਖ਼ੂਬਸੂਰਤ ਤਸੱਵਰ ਹੈ! ਸਮਾਂ ਕਦੇ ਧੂੰਏਂ ਵਾਂਗ ਉਡਦਾ ਜਾਂਦਾ ਹੈ ਅਤੇ ਕਦੇ ਇਹੋ ਹੀ ਇਹੋ ਹੈ ਇਸ ਤੋਂ ਪਰੇ ਹੋਰ ਕੁਝ ਹੈ ਹੀ ਨਹੀਂ। ਉਪਰ ਦਿੱਤਾ ਗੀਤ ਫ਼ੈਜ਼ ਦੇ ਬਿੰਬਾਂ ਵੱਲ ਲੈ ਆਉਂਦਾ ਹੈ। ਫ਼ੈਜ਼ ਬਿੰਬਾਂ ਦਾ ਬਾਦਸ਼ਾਹ ਹੈ। ਉਨ ਬੇਸ਼ੁਮਾਰ ਖ਼ੂਬਸੂਰਤ ਬਿੰਬ ਉਰਦੂ ਸ਼ਾਇਰੀ ਨੂੰ ਦਿੱਤੇ ਹਨ। ਕੁਝ ਮਿਸਾਲਾਂ:

ਸ਼ਮੇਂ ਨਜ਼ਰ ਖ਼ਯਾਲ ਕੇ
ਅੰਜੁਮ ਜਿਗਰ ਕੇ ਦਾਗ਼,
ਜਿਤਨੇ ਚਰਾਗ਼ ਹੈਂ
ਤੇਰੀ ਮਹਿਫ਼ਲ ਸੇ ਆਏ ਹੈਂ।
(ਅੰਜੁਮ-ਤਾਰੇ)
ਯਾਦੇ ਗ਼ਜ਼ਾਲ ਚਸ਼ਮਾਂ
ਜ਼ਿਕਰੇ ਸਮਨ ਉਜ਼ਾਰਾਂ।
ਜਬ ਚਾਹਾ ਕਰ ਲੀਆ ਹੈ
ਕੁੰਜੇ ਕਫ਼ਸ ਬਹਾਰਾਂ।
(ਹਰਨੋਟਿਆਂ ਵਰਗੀਆਂ ਅੱਖਾਂ ਨੂੰ ਯਾਦ ਕਰ ਕੇ, ਫੁੱਲਾਂ ਵਰਗੇ ਰੁਖ਼ਸਾਰਾਂ ਦਾ ਜ਼ਿਕਰ ਕਰੇ ਕੇ ਜਦੋਂ ਜੀਅ ਕੀਤਾ ਅਸੀਂ ਆਪਣੀ ਕੈਦ ਕੋਠੜੀ ਵਿਚ ਬਹਾਰ ਲੈ ਆਂਦੀ ਹੈ)
ਬਜ਼ਮੇਂ ਖ਼ਯਾਲ ਮੇਂ ਤੇਰੇ ਹੁਸਨ ਕੀ

**ਇਕੱਤੀ ਸਾਲ ਦੀ ਉਮਰ ਵਿਚ ਫ਼ੈਜ਼ 'ਨਕਸ਼ੇ ਫਰਿਆਦੀ' ਲੈ ਕੇ ਪਾਠਕਾਂ ਸਾਹਮਣੇ ਆਇਆ। ਕਿਤਾਬ ਦੇ ਨਾਂ ਤੋਂ ਜ਼ਾਹਰ ਹੈ ਕਿ ਫ਼ੈਜ਼ ਨੇ ਹੁਸਨ ਦੇ ਚਿਹਰੇ ਤੋਂ ਪਰਦਾ ਸਰਕਾਇਆ ਹੈ ਅਤੇ ਨਕਸ਼ ਪਾਠਕਾਂ ਸਾਹਮਣੇ ਲਿਆਂਦੇ ਹਨ।... 'ਨਕਸ਼ੇ ਫ਼ਰਿਆਦੀ' ਵਿਚ 'ਤੂੰ ਜੋ ਮਿਲ ਜਾਏ ਤੋ ਤਕਦੀਰ ਨਗੂੰ ਹੋ ਜਾਏ' ਵਾਲਾ ਫ਼ੈਜ਼ ਅਗਲੀ ਕਿਤਾਬ 'ਦਸਤੇ ਸਬਾ' ਵਿਚ 'ਤੁਮਸੇ ਚਲਤੀ ਰਹੀ ਯੇ ਰਾਹ ਯੂੰਹੀ ਅੱਛਾ ਹੈ ਤੁਮ ਨੇ ਮੁੜ ਕਰ ਭੀ ਨਾ ਦੇਖਾ ਤੋ ਕੋਈ ਬਾਤ ਨਹੀਂ' ਕਹਿਣ ਵਾਲਾ ਕੱਦ ਕੱਢ ਆਉਂਦਾ ਹੈ।**

ਸ਼ਮਾਂ ਜਲ ਗਈ।
ਦਰਦ ਕਾ ਚਾਂਦ ਬੁਝ ਗਿਆ
ਹਿਜਰ ਕੀ ਰਾਤ ਢਲ ਗਈ।
***
ਯਕ ਜਾਨ ਨਾ ਹੋ ਸਕੀਏ
ਅਨਜਾਨ ਨਾ ਬਨ ਸਕੀਏ
ਯੂੰ ਟੂਟ ਗਈ ਦਿਲ ਮੇਂ ਸ਼ਮਸ਼ੀਰੇ ਸ਼ਨਾਸ਼ਾਈ
(ਸ਼ਨਾਸ਼ਾਈ-ਧੁਰ ਅੰਦਰ ਦੀ ਪਛਾਣ)
ਕਬ ਮਹਿਕੇਗੀ ਫ਼ਸਲੇਗੁਲ
ਕਬ ਬਹਿਕੇਗਾ ਮਹਿਖ਼ਾਨਾ।
ਕਬ ਸੁਬਹੇਸੁਖ਼ਨ ਹੋਗੀ
ਕਬ ਸ਼ਾਮੇਨਜ਼ਰ ਹੋਗੀ।
ਖ਼ੁਆਬ ਕਿਤਨੇ ਤੇਰੀ ਰਾਹੋਂ ਮੇਂ
ਸੰਗਸਾਰ ਹੁਏ।
(ਸੰਗਸਾਰ-ਪੱਥਰ ਮਾਰ ਕੇ ਮਾਰ ਦੇਣਾ)
ਯੇ ਜਫ਼ਾਏ ਗ਼ਮ ਕਾ ਚਾਰਾ ਵੋ
ਨਜਾਤੇ ਦਿਲ ਕਾ ਆਲਮ।
ਤੇਰਾ ਹੁਸਨ ਦਸਤੇ ਈਸਾ
ਤੇਰੀ ਯਾਦ ਰੂਏ ਮਰੀਅਮ।

ਫ਼ੈਜ਼ ਲੰਮਾ ਅਰਸਾ ਵਿਵਸਥਾ ਦੇ ਜ਼ੁਲਮਾਂ ਦੇ ਖਿਲਾਫ਼ ਲੜਿਆ, ਜੇਲ੍ਹਾਂ ਅਤੇ ਕਾਲ ਕੋਠੜੀਆਂ ਵਿਚ ਸਿਤਮ ਦੇ ਸਾਏ ਹੇਠ ਜੀਵਿਆ। ਜੇਲ੍ਹ ਬਾਰੇ ਉਨ ਬਹੁਤ ਸ਼ਿਅਰ ਕਹੇ ਹਨ। ਉਂਝ ਜੇ ਫ਼ੈਜ਼ ਛਾਪਣ ਵਾਲੇ, ਉਨ੍ਹਾਂ ਸ਼ਿਅਰਾਂ ਨੂੰ ਇਕ ਥਾਂ ਕਰ ਕੇ ਛਾਪਣ ਤਾਂ ਚੰਗਾ ਹੋਵੇ। ਵੰਨਗੀ ਵੇਖੋ:

ਚਾਂਦ ਤਾਰੇ ਇਧਰ ਨਹੀਂ ਆਤੇ
ਵਰਨਾ ਜ਼ਿੰਦਾਂ ਮੇਂ ਆਸਮਾਂ ਹੈ ਵਹੀ।
(ਜ਼ਿੰਦਾਂ-ਜੇਲ੍ਹ)

ਜੇਲ ਦੀ ਸ਼ਾਮ ਸਵੇਰ ਨੂੰ ਫ਼ੈਜ਼ ਮਹਿਬੂਬ ਨਾਲ ਜੋੜੀ ਰੱਖਦਾ ਹੈ:

ਬੁਝਾ ਜੋ ਰੋਜ਼ਨੇ ਜ਼ਿੰਦਾਂ ਤੋ
ਦਿਲ ਯੇ ਸਮਝਾ ਹੈ
ਤੇਰੀ ਮਾਂਗ ਸਿਤਾਰੋਂ ਸੇ
ਭਰ ਗਈ ਹੋਗੀ
ਚਮਕ ਉਠੇ ਹੈਂ ਸਲਾਸਲ
ਤੋ ਹਮਨੇ ਜਾਨਾ ਹੈ
ਅਬ ਸੁਬਹ ਤੇਰੇ ਰੁਖ਼ ਪਰ
ਬਿਖਰ ਗਈ ਹੋਗੀ।
(ਰੋਜ਼ਨੇ ਜ਼ਿੰਦਾਂ-ਜੇਲ੍ਹ ਦਾ ਦਰੀਚਾ, ਸਲਾਸਲ-ਜ਼ੰਜੀਰਾਂ, ਹਥਕੜੀਆਂ)
ਕਫ਼ਸ ਉਦਾਸ ਹੈ ਯਾਰੋ
ਸਬਾ ਸੇ ਕੁਛ ਤੋ ਕਹੋ,
ਕਹੀਂ ਤੋ ਬਹਿਰੇ ਖ਼ੁਦਾ
ਆਜ ਜ਼ਿਕਰੇ ਯਾਰ ਚਲੇ।
(ਕਫ਼ਸ - ਜੇਲ੍ਹ ਦੀ ਕੋਠੜੀ)

ਫ਼ੈਜ਼ ਦੇ ਬਹੁਤ ਸਾਰੇ ਸ਼ਿਅਰਾਂ ਵਿਚ ਇਸ ਤਰ੍ਹਾਂ ਦੀ ਖ਼ੂਬਸੂਰਤੀ ਹੈ ਜੋ ਉਸ ਤੋਂ ਪਹਿਲੋਂ ਦੇਖਣ ਵਿਚ ਨਹੀਂ ਆਈ। ਉਹ ਪਾਠਕ ਨੂੰ ਨਵਾਂ ਸੁਹਜ ਸੁਆਦ ਬਖ਼ਸ਼ਦੀ ਹੈ:

ਦਿਲੋ ਜਾਂ ਫ਼ਿਦਾਏ ਰਾਹੇ ਕਭੀ
ਆ ਕੇ ਦੇਖ ਹਮਦਮ।
ਸਰੇ ਕੂਏ ਦਿਲਫ਼ਗਾਰਾਂ ਸ਼ਬੇ
ਆਰਜ਼ੂ ਕਾ ਆਲਮ।
(ਦਿਲਫ਼ਗਾਰ-ਜ਼ਖ਼ਮੀ ਦਿਲਾਂ ਵਾਲੇ)
ਨਾ ਸਵਾਲੇ ਵਸਲ ਨਾ ਅਰਜ਼ੇ ਗ਼ਮ
ਨਾ ਹਕਾਇਤੇਂ ਨਾ ਸ਼ਿਕਾਇਤੇਂ।
ਤੇਰੇ ਅਹਿਦ ਮੇਂ ਦਿਲੇਜ਼ਾਰ ਕੇ
ਸਭੀ ਅਖ਼ਤਿਆਰ ਚਲੇ ਗਏ।

ਉਰਦੂ ਵਿਚ ਕਦੀ ਮੀਰ ਸਾਹਿਬ ਨੇ ਕਿਹਾ ਸੀ:

ਹਮੇਂ ਇਸ਼ਕ ਮੇਂ ਮੀਰ ਚੁਪ ਲਗ ਗਈ ਹੈ
ਨਾ ਸ਼ਿਕਵਾ ਸ਼ਿਕਾਇਤ ਨਾ ਹਰਫ਼ੇ ਹਕਾਇਤ।

ਪਰ ਦਿਲ ਦੇ ਸਾਰੇ ਅਖ਼ਤਿਆਰ ਖੁਸ ਜਾਣ ਦਾ ਅਹਿਸਾਸ ਸਿਰਫ਼ ਫ਼ੈਜ਼ ਦੇ ਹਿੱਸੇ ਆਇਆ ਹੈ:

ਦਿਲ ਨਾਉਮੀਦ ਤੋ ਨਹੀਂ ਨਾਕਾਮ ਹੀ ਤੋ ਹੈ
ਲੰਬੀ ਹੈ ਗ਼ਮ ਕੀ ਸ਼ਾਮ ਮਗਰ ਸ਼ਾਮ ਹੀ ਤੋ ਹੈ
ਦਸਤੇ ਫਲਕ ਮੇਂ ਗ਼ਰਦਿਸ਼ੇ ਤਕਦੀਰ ਤੋ ਨਹੀਂ
ਦਸਤੇ ਫਲਕ ਮੇਂ ਗ਼ਰਦਿਸ਼ੇ ਅਯਿਆਮ ਹੀ ਤੋ ਹੈ
(ਗ਼ਰਦਿਸ਼ੇ ਅਯਿਆਮ-ਦਿਨਾਂ ਦੀ ਗਰਦਿਸ਼)
ਜਾਓ ਅਬ ਸੋ ਰਹੋ ਸਿਤਾਰੋ
ਹਿਜਰ ਕੀ ਰਾਤ ਢਲ ਚਲੀ ਹੈ।

ਫ਼ੈਜ਼ ਨੇ ਲੰਬੀ ਹੈ ਗ਼ਮ ਕੀ ਸ਼ਾਮ ਮਗਰ ਸ਼ਾਮ ਹੀ ਤੋ ਹੈ ਕਹਿ ਕੇ ਗ਼ਮਾਂ ਵਾਲਿਆਂ ਲਈ ਗ਼ਮ ਦੀ ਸ਼ਾਮ ਛੋਟੀ ਕਰਨ ਦੀ ਮਿਹਰਬਾਨੀ ਕੀਤੀ ਹੈ। ਉਨ ਜ਼ਿੰਦਗੀ ਲਈ ਜਾਂ ਨਿਸਾਰ ਕਰਨ ਨੂੰ ਸਦਾਂ ਰਹਿਣ ਵਾਲੀ ਸ਼ਾਨ ਕਿਹਾ ਹੈ ਅਤੇ 'ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ' ਕਹਿ ਕੇ ਮੌਤ ਨੂੰ ਮਾਮੂਲੀ ਗੱਲ ਬਣਾ ਦਿੱਤਾ ਹੈ। ਇਹ ਫ਼ੈਜ਼ ਹੀ ਹੈ ਜਿਸਨੂੰ ਦਰਦੇ ਜਿਗਰ ਦਾ ਫ਼ਿਕਰ ਹੋਇਆ ਹੈ:

ਜਬ ਕੁੰਜੇ ਕਫ਼ਸ ਮਸਕਨ ਠਹਿਰਾ
ਔਰ ਜੇਬੋਗਰੇਬਾਂ ਤੋਕੋਰਸਨ
ਆਏ ਕਿ ਨਾ ਆਏ ਮੌਸਮੇ ਗੁਲ
ਇਸ ਦਰਦੇ ਜਿਗਰ ਕਾ ਕਿਆ ਹੋਗਾ।

ਅਤੇ ਫ਼ੈਜ਼ ਪਿੱਛੋਂ ਸਵੇਰਾਂ ਸ਼ਾਮਾਂ ਨੂੰ ਓਦਾਂ ਦਾ ਦਮਸਾਜ਼ ਮਿਲਣਾ ਮੁਸ਼ਕਿਲ ਹੈ:

ਸੁਬਹੋ ਨਾਸ਼ਾਦ ਭੀ ਰੋਜ਼ੇ ਨਾਕਾਮ ਭੀ
ਉਨਕਾ ਦਮਸਾਜ਼ ਅਪਨੇ ਸਿਵਾ ਕੌਨ ਹੈ
***
ਰਖ਼ਤੇ ਦਿਲ ਬਾਂਧ ਲੋ ਦਿਲ ਫ਼ਗਾਰੋ ਚਲੋ
ਫਿਰ ਹਮੀਂ ਕਤਲ ਹੋ ਆਏਂ ਯਾਰੋ ਚਲੋ

ਜ਼ਿੰਦਗੀ ਲਈ ਫਿਰ ਕਤਲ ਹੋਣ ਵਾਲੇ ਫ਼ੈਜ਼ ਵਰਗੇ ਲੋਕਾਂ ਦੀ ਦਿਲਦਾਰੀ ਸਦਕਾ ਜ਼ਿੰਦਗੀ ਦਾ ਸਾਰਾ ਰਾਹ ਯਾਦਗਾਰਾਂ ਭਰਿਆ ਹੈ। ਕਿਤੇ ਜੰਮ ਕੇ ਹੋਈਆਂ ਲੜਾਈਆਂ ਦੀਆਂ ਯਾਦਗਾਰਾਂ ਜਦੋਂ ਦੁਸ਼ਮਣਾਂ ਲਈ ਲੋਕਾਂ ਨੂੰ ਠੱਲ੍ਹ ਪਾਉਣੀ ਮੁਸ਼ਕਿਲ ਹੋ ਗਈ ਤੇ ਕਿਤੇ ਕੁਰਬਾਨੀਆਂ ਦੀਆਂ ਯਾਦਗਾਰਾਂ:

ਜੋ ਰੁਕੇ ਤੋ ਕੋਹੇਗਰਾਂ ਥੇ
ਹਮ ਜੋ ਚਲੇ ਤੋ ਜਾਂ ਸੇ ਗੁਜ਼ਰ ਗਏ।
ਰਾਹੇਯਾਰ ਤੁਝੇ ਕਦਮ-ਕਦਮ
ਹਮਨੇ ਯਾਦਗਾਰ ਬਨਾ ਦੀਆ।

ਜ਼ਿੰਦਗੀ ਦੀਆਂ ਜਦੋਜਹਿਦਾਂ ਵਿਚ ਫ਼ੈਜ਼ ਉਤੇ ਉਦਾਸੀ ਵੀ ਤਾਰੀ ਹੁੰਦੀ ਹੈ। ਮੈਂ ਇਸਦੇ ਜ਼ਿਕਰ ਨਾਲ ਆਪਣੀ ਗੱਲ ਖ਼ਤਮ ਕਰਦਾ ਹਾਂ:

ਮਿਸਲੇ ਤਸਵੀਰੇਯਾਸ ਹੈ ਦੁਨੀਆ
ਹਾਏ ਕਿਤਨੀ ਉਦਾਸ ਹੈ ਦੁਨੀਆ
ਫ਼ੂਲ ਮੁਰਝਾ ਗਏ ਹੈਂ ਸਾਰੇ
ਥਮਤੇ ਨਹੀਂ ਹੈ ਫ਼ਲਕ ਕੇ ਆਂਸੂ
ਸ਼ਮੇਂ ਬੇਨੂਰ ਹੋ ਗਈ ਹੈਂ
***
ਹਮ ਤੇਰੇ ਪਾਸ ਆਏ
ਸਾਰੇ ਭਰਮ ਮਿਟਾ ਕਰ
ਸਭ ਚਾਹਤੇਂ ਭੁਲਾ ਕਰ
ਕਿਤਨੇ ਉਦਾਸ ਆਏ
ਹਮ ਤੇਰੇ ਪਾਸ ਜਾਕਰ
***
ਜਬ ਦੁਖ ਕੀ ਨਦੀਆ ਮੇਂ ਹਮਨੇ
ਜੀਵਨ ਕੀ ਨਈਆ ਡਾਲੀ ਥੀ
ਥੂੰ ਲਗਤਾ ਥਾ ਦੋ ਹਾਥ ਲਗੇ
ਔਰ ਨਾਓ ਪੂਰਮ ਪਾਰ ਲਗੀ
ਐਸਾ ਨਾ ਹੂਆ ਹਰ ਧਾਰੇ ਮੇਂ
ਕੁਛ ਅਨਦੇਖੀ ਮੁਝਧਾਰੇ ਥੀਂ
ਅਬ ਤੁਮ ਹੀ ਕਹੋ ਕਿਆ ਕਰਨਾ ਹੈ
ਅਬ ਕੈਸੇ ਪਾਰ ਉਤਰਨਾ ਹੈ

ਹੁਣ ਅਸੀਂ ਦੇਖਣਾ ਹੈ ਕਿ ਕੀ ਕਰਨਾ ਹੈ ਅਤੇ ਇਸ ਸਿਤਮ ਦੀ ਝਨਾ ਨੂੰ ਕਿਵੇਂ ਪਾਰ ਕਰਨਾ ਹੈ।

---

***ਪਿੰਡ ਅਤੇ ਡਾਕ:ਰੇਸ਼ਮ ਮਾਜਰੀ, ਵਾਇਆ: ਡੋਈਵਾਲਾ, ਜ਼ਿਲਾ: ਦੇਹਰਾਦੂਨ, ਉਤਰਾਖੰਡ, ਮੋਬਾਈਲ:8126490298***

# ਦਸਮ ਗ੍ਰੰਥ ਦਾ ਲੇਖਕ ਕੌਣ?

'ਪੰਜਾਬ ਟਾਈਮਜ਼' ਵਿਚ ਦਸਮ ਗ੍ਰੰਥ ਬਾਰੇ ਡਾ. ਗੁਰਨਾਮ ਕੌਰ ਦੇ 'ਦਸਮ ਗ੍ਰੰਥ ਤੇ ਗੁਰਮਤਿ ਸਿਧਾਂਤਕ ਪ੍ਰਤੀਕੂਲਤਾ' ਲੜੀ ਅਧੀਨ ਲਿਖੇ ਲੇਖ ਪੜ੍ਹੇ ਅਤੇ ਉਨ੍ਹਾਂ ਦੇ ਪੱਖ ਤੇ ਵਿਰੋਧ ਵਿਚ ਕੁਝ ਟਿੱਪਣੀਆਂ ਵੀ ਪੜ੍ਹੀਆਂ। ਕਿਸੇ ਵੀ ਗ੍ਰੰਥ ਦੀ ਪ੍ਰਮਾਣਕਿਤਾ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਇਸ ਗ੍ਰੰਥ ਦਾ ਲੇਖਕ ਕੌਣ ਹੈ? ਕਦੋਂ ਤੇ ਕਿਥੇ ਲਿਖਿਆ ਗਿਆ? ਇਹ ਤਿੰਨ ਪ੍ਰਮਾਣ ਹੋਣੇ ਜ਼ਰੂਰੀ ਹਨ। ਦਸਮ ਗ੍ਰੰਥ ਤਿੰਨਾਂ ਵਿਚੋਂ ਕੋਈ ਇਕ ਵੀ ਸ਼ਰਤ ਪੂਰੀ ਨਹੀਂ ਕਰਦਾ।

ਜਿਸ ਗੁਰੂ ਨੇ ਬਚਪਨ ਤੋਂ ਲੈ ਕੇ ਅੰਤਿਮ ਸਮੇਂ ਤੱਕ ਅਕਾਲ ਪੁਰਖ ਦੀ ਬੰਦਗੀ ਕੀਤੀ ਹੈ, ਦਸਮ ਗ੍ਰੰਥ ਉਨ੍ਹਾਂ ਦੀ ਲਿਖਤ ਨਹੀਂ ਹੋ ਸਕਦੀ। ਖਾਲਸੇ ਦੀ ਸਿਰਜਣਾ ਵੇਲੇ ਗੁਰੂ ਜੀ ਨੇ ਸਿੱਖਾਂ ਨੂੰ ਚਾਰ ਬੱਜਰ ਕੁਰਹਿਤਾਂ ਤੋਂ ਦੂਰ ਰਹਿਣ ਲਈ ਹੁਕਮ ਕੀਤਾ ਸੀ। ਇਨ੍ਹਾਂ ਵਿਚੋਂ ਇਸ ਲੇਖ 'ਚ ਮੈਂ ਸਿਰਫ਼ ਦੋ ਦਾ ਹੀ ਜ਼ਿਕਰ ਕਰਾਂਗਾ। ਗੁਰੂ ਜੀ ਨੇ ਕਿਹਾ ਸੀ ਕਿ ਜਿਹੜਾ ਸਿੱਖ ਨਸ਼ਿਆਂ ਦਾ ਸੇਵਨ ਕਰੇਗਾ, ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਸਿੱਖ ਧਰਮ ਹਰ ਤਰ੍ਹਾਂ ਦੇ ਨਸ਼ਿਆਂ ਦੇ ਵਿਰੁਧ ਹੈ, ਤੇ ਸਿੱਖ ਰਹਿਤ ਮਰਿਆਦਾ ਵਿਚ ਵੀ ਨਸ਼ਿਆਂ ਲਈ ਕੋਈ ਥਾਂ ਨਹੀਂ। ਜਿਸ ਗ੍ਰੰਥ ਵਿਚ ਨਸ਼ਿਆਂ ਦੇ ਗੁਣ ਗਾਏ ਗਏ ਹੋਣ, ਉਹ ਗੁਰੂ ਜੀ ਦੀ ਲਿਖਤ ਨਹੀਂ ਹੋ ਸਕਦੀ।

ਗੁਰੂ ਜੀ ਨੇ ਸਿੱਖ ਨੂੰ ਉਚੇ ਅਦਰਸ਼ ਅਤੇ ਉਚੇ ਆਚਰਣ ਵਾਲਾ ਬਣਨ ਦਾ ਹੁਕਮ ਦਿੱਤਾ ਸੀ। 'ਦੇਖ ਪਰਾਈਆਂ ਚੰਗੀਆਂ ਮਾਂਵਾਂ ਧੀਆਂ ਭੈਣਾਂ ਜਾਣੇ' ਦੇ ਉਪਦੇਸ਼ ਨੂੰ ਹਰ ਸਿੱਖ 'ਤੇ ਲਾਗੂ ਕੀਤਾ ਸੀ। 'ਚਰਿਤ੍ਰੋਪਾਖਿਆਨ' ਦੀਆਂ ਕਾਮਕ੍ਰੀੜਾ ਨਾਲ ਓਤ-ਪੋਤ ਰਚਨਾਵਾਂ ਗੁਰੂ ਜੀ ਦੀਆਂ ਲਿਖਤਾਂ ਕਿਵੇਂ ਮੰਨੀਆਂ ਜਾ ਸਕਦੀਆਂ ਹਨ? ਇਨ੍ਹਾਂ ਰਚਨਾਵਾਂ ਨੂੰ ਬੰਦਾ ਸੰਗਤ ਵਿਚ ਤਾਂ ਕੀ, ਇਕੱਲਾ ਪੜ੍ਹਦਾ ਵੀ ਸ਼ਰਮਿੰਦਾ ਹੋਏਗਾ। ਦਸਮ ਗ੍ਰੰਥ ਦੇ ਕ੍ਰਿਤਵ ਬਾਰੇ ਸ਼ੁਰੂ ਤੋਂ ਹੀ ਵਿਵਾਦ ਰਿਹਾ ਹੈ। ਅਠਾਰਵੀਂ ਸਦੀ ਦੇ ਜਿਹੜੇ ਔਖੇ ਸਮਿਆਂ 'ਚ ਸਿੱਖ ਕੌਮ ਗੁਜ਼ਰੀ ਹੈ ਉਨ੍ਹਾਂ ਵਿਚ ਬਹੁਤ ਸਾਰੇ ਸਿੱਖ ਗ੍ਰੰਥ ਸੰਭਾਲੇ ਨਹੀਂ ਜਾ ਸਕੇ। ਕੁਝ ਵਿਚ ਸਵਾਰਥੀ ਤੱਤਾਂ ਨੇ ਰਲਾ ਪਾਇਆ ਜਿਨ੍ਹਾਂ ਵਿਚੋਂ ਦਸਮ ਗ੍ਰੰਥ ਇਕ ਹੈ। ਦਸਮ ਗ੍ਰੰਥ ਦੀਆਂ ਕੁਝ ਬਾਣੀਆਂ ਗੁਰਮਤਿ ਅਨੁਸਾਰ ਹਨ ਅਤੇ ਦਸਮ ਪਾਤਸ਼ਾਹ ਦੀਆਂ ਮੰਨੇ ਜਾਣ 'ਤੇ ਕੋਈ ਵਿਵਾਦ ਨਹੀਂ। ਸਿੱਖ ਰਵਾਇਤ ਹੀ ਉਨ੍ਹਾਂ ਨੂੰ ਗੁਰੂ ਸਾਹਿਬ ਦੀਆਂ ਕ੍ਰਿਤਾਂ ਹੀ ਮੰਨਦੀ ਹੈ। ਪਰ ਸਮੁੱਚੇ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਦੀ ਰਚਨਾ ਮੰਨਣਾ ਗੁਰਮਤਿ ਵਿਰੋਧੀ ਗੱਲ ਹੀ ਹੋਵੇਗੀ। ਡਾ. ਗੁਰਨਾਮ ਕੌਰ ਦੀ ਦਲੀਲ ਸਹੀ ਹੈ ਕਿ ਜਿਹੜੀਆਂ ਚੀਜ਼ਾਂ ਗੁਰਮਤਿ ਅਨੁਸਾਰ ਢੁਕਵੀਆਂ ਨਹੀਂ ਹਨ, ਉਹ ਗੁਰੂ ਸਾਹਿਬ ਦੀਆਂ ਰਚਨਾਵਾਂ ਕਿੰਜ ਹੋ ਸਕਦੀਆਂ ਹਨ?

'ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ' ਨੂੰ ਪੜ੍ਹਨ ਵਾਲਾ ਅਤੇ ਸੁਣਨ ਵਾਲਾ ਸਿੱਖ 'ਚਰਿਤ੍ਰੋਪਾਖਿਆਨ' ਵਰਗੀਆਂ ਰਚਨਾਵਾਂ ਨੂੰ ਗੁਰੂ ਜੀ ਦੀ ਲਿਖਤ ਨਹੀਂ ਮੰਨ ਸਕਦਾ। ਜਿਸ ਕਿਸੇ ਵੀ ਸਾਜ਼ਿਸ਼ ਤਹਿਤ ਇਹ ਰਚਨਾਵਾਂ ਗੁਰੂ ਜੀ ਦੇ ਨਾਮ ਨਾਲ ਜੋੜੀਆਂ ਗਈਆਂ, ਉਨ੍ਹਾਂ ਦਾ ਗੁਰੂ ਜੀ ਦੀ ਆਪਣੀ ਜ਼ਿੰਦਗੀ ਨਾਲ ਵੀ ਕੋਈ ਵਾਸਤਾ ਨਹੀਂ ਸੀ। ਚਰਿਤ੍ਰੋਪਾਖਿਆਨ ਦੀ ਇਕ ਕਹਾਣੀ ਵਿਚ ਇਕ ਮਾਂ ਆਪਣੀ ਐਸ਼ ਜਾਂ ਕਾਮ ਪੂਰਤੀ ਦੀ ਖ਼ਾਤਰ ਆਪਣੇ ਪੁੱਤ ਨੂੰ ਮਾਰ ਦਿੰਦੀ ਹੈ। ਇਕ ਸੱਚੇ ਤੇ ਸੁੱਚੇ ਆਚਰਣ ਵਾਲਾ ਆਦਰਸ਼ ਸਿੱਖ ਇਨ੍ਹਾਂ ਰਚਨਾਵਾਂ ਨੂੰ ਗੁਰੂ ਜੀ ਦੇ ਨਾਲ ਨਹੀਂ ਜੋੜ ਸਕਦਾ। ਜਿਹੜੀਆਂ ਰਚਨਾਵਾਂ 'ਚ ਇਹ ਦੱਸਿਆ ਗਿਆ ਹੋਵੇ ਕਿ ਇਕ ਔਰਤ ਆਪਣੀ ਐਸ਼ ਖ਼ਾਤਰ ਆਪਣੇ ਪੁੱਤ ਅਤੇ ਪਤੀ ਦਾ ਕਤਲ ਕਰਕੇ ਬਾਅਦ ਵਿਚ ਕਹੇ, 'ਮੇਰਾ ਤਾਂ ਸਭ ਕੁਝ ਲੁੱਟਿਆ ਗਿਆ, ਮੈਂ ਤਾਂ ਸਤੀ ਹੋਣਾ', ਇਨ੍ਹਾਂ ਰਚਨਾਵਾਂ ਦੇ ਹੱਕ ਵਿਚ ਬੋਲਣ ਵਾਲੇ ਵਿਦਵਾਨ, ਖਾਲਸਾ ਪੰਥ ਨੂੰ ਕਿਹੜਾ ਸੱਚਾ ਅਤੇ ਸੁੱਚਾ ਸੁਨੇਹਾ ਦੇਣਾ ਚਾਹੁੰਦੇ ਹਨ, ਤੇ ਕਿਹੜਾ ਸਿੱਖ ਇਨ੍ਹਾਂ ਰਚਨਾਵਾਂ ਨੂੰ ਆਪਣੇ ਘਰ ਜਾਂ ਸੰਗਤ ਵਿਚ ਬੈਠ ਕੇ ਜਾਂ ਆਪਣੇ ਬੱਚਿਆਂ 'ਚ ਬੈਠ ਕੇ ਪੜ੍ਹ ਜਾਂ ਸੁਣ ਸਕੇਗਾ?

ਜਿੱਥੋਂ ਤੱਕ ਗੁਰੂ ਗੋਬਿੰਦ ਸਿੰਘ ਜੀ ਦੀ ਬਚਪਨ ਤੋਂ ਲੈ ਕੇ ਨੰਦੇੜ ਸਾਹਿਬ ਤੱਕ ਦੇ ਆਖਰੀ ਦਿਨਾਂ ਤੱਕ ਦੀ ਨਿੱਜੀ ਜ਼ਿੰਦਗੀ ਦਾ ਸਫ਼ਰ ਹੈ, ਉਸ ਬਾਰੇ ਵੀ ਖਾਲਸਾ ਪੰਥ ਚੰਗੀ ਤਰ੍ਹਾਂ ਜਾਣੂ ਹੈ। ਆਨੰਦਪੁਰ ਛੱਡਣ ਤੋਂ ਬਾਅਦ ਗੁਰੂ ਜੀ ਲਈ ਇਕ ਇਕ ਦਿਨ ਕਿਵੇਂ ਬੀਤਿਆ, ਇਸ ਦਾ ਇਤਿਹਾਸ ਗਵਾਹ ਹੈ। ਗੁਰੂ ਜੀ ਕੋਲ ਇਹੋ ਜਿਹਾ ਕਿਹੜਾ ਖੁੱਲ੍ਹਾ ਸਮਾਂ ਸੀ ਜਿਸ ਵਿਚ ਉਨ੍ਹਾਂ ਆਪਣਾ ਪਰਿਵਾਰ ਇਕੱਲਾ ਛੱਡ ਕੇ, ਆਪਣੇ ਸਿੰਘ ਇਕੱਲੇ ਛੱਡ ਕੇ ਦਸਮ ਗ੍ਰੰਥ ਲਿਖ ਦਿੱਤਾ? ਗੁਰੂ ਜੀ ਹਮੇਸ਼ਾ ਪੰਜਾਂ ਪਿਆਰਿਆਂ ਦਾ ਅਤੇ ਪੰਜਾਂ ਸਿੰਘਾਂ ਦਾ ਹੁਕਮ ਮੰਨਦੇ ਰਹੇ ਸਨ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਲਈ ਵੀ ਪੰਜ ਸਿੰਘਾਂ ਦਾ ਹੁਕਮ ਮੰਨਿਆ ਸੀ।

ਭਾਈ ਸਾਹਿਬ ਭਾਈ ਹਰਿ ਸਿੰਘ ਜੀ ਗੁਰੂ ਜੀ ਦੀ ਰੋਜ਼ ਦੀ ਡਾਇਰੀ ਲਿਖਣ ਵਾਲੇ ਸਨ। ਕਿਤੇ ਵੀ ਜ਼ਿਕਰ ਨਹੀਂ ਆਇਆ ਕਿ ਗੁਰੂ ਜੀ ਨੇ ਦਸਮ ਗ੍ਰੰਥ ਦੀ ਰਚਨਾ ਕੀਤੀ ਹੈ। ਜੋ ਅਖੌਤੀ ਵਿਦਵਾਨ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨਦੇ ਹਨ, ਕੀ ਉਹ ਪਹਿਲਾਂ ਢਾਈ ਸੌ ਸਾਲ ਸੁੱਤੇ ਹੀ ਰਹੇ? ਅੱਜ ਦਾ ਯੁੱਗ ਮਿਥਿਹਾਸਕ ਤੱਥਾਂ ਦੇ ਮਗਰ ਨਹੀਂ ਜਾਂਦਾ, ਪ੍ਰਮਾਣਾਂ ਦੀ ਲੋੜ ਹੈ।

ਇੱਥੇ ਮੈਂ ਤ੍ਰੇਤੇ ਯੁੱਗ ਦੀ ਗੱਲ ਨਹੀਂ ਕਰ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਗੱਲਾਂ ਨੇ, ਜੋ ਲਿਖਣੀਆਂ ਜ਼ਰੂਰੀ ਨੇ। ਜੋ ਵਿਦਵਾਨ ਮਿਥਿਹਾਸਕ ਤੱਥਾਂ 'ਤੇ ਵਿਸ਼ਵਾਸ ਕਰਦੇ ਹੋਣ, ਸ਼ਾਇਦ ਉਨ੍ਹਾਂ ਲਈ ਇਹ ਜਾਣਨਾ ਜ਼ਰੂਰੀ ਹੋਵੇਗਾ। ਗੁਰੂ ਗ੍ਰੰਥ ਸਾਹਿਬ ਜਿਸ ਨੂੰ ਆਦਿ ਗ੍ਰੰਥ ਦੇ ਨਾਂ ਨਾਲ ਵੀ ਜਾਣਿਆ ਗਿਆ, ਦੀ ਬੀੜ ਦਮਦਮਾ ਸਾਹਿਬ ਵਿਖੇ ਸੰਪੂਰਨ ਹੋ ਗਈ ਸੀ।

1765 ਬਿ. ਕੱਤਕ ਦੂਜ ਨੂੰ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਪੰਜ ਸਿੰਘਾਂ-ਪਿਆਰੇ ਭਾਈ ਧਰਮ ਸਿੰਘ, ਭਾਈ ਗੁਰਬਖ਼ਸ਼ ਸਿੰਘ, ਬਾਬਾ ਦੀਪ ਸਿੰਘ, ਭਾਈ ਸੰਤੋਖ ਸਿੰਘ, ਭਾਈ ਹਰਿ ਸਿੰਘ ਤਾਬਿਆ ਖੜ੍ਹੇ ਕਰਕੇ ਆਪ ਜੀ ਨੇ ਸਾਰੇ ਪੰਥ ਨੂੰ ਆਗਿਆ ਕੀਤੀ:

ਆਗਿਆ ਭਈ ਅਕਾਲ ਕੀ
ਤਬੀ ਚਲਾਇਓ ਪੰਥ॥
ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ
ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ,
ਖੋਜ ਸ਼ਬਦ ਮਹਿ ਲੇਹ॥

ਗੁਰੂ ਜੀ ਨੇ ਸਮੁੱਚੀ ਕੌਮ ਨੂੰ ਸੱਚ ਦਾ ਮਾਰਗ ਦਿਖਾਇਆ। ਗੁਰੂ ਜੀ ਨੇ ਜੋ ਬਾਣੀ ਰਚੀ ਹੈ, ਉਹ ਅਕਾਲ ਪੁਰਖ ਦੀ ਬਾਣੀ ਹੈ ਤੇ ਉਸ ਬਾਣੀ ਅੱਗੇ ਦਸਮ ਗ੍ਰੰਥ ਲਈ ਕੋਈ ਥਾਂ ਨਹੀਂ। ਦਸਮ ਗ੍ਰੰਥ ਤੋਂ ਇਲਾਵਾ ਵੀ ਅੱਜ ਦੇ ਸਮੇਂ ਵਿਚ ਹੀ ਗ੍ਰੰਥ ਤਾਂ ਬਹੁਤ ਲਿਖੇ ਗਏ ਨੇ। ਰਾਧਾ ਸੁਆਮੀਆਂ ਨੇ ਆਪਣਾ ਲਿਖ ਲਿਆ। ਨਿਰੰਕਾਰੀਆਂ ਨੇ ਆਪਣਾ ਗ੍ਰੰਥ ਲਿਖ ਲਿਆ। ਰਵੀਦਾਸ ਭਾਈਚਾਰੇ ਨੇ ਆਪਣਾ ਵੱਖਰਾ ਗ੍ਰੰਥ ਬਣਾ ਲਿਆ। ਕੁਝ ਅਖਾਉਤੀ ਬਾਬਿਆਂ ਨੇ ਆਪਣੇ ਗ੍ਰੰਥ ਲਿਖ ਦਿੱਤੇ। ਮੇਰੀ ਬੇਨਤੀ ਹੈ ਕਿ ਦਸਮ ਗ੍ਰੰਥ ਦੇ ਵਿਸ਼ੇ ਨੂੰ ਲੈ ਕੇ ਕੌਮ ਨੂੰ ਨਾ ਪਾੜੋ।

ਅਕਾਲ ਪੁਰਖ ਨੇ ਤਾਂ ਧਰਤੀ ਵੀ ਇਕ ਹੀ ਬਣਾਈ ਸੀ, ਤੇ ਅਸੀਂ ਧਰਤੀ ਦੀਆਂ ਵੀ ਵੰਡੀਆਂ ਪਾ ਲਈਆਂ। ਸਮੁੰਦਰ ਵੀ ਵੰਡ ਲਿਆ। ਅਕਾਸ਼ ਵੀ ਵੰਡ ਲਿਆ। ਅਸੀਂ ਤਾਂ ਰੱਬ ਦੇ ਵੀ ਟੁਕੜੇ ਕਰ ਲਏ; ਉਹ ਵੀ ਵੰਡ ਲਿਆ। ਸਿੱਖਾਂ ਦਾ ਕਿਹੜਾ ਤੇ ਹਿੰਦੂਆਂ ਦਾ ਕਿਹੜਾ। ਅਸੀਂ ਤਾਂ ਗੁਰੂ ਗ੍ਰੰਥ ਸਾਹਿਬ ਦੇ ਵੀ ਟੁਕੜੇ ਕਰ ਲਏ। ਉਹ ਵੀ ਵੰਡ ਲਿਆ। ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹੋ ਤੇ ਵਿਚਾਰੋ, ਸੱਚ ਦਾ ਗਿਆਨ ਹੋ ਜਾਵੇਗਾ।

***-ਹਰਬੰਸ ਬੱਧਣ***

# ਮਾਹੀਆ ਤੋਂ ਬਾਲੋ ਮਾਹੀਆ ਤੱਕ

■ ਹਰਨੇਕ ਸਿੰਘ ਘੜੂੰਆਂ

***ਪੰਜਾਬੀ ਲੋਕਧਾਰਾ ਵਿਚ 'ਮਾਹੀਏ' ਦਾ ਆਪਣਾ ਮੁਕਾਮ ਹੈ ਪਰ ਜਦੋਂ ਗੁਜਰਾਤ ਸ਼ਹਿਰ ਦੇ ਮੁਹੱਲਾ ਬੇਗ਼ਮਪੁਰਾ ਵਿਚ ਰਹਿੰਦੇ ਸੋਹਣੇ-ਸੁਨੱਖੇ ਮੁਹੰਮਦ ਅਲੀ ਦਾ ਮੇਲ ਕਾਲੂਪੁਰ ਮੁਹੱਲੇ ਵਿਚ ਰਹਿੰਦੀ ਇਕਬਾਲ ਬਾਨੋ ਨਾਲ ਹੋਇਆ ਤਾਂ ਨਵੀਂ ਕਥਾ ਦਾ ਆਰੰਭ ਹੋ ਗਿਆ। ਘਰਦਿਆਂ ਨੇ ਰੋਕਾਂ ਲਾਈਆਂ ਤਾਂ ਦੋਵੇਂ ਘਰੋਂ ਤੁਰ ਗਏ। ਇਕਬਾਲ ਦੇ ਮਾਪਿਆਂ ਨੇ ਦੋਵਾਂ ਨੂੰ ਕਾਬੂ ਕਰ ਲਿਆ ਅਤੇ ਫਿਰ ਮੁਹੰਮਦ ਅਲੀ ਉਤੇ ਕੇਸ ਪੁਆ ਦਿੱਤਾ। ਮੁਹੰਮਦ ਅਲੀ ਦਾ ਘਰ ਬਾਗ਼ੀ ਸ਼ਾਇਰ ਅਮਾਮਦੀਨ ਦੇ ਗੁਆਂਢ ਵਿਚ ਹੀ ਸੀ। ਕੇਸ ਦੀ ਪੇਸ਼ੀ ਮੌਕੇ ਉਹ ਟੱਪੇ ਲਿਖ ਲਿਆਉਂਦਾ। ਇਸ ਤੋਂ ਬਾਅਦ ਇਕਬਾਲ ਬਾਨੋ, ਬਾਲੋ ਬਣ ਗਈ ਅਤੇ ਮੁਹੰਮਦ ਅਲੀ, ਮਾਹੀਆ ਬਣ ਗਿਆ ਅਤੇ ਪੁਰਾਣੇ ਲੋਕ ਸਾਹਿਤ ਦੇ 'ਮਾਹੀਆ ਦੇ ਟੱਪੇ' ਫਿਰ 'ਬਾਲੋ ਮਾਹੀਆ ਦੇ ਟੱਪੇ' ਬਣ ਗਏ।***



ਹਿੰਦੁਸਤਾਨ ਤੇ ਪਾਕਿਸਤਾਨ ਭਾਵੇਂ ਦੋ ਅਲੱਗ ਮੁਲਕ ਬਣ ਗਏ ਸਨ ਪਰ ਅਜੇ ਵੀ ਕੁਝ ਕੜੀਆਂ ਸਾਂਝੀਆਂ ਹਨ। ਇਨ੍ਹਾਂ ਵਿਚ ਇਕ ਕੜੀ ਪੰਜਾਬੀ ਫ਼ਿਲਮਾਂ ਦੀ ਸੀ। ਫਿਲਮ ਭਾਵੇਂ ਚੜ੍ਹਦੇ ਪੰਜਾਬ ਵਿਚ ਬਣਦੀ, ਭਾਵੇਂ ਲਹਿੰਦੇ ਪੰਜਾਬ ਵਿਚ; ਪਰ ਦੋਹਾਂ ਪੰਜਾਬਾਂ ਦੇ ਸ਼ਹਿਰਾਂ ਵਿਚ ਬਰਾਬਰ ਦੀ ਭੀੜ ਖਿਚਦੀ। ਇਸ ਨਾਲ ਫਿਲਮ ਬਣਾਉਣ ਵਾਲਿਆਂ ਦਾ ਘਰ ਵੀ ਪੂਰਾ ਹੋ ਜਾਂਦਾ ਅਤੇ ਫਿਲਮਾਂ ਵੀ ਮਿਆਰੀ ਬਣਦੀਆਂ। ਫਿਲਮ 'ਦੁੱਲਾ ਭੱਟੀ' ਤਾਂ ਪੰਜਾਬੀ ਫਿਲਮ ਜਗਤ ਵਿਚ ਮੀਲ ਪੱਥਰ ਸਾਬਤ ਹੋਈ। ਇਸ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਸਨ ਜਨਾਬ ਅਨਵਰ ਕਮਾਲ ਪਾਸ਼ਾ ਤੇ ਸੰਗੀਤ ਦਿੱਤਾ ਬਾਬਾ ਚਿਸ਼ਤੀ ਨੇ। ਖਾਸਕਰ, ਮੁਨੱਵਰ-ਸੁਲਤਾਨਾ ਦੇ ਗਾਏ ਗੀਤ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਸਨ। ਇਸ ਫਿਲਮ ਦਾ ਗਾਇਆ ਸੰਜੀਦਾ ਗੀਤ 'ਵਾਸਤਾ ਈ ਰੱਬ ਦਾ, ਤੂੰ ਜਾਈਂ ਵੇ ਕਬੂਤਰਾ' ਤੇ ਚੁਲਬਲਾ ਗੀਤ 'ਹੋਰ ਸਾਡੇ ਕੋਲੋਂ ਦੱਸ ਕਿਹੜੀ ਚੀਜ਼ ਮੰਗਨਾ ਏ, ਦਿਲ ਮੰਗਨਾ ਏ ਤਾਂ ਫੜ ਆਹ ਲੈ' ਮਹਿਫ਼ਲ ਵਿਚ ਜਾਨ ਪਾ ਦਿੰਦੇ ਸਨ।

ਫਿਲਮ 'ਦੁੱਲਾ ਭੱਟੀ' ਦੀ ਨਾਇਕਾ ਦਾ ਨਾਂ ਸੀ ਸਬੀਹਾ। ਇਹ ਅਦਾਕਾਰਾ ਨੂੰ ਪਾਕਿਸਤਾਨੀ ਫਿਲਮ ਉਦਯੋਗ ਦੀ ਮਧੂਬਾਲਾ ਮੰਨਿਆ ਜਾਂਦਾ ਹੈ। ਸ਼ਾਇਦ ਹੀ ਐਨੀ ਖ਼ੂਬਸੂਰਤ ਅਤੇ ਸੁਲਝੀ ਹੋਈ ਹੋਰ ਅਦਾਕਾਰਾ ਪਾਕਿਸਤਾਨੀ ਫਿਲਮਾਂ ਵਿਚ ਆਈ ਹੋਵੇ। ਇਹ ਉਹ ਸਮਾਂ ਸੀ ਜਦੋਂ ਪਿੰਡਾਂ ਵਿਚ ਆਮ ਬੰਦਾ ਘਰ ਵਿਚ ਰੇਡੀਓ ਰੱਖਣ ਦੀ ਪਹੁੰਚ ਨਹੀਂ ਸੀ ਰੱਖਦਾ, ਤੇ ਮਨੋਰੰਜਨ ਪਿੰਡਾਂ ਵਿਚ ਆਈਆਂ ਬਰਾਤਾਂ ਦੇ ਸਪੀਕਰਾਂ ਤੋਂ ਹੁੰਦਾ ਸੀ। ਜੇ ਕਿਸੇ ਨੇ ਦੂਰ-ਦੁਰਾਡੇ ਸ਼ਹਿਰ ਜਾ ਕੇ ਫਿਲਮ ਵੇਖ ਆਉਣਾ, ਉਸ ਨੂੰ ਮਾੜੇ ਚਲਣ ਵਾਲਾ ਬੰਦਾ ਸਮਝਿਆ ਜਾਂਦਾ ਸੀ।

ਹਾਲਾਤ ਦੀ ਭੰਨੀ ਸਬੀਹਾ ਜਦੋਂ ਪਹਿਲੀ ਵਾਰ ਆਪਣੇ ਬਾਪ ਨਾਲ ਫਿਲਮ ਸਟੂਡੀਓ ਵਿਚ ਦਾਖਲ ਹੋਈ, ਮਹਾਨ ਅਫ਼ਸਾਨਾ-ਨਿਗਾਰ ਸਆਦਤ ਹਸਨ ਮੰਟੋ ਦੇ ਮੂੰਹੋਂ ਨਿਕਲਿਆ, 'ਇਹ ਕੁੜੀ ਫਿਲਮਾਂ ਵਿਚ ਕਾਮਯਾਬ ਨਹੀਂ ਹੋ ਸਕਦੀ' ਪਰ ਕੁੜੀ ਨੇ ਸਭ ਕੁਝ ਸੁਣ ਕੇ ਵੀ ਲਗਨ ਨਹੀਂ ਛੱਡੀ। ਇਸ ਨੂੰ ਮਸੂਦ ਪ੍ਰਵੇਜ਼ ਦੀ ਫਿਲਮ 'ਬੇਲੀ' ਵਿਚ ਛੋਟਾ ਜਿਹਾ ਰੋਲ ਮਿਲਿਆ ਪਰ ਫਿਲਮ ਕਾਮਯਾਬ ਨਹੀਂ ਹੋ ਸਕੀ। ਇਸ ਤੋਂ ਬਾਅਦ ਫਿਲਮ 'ਬੰਜਰ', 'ਵਰਖਾ' ਅਤੇ 'ਸੈਲਾਬ' ਵਿਚ ਕੰਮ ਕੀਤਾ। ਇਹ ਤਿੰਨੇ ਫਿਲਮਾਂ ਵੀ ਟਿਕਟ ਖਿੜਕੀ 'ਤੇ ਮਾਰ ਖਾ ਗਈਆਂ। ਜੇ ਕੋਈ ਸਾਧਾਰਨ ਕਲਾਕਾਰ ਹੁੰਦੀ ਤਾਂ ਆਪਣਾ ਪੱਲਾ ਸਮੇਟ ਕੇ ਘਰ ਬੈਠ ਜਾਂਦੀ, ਪਰ ਸਬੀਹਾ ਦੇ ਅੰਦਰਲਾ ਕਲਾਕਾਰ ਹਾਰ ਮੰਨਣ ਲਈ ਤਿਆਰ ਨਹੀਂ ਸੀ!

ਕੁਝ ਸਮਾਂ ਬਾਅਦ ਅਨਵਰ ਕਮਾਲ ਪਾਸ਼ਾ ਨੇ 'ਦੋ ਆਂਸੂ' ਫਿਲਮ ਬਣਾਈ। ਇਸ ਵਿਚ ਸਬੀਹਾ ਨੇ ਨਾਇਕਾ ਦਾ ਰੋਲ ਨਿਭਾਇਆ। ਇਹ ਫਿਲਮ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਗਈ। ਇਸ ਤੋਂ ਬਾਅਦ ਕਮਾਲ ਪਾਸ਼ਾ ਦੀ ਦੂਜੀ ਫਿਲਮ 'ਗੁੰਮਨਾਮ' ਨੇ ਵੀ ਬੜੀ ਕਮਾਈ ਕੀਤੀ। ਫਿਰ ਤਾਂ ਚੱਲ ਸੋ ਚੱਲ। ਤੂਫ਼ਾਨ, ਕਾਤਲ, ਇੰਤਕਾਮ, ਸਰਫ਼ਰੋਸ਼, ਛੋਟੀ ਬੇਗ਼ਮ, ਹਮੀਦਾ, ਹਾਤਮ, ਆਂਖ ਕਾ ਨਸ਼ਾ, ਦੁੱਲਾ ਭੱਟੀ, ਸਾਤ ਲਾਖ, ਆਰ-ਪਾਰ, ਰਾਹਗੁਜ਼ਰ, ਆਵਾਜ਼, ਤੇਰੇ ਬਗ਼ੈਰ, ਹਸਰਤ, ਇਸ਼ਕ ਲੇਲੀ, ਹਮਸਫ਼ਰ, ਮੇਰਾ ਘਰ ਮੇਰੀ ਜੱਨਤ, ਦਾਮਨ ਤੇ ਵਾਅਦਾ ਫ਼ਿਲਮਾਂ ਨੇ ਕਮਾਈ ਵੀ ਬਹੁਤ ਕੀਤੀ। ਨਾਲ ਹੀ ਕਲਾ ਪੱਖੋਂ ਵੀ ਬੜੀਆਂ ਸਲਾਹੀਆਂ ਗਈਆਂ। ਰਹਿੰਦੇ ਖ਼ੂੰਹਦੇ ਸਾਰੇ ਹੱਦਾਂ-ਬੰਨੇ 'ਸੱਸੀ' ਫਿਲਮ ਤੋੜ ਗਈ। ਫਿਲਮ 'ਵਾਅਦਾ' ਵਿਚ ਸਬੀਹਾ ਨੂੰ ਸਰਵੋਤਮ ਕਲਾਕਾਰ ਦਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਹ ਲਗਪਗ ਉਹ ਸਮਾਂ ਸੀ, ਜਦੋਂ ਭਾਰਤ ਦੀ ਫਿਲਮੀ ਦੁਨੀਆਂ ਵਿਚ ਅਸ਼ੋਕ ਕੁਮਾਰ, ਦਲੀਪ ਕੁਮਾਰ, ਰਾਜ ਕਪੂਰ, ਦੇਵਾ ਅਨੰਦ, ਮਧੂਬਾਲਾ, ਮੀਨਾ ਕੁਮਾਰੀ, ਨਰਗਿਸ, ਕਾਮਨੀ ਕੌਸ਼ਲ ਤੇ ਨਿੰਮੀ ਵਰਗੀਆਂ ਮਹਾਨ ਕਲਾਕਾਰ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਸਨ। ਪਾਕਿਸਤਾਨ ਵਿਚ ਸੁਧੀਰ, ਮੁਹੰਮਦ ਅਲੀ, ਨਾਜ਼ੀਰ, ਦਰਪਨ, ਬਹਾਰ, ਜੇਬਾ, ਸੁਲਤਾਨ, ਸਬੀਹਾ, ਵਹੀਦਾ ਤੇ ਨੀਲੂ ਵਰਗੇ ਕਲਾਕਾਰ ਲੋਕਾਂ ਦੇ ਚਹੇਤੇ ਸਨ। ਤਾਸ਼ਕੰਦ (ਰੂਸ) ਫਿਲਮੀ ਮੇਲੇ ਵਿਚ ਸੰਤੋਸ਼ ਕੁਮਾਰ (ਸੰਤੋਸ਼ ਕੁਮਾਰ ਫਿਲਮੀ ਨਾਮ, ਅਸਲ ਨਾਂ ਸਈਦ ਮੂਸਾ ਰਜ਼ਾ-25 ਦਸੰਬਰ 1925 ਤੋਂ 11 ਜੂਨ 1982) ਵੀ ਗਿਆ ਹੋਇਆ ਸੀ। ਉੱਥੇ ਹੀ ਇਹ ਇਕ-ਦੂਜੇ ਨੂੰ ਦਿਲ ਦੇ ਬੈਠੇ। ਸੰਤੋਸ਼ ਦੇ ਪਿਤਾ ਨੇ ਸੰਤੋਸ਼ ਦੀ ਮਰਜ਼ੀ ਤੋਂ ਬਗ਼ੈਰ ਉਸ ਦੀ ਸ਼ਾਦੀ ਕਿਸੇ ਹੋਰ ਕੁੜੀ ਨਾਲ ਕਰ ਦਿੱਤੀ। ਬਾਅਦ ਵਿਚ ਵੱਸ ਚੱਲਣ 'ਤੇ ਸੰਤੋਸ਼ ਅਤੇ ਸਬੀਹਾ ਨੇ ਆਪਣੀ ਸ਼ਾਦੀ ਕਰ ਲਈ, ਭਾਵੇਂ ਸੰਤੋਸ਼ ਤੇ ਸਬੀਹਾ ਦੇ ਮਾਪਿਆਂ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ।

ਪਾਕਿਸਤਾਨੀ ਫਿਲਮੀ ਦੁਨੀਆਂ ਵਿਚ ਇਕ ਹੋਰ ਸ਼ਖ਼ਸੀਅਤ ਹੋਈ ਹੈ ਜਿਸ ਦਾ ਨਾਂ ਹੈ ਜਨਾਬ ਇਨਾਇਤ ਹੁਸੈਨ ਭੱਟੀ। ਜਿੱਥੇ ਇਸ ਦੇ ਫ਼ਿਲਮਾਂ ਵਿਚ ਹਜ਼ਾਰਾਂ ਗੀਤ ਮਕਬੂਲ ਹੋਏ, ਉਥੇ ਇਸ ਨੇ ਕਈ ਫਿਲਮਾਂ ਵਿਚ ਨਾਇਕ ਦਾ ਰੋਲ ਬੜੀ ਸੁਚੱਜਤਾ ਨਾਲ ਨਿਭਾਇਆ। ਇਹੀ ਭੱਟੀ ਸਾਹਿਬ ਇਕ ਵਾਰ ਚੰਡੀਗੜ੍ਹ ਮੇਰੇ ਕੋਲ ਆਏ ਹੋਏ ਸਨ। ਇਕ ਦਿਨ ਦੁਪਹਿਰ ਵੇਲੇ ਭੱਟੀ ਸਾਹਿਬ ਅਤੇ ਮੈਂ ਖਾਣਾ ਖਾਣ ਅਰੋਮਾ ਹੋਟਲ ਪਹੁੰਚੇ ਹੀ ਸਾਂ ਕਿ ਹੋਟਲ ਦੇ ਮਾਲਕ ਸਰਦਾਰ ਇੰਦਰਜੀਤ ਸਿੰਘ ਕੋਹਲੀ, ਭੱਟੀ ਸਾਹਿਬ ਦਾ ਨਾਂ ਸੁਣ ਕੇ ਬੜੇ ਖੁਸ਼ ਹੋਏ। ਕੋਹਲੀ ਸਾਹਿਬ ਦਾ ਪਿਛੋਕੜ ਪੋਠੋਹਾਰ ਦਾ ਸੀ, ਤੇ ਉਂਜ ਵੀ ਕਲਾ ਪ੍ਰੇਮੀ ਸਨ। ਉਨ੍ਹਾਂ ਨੇ ਪਾਕਿਸਤਾਨ ਦੀਆਂ ਯਾਦਾਂ ਸਾਂਝੀਆਂ ਕਰ ਕੇ ਮਨ ਹੌਲਾ ਕੀਤਾ। ਗੱਲਾਂ-ਗੱਲਾਂ ਵਿਚ ਇਕ ਨੁਕਤੇ 'ਤੇ ਦੋਹਾਂ ਦੀ ਸਹਿਮਤੀ ਨਾ ਬਣ ਸਕੀ। ਨੁਕਤਾ ਸੀ, ਬਾਲੋ ਕਿਥੇ ਦੀ ਰਹਿਣ ਵਾਲੀ ਸੀ। ਕੋਹਲੀ ਸਾਹਿਬ ਕਹਿ ਰਹੇ ਸਨ ਕਿ ਉਹ ਪੋਠੋਹਾਰ ਦੀ ਸੀ ਪਰ ਭੱਟੀ ਸਾਹਿਬ ਕਹਿ ਰਹੇ ਸਨ ਕਿ ਉਹ ਗੁਜਰਾਤ ਸ਼ਹਿਰ ਦੀ ਰਹਿਣ ਵਾਲੀ ਸੀ। ਉਂਝ ਸੀ ਦੋਵੇਂ ਆਪਣੀ ਜਗ੍ਹਾ 'ਤੇ ਸੱਚੇ। ਪੋਠੋਹਾਰ ਵਿਚ ਬਾਲੋ-ਮਾਹੀ ਬੜਾ ਗਾਇਆ ਜਾਂਦਾ ਸੀ। ਸੋ, ਕੋਹਲੀ ਸਾਹਿਬ ਦਾ ਭੁਲੇਖਾ ਖਾ ਜਾਣਾ ਕੁਦਰਤੀ ਸੀ। ਭੱਟੀ ਸਾਹਿਬ ਦਾ ਪਿਛੋਕੜ ਗੁਜਰਾਤ ਸ਼ਹਿਰ ਦਾ ਸੀ, ਸੋ ਉਨ੍ਹਾਂ ਨੂੰ ਪਤਾ ਸੀ ਕਿ ਬਾਲੋ ਗੁਜਰਾਤ ਦੀ ਸੀ। ਇੱਥੇ ਹੀ ਭੱਟੀ ਸਾਹਿਬ ਨੇ ਦੱਸਿਆ ਕਿ ਬਾਲੋ ਸਬੀਹਾ ਦੀ ਮਾਂ ਸੀ। ਇੱਥੋਂ ਹੀ ਮੇਰੇ ਮਨ ਵਿਚ ਇਕ ਸੋਚ ਨੇ ਜਨਮ ਲਿਆ ਕਿ ਬਾਲੋ ਅਤੇ ਮਾਹੀਏ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਵੇ।

ਇਸ ਕਾਰਜ ਵਾਸਤੇ ਮੈਂ ਸੱਤ ਵਾਰ ਲਾਹੌਰ ਸਬੀਹਾ ਦਾ ਪਤਾ ਕਰਨ ਉਸ ਦੇ ਘਰ ਗਿਆ, ਪਰ ਗੁਆਂਢੀਆਂ ਤੋਂ ਇਕ ਹੀ ਜਵਾਬ ਮਿਲਦਾ, "ਸਬੀਹਾ ਜੀ ਅਮਰੀਕਾ ਆਪਣੇ ਬੇਟੇ ਕੋਲ ਗਏ ਹਨ।" ਲਾਹੌਰ ਦੇ ਕੁਝ ਸਾਹਿਤਕਾਰ ਸੱਜਣਾਂ ਤੋਂ ਜਾਨਣਾ ਚਾਹਿਆ, ਪਰ ਕਿਸੇ ਤੋਂ ਕੁਝ ਪਿੜ ਪੱਲੇ ਨਾ ਪਿਆ। ਕਈ ਤਾਂ ਇੱਥੋਂ ਤੱਕ ਕਹਿ ਗਏ, ਇਹ ਬਾਲੋ-ਮਾਹੀਆ ਤੁਹਾਡੇ ਪਾਸੇ ਦੀ ਘਟਨਾ ਹੋਵੇਗੀ ਪਰ ਜਦੋਂ ਮੈਂ ਉਨ੍ਹਾਂ ਨੂੰ ਦੱਸਦਾ ਕਿ ਬਾਲੋ, ਸਬੀਹਾ ਦੀ ਮਾਂ ਸੀ ਤਾਂ ਫਿਰ ਚੁੱਪ ਕਰ ਜਾਂਦੇ। 'ਆਪਣੇ ਪੰਜਾਬ' ਵਾਲੇ ਪਾਸੇ ਵੀ ਕਈ ਲੇਖਕਾਂ ਕੋਲ ਜ਼ਿਕਰ ਕੀਤਾ ਪਰ ਕਿਸੇ ਕੋਲ ਕੋਈ ਠੋਸ ਜਾਣਕਾਰੀ ਨਹੀਂ ਸੀ। ਇਕ ਲੇਖਕ ਨੂੰ ਜਦੋਂ ਮੈਂ ਦੱਸਿਆ ਕਿ ਬਾਲੋ ਅਤੇ ਸੋਹਣੀ, ਦੋਵੇਂ ਗੁਜਰਾਤ ਦੀਆਂ ਰਹਿਣ ਵਾਲੀਆਂ ਸਨ ਤਾਂ ਉਸ ਨੇ ਸੋਮਰਸ ਦੇ ਨਸ਼ੇ ਵਿਚ ਗੱਲ ਕਰਦਿਆਂ ਬਿਲਕੁਲ ਹੀ ਹੱਦ ਕਰ ਦਿੱਤੀ। ਆਖੇ! ਠੀਕ ਹੈ ਭਾਈ ਸੋਹਣੀ ਡੁੱਬ ਕੇ ਮਰੀ ਸੀ। ਗੁਜਰਾਤ ਦਾ ਖਾਸਾ ਹਿੱਸਾ ਸਮੁੰਦਰ ਨਾਲ ਲੱਗਦਾ ਹੈ।' ਉਹ ਸਾਡੇ ਗੁਜਰਾਤ ਸੂਬੇ ਦੀ ਗੱਲ ਕਰ ਰਿਹਾ ਸੀ। ਵਣਜਾਰਾ ਬੇਦੀ ਨੇ ਵੀ ਬਾਲੋ ਨੂੰ ਗੁਜਰਾਂਵਾਲੇ ਦੀ ਦੱਸਿਆ ਹੈ ਜੋ ਠੀਕ ਨਹੀਂ।

ਮੈਨੂੰ ਵੀ ਇਸ ਗੱਲ ਦਾ ਅਫ਼ਸੋਸ ਸੀ ਕਿ ਮੈਂ ਜਿਊਂਦਿਆਂ ਇਨਾਇਤ ਹੁਸੈਨ ਭੱਟੀ ਕੋਲੋਂ ਕਿਉਂ ਨਾ ਜਾਣਕਾਰੀ ਲਈ? ਮੈਨੂੰ ਅਜੇ ਵੀ ਝੱਲ ਚੜ੍ਹਿਆ ਸੀ ਕਿ ਇਸ ਜੋੜੀ ਬਾਰੇ ਕਿਤੇ ਨਾ ਕਿਤੇ ਖ਼ੁਰਾ ਜ਼ਰੂਰ ਮਿਲੇਗਾ। ਇਕ ਦਿਨ ਲਾਹੌਰ ਇਕ ਔਰਤ ਦਾ ਸੁਨੇਹਾ ਮਿਲਿਆ, "ਮੈਂ ਵੀ ਬਾਲੋ ਦੀ ਹੀ ਧੀ ਹਾਂ, ਸਰਦਾਰ ਸਾਹਿਬ ਨੂੰ ਮੈਨੂੰ ਮਿਲਾਓ। ਮੈਂ ਸਾਰੀ ਜਾਣਕਾਰੀ ਦਿਆਂਗੀ।" ਮੈਨੂੰ ਬੜੀ ਖ਼ੁਸ਼ੀ ਹੋਈ, ਚਲੋ ਮਿਹਨਤ ਰਾਸ ਆ ਗਈ। ਇਹ ਔਰਤ ਇਕਬਾਲ ਟਾਊਨ ਰਹਿੰਦੀ ਸੀ। ਜਦੋਂ ਮੈਂ ਉਹਦੇ ਨਾਲ ਗੱਲਬਾਤ ਸ਼ੁਰੂ ਕੀਤੀ ਤਾਂ 'ਹਾਂ ਸਬੀਹਾ ਬਾਜੀ, ਹਾਂ ਸਬੀਹਾ ਬਾਜੀ', ਇਸ ਤੋਂ ਵੱਧ ਨਾ ਉਸ ਨੇ ਕੁਝ ਦੱਸਿਆ ਅਤੇ ਨਾ ਹੀ ਉਸ ਨੂੰ ਪਤਾ ਸੀ, ਤੇ ਨਾ ਹੀ ਉਹ ਬਾਲੋ ਦੀ ਧੀ ਸੀ। ਉਸ ਦੀ ਇਹ ਹਰਕਤ ਦੇਖ ਕੇ ਮੈਂ ਆਪਣਾ ਸਿਰ ਫੜ ਕੇ ਬੈਠ ਗਿਆ। ਆਖ਼ਰ ਮੇਰੇ ਦੋਸਤ ਡਾਕਟਰ ਖ਼ੁਆਜਾ ਉਮਰ ਨੇ ਖਾਰ੍ਹੀਆ ਕਸਬੇ ਦੇ ਲੇਖਕ ਸ਼ਰੀਫ਼ ਕੁਰੈਸ਼ੀ ਨੂੰ ਇਸ ਕਾਰਜ ਪਿੱਛੇ ਲਾਇਆ। ਕੁਰੈਸ਼ੀ ਸਾਹਿਬ ਨੇ ਗੁਜਰਾਤ ਸ਼ਹਿਰ ਦੇ ਕਈ ਚੱਕਰ ਲਾਏ। ਬੜੀ ਮਿਹਨਤ ਨਾਲ ਇਕ ਬਿਰਧ ਬੰਦਾ ਲੱਭ ਲਿਆ ਜਿਹਨੇ ਬਾਲੋ ਅਤੇ ਮਾਹੀਏ ਨੂੰ ਇਕੱਠਿਆਂ ਘੁੰਮਦਿਆਂ ਕਈ ਵਾਰ ਵੇਖਿਆ ਸੀ। ਇਹ ਬਜ਼ੁਰਗ ਬੋਲ ਨਹੀਂ ਸੀ ਸਕਦਾ। ਜੋ ਕੁਝ ਉਸ ਨੇ ਦੱਸਿਆ, ਉਹ ਲਿਖ ਕੇ ਦੱਸਿਆ। ਇਸ ਬਜ਼ੁਰਗ ਦਾ ਨਾਂ ਸੀ ਪ੍ਰੋਫੈਸਰ ਕੁਰੈਸ਼ੀ ਅਹਿਮਦ ਹਸਨ।

ਕਿਸੇ ਗਰੀਬ ਘਰਾਣੇ ਦਾ ਅਣਦਾੜ੍ਹੀਆ ਕਸ਼ਮੀਰੀ ਮੁੰਡਾ ਮੁਹੰਮਦ ਅਲੀ ਰੋਜ਼ੀ-ਰੋਟੀ ਕਮਾਉਣ ਲਈ ਗੁਜਰਾਤ ਸ਼ਹਿਰ ਦੇ ਸਬਜ਼ੀ ਮੰਡੀ ਇਲਾਕੇ ਵਿਚ ਤੰਦੂਰ ਦੀ ਦੁਕਾਨ 'ਤੇ ਆਟਾ ਗੁੰਨ੍ਹਣ ਅਤੇ ਪੇੜੇ ਬਣਾਉਣ ਦਾ ਕੰਮ ਕਰਦਾ ਸੀ। ਇਸ ਨੂੰ ਰੱਬ ਨੇ ਕਿਸੇ ਵਿਹਲੇ ਸਮੇਂ ਬਣਾਇਆ ਸੀ। ਅੰਤਾਂ ਦਾ ਸੋਹਣਾ-ਸੁਨੱਖਾ ਤੇ ਬੇਹੱਦ ਸੁਰੀਲੇ ਗਲੇ ਦਾ ਮਾਲਕ। ਜਦੋਂ ਕਿਤੇ ਬੇਧਿਆਨੇ ਗੁਣ-ਗੁਣਾ ਬੈਠਦਾ, ਤੇ ਝੱਟ ਦੁਕਾਨ ਦੇ ਗਾਹਕ ਉਸ ਤੋਂ ਗੀਤ ਸੁਨਣ ਦੀ ਜ਼ਿਦ ਕਰਦੇ। ਮੁਹੰਮਦ ਅਲੀ ਘੜਾ ਬਹੁਤਾ ਸੁਹਣਾ ਵਜਾਉਂਦਾ ਸੀ, ਤੇ ਉਸ ਦਾ ਨਾਂ ਮੁਹੰਮਦ ਅਲੀ ਘੜਵੰਜ ਪੈ ਗਿਆ। ਜਦੋਂ ਮੁਹੰਮਦ ਅਲੀ ਕਿਸੇ ਨਾ ਕਿਸੇ ਦੇ ਕਹਿਣ 'ਤੇ ਗਾਉਣਾ ਸ਼ੁਰੂ ਕਰਦਾ, ਤਦ ਦੁਕਾਨ ਦਾ ਸਾਰਾ ਕੰਮ ਠੱਪ ਹੋ ਕੇ ਰਹਿ ਜਾਂਦਾ। ਬਾਅਦ ਵਿਚ ਹਰ ਰੋਜ਼ ਦੁਕਾਨ ਦਾ ਮਾਲਕ ਉਸ ਨੂੰ ਗਾਲਾਂ ਕੱਢਦਾ। ਤੰਗ ਆ ਕੇ ਇਕ ਦਿਨ ਉਸ ਨੂੰ ਕੰਮ ਤੋਂ ਹਟਾ ਦਿੱਤਾ।

ਮੁਹੰਮਦ ਅਲੀ ਬੜਾ ਮਾਯੂਸ ਹੋ ਗਿਆ ਪਰ ਉਸ ਦੀ ਗਾਇਕੀ ਦੇ ਕਦਰਦਾਨਾਂ ਨੇ ਉਸ ਨੂੰ ਪੈਸੇ ਇਕੱਠੇ ਕਰਕੇ ਟਾਂਗਾ ਪੁਆ ਦਿੱਤਾ। ਕਦੇ-ਕਦੇ ਘੋੜੇ ਦੀਆਂ ਟਾਪਾਂ ਦੇ ਰਿਦਮ ਨਾਲ ਮੁਹੰਮਦ ਅਲੀ ਦੇ ਗੀਤ ਹੋਰ ਵੀ ਨਮਕੀਨ ਹੋ ਜਾਂਦੇ। ਇਕ ਦਿਨ ਉਹ ਟਾਂਗੇ 'ਤੇ ਕਿਸੇ ਦੇ ਘਰ ਦੇ ਪਿਛਵਾੜਿਓਂ ਲੰਘ ਰਿਹਾ ਸੀ। ਬਾਰੀ ਵਿਚੋਂ ਗੁਣ-ਗੁਣਾਉਣ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਟਾਂਗਾ ਰੋਕ ਦਿੱਤਾ। ਇਹ ਤਾਂ ਉਹ ਆਵਾਜ਼ ਸੀ ਜਿਸ ਦੀ ਉਹ ਜਨਮਾਂ-ਜਨਮਾਤਰਾਂ ਤੋਂ ਤਲਾਸ਼ ਕਰ ਰਿਹਾ ਸੀ। ਉਹ ਵਲ ਪਾ ਕੇ ਵੀ ਉਸ ਦੇ ਪਿਛਵਾੜਿਓਂ ਲੰਘਦਾ, ਸ਼ਾਇਦ ਉਸ ਕੁੜੀ ਦਾ ਦੀਦਾਰ ਹੋ ਜਾਏ। ਇਕ ਦਿਨ ਅਚਾਨਕ ਘਰ ਵਾਲਿਆਂ ਨੇ ਟਾਂਗਾ ਰੋਕ ਕੇ ਆਪਣੀ ਲੜਕੀ ਸਕੂਲ ਛੱਡਣ ਲਈ ਟਾਂਗੇ ਵਿਚ ਬਿਠਾ ਦਿੱਤੀ। ਮੁਹੰਮਦ ਅਲੀ ਦੇ ਸਰੀਰ ਵਿਚ ਕੰਬਣੀ ਛਿੜ ਗਈ। ਉਸ ਦਾ ਸਾਹ ਉਪਰ ਦਾ ਉਪਰ, ਤੇ ਹੇਠਾਂ ਦਾ ਹੇਠਾਂ ਰਹਿ ਗਿਆ। ਜਦੋਂ ਕੁੜੀ ਨੇ ਸਕੂਲ ਕੋਲ ਜਾ ਕੇ ਪੈਸੇ ਦੇਣ ਲਈ ਬੁਰਕੇ ਵਿਚੋਂ ਪਤਲੀਆਂ ਅਤੇ ਗੋਰੀਆਂ ਉਂਗਲਾਂ ਅੱਗੇ ਵਧਾਈਆਂ, ਮੁਹੰਮਦ ਅਲੀ ਨੇ ਪੈਸੇ ਲੈਣ ਤੋਂ ਨਾਂਹ ਕਰ ਦਿੱਤੀ। ਉਹ ਟਾਂਗਾ ਲੈ ਕੇ ਸਿੱਧਾ ਘਰ ਚਲਾ ਗਿਆ। ਜਿਸ ਸੀਟ 'ਤੇ ਉਹ ਕੁੜੀ ਬੈਠੀ ਸੀ, ਅੱਜ ਉਹ ਹੋਰ ਕਿਸੇ ਨੂੰ ਇਸ ਸੀਟ 'ਤੇ ਨਹੀਂ ਸੀ ਬੈਠਣ ਦੇਣਾ ਚਾਹੁੰਦਾ। ਸਾਰੀ ਰਾਤ ਸੁਪਨੇ ਵਿਚ ਕੁੜੀ ਦੀਆਂ ਉਂਗਲਾਂ ਦੇ ਪੋਟੇ ਮੁਹੰਮਦ ਅਲੀ ਦੇ ਕਾਲਜੇ ਨੂੰ ਸਹਿਲਾਉਂਦੇ ਰਹੇ। ਅਗਲੇ ਦਿਨ ਫਿਰ ਉਸ ਨੇ ਸਵਾਰੇ ਹੀ ਟਾਂਗਾ ਕੁੜੀ ਦੇ ਘਰ ਕੋਲੋਂ ਦੀ ਇਧਰ-ਉਧਰ ਘੁਮਾਉਣਾ ਸ਼ੁਰੂ ਕਰ ਦਿੱਤਾ ਤਾਂ ਕਿ ਕੋਈ ਹੋਰ ਟਾਂਗੇ ਵਾਲਾ ਬਿਠਾ ਕੇ ਨਾ ਲੈ ਜਾਵੇ। ਪਿਛਲੇ ਦਿਨ ਵਾਂਗ ਫਿਰ ਕੁੜੀ ਮੁਹੰਮਦ ਅਲੀ ਦੇ ਟਾਂਗੇ ਵਿਚ ਬੈਠ ਗਈ, ਤੇ ਪੈਸੇ ਦੇਣ ਲਈ ਉਂਗਲਾਂ ਬੁਰਕੇ ਵਿਚੋਂ ਕੱਢੀਆਂ, ਪਰ ਉਸ ਨੇ ਕੱਲ੍ਹ ਵਾਂਗ ਪੈਸੇ ਲੈਣ ਤੋਂ ਫਿਰ ਇਨਕਾਰ ਕਰ ਦਿੱਤਾ। ਇਹ ਸਿਲਸਿਲਾ ਕੁਝ ਦਿਨਾਂ ਬਾਅਦ ਮੁਹੱਬਤ ਦਾ ਰੂਪ ਅਖ਼ਤਿਆਰ ਕਰ ਗਿਆ। ਇਸ ਕੁੜੀ ਦਾ ਨਾਂ ਸੀ ਇਕਬਾਲ ਬਾਨੋ। ਮੁਹੰਮਦ ਅਲੀ ਦੀਆਂ ਅੱਖਾਂ ਵਿਚੋਂ ਨੀਂਦ ਉਡ ਗਈ। ਉਸ ਨੂੰ ਰਾਤਾਂ ਕੁਝ ਜ਼ਿਆਦਾ ਹੀ ਲੰਮੀਆਂ ਲੱਗਣ ਲੱਗ ਪਈਆਂ। ਉਹ ਰਾਤੀਂ ਕਈ ਵਾਰ ਉਠ ਉਠ ਵੇਖਦਾ, ਕਿਤੇ ਮੈਂ ਸੁੱਤਾ ਹੀ ਨਾ ਰਹਿ ਜਾਵਾਂ। ਕਿਤੇ ਕੁੜੀ ਨੂੰ ਮਾਪੇ ਕਿਸੇ ਹੋਰ ਦੇ ਟਾਂਗੇ ਵਿਚ ਸਕੂਲ ਨਾ ਭੇਜ ਦੇਣ। ਉਹ ਇਕਬਾਲ ਬਾਨੋ ਨੂੰ ਸਕੂਲ ਛੱਡ ਕੇ ਟਾਂਗਾ ਕਿਧਰੇ ਸੁੰਨੀ ਨੁੱਕਰ ਵਿਚ ਖੜ੍ਹਾ ਕਰ ਦਿੰਦਾ ਤਾਂ ਕਿ ਕੋਈ ਸਵਾਰ ਉਸ ਨੂੰ ਲੰਮੇ ਪੈਂਡੇ 'ਤੇ ਨਾ ਲੈ ਜਾਵੇ ਕਿ ਸਕੂਲ ਛੁੱਟੀ ਹੋਣ 'ਤੇ ਵਾਪਸ ਨਾ ਆ ਸਕੇ। ਜਿਸ ਤਰ੍ਹਾਂ ਕਹਾਵਤ ਹੈ 'ਇਸ਼ਕ ਤੇ ਮੁਸ਼ਕ ਗੁੱਝੇ ਨਹੀਂ ਰਹਿੰਦੇ', ਸਾਰੀ ਗੱਲ ਕੁੜੀ ਦੇ ਮਾਪਿਆਂ ਨੂੰ ਪਤਾ ਲੱਗ ਗਈ। ਉਨ੍ਹਾਂ ਨੇ ਮੁਹੰਮਦ ਅਲੀ ਨੂੰ ਬੁਰੀ ਤਰ੍ਹਾਂ ਕੁੱਟਿਆ। ਟਾਂਗਾ ਉਸ ਮੁਹੱਲੇ ਆਉਣਾ ਬੰਦ ਕਰ ਦਿੱਤਾ ਅਤੇ ਇਕਬਾਲ ਬਾਨੋ ਨੂੰ ਸਕੂਲੋਂ ਹਟਾ ਲਿਆ।

ਮੁਹੰਮਦ ਅਲੀ ਦਾ ਘਰ ਗੁਜਰਾਤ ਸ਼ਹਿਰ ਦੇ ਮੁਹੱਲਾ ਬੇਗ਼ਮਪੁਰਾ ਵਿਚ ਨਾਮਵਰ ਅਤੇ ਬਾਗ਼ੀ ਸ਼ਾਇਰ ਅਮਾਮਦੀਨ ਦੇ ਗੁਆਂਢ ਸੀ। ਇਕਬਾਲ ਬਾਨੋ ਦੇ ਮਾਪਿਆਂ ਦਾ ਘਰ ਦੂਸਰੇ ਮੁਹੱਲੇ ਕਾਲੂਪੁਰੇ ਵਿਚ ਸੀ। ਮੁਹੰਮਦ ਅਲੀ ਨੇ ਆਪਣਾ ਟਾਂਗਾ ਕਿਸੇ ਹੋਰ ਦੋਸਤ ਦੇ ਹਵਾਲੇ ਕਰ ਦਿੱਤਾ, ਤੇ ਆਪ ਬੜੇ ਦਿਨ ਘਰੋਂ ਬਾਹਰ ਨਹੀਂ ਨਿਕਲਿਆ। ਤਨ ਤੇ ਮਨ ਦੀ ਪੀੜਾ ਨੇ ਉਸ ਨੂੰ ਪੇਂਜੇ ਦੇ ਤਾੜੇ ਵਾਗੂੰ ਪਿੰਜ ਕੇ ਰੱਖ ਦਿੱਤਾ। ਕੁਝ ਸਮਾਂ ਪੈਣ 'ਤੇ ਮੁਹੰਮਦ ਅਲੀ ਅਤੇ ਇਕਬਾਲ ਬਾਨੋ ਘਰੋਂ ਭੱਜ ਗਏ। ਕੁੜੀ ਦੇ ਮਾਪਿਆਂ ਨੇ ਦੋਵਾਂ ਨੂੰ ਕਾਬੂ ਕਰ ਲਿਆ। ਉਹ ਕੁੜੀ ਨੂੰ ਤਾਂ ਘਰ ਲਿਆਏ, ਤੇ ਮੁਹੰਮਦ ਅਲੀ ਨੂੰ ਪੁਲਿਸ ਹਵਾਲੇ ਕਰਕੇ ਕੇਸ ਪੁਆ ਦਿੱਤਾ। ਜਦੋਂ ਕਚਹਿਰੀ ਵਿਚ ਮੁਕੱਦਮਾ ਚੱਲਿਆ, ਤਦ ਤਰੀਕ ਵਾਲੇ ਦਿਨ ਸਾਰੇ ਟਾਂਗਿਆਂ ਵਾਲੇ ਕੰਮ ਕਾਰ ਛੱਡ ਦੇ ਟਾਂਗਿਆਂ ਸਮੇਤ ਕਚਹਿਰੀ ਪਹੁੰਚਦੇ। ਉਸਤਾਦ ਅਮਾਮਦੀਨ ਵੀ ਹਰ ਤਰੀਕ 'ਤੇ ਹਾਜ਼ਰ ਹੁੰਦੇ ਅਤੇ ਦੋਵਾਂ ਆਸ਼ਕ-ਮਸ਼ੂਕ ਦੇ ਜਵਾਬ-ਸਵਾਲ ਮਾਹੀਏ ਦੇ ਟੱਪਿਆਂ ਵਿਚ ਤਿਆਰ ਕਰਕੇ ਚਿੱਟਾਂ ਹੱਥਾਂ ਵਿਚ ਫੜਾ ਦਿੰਦੇ ਅਤੇ ਉਹ ਗਾ ਕੇ ਟੱਪਿਆਂ ਵਿਚ ਸਵਾਲਾਂ ਦੇ ਜਵਾਬ ਦਿੰਦੇ। ਕੁਝ ਟੱਪਿਆਂ ਦੀਆਂ ਵੰਨਗੀਆਂ ਇਸ ਤਰ੍ਹਾਂ ਹਨ:

ਹਾਰ ਦੀਆਂ ਤਿੰਨ ਲੜੀਆਂ...
ਤੇਰਾ ਪਿੱਛਾ ਨਹੀਂ ਛੱਡਣਾ
ਭਾਵੇਂ ਲੱਗ ਜਾਣ ਹੱਥ ਕੜੀਆਂ।
ਗੱਡੀ ਚੱਲਦੀ ਏ ਲੀਕਾਂ 'ਤੇ...
ਅੱਗੇ ਬਾਲੋ ਨਿੱਤ ਮਿਲਦੀ
ਹੁਣ ਮਿਲਦੀ ਤਰੀਕਾਂ 'ਤੇ।
ਦੁੱਖ ਸਾਰੇ ਜਰ ਜਾਂ'ਗੇ...
ਤੇਰੇ ਬਿਨਾਂ ਬਾਲੋ ਮੇਰੀਏ
ਅਸੀਂ ਜਿਉਂਦੇ ਈ ਮਰ ਜਾਂ'ਗੇ।

ਇਸ ਤੋਂ ਬਾਅਦ ਇਕਬਾਲ ਬਾਨੋ ਬਾਲੋ ਬਣ ਗਈ ਅਤੇ ਮੁੰਹਮਦ ਅਲੀ ਮਾਹੀਆ ਬਣ ਗਿਆ। ਪੁਰਾਣੇ ਲੋਕ ਗੀਤ 'ਮਾਹੀਆ ਦੇ ਟੱਪੇ' ਫਿਰ 'ਬਾਲੋ ਮਾਹੀਆ ਦੇ ਟੱਪੇ' ਬਣ ਰਹਿ ਗਏ। ਇਸ ਕੇਸ ਦੀ ਚਰਚਾ ਸਾਰੇ ਸ਼ਹਿਰ ਵਿਚ ਫੈਲ ਗਈ। ਕਿੰਨੇ ਹੀ ਲੋਕ ਤਰੀਕ ਵਾਲੇ ਦਿਨ ਇਸ ਦਿਲਚਸਪ ਕੇਸ ਦੇ ਟੱਪੇ ਸੁਨਣ ਲਈ ਕਚਹਿਰੀ ਪਹੁੰਚ ਜਾਂਦੇ। ਅਖੀਰ ਮਾਹੀਆ ਕੇਸ ਜਿੱਤ ਗਿਆ ਅਤੇ ਦੋਵੇਂ ਜਣੇ ਟਾਂਗੇ 'ਤੇ ਟੱਪੇ ਗਾਉਂਦੇ ਮਾਹੀਏ ਦੇ ਘਰ ਪਹੁੰਚ ਗਏ।

ਸ਼ੁਰੂ ਵਿਚ ਮਾਹੀ ਸ਼ਬਦ ਮੱਝੀਆਂ ਚਾਰਨ ਵਾਲੇ ਪਾਲੀ ਲਈ ਵਰਤਿਆ ਜਾਂਦਾ ਸੀ। ਇਸ ਦਾ ਪਤਾ ਵਾਰਿਸ਼ ਸ਼ਾਹ ਦੀ ਹੀਰ ਵਿਚੋਂ ਲੱਗਦਾ ਹੈ। ਇਸ ਰਚਨਾ ਵਿਚ ਅੱਗੇ ਜਾ ਕੇ ਮਾਹੀਆ ਸ਼ਬਦ ਨਜ਼ਰ ਆਉਂਦਾ ਹੈ ਜੋ ਸ਼ਾਇਦ ਪਾਲੀ ਤੋਂ ਅੱਗੇ ਪ੍ਰੀਤਮ ਦੀ ਭਾਵਨਾ ਵਿਚ ਗੜੁੱਚ ਹੈ।

ਹੀਰ ਆਖਦੀ ਕੀਤੋਈ ਬੂਹਾ ਮਾਹੀਆ
ਤੇਰੀ ਮੱਝ ਨੂੰ ਕੌਣ ਲਿਜਾਂਵਦਾ ਏ।


ਸਾਂਦਲ ਬਾਰ ਦੇ ਤਿੰਨ ਟੱਪੇ ਬੜੇ ਮਸ਼ਹੂਰ ਹੋਏ: ਢੋਲੇ, ਛੱਲਾ ਤੇ ਮਾਹੀਆ ਪਰ ਬਾਲੋ ਤੇ

(ਬਾਕੀ ਅਗਲੇ ਸਫ਼ੇ 'ਤੇ)



***ਅਨਵਰ ਕਮਾਲ ਪਾਸ਼ਾ ਨੇ 'ਦੋ ਆਂਸੂ' ਫਿਲਮ ਬਣਾਈ। ਇਸ ਵਿਚ ਸਬੀਹਾ ਨੇ ਨਾਇਕਾ ਦਾ ਰੋਲ ਨਿਭਾਇਆ। ਇਹ ਫਿਲਮ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਗਈ। ਇਸ ਤੋਂ ਬਾਅਦ ਕਮਾਲ ਪਾਸ਼ਾ ਦੀ ਦੂਜੀ ਫਿਲਮ 'ਗੁੰਮਨਾਮ' ਨੇ ਵੀ ਬੜੀ ਕਮਾਈ ਕੀਤੀ। ਫਿਰ ਤਾਂ ਚੱਲ ਸੋ ਚੱਲ। ਉਸ ਦੀਆਂ ਫ਼ਿਲਮਾਂ ਕਲਾ ਪੱਖੋਂ ਵੀ ਬੜੀਆਂ ਸਲਾਹੀਆਂ ਗਈਆਂ। ਰਹਿੰਦੇ ਖ਼ੂੰਹਦੇ ਸਾਰੇ ਹੱਦਾਂ-ਬੰਨੇ 'ਸੱਸੀ' ਫਿਲਮ ਤੋੜ ਗਈ। ਫਿਲਮ 'ਵਾਅਦਾ' ਵਿਚ ਸਬੀਹਾ ਨੂੰ ਸਰਵੋਤਮ ਕਲਾਕਾਰ ਦਾ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।***

***ਇਕਬਾਲ ਬਾਨੋ ਅਤੇ ਮੁਹੰਮਦ ਅਲੀ ਦੀ ਧੀ ਸਬੀਹਾ ਖਾਨਮ ਜਿਸ ਨੇ ਫਿਲਮਾਂ ਵਿਚ ਬੜਾ ਨਾਮਣਾ ਖੱਟਿਆ***



***ਮੁਹੰਮਦ ਅਲੀ ਉਰਫ ਮਾਹੀਆ***



***ਇਕਬਾਲ ਬਾਨੋ ਉਰਫ ਬਾਲੋ***

ਮਾਹੀਏ ਨੇ ਪੁਰਾਣੇ ਮਾਹੀਏ ਵਿਚ ਨਵੀਂ ਰੂਹ ਫੂਕ ਦਿੱਤੀ। ਦੋਹਾਂ ਦੀ ਸੁਰੀਲੀ ਆਵਾਜ਼ ਵਿਚ ਗਾਏ ਟੱਪੇ ਲਹਿੰਦੇ ਪੰਜਾਬ ਬਾਰੇ ਗਾਏ ਲੋਕ ਗੀਤਾਂ ਨਾਲੋਂ ਹਰਮਨ ਪਿਆਰੇ ਹੋ ਗਏ। ਟੱਪੇ ਖੁੱਲ੍ਹੀਆਂ ਹਵਾਵਾਂ ਵਿਚ ਤਰੇਲ ਵਾਂਗੂ ਘੁਲ ਕੇ ਹਵਾਵਾਂ ਨੂੰ ਤਰੋ-ਤਾਜ਼ਾ ਕਰ ਗਏ।

ਲਾਹੌਰ ਸ਼ਹਿਰ ਵਿਚ ਬਾਲੋ-ਮਾਹੀਆ ਨੂੰ ਪੇਟ ਦੀ ਅੱਗ ਬੁਝਾਉਣ ਲਈ ਕਈ ਪਾਪੜ ਵੇਲਣੇ ਪਏ। ਮਾਹੀਏ ਨੇ ਫਿਰ ਟਾਂਗਾ ਵਾਹੁਣਾ ਸ਼ੁਰੂ ਕਰ ਦਿੱਤਾ ਅਤੇ ਬਾਲੋ ਨੇ ਸਟੇਜਾਂ 'ਤੇ ਰੋਲ ਕਰਨੇ ਸ਼ੁਰੂ ਕਰ ਦਿੱਤੇ। ਹੌਲੀ-ਹੌਲੀ ਇਨ੍ਹਾਂ ਦੇ ਦਿਨ ਬਦਲਣੇ ਸ਼ੁਰੂ ਹੋ ਗਏ। ਬਾਲੋ ਨੇ 'ਹੀਰ ਸਿਆਲ' ਫਿਲਮ ਵਿਚ ਹੀਰ ਦੀ ਭੂਮਿਕਾ ਨਿਭਾਈ। ਇਸੇ ਹੀ ਫਿਲਮ ਵਿਚ ਨੂਰ ਜਹਾਂ ਹੈਦਰਬੰਦੀ ਦੇ ਇੰਦੇ ਤਿੰਨੇ ਭੈਣਾਂ ਨੇ ਛੋਟੇ ਮੋਟੇ ਰੋਲ ਕੀਤੇ। ਨੂਰ ਜਹਾਂ ਨੂੰ ਇਨ੍ਹਾਂ ਵਿਚ ਉਮਰ ਛੋਟੀ ਹੋਣ ਕਾਰਨ ਬੇਬੀ

***ਇਹ ਉਹ ਸਮਾਂ ਸੀ ਜਦੋਂ ਭਾਰਤ ਦੀ ਫਿਲਮੀ ਦੁਨੀਆਂ ਵਿਚ ਅਸ਼ੋਕ ਕੁਮਾਰ, ਦਲੀਪ ਕੁਮਾਰ, ਰਾਜ ਕਪੂਰ, ਦੇਵਾ ਅਨੰਦ, ਮਧੂਬਾਲਾ, ਮੀਨਾ ਕੁਮਾਰੀ, ਨਰਗਿਸ, ਕਾਮਨੀ ਕੌਸ਼ਲ ਤੇ ਨਿੰਮੀ ਵਰਗੀਆਂ ਮਹਾਨ ਕਲਾਕਾਰ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਸਨ। ਪਾਕਿਸਤਾਨ ਵਿਚ ਸੁਧੀਰ, ਮੁਹੰਮਦ ਅਲੀ, ਨਾਜ਼ੀਰ, ਦਰਪਨ, ਬਹਾਰ, ਜ਼ੇਬਾ, ਸੁਲਤਾਨ, ਸਬੀਹਾ, ਵਹੀਦਾ ਤੇ ਨੀਲੂ ਵਰਗੇ ਕਲਾਕਾਰ ਲੋਕਾਂ ਦੇ ਚਹੇਤੇ ਸਨ। ਤਾਸ਼ਕੰਦ (ਰੂਸ) ਫਿਲਮੀ ਮੇਲੇ ਵਿਚ ਸੰਤੋਸ਼ ਕੁਮਾਰ, ਅਸਲ ਨਾਂ ਸਈਦ ਮੂਸਾ ਰਜ਼ਾ) ਵੀ ਗਿਆ ਹੋਇਆ ਸੀ। ਉਥੇ ਹੀ ਦੋਵੇਂ ਇਕ-ਦੂਜੇ ਨੂੰ ਦਿਲ ਦੇ ਬੈਠੇ।***


ਸਬੀਹਾ ਖਾਨਮ ਤੇ ਸੰਤੋਸ਼ ਕੁਮਾਰ

ਨੂਰ ਜਹਾਂ ਕਿਹਾ ਜਾਂਦਾ ਸੀ। ਇਸ ਫਿਲਮ ਨੇ ਸੰਨ 1938 ਵਿਚ ਬੜਾ ਨਾਮ ਪੈਦਾ ਕੀਤਾ। ਦੂਸਰੀ ਫਿਲਮ 'ਸੱਸੀ ਪੰਨੂ' ਲਈ ਬਾਲੋ ਦੀ ਸੱਸੀ ਦੇ ਰੋਲ ਲਈ ਸਹਿਮਤੀ ਲਈ ਗਈ। ਕੰਮ ਦੀ ਜ਼ਿਆਦਤੀ ਅਤੇ ਫਿਲਮੀ ਦੁਨੀਆਂ ਦੀਆਂ ਤੇਜ਼ ਰੋਸ਼ਨੀਆਂ ਕਾਰਨ ਬਾਲੋ ਦੀ ਸਿਹਤ ਖਰਾਬ ਰਹਿਣ ਲੱਗ ਪਈ। ਇਨ੍ਹਾਂ ਹੀ ਦਿਨਾਂ ਵਿਚ ਬਾਲੋ ਨੇ 16 ਅਕਤੂਬਰ 1936 ਵਾਲੇ ਦਿਨ ਇਕ ਧੀ ਨੂੰ ਜਨਮ ਦਿੱਤਾ ਜਿਸ ਦਾ ਨਾਮ ਮੁਖਤਿਆਰ ਰੱਖਿਆ ਗਿਆ। ਫਿਲਮ 'ਸੱਸੀ ਪੰਨੂ' ਅਜੇ ਮੁਕੰਮਲ ਵੀ ਨਹੀਂ ਹੋਈ ਸੀ ਕਿ ਬਾਲੋ ਤਪਦਿਕ ਦੀ ਬੀਮਾਰੀ ਨਾਲ ਸੰਨ 1942 ਦੀ ਹਨੇਰੀ ਅਤੇ ਨਿਰਦਈ ਰਾਤ ਨੂੰ ਭਰ ਜਵਾਨੀ ਵਿਚ ਇਸ ਦੁਨੀਆਂ ਤੋਂ ਰੁਖਸਤ ਹੋ ਗਈ। ਬਾਲੋ ਨੇ ਮਰਨ ਤੋਂ ਪਹਿਲਾਂ ਮਾਹੀਏ ਤੋਂ ਵਾਅਦਾ ਲਿਆ ਕਿ ਉਹ ਬੇਟੀ ਨੂੰ ਪੜ੍ਹਾ-ਲਿਖਾ ਕੇ ਚੰਗੀ ਕਲਾਕਾਰ ਬਣਾਏਗਾ। ਬਾਲੋ ਦੀ ਖਾਹਿਸ਼ ਸੀ ਕਿ ਮੌਤ ਤੋਂ ਬਾਅਦ ਉਸ ਨੂੰ ਜੱਦੀ ਸ਼ਹਿਰ

ਗੁਜਰਾਤ ਵਿਚ ਦਫਨ ਕੀਤਾ ਜਾਏ ਪਰ ਸ਼ਹਿਰ ਦੇ ਨਾਮਵਰ ਮੌਲਵੀ ਸਈਅਦ ਇਨਾਇਤ ਉਲਾ ਸ਼ਾਹ ਬੁਖਾਰੀ ਨੇ ਨਾ ਕੇਵਲ ਆਪ ਹੀ ਬਾਲੋ ਦਾ ਜਨਾਜ਼ਾ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ, ਸਗੋਂ ਸ਼ਹਿਰ ਦੇ ਦੂਸਰੇ ਮੌਲਵੀਆਂ ਨੂੰ ਵੀ ਹਦਾਇਤ ਕਰ ਦਿੱਤੀ ਕਿ ਇਸ ਔਰਤ ਦਾ ਜਨਾਜ਼ਾ ਕੋਈ ਨਾ ਪੜ੍ਹਾਵੇ। ਜਨਾਜ਼ੇ ਨਾਲ ਗਏ ਲੋਕਾਂ ਨੇ ਸ਼ਹਿਰ ਦੇ ਕਬਰਿਸ'ਨ ਤੋਂ ਦੂਰ ਡੇਰਾ ਸਾਈਂ ਰਹੀਮ ਦੇ ਕੋਲ ਟਿੱਬਾ ਕਾਲੂਪਰਾ ਵਿਚ ਬਾਲੋ ਦਾ ਸਰੀਰ ਸਾਦੀਆਂ ਰਸਮਾਂ ਨਾਲ ਦਫਨ ਕਰ ਦਿੱਤਾ। ਕਦੇ ਬਾਬਾ ਬੁੱਲ੍ਹੇ ਸ਼ਾਹ ਦੇ ਸਰੀਰ ਨਾਲ ਵੀ ਇਹੀ ਸਲੂਕ ਕੀਤਾ ਗਿਆ ਸੀ। ਉਹ ਮੌਲਵੀ ਬਾਬਾ ਬੁੱਲ੍ਹੇ ਸ਼ਾਹ ਨੂੰ ਮੁਸਲਮਾਨ ਮੰਨਣੋਂ ਇਨਕਾਰੀ ਸਨ।

ਇਹ ਸੱਟ ਮਾਹੀਏ ਲਈ ਸਹਾਰਨੀ ਔਖੀ ਹੋ ਗਈ। ਬਾਲੋ ਦੇ ਸਦਮੇ ਵਿਚ ਮਾਹੀਆ ਬਹੁਤ ਜ਼ਿਆਦਾ ਸ਼ਰਾਬ ਪੀਣ ਲੱਗ ਪਿਆ ਅਤੇ ਧੀ ਨੂੰ ਉਸ ਦੀ ਦਾਦੀ ਕੋਲ ਗੁਜਰਾਤ ਛੱਡ ਦਿੱਤਾ। ਮਾਹੀਆ ਗਲੀਆਂ ਵਿਚ ਸ਼ਰਾਬ ਪੀ ਕੇ ਇਕ ਟੱਪਾ ਗਾਉਂਦਾ ਰਹਿੰਦਾ:

ਬੱਸ ਨੌਂ ਸੌ ਛਿਆਹਟ ਆਈ...
ਉਦੋਂ ਅਸੀਂ ਉੱਜੜ ਗਏ
*ਜਦੋਂ ਵੱਸਣੇ ਦੀ ਜਾਚ ਆਈ।*

ਇਕ ਦਿਨ ਸੁਪਨੇ ਵਿਚ ਮਾਹੀਏ ਨੂੰ ਬਾਲੋ ਮਿਲੀ ਤੇ ਉਸ ਨੂੰ ਆਪਣਾ ਵਾਅਦਾ ਯਾਦ ਕਰਵਾਇਆ। ਅਗਲੇ ਦਿਨ ਹੀ ਮਾਹੀਆ ਆਪਣੀ ਬੇਟੀ ਨੂੰ ਲਾਹੌਰ ਲਿਆਇਆ ਅਤੇ ਉਸ ਨੂੰ ਚੰਗੇ ਸਕੂਲ ਵਿਚ ਪੜ੍ਹਨ ਪਾ ਦਿੱਤਾ। ਬਾਅਦ ਵਿਚ ਉਸ ਨੂੰ ਕਲਾ ਦੀ ਤਾਲੀਮ ਵੀ ਦਿਵਾਈ। ਮਾਹੀਏ ਦੀ ਧੀ ਸਬੀਹਾ ਫਿਲਮੀ ਦੁਨੀਆਂ ਵਿਚ ਜਿਨ੍ਹਾਂ ਬੁਲੰਦੀਆਂ ਛੂਹ ਗਈ, ਉਹ ਕਿਸੇ ਹੋਰ ਨਾਇਕਾ ਨੂੰ ਛੂਹਣੀ ਨਸੀਬ ਨਹੀਂ ਹੋਈ। ਮਾਹੀਆ ਭਾਵੇਂ 55 ਸਾਲ ਦੀ ਉਮਰ ਤੱਕ ਜੀਵਿਆ ਪਰ ਬਾਲੋ ਦੇ ਵਿਛੋੜੇ ਦਾ ਝੋਰਾ ਉਸ ਨੂੰ ਦਿਨ ਰਾਤ ਲੱਗਿਆ ਰਿਹਾ। ਅਖੀਰ 27 ਸਤੰਬਰ, 1960 ਨੂੰ ਵਿਕਟੋਰੀਆ ਪਾਰਕ, ਸ਼ਾਹ ਜਮਾਲ, ਮੁਸਲਮ ਟਾਊਨ ਦੇ ਕਬਰਿਸਤਾਨ ਵਿਚ ਉਹ ਸਦਾ ਦੀ ਨੀਂਦ ਸੌਂ ਗਿਆ।

ਮੇਰੇ ਕੋਲ ਬਾਲੋ ਅਤੇ ਮਾਹੀਏ ਬਾਰੇ ਕਾਫੀ ਜਾਣਕਾਰੀ ਇਕੱਠੀ ਹੋ ਗਈ ਸੀ ਪਰ ਵਾਪਸੀ ਤੋਂ ਪਹਿਲਾਂ ਕਿਸੇ ਚੰਗੇ ਗਾਇਕ ਕੋਲੋਂ ਮਾਹੀਏ ਸੁਣਨਾ ਚਾਹੁੰਦਾ ਸੀ। ਦੋਸਤਾਂ ਨੇ ਗੁਜਰਾਂਵਾਲੇ ਤੋਂ 20 ਕੁ ਮੀਲ ਦੇ ਫਾਸਲੇ 'ਤੇ ਕਿਲਾ ਦੀਦਾਰ ਸਿੰਘ ਦੇ ਨੇੜੇ ਚਹਿਲ ਕਲਾਂ ਰਾਣਾ ਇਸਤੇਖਾਰ ਦੇ ਘਰ ਰਾਤ ਦਾ ਪ੍ਰੋਗਰਾਮ ਰੱਖ ਦਿੱਤਾ। ਰਾਣਾ ਪਿੰਡ ਸ਼ਾਹ ਕੋਟ ਤੋਂ ਉਠ ਕੇ ਪਾਕਿਸਤਾਨ ਗਿਆ ਹੈ। ਮੈਨੂੰ ਦੱਸਿਆ ਗਿਆ ਕਿ ਨਾਲ ਦੇ ਪਿੰਡੋਂ ਕਿਸੇ ਦਰਬਾਰ ਤੋਂ ਕੱਵਾਲ ਬੁਲਾਏ ਹਨ ਜੋ ਕਲਾਮ ਪੜ੍ਹਦਿਆਂ ਵਿਚ ਵਿਚ ਮਾਹੀਏ ਦਾ ਟੱਪਾ ਬੋਲਣਗੇ, ਤੁਸੀਂ ਨੋਟ ਕਰਦੇ ਰਹਿਣਾ। ਰਾਣੇ ਦੇ ਘਰ ਅੱਗੇ ਹਮੇਸ਼ਾ ਬੜੇ ਧੂਮ ਧੜੱਕੇ ਨਾਲ ਪ੍ਰੋਗਰਾਮ ਹੁੰਦੇ ਸਨ ਪਰ ਅੱਜ ਸਾਰਾ ਕੁਝ ਬੜਾ ਸਾਦਾ ਸੀ। ਇਕ ਤਾਂ ਮਰਹੂਮ ਬੇਨਜ਼ੀਰ ਭੁੱਟੋ ਦੀ ਮੌਤ ਵਿਚ ਸਾਰੀ ਕੌਮ ਡੁੱਬੀ ਹੋਈ ਸੀ, ਦੂਜੇ ਅੱਜ ਅਸੀਂ ਕੁਝ ਸੰਜੀਦਾ ਸੁਣਨ ਲਈ ਇਕੱਠੇ ਹੋਏ ਸਾਂ। ਸਾਜ਼ੀਆਂ ਨੇ ਆਪਣੇ ਸਾਜ਼ ਕੱਸ ਲਏ, ਤੇ ਸੂਖਮ ਛੋਹਾਂ ਨਾਲ ਅਲਾਪ ਲੈਣੇ ਸ਼ੁਰੂ ਕਰ ਦਿੱਤੇ। ਕੱਵਾਲਾਂ ਨੇ ਅਲਾਪ ਲੈਂਦਿਆਂ ਕੁਝ ਵੰਨਗੀਆਂ ਗਾਈਆਂ ਜੋ ਸ਼ਾਇਦ ਕਵਾਲਾਂ ਨੂੰ ਗਾਉਣ ਤੋਂ ਪਹਿਲਾਂ ਸਰੂਰ ਵਿਚ ਆਉਣ ਲਈ ਜ਼ਰੂਰੀ ਸਨ:

ਪੈਰ ਪ੍ਰੇਮ ਨਗਰ ਵਿਚ ਪਾਉਂਦਿਆਂ ਹੀ
ਪੰਡਾਂ ਗ਼ਮਾਂ ਦੀਆਂ ਪਾਉਣੀਆਂ ਪੈਂਦੀਆਂ ਨੇ।
ਹੱਥੀਂ ਆਪਣੀਆਂ ਇੱਜ਼ਤਾਂ ਲਾਹ ਕੇ ਤੇ,
ਹੱਥ ਖਸਮ ਫੜਾਉਂਦੀਆਂ ਪੈਂਦੀਆਂ ਨੇ।
ਜਿੱਥੇ, ਜਿਵੇਂ ਜਿਵੇਂ ਰਾਜ਼ੀ ਯਾਰ ਹੋਵੇ,
ਦੇਹੀਆਂ ਉਂਝ ਪਲਟਾਉਣੀਆਂ ਪੈਂਦੀਆਂ ਨੇ।
ਜਿੱਥੇ ਸ਼ਾਹੀ ਲਿਬਾਸਾਂ ਨੂੰ ਸਾੜ ਕੇ ਤੇ,
ਖਾਕਾਂ ਸਿਰ ਵਿਚ ਪਾਉਣੀਆਂ ਪੈਂਦੀਆਂ ਨੇ।
ਫਿਰ ਯਾਰ ਦੀ ਗਲੀ ਦੇ ਕੁੱਤਿਆਂ ਅੱਗੇ,
ਧੌਣਾਂ ਮੁੱਢੋਂ ਨਿਵਾਉਣੀਆਂ ਪੈਂਦੀਆਂ ਨੇ।
ਫਿਰ ਚੜ੍ਹ ਕੇ ਨੇਜ਼ੇ ਦੀ ਨੋਕ ਉਤੇ,
ਲਾਈਆਂ ਤੋੜ ਨਿਭਾਉਣੀਆਂ ਪੈਂਦੀਆਂ ਨੇ।

ਦੁਨੀਆਂ ਚੰਗੀ ਅਸੀਂ ਮੰਦੇ ਸੱਜਣਾ,
ਅਸੀਂ ਡਰਦੇ ਗੱਲ ਨਾ ਕਰਦੇ।
ਮਿਲ ਕੇ ਯਾਰ ਵਿਛੋੜਾ ਪਾ ਗਏ,
ਅਸੀਂ ਨਾ ਜਿਉਂਦੇ ਨਾ ਮਰਦੇ।

ਖਵਾਬ ਦੇ ਵਿਚ ਮੈਨੂੰ ਮਾਹੀ ਮਿਲਿਆ,
ਬੇਦਰਦ ਨਾ ਮਿਲਿਆ ਹੱਸ ਕੇ।
ਕੋਲੋਂ ਦੀ ਮੇਰੇ ਇਉਂ ਲੰਘ ਗਿਆ,
ਜਿਵੇਂ ਚੋਰ ਜਾਂਦੇ ਏ ਨੱਸ ਕੇ।

ਸੱਜਣ ਟੁਰੇ ਕੰਡ ਦੇ ਕੇ,
ਤੁਸੀਂ ਨੈਣੋਂ ਸਬਰ ਕਰੋ।
ਨੀਰ ਨਾ ਡੋਲੋ, ਤੁਸੀਂ ਭੈੜੀਓ ਅੱਖੀਓ,
ਸਾਨੂੰ ਯਾਰ ਨੂੰ ਦੇਖਣ ਦੇਵੋ।

ਨਹੀਂ ਆਇਆ ਮੇਰਾ ਦਿਲਬਰ ਜਾਨੀ,
ਚਲ ਬੋਲ ਨਾ ਝੂਠਿਆ ਕਾਵਾਂ।
ਤੂੰ ਝੂਠਾ ਤੇਰੇ ਬੋਲ ਵੀ ਝੂਠੇ,
*ਤੈਨੂੰ ਤਾੜੀ ਮਾਰ ਉਡਾਵਾਂ।*

ਇਸ ਤੋਂ ਬਾਅਦ ਕੱਵਾਲਾਂ ਨੇ ਕੱਵਾਲੀ ਛੇੜੀ, ਤੇ ਵਿਚ ਵਿਚ ਮਾਹੀਆ ਗਾਉਂਦੇ ਰਹੇ।

ਕੋਈ ਬੱਕਰਾ ਥਲ ਮੋਇਆ...
ਮਸਲਾ ਇਸ਼ਕੇ ਦਾ
ਨਹੀਂ ਦੁਨੀਆਂ ਤੋਂ ਹੱਲ ਹੋਇਆ।

ਹੱਟੀਆਂ 'ਤੇ ਨੀਲ ਆਇਆ...
ਉਦੋਂ ਮਾਹੀਆ ਮੈਨੂੰ ਮਿਲਿਆ
ਜਦੋਂ ਵਕਤ ਅਖੀਰ ਆਇਆ।

ਕਾਲੇ ਰੰਗ ਦੇ ਮਲੋਕ (ਫਲ) ਹੁੰਦੇ...
ਲੱਗੀਆਂ ਨਹੀਂ ਭੁੱਲਦੇ
ਜਿਹੜੇ ਅਸਲੀ ਲੋਕ ਹੁੰਦੇ।

ਕਬੂਤਰ ਲਾਈ ਤਾਂ ਬਾਜ਼ੀ...
ਜਿਨ੍ਹਾਂ ਪਿੱਛੇ ਰੁਲੇ ਹਾਂ ਅਸੀਂ
ਉਹ ਵੀ ਬੋਲ ਕੇ ਨਹੀਂ ਰਾਜ਼ੀ।

ਕਾਂ ਉੱਡਦਾ ਬੋਲ ਪਿਆ...
ਰੱਬਾ ਕੋਈ ਆਣ ਦੱਸੇ
ਕਿਵੇਂ ਵੱਜਦਾ ਢੋਲ ਪਿਆ।

ਆਲੇ ਵਿਚ ਰੂੰਅ ਮਾਹੀਆ...
ਰੁੱਸਣਾ ਸੀ ਮੈਂ ਢੋਲਿਆ
ਰੁਸ ਗਿਆ ਕਾਹਤੋਂ ਮਾਹੀਆ।

ਬੈਠਕ ਬੰਦ ਕੀਤੀ...
ਭਲਾ ਹੋਵੇ ਸੱਜਣਾਂ ਦਾ
ਜਿਨ੍ਹਾਂ ਜਿਉਂਦਿਆਂ ਕੰਡ ਕੀਤੀ।

ਥਾਲੀ ਵਿਚ ਖੰਡ ਮਾਹੀਆ...
ਕੰਡ ਕਰ ਲੰਘਨਾਂ ਏਂ
ਸਾਨੂੰ ਕੰਡ ਦੀ ਵੀ ਠੰਢ ਮਾਹੀਆ।

ਬਾਗਾਂ ਵਿਚ ਫੁੱਲ ਕੋਈ ਨਾ...
ਅੱਲਾ ਮੇਰਾ ਜਾਣਦਾ ਏ
ਤੇਰੀ ਅੱਖੀਆਂ ਦਾ ਮੁੱਲ ਕੋਈ ਨਾ।

ਕੋਈ ਮੁੰਦਰੀ ਤੋਲੇ ਦੀ...
ਜੱਗ ਭਾਵੇਂ ਸਾਰਾ ਰੁੱਸ ਜਾਏ
ਅਸੀਂ ਮੰਨਣੀ ਏ ਢੋਲੇ ਦੀ।

ਕੋਈ ਸਾਵੇਂ ਕਮਾਦ ਹੁੰਦੇ...
ਸੱਜਣਾਂ ਦੇ ਲੁੱਟਿਆਂ ਦੇ
ਕਦੇ ਘਰ ਨਹੀਂ ਅਬਾਦ ਹੁੰਦੇ।

ਚੂਰੀ ਸੱਜਣਾਂ ਦੇ ਕਾਂ ਜੋਗੀ...
ਵੇ ਜਿਨ੍ਹਾਂ ਦੇ ਤੂੰ ਮਿਹਣੇ ਦਿੰਦਾ
ਸਾਲਾ ਰਵ੍ਹਾਂਗੀ ਉਨ੍ਹਾਂ ਜੋਗੀ।

ਭਰੀ ਬਾਜਰੇ ਦੀ ਗੰਢ ਮਾਹੀਆ...
ਲੜਿਆ ਤੂੰ ਰਹੁ ਭਾਵੇਂ
ਪਰ ਸ਼ਹਿਰ ਨਾ ਛੱਡ ਮਾਹੀਆ।

ਮੁੱਠੀ ਭਰੀ ਹੋਈ ਏ ਕਲੀਆਂ ਦੀ...
ਯਾਰ ਗਵਾ ਬੈਠੀ ਆਂ
*ਨਹੀਂ ਸਾਂ ਵਾਕਿਫ ਗਲੀਆਂ ਦੀ।*

ਅਸੀਂ ਸਾਂਦਲ ਬਾਰ ਦੀ ਧੂੰਨੀ ਵਿਚ ਬੈਠੇ ਸਾਂ। ਜੇ ਕਾਂ ਦੀ ਉਡਾਰੀ ਦੇਖੀਏ, ਪਹਿਲਾਂ ਕਸਬਾ ਕੁੰਜਾਹ ਆਉਂਦਾ ਹੈ ਜਿੱਥੇ ਦੀਆਂ ਔਰਤਾਂ ਦੀ ਖੂਬਸੂਰਤੀ ਦੇ ਬੜੇ ਚਰਚੇ ਹਨ। ਕਿਸੇ ਨੇ ਬੜਾ ਬੇਬਾਕ ਹੋ ਕੇ ਕਿਹਾ ਹੈ-'ਰੰਨ ਕੁੰਜਾਹ ਦੀ, ਤੇ ਦਾਤਣ ਫਲਾਹ ਦੀ'। ਪੰਜਾਬੀ ਸ਼ਾਇਰ ਪ੍ਰੋ. ਸ਼ਰੀਫ਼ ਕੁੰਜਾਹੀ ਦਾ ਪਿੰਡ ਹੈ ਇਹ। ਅਗਲਾ ਸ਼ਹਿਰ ਗੁਜਰਾਤ ਹੈ।

ਬਾਲੋ ਤੋਂ ਪਹਿਲਾਂ ਇਸੇ ਸ਼ਹਰ ਵਿਚ ਤੁੱਲੇ ਘੁਮਿਆਰ ਦੀ ਕੁੜੀ ਸੋਹਣੀ ਦੀ ਖੂਬਸੂਰਤੀ ਦੇ ਚਰਚੇ ਸਨ। ਬਲਖ਼ ਬੁਖਾਰੇ ਤੋਂ ਵਪਾਰ ਕਰਨ ਆਏ ਮਿਰਜ਼ਾ ਇੱਜ਼ਤ ਬੇਗ ਦੇ ਸੀਨੇ 'ਤੇ ਸੋਹਣੀ ਦੇ ਹੁਸਨ ਦੀ ਐਸੀ ਬਿਜਲੀ ਗਿਰੀ ਕਿ ਉਹ ਆਪਣੀ ਸੁੱਧ-ਬੁੱਧ ਗੁਆ ਕੇ ਸਿਰਫ ਇਥੋਂ ਜੋਗਾ ਹੀ ਰਹਿ ਗਿਆ। ਪਿੱਛੋਂ ਸੋਹਣੀ ਤੇ ਮਹੀਂਵਾਲ (ਮਿਰਜ਼ਾ ਇੱਜ਼ਤ ਬੇਗ) ਦੇ ਇਸ਼ਕ ਦੇ ਕਿੱਸੇ ਦੁਨੀਆਂ ਵਿਚ ਮਸ਼ਹੂਰ ਹੋਏ। ਮੈਂ ਮਾਨਸਿਕ ਤੌਰ 'ਤੇ ਕਈ ਘੰਟਿਆਂ ਤੋਂ ਸਾਂਦਲ ਬਾਰ ਦੇ ਮੁਹੱਬਤਾਂ ਦੀ ਗੁੜ੍ਹਤੀ ਦੇਣ ਵਾਲੀ ਝਨਾਂ ਨਾਲ ਜੁੜਿਆ ਬੈਠਾ ਸਾਂ। ਮੈਂ ਸੋਚ ਰਿਹਾ ਸਾਂ ਕਿ ਪਤਾ ਨਹੀਂ ਇੰਦਰ ਦੇਵਤਾ ਨੂੰ ਕਿਆ ਫੁਰੀ ਜਿਸ ਨੇ ਝਨਾਂ ਦੀਆਂ ਛਾਤੀਆਂ ਵਿਚ ਇਸ਼ਕ ਦੀ ਪੋਟਲੀ ਰੱਖ ਦਿੱਤੀ ਜੋ ਸਦੀਆਂ ਤੋਂ ਇਕੋ ਚਾਲ ਨਾਲ ਖੁਰਦੀ ਆ ਰਹੀ ਹੈ। ਗੁਜਰਾਤ ਸ਼ਹਿਰ ਝਨਾਂ ਦੇ ਕੰਢੇ ਵੱਸਿਆ ਹੈ। ਸਾਹਿਬਾਂ ਦੇ ਪਿੰਡ ਖੀਵੇ ਤੱਕ ਵੀ ਝਨਾਂ ਦਾ ਪਾਣੀ ਰਿਸ-ਰਿਸ ਕੇ ਪਹੁੰਚ ਜਾਂਦਾ ਹੈ, ਤੇ ਹੀਰ ਦੇ ਸ਼ਹਿਰ ਝੰਗ ਦੇ ਤਾਂ ਨਾਲ ਖਹਿ ਕੇ ਝਨਾਂ ਲੰਘਦੀ ਹੈ। ਹੀਰ, ਸਾਹਿਬਾਂ ਅਤੇ ਸੋਹਣੀ ਤਾਂ ਉਹ ਹਨ ਜੋ ਇਤਿਹਾਸ ਦੇ ਸੀਨੇ 'ਤੇ ਸਤਰਾਂ ਬਣ ਕੇ ਉਕਰੀਆਂ ਗਈਆਂ, ਕੁਝ ਐਸੀਆਂ ਵੀ ਸਾਂਦਲ ਬਾਰ ਵਿਚ ਇਸ਼ਕ ਕਮਾ ਕੇ ਮੁੱਕ ਗਈਆਂ ਜਿਨ੍ਹਾਂ ਵੱਲ ਇਤਿਹਾਸ ਨੇ ਅੱਖ ਪੁੱਟ ਵੀ ਨਹੀਂ ਝਾਕਿਆ ਸਗੋਂ ਕੋਰਾ ਕਾਗਜ਼ ਬਣਿਆ ਰਿਹਾ। ਇਹ ਮਾਣ-ਹਾਰੀਆਂ ਕਿਸੇ ਗਿਲੇ-ਸ਼ਿਕਵੇ ਤੋਂ ਬਗ਼ੈਰ ਹੀ ਆਪਣੀਆਂ ਅਣਛੋਹੀਆਂ ਦਾਸਤਾਨਾਂ ਆਪਣੇ ਨਾਲ ਹੀ ਕੱਫਣਾਂ ਵਿਚ ਲਪੇਟੀ ਕਿਸੇ ਅਗਲੀ ਦੁਨੀਆਂ ਵਿਚ ਲੈ ਕੇ ਤੁਰ ਗਈਆਂ। ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਹੋਇਆ, ਜਦੋਂ ਸਮੇਂ ਦੇ ਪਏ ਹੋਏ ਘੱਟੇ ਵਿਚ ਬਾਲੋ ਤੇ ਮਾਹੀਏ ਦੀਆਂ ਪੈੜਾਂ ਤਲਾਸ਼ੀਆਂ। ਕੱਵਾਲ ਨੇ ਅਖੀਰੀ ਟੱਪਾ ਇੰਨਾ ਭਿੱਜ ਕੇ ਗਾਇਆ-ਬੱਸ ਜਾਨ ਹੀ ਕੱਢ ਕੇ ਲੈ ਗਿਆ। ਲੱਗਦਾ ਸੀ-ਸ਼ਾਇਰ ਨੇ ਟੱਪਾ ਧੁਰ ਬਾਲੋ ਦੀ ਆਤਮਾ ਤੋਂ ਪੁੱਛ ਕੇ ਲਿਖਿਆ ਹੈ:

ਵਿਚ ਕਬਰ ਖ਼ਿਆਲ ਆਇਆ...
ਰੂਹ ਕੋਲੋਂ ਬੁੱਤ ਪੁੱਛਿਆ
ਮਾਹੀ ਕਿਥੋਂ ਤੀਕ ਨਾਲ ਆਇਆ।

---

# ਨੈਣ-ਨਕਸ਼

***(ਸਫਾ 33 ਦੀ ਬਾਕੀ)***

ਹਨ ਪਰ ਇਕ ਜਥੇਦਾਰ ਦੀ ਆਹ ਗੱਲ ਸੁਣ ਕੇ ਤਾਂ ਹੈਰਾਨੀ ਹੀ ਹੋਈ ਐ ਕਿ ਮਨਪ੍ਰੀਤ ਦਾੜ੍ਹੀ ਕੱਟਦੈ। ਸ਼ਾਇਦ ਮਨਪ੍ਰੀਤ ਜੀ, ਇਸ ਗੱਲ ਨੂੰ ਤੁਸੀਂ ਵੀ ਜਾਣਦੇ ਹੋਵੋਗੇ ਕਿ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਨੂੰ ਕਿਹਾ ਜਾਂਦਾ ਸੀ ਕਿ ਉਹ ਰੋਜ਼ ਪੰਜ ਨਮਾਜ਼ਾਂ ਨਹੀਂ ਪੜ੍ਹਦੇ, ਮਸਜਿਦ ਨਹੀਂ ਜਾਂਦੇ ਤਾਂ ਉਹਦਾ ਜਵਾਬ ਸੀ, 'ਤੁਸੀਂ ਮੈਨੂੰ ਮੌਲਵੀ ਬਣਾਉਣੈ, ਮੇਰਾ ਕੰਮ ਐ ਤੁਹਾਡਾ ਪਾਕਿਸਤਾਨ ਲੈ ਕੇ ਦੇਣਾ, ਉਹ ਕੰਮ ਮੈਂ ਕਰ ਹੀ ਦਿਆਂਗਾ'। ਥੋੜੇ ਨਾਲ ਪੰਜਾਬ ਜੁੜਿਐ, ਧਰਮ ਦੀਆਂ ਸੀਨਾਂ ਮਾਰਨ ਵਾਲਿਆਂ ਤੋਂ ਜੇ ਜ਼ਰਾ ਬਚ ਕੇ ਚਲੋ ਤਾਂ ਭਲਾ ਫਿਰ ਸੱਚੀਂ ਹੀ ਸਰਬੱਤ ਦਾ ਹੋਵੇਗਾ।

ਪੰਜਾਬ ਦੇ ਲੋਕ ਦੁਪਹਿਰ ਨੂੰ ਛੋਲਿਆਂ ਦੀ ਤਰੀ ਤੇ ਆਥਣੇ ਮਸਰਾਂ ਦੀ ਦਾਲ ਸੱਠ-ਪੈਂਠ ਸਾਲਾਂ ਤੋਂ ਖਾ-ਖਾ ਕੇ ਅੱਕੇ ਪਏ ਨੇ। ਬੀ.ਐਸ.ਪੀ. ਨੇ 1992 ਵਿਚ, ਤੇ ਫਿਰ ਬਲਵੰਤ ਸਿੰਘ ਰਾਮੂਵਾਲੀਏ ਨੇ ਨਵੀਂ ਦਾਲ-ਭਾਜੀ ਲਈ ਮਾੜਾ-ਮੋਟਾ ਤੜਕੇ ਦਾ ਸਾਮਾਨ 'ਕੱਠਾ ਕੀਤਾ ਸੀ, ਪਰ ਭਾਂਡਾ ਨਾ ਮਿਲਣ ਕਰਕੇ ਉਨ੍ਹਾਂ ਦੇ ਆਲੂ-ਪਿਆਜ ਹੀ ਖਿਲਰ ਗਏ। ਲੋਕ ਜਾਣਦੇ ਨੇ ਕਿ ਪੰਜਾਬ ਵਿਚ ਬਾਦਲ ਭਾਵੇਂ ਦੋਵੇਂ ਹਨ, ਬਦਲ ਦੀ ਆਸ ਦਾ ਤੀਜਾ ਕਾਸਾ ਥੋੜੇ ਵੱਲ ਵਧਾਇਆ ਹੋਇਐ, ਤੇ ਉਮੀਦਾਂ ਨੱਕੋ-ਨੱਕ ਭਰਨ ਦੀਆਂ ਲੱਗੀਆਂ ਹੋਈਆਂ ਨੇ।

ਜਦੋਂ ਸ਼ਤਰੰਜ ਦੀ ਖੇਡ ਮੁੱਕਦੀ ਹੈ ਤਾਂ ਬਾਦਸ਼ਾਹ ਤੇ ਪਿਆਦਾ 'ਕੱਠੇ ਸੌਂ ਜਾਂਦੇ ਨੇ, ਪਰ ਰਾਜਨੀਤੀ 'ਚ 'ਜੀ ਸਰ' ਕਹਿਣ ਵਾਲੇ ਪਿਆਦਿਆਂ ਦੀ ਗਿਣਤੀ ਬੇਥਾਹ ਹੋਣ ਕਰਕੇ ਪਿਆਦੇ ਵੀ ਹੋਰ ਗਿਠਮੁਠੀਏ ਬਣ ਗਏ ਹਨ। ਜੀਹਨੇ ਵੀ ਕਦੇ 'ਨਹੀਂ ਸਰ' ਕਹਿਣ ਦੀ ਹਿੰਮਤ ਕੀਤੀ, ਉਨ੍ਹਾਂ ਦੇ ਹਾਲਾਤ ਮੇਲੇ ਪਿੱਛੋਂ ਖਾਲੀ ਲਿਫਾਫ਼ੇ ਉਡਣ ਵਰਗੇ ਕਰ'ਤੇ, ਅਤੇ ਜਿਹੜੇ ਕਦੇ ਫਿਰ ਉਚੇ ਮਹਿਲਾਂ 'ਚ ਮੁੜ ਕੇ ਵੀ ਆਏ ਤਾਂ ਉਨ੍ਹਾਂ ਨੂੰ ਸਹੁੰ 'ਜੀ ਸਰ' ਦੀ ਹੀ ਚੁੱਕਣੀ ਪਈ। ਖਿਆਲ ਕਰਿਓ ਮਨਪ੍ਰੀਤ ਜੀ! ਥੋੜੇ ਅੱਗੜ-ਪਿੱਛੜ ਕਈ ਉਹ ਲੋਕ ਵੀ 'ਜ਼ਿੰਦਾਬਾਦ' ਕਹਿਣ ਵਾਲੇ ਹੋਣਗੇ ਜਿਨ੍ਹਾਂ ਨੇ ਦਸਾਂ-ਪੰਦਰਾਂ ਦੀ ਪਹਿਲਾਂ ਵੀ 'ਜ਼ਿੰਦਾਬਾਦ' ਆਖੀ ਹੋਈ ਹੈ। ਸੱਚ ਇਹ ਵੀ ਹੈ ਕਿ ਇਹੋ ਪਿਆਦੇ ਪਛਾਨਣੇ ਅਸਲ ਵਿਚ ਔਖੇ ਬਹੁਤ ਹਨ।

ਹਾਲੇ ਤੀਕਰ ਆਪਣੇ ਮੁਲਕ ਵਿਚ ਰਾਜਨੀਤੀ ਦਾ ਅਰਥ ਹਕੂਮਤ ਹੀ ਰਿਹਾ ਹੈ, ਤੇ ਕਈਆਂ ਨੂੰ ਇਹਦਾ ਨਸ਼ਾ ਏਨਾ ਚੜ੍ਹਿਆ ਕਿ ਉਹ ਰੱਬ ਹੀ ਨਹੀਂ ਬਣ ਬੈਠੇ ਸਗੋਂ ਹੋਰ ਵੀ ਅੱਗੇ ਲੰਘ ਗਏ। ਨੇਤਾ 'ਚ ਅਤੇ ਰੱਬ 'ਚ ਫਰਕ ਇਸ ਕਰਕੇ ਨਹੀਂ ਰਿਹਾ, ਕਿ ਦੋਵੇਂ ਥਾਂ ਲੋਕ ਮੰਗਾਂ ਤੇ ਫਰਿਆਦਾਂ ਹੀ ਲੈ ਕੇ ਜਾਂਦੇ ਹਨ, ਜੀਹਦਾ ਦਿਲ ਕੀਤਾ, ਪੂਰੀ ਕਰ'ਤੀ, ਨਹੀਂ ਤਾਂ 'ਚੱਲ ਤੂੰ ਕੌਣ ਐਂ?' ਵਾਲੀ ਹਾਲਤ ਹੀ ਰਹੀ। ਜੇ ਤੁਸੀਂ ਸਹੀ ਅਰਥਾਂ 'ਚ ਰਾਜ ਨੂੰ ਸੇਵਾ ਦਾ ਰੁਤਬਾ ਬਣਾ ਦਿੱਤਾ ਤਾਂ ਹਿੰਦੋਸਤਾਨ ਦੀ ਧਰਤੀ 'ਤੇ ਕ੍ਰਿਸ਼ਮਾ ਹੀ ਹੋਵੇਗਾ, ਤੇ ਯਕੀਨਨ ਇਹ ਵੀ ਹੋਵੇਗਾ ਕਿ ਇਹ ਸੇਵਾ ਫਿਰ ਲੰਬੀ ਵੀ ਬੜੀ ਹੋਵੇਗੀ।

ਕੈਂਸਰ ਦੀ ਮਾਰ ਹੇਠ ਪੰਜਾਬ ਦੀ ਬੜੀ ਉਪਜਾਊ ਭੋਇੰ ਆ ਗਈ ਐ, ਤੇ ਮਾਲਵੇ ਦੇ ਖਾਸ ਤੌਰ 'ਤੇ ਫਾਜ਼ਿਲਕਾ ਨੇੜੇ ਪਾਕਿਸਤਾਨ ਦੀ ਹੱਦ ਨਾਲ ਲਗਦਾ ਦੋਨਾ ਨਾਨਕਾ ਤੇ ਤੇਜਾ ਰੁਹੇਲਾ ਸਹਿਤ ਦਰਜਨਾਂ ਪਿੰਡਾਂ 'ਚ ਕੈਂਸਰ ਪੀੜਤਾਂ ਨਾਲ ਮੰਜੇ ਭਰੇ ਪਏ ਹਨ। ਇਹ ਬਹੁਤੇ ਦੂਸ਼ਤ ਪਾਣੀ ਪੀਣ ਨਾਲ ਲਪੇਟੇ ਗਏ ਹਨ। ਥੋਨੂੰ ਸ਼ਾਇਦ ਇਨ੍ਹਾਂ ਪਿੰਡਾਂ 'ਚ ਜਾਣ ਦਾ ਹਾਲੇ ਮੌਕਾ ਨਾ ਵੀ ਮਿਲਿਆ ਹੋਵੇ ਪਰ ਪਿਛਲੇ ਵਰ੍ਹੇ ਮੈਂ ਅਤੇ ਭਗਵੰਤ ਮਾਨ ਇਨ੍ਹਾਂ ਪਿੰਡਾਂ 'ਚ ਦੁੱਖਾਂ ਦਾ ਪਹਾੜ ਦੇਖਣ ਗਏ ਸਾਂ। ਇਹ ਲੋਕ ਦਰਦਾਂ-ਪੀੜਾਂ ਨਾਲ ਭੰਨੇ ਹੋਏ ਕਰਾਹ ਰਹੇ ਸਨ, ਪਰ ਖੁਸ਼ੀ ਇਹ ਸਾਂਝੀ ਕਰ ਰਹੇ ਸਨ ਕਿ ਇਨ੍ਹਾਂ ਨੂੰ ਸ਼ੁੱਧ ਪਾਣੀ ਦੀਆਂ ਬੋਤਲਾਂ ਉਦੋਂ ਹੀ ਵੰਡੀਆਂ ਗਈਆਂ ਸਨ, ਜਦੋਂ ਪੰਜਾਬ ਦੇ ਉਪ ਮੁੱਖ ਮੰਤਰੀ ਨੇ ਸ਼ੇਰ ਸਿੰਘ ਘੁਬਾਇਆ ਵਾਲੀ ਵਿਹਲੀ ਹੋਈ ਜਲਾਲਾਬਾਦ ਦੀ ਸੀਟ ਤੋਂ ਚੋਣ ਜਿੱਤੀ ਸੀ। ਚਲੋ, ਹੋਰ ਹਲਕਿਆਂ ਵਿਚ ਭਾਵੇਂ ਚੋਣਾਂ ਵੇਲੇ ਸ਼ਰਾਬ ਤੇ ਹੋਰ ਨਸ਼ੇ-ਪੱਤੇ ਵੋਟਰਾਂ ਨੂੰ ਭਰਮਾਉਣ ਲਈ ਵੰਡੇ ਜਾਂਦੇ ਹੋਣਗੇ, ਪਰ ਇਨ੍ਹਾਂ ਪਿੰਡਾਂ ਦੇ ਲੋਕ ਆਪਣੇ ਘਰਾਂ ਦੀਆਂ ਪੜਛੱਤੀਆਂ 'ਤੇ ਪਾਣੀ ਵਾਲੀਆਂ ਖਾਲੀ ਬੋਤਲਾਂ ਸ਼ੋਅ ਪੀਸ ਬਣਾ ਕੇ ਰੱਖੀ ਬੈਠੇ ਹਨ। ਇਨ੍ਹਾਂ ਨੂੰ ਸ਼ਾਇਦ ਇਹ ਗੰਗਾ ਜਲ ਥੋੜ੍ਹੇ ਦਿਨਾਂ ਲਈ ਹੀ ਨਸੀਬ ਹੋਇਆ ਸੀ। ਜੇ ਇਨ੍ਹਾਂ ਪਿੰਡਾਂ ਦੇ ਤੁਸੀਂ ਦੁਖੜੇ ਹੱਲ ਕਰ'ਤੇ ਅਤੇ ਬੀਕਾਨੇਰ ਨੂੰ ਜਾਣ ਵਾਲੀ 'ਕੈਂਸਰ ਟਰੇਨ' ਵਿਚੋਂ ਮਰੀਜ਼ਾਂ ਦੀ ਗਿਣਤੀ ਘੱਟ ਕਰ'ਤੀ ਤਾਂ ਇਹ ਲੋਕ ਥੋਨੂੰ ਦਿਲੋਂ 'ਮਹਾਰਾਜਾ ਨਹੀਂ', 'ਮਹਾਰਾਜਾ ਜੀ' ਕਹਿਣਗੇ। ਉਦੋਂ ਤੁਸੀਂ ਪੰਜਾਬ ਦੇ ਵਿੱਤ ਮੰਤਰੀ ਸੀ, ਜਦੋਂ ਅਸੀਂ ਮੁੜਦੀ ਵਾਰੀ ਦੇਖਿਆ ਸੀ ਕਿ ਜਿਸ ਰੇਤ ਨੂੰ ਚੁੱਕਣ 'ਤੇ ਸੁਪਰੀਮ ਕੋਰਟ ਨੇ ਪਾਬੰਦੀ ਲਾਈ ਹੋਈ ਸੀ, ਉਹੀ ਰੇਤ ਟਰੱਕਾਂ ਅਤੇ ਟਰਾਲੀਆਂ 'ਚ ਵਾਹੋ-ਦਾਹੀ ਲੱਦੀ ਜਾ ਰਹੀ ਸੀ, ਪੁਲਿਸ ਦੀ ਹਾਜ਼ਰੀ ਵਿਚ। ਚਲੋ, ਇਹ ਵੀ ਹੋ ਵੀ ਸਕਦੈ ਕਿ ਇਸ ਅੰਜਾਮ ਨੂੰ ਰਾਜਨੀਤਕ ਸਰਪ੍ਰਸਤੀ ਹਾਸਲ ਹੋਵੇ।

ਅੰਨ੍ਹਾ ਸੀਰਨੀ ਆਪਣਿਆਂ 'ਚ ਵੰਡੇ ਤਾਂ ਇਹ ਉਸ ਦੀ ਮਜਬੂਰੀ ਹੁੰਦੀ ਹੈ, ਕਿਉਂਕਿ ਦਿਸਦਾ ਨਾ ਹੋਣ ਕਰਕੇ, ਉਹਦਾ ਘੇਰਾ ਨਿਰਭਰ ਹੁੰਦਾ ਹੈ ਤੇ ਹੱਥ ਆਪਣਿਆਂ ਤੋਂ ਪਰ੍ਹੇ ਨਹੀਂ ਜਾਂਦਾ, ਪਰ ਜੇ ਸੁਜਾਖੇ ਵੀ ਇਹ ਕੰਮ ਕਰੀ ਜਾ ਰਹੇ ਹਨ ਤਾਂ ਸੱਚੀਂ ਫਿਰ ਰੱਬ ਹੀ ਰਾਖੈ। ਮਨਪ੍ਰੀਤ ਜੀ, ਤੁਸੀਂ ਵੀ ਮੇਰੀ ਇਸ ਸੋਚ ਨਾਲ ਸਹਿਮਤ ਹੋਵੋਗੇ ਕਿ ਜੋ ਲੋਕ ਕਹਿੰਦੇ ਹਨ, ਭਾਵੇਂ ਮਜ਼ਾਕ 'ਚ ਕਹਿੰਦੇ ਹੋਣ, ਕਿਉਂਕਿ ਜਿਹੜੀਆਂ ਗੱਲਾਂ, ਘਟਨਾਵਾਂ ਵਾਰ-ਵਾਰ ਵਾਪਰਨ ਉਨ੍ਹਾਂ ਨਾਲ 'ਕਥਿਤ' ਸ਼ਬਦ ਜੁੜ ਜਾਂਦਾ ਹੈ; ਯਾਨਿ ਜੇ ਪੰਜਾਬ ਅੰਦਰ ਬਾਲ ਅਕਾਲੀ ਦਲ ਦੀ ਵਿਵਸਥਾ ਦਾ ਸੰਕਲਪ ਹੋਂਦ ਵਿਚ ਆ ਜਾਵੇ ਤਾਂ ਇਸ ਦਲ ਦਾ ਬਾਨੀ ਪ੍ਰਧਾਨ ਕੌਣ ਹੋਵੇਗਾ? ਸ਼ਾਇਦ ਰਾਜਨੀਤੀ ਤੋਂ ਕੋਹਾਂ ਦੂਰ ਰਹਿਣ ਵਾਲਾ ਸਾਧਾਰਣ ਮਨੁੱਖ ਵੀ ਛਾਲ ਮਾਰ ਕੇ ਮੂਹਰੇ ਆ ਕਹਿ ਦਊ-'ਫਲਾਣਾ'। ਪੁੱਤਰ ਮੋਹ ਤਾਂ ਚਲੋ ਮੁਗ਼ਲ ਸ਼ਾਸਕਾਂ 'ਚ ਵੀ ਹੁੰਦਾ ਹੀ ਆਇਆ ਹੈ, ਪਰ ਜੇ ਮੋਹ ਘਰ ਤੋਂ ਬਾਹਰ ਰਿਸ਼ਤੇਦਾਰੀਆਂ ਤੀਕਰ ਚਲਾ ਜਾਵੇ ਫਿਰ...? ਆਸ ਹੀ ਕਰਾਂਗੇ, ਇਸ ਮਕੜੀ ਜਾਲ 'ਚੋਂ ਪੰਜਾਬੀਆਂ ਨੂੰ ਮੁਕਤ ਕਰਵਾ ਦਿਉ।

ਹਰਨਾਕਸ਼ ਦੇ ਜਦੋਂ ਭਗਤ ਪ੍ਰਹਿਲਾਦ ਵਰਗਾ ਪੁੱਤਰ ਪੈਦਾ ਹੋਇਆ ਸੀ ਤਾਂ ਪਿਓ ਕਹਿੰਦਾ ਸੀ, ਕਹਿ 'ਉਆਂ ਹਰਨਾਕਸ਼-ਈਆਂ ਹਰਨਾਕਸ਼, ਜਲ ਹਰਨਾਕਸ਼-ਥਲ ਹਰਨਾਕਸ਼', ਤਾਂ ਭੂਆ ਦੀ ਗੋਦ 'ਚ ਅੱਗ 'ਚ ਸੜਿਆ ਜਾਣ ਵਾਲਾ ਪ੍ਰਹਿਲਾਦ ਇਸ ਕਰਕੇ ਬਚ ਗਿਆ ਸੀ ਕਿ ਉਹਦਾ ਜਵਾਬ ਹੀ ਇਹ ਸੀ ਕਿ 'ਨਹੀਂ ਤੈਥੋਂ ਵੀ ਵੱਡੀ ਕੋਈ ਸ਼ਕਤੀ ਹੈ।'

ਮਨਪ੍ਰੀਤ ਜੀ, ਰਾਜਨੀਤੀ ਵਿਚ ਸਭ ਤੋਂ ਵੱਡੀ ਸ਼ਕਤੀ ਲੋਕ ਹੁੰਦੇ ਨੇ, ਤੇ ਉਹ ਤੁਹਾਡੇ ਵੱਲ ਨੰਗੇ ਪੈਰੀਂ ਭੱਜੇ ਆ ਰਹੇ ਹਨ। ਪਰਵਾਸੀ ਪੰਜਾਬੀਆਂ ਵੱਲੋਂ ਹੱਥਾਂ ਦੀਆਂ ਛਾਂਵਾਂ ਕਰਨ ਪਿੱਛੇ ਕਰਜ਼ਾਈ, ਜਲਦੇ-ਭੁੱਜਦੇ, ਨਸ਼ਈ ਬਣਦੇ ਪੰਜਾਬ ਨੂੰ ਓਦਾਂ ਦਾ ਵੇਖਣ ਲਈ ਤੜਪ ਹੈ ਜਿਹੜਾ ਪੰਜਾਬ ਅੰਬਾਲੇ ਤੋਂ ਅੱਗੇ ਪੰਜਾਬ 'ਚ ਵੜਦਿਆਂ ਇਨ੍ਹਾਂ ਸ਼ਬਦਾਂ ਨਾਲ ਕਿ 'ਗੁਰੂਆਂ-ਪੀਰਾਂ, ਯੋਧਿਆਂ ਦੀ ਧਰਤੀ 'ਤੇ ਤੁਹਾਡਾ ਸਵਾਗਤ ਹੈ' ਤੋਂ ਸ਼ੁਰੂ ਹੁੰਦਾ ਹੈ।

ਪਿਛਲੇ ਕੁਝ ਵਰ੍ਹੇ ਤੋਂ ਪੰਜਾਬ ਕੁਝ ਲੋਕਾਂ ਦੀ ਨਿੱਜੀ ਸਲਤਨਤ ਜਾਪ ਰਿਹਾ ਹੈ।

ਪੱਥਰ ਲਗਾਉਣ ਦਾ ਅਰਥ ਇਹ ਹੁੰਦਾ ਹੈ ਕਿ ਲੋਕ ਚਿਰਾਂ ਤੀਕਰ ਚੇਤੇ ਰੱਖਣ ਕੇ ਕੀਹਨੇ ਕੀ ਕੀਤਾ ਸੀ ਪਰ ਥੋੜੇ ਹੱਥੋਂ ਜਿਸ ਨਵੇਂ ਪੰਜਾਬ ਦਾ ਨੀਂਹ ਪੱਥਰ ਰੱਖਣ ਦਾ ਅਹਿਦ ਹੈ, ਜੇ ਉਥੇ ਸੱਚੀਂ ਸੁਪਨਿਆਂ ਦਾ ਅਮਲੀ ਮਹਿਲ ਬਣ ਗਿਆ ਤਾਂ ਵਿਦਵਾਨ ਲੋਕ 'ਜ਼ਿੰਦਾਬਾਦ' ਤੋਂ ਵੱਡੇ ਸ਼ਬਦ ਦੀ ਖੋਜ ਲਈ ਮੀਟਿੰਗਾਂ ਕਰਨ ਲੱਗ ਪੈਣਗੇ।

ਬੋਲਣ ਤੋਂ ਪਹਿਲਾਂ ਬੋਲਣ ਲਈ ਗੁਸਤਾਖੀ
ਪੰਜਾਬ ਵਾਂਗ ਤੁਹਾਡਾ ਹਿਤੈਸ਼ੀ

***-ਐਸ. ਅਸ਼ੋਕ ਭੌਰਾ***

## ਕਹਾਣੀ

# ਸ਼ਾਹ ਦੌਲੇ ਦਾ ਚੂਹਾ

**ਪੁਰਾਣਾ ਮਾਖਿਓਂ**

***"ਸ਼ਾਹ ਦੌਲੇ ਦਾ ਚੂਹਾ" ਮਹਾਨ ਕਥਾਕਾਰ ਸਆਦਤ ਹਸਨ ਮੰਟੋ ਦੀ ਇਕ ਸ਼ਾਹਕਾਰ ਕਹਾਣੀ ਹੈ। ਕਹਾਣੀ ਦਾ ਅਨੁਵਾਦ ਕਹਾਣੀਕਾਰ ਪ੍ਰੇਮ ਗੋਰਖੀ ਨੇ ਕੀਤਾ ਹੈ। ਮੰਟੋ ਬਹੁਤ ਵੱਡਾ ਬੁੱਤ ਸੀ। ਕਈ ਵਾਰ ਤਾਂ ਉਸ ਦੀਆਂ ਕਥਾਵਾਂ ਵਿਚ ਨੀਟਸ਼ੇ ਅਤੇ ਫਰਾਂਜ ਕਾਯਾ ਵਰਗੇ ਸੰਸਾਰ ਸਾਹਿਤ ਦੇ ਮਹਾਨ ਬੁੱਤ ਸ਼ਿਕਨਾਂ ਵਾਲੀ ਤਾਕਤ ਨਜ਼ਰ ਆਉਂਦੀ ਹੈ। ਇਸ ਕਹਾਣੀ ਵਿਚ ਮੰਟੋ ਨੇ ਧਾਰਮਿਕ ਪਖੰਡ ਅਤੇ ਵਹਿਮਾਂ-ਭਰਮਾਂ ਦੇ ਸੰਸਾਰ 'ਤੇ ਅਜਿਹਾ ਜ਼ੋਰਦਾਰ ਵਾਰ ਕੀਤਾ ਹੈ ਕਿ ਪੜ੍ਹ ਕੇ ਸਦਾ ਸਦਾ ਲਈ ਰੂਹ ਚੁੰਧਿਆ ਜਾਂਦੀ ਹੈ। ਮੂੰਹ 'ਚੋਂ ਆਪ ਮੁਹਾਰੇ ਹੀ ਧੰਨ ਹੈ! ਮੰਟੋ! ਧੰਨ ਹੈ!! ਵਰਗੇ ਬੋਲ ਆਪ ਮੁਹਾਰੇ ਹੀ ਨਿਕਲ ਉਠਦੇ ਹਨ।***

ਸਲੀਮਾ ਦਾ ਜਦੋਂ ਵਿਆਹ ਹੋਇਆ ਤਾਂ ਉਹ ਇੱਕੀ ਵਰ੍ਹਿਆਂ ਦੀ ਸੀ। ਪੰਜ ਵਰ੍ਹੇ ਹੋ ਗਏ ਪਰ ਉਹਦੇ ਔਲਾਦ ਨਾ ਹੋਈ। ਉਹਦੀ ਮਾਂ ਤੇ ਸੱਸ ਨੂੰ ਬੜੀ ਫਿਕਰ ਸੀ। ਮਾਂ ਨੂੰ ਜ਼ਿਆਦਾ ਫਿਕਰ ਸੀ, ਇਸ ਲਈ ਕਿ ਉਹ ਸੋਚਦੀ, ਕਿਤੇ ਸਲੀਮਾ ਦਾ ਪਤੀ ਨਜੀਬ ਦੂਜਾ ਵਿਆਹ ਨਾ ਕਰ ਲਵੇ। ਕਈ ਡਾਕਟਰਾਂ ਨੂੰ ਵੀ ਦਿਖਾਇਆ ਪਰ ਕੋਈ ਗੱਲ ਨਾ ਬਣੀ।

ਸਲੀਮਾ ਨੂੰ ਵੀ ਬਹੁਤ ਚਿੰਤਾ ਸੀ। ਵਿਆਹ ਤੋਂ ਬਾਅਦ ਬਹੁਤ ਘੱਟ ਕੁੜੀਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸੰਤਾਨ ਦੀ ਇੱਛਾ ਨਾ ਹੋਵੇ। ਉਹਨੇ ਆਪਣੀ ਮਾਂ ਦੀਆਂ ਹਦਾਇਤਾਂ 'ਤੇ ਵੀ ਅਮਲ ਕੀਤਾ, ਪਰ ਨਤੀਜਾ ਕੁਝ ਨਾ ਨਿਕਲਿਆ।

ਇਕ ਦਿਨ ਉਹਦੀ ਸਹੇਲੀ ਜੋ ਬਾਂਝ ਕਰਾਰ ਦੇ ਦਿੱਤੀ ਗਈ ਸੀ, ਉਹਦੇ ਕੋਲ ਆਈ। ਸਲੀਮਾ ਬੜੀ ਹੈਰਾਨ ਹੋਈ, ਕਿਉਂਕਿ ਉਹਦੀ ਗੋਦ 'ਚ ਇਕ ਗੋਭਲਾ ਜਿਹਾ ਮੁੰਡਾ ਸੀ। ਸਲੀਮਾ ਨੇ ਉਸੇ ਹੈਰਾਨਗੀ 'ਚ ਉਹਨੂੰ ਪੁੱਛਿਆ, "ਫਾਤਮਾ ਤੇਰੇ ਇਹ ਮੁੰਡਾ ਕਿਵੇਂ ਪੈਦਾ ਹੋ ਗਿਆ?"

ਫਾਤਮਾ ਉਹਦੇ ਤੋਂ ਪੰਜ ਸਾਲ ਵੱਡੀ ਸੀ। ਉਹਨੇ ਮੁਸਕਰਾ ਕੇ ਕਿਹਾ, ਇਹ ਸ਼ਾਹ ਦੌਲੇ ਸਾਬ੍ਹ ਦੀ ਕਿਰਪਾ ਹੈ। ਮੈਨੂੰ ਇੱਕ ਤੀਵੀਂ ਨੇ ਕਿਹਾ ਸੀ ਕਿ ਜੇ ਤੂੰ ਸੰਤਾਨ ਚਾਹੁੰਦੀ ਹੈਂ ਤਾਂ ਗੁਜਰਾਤ ਜਾ ਕੇ ਸ਼ਾਹ ਦੌਲੇ ਸਾਬ੍ਹ ਦੇ ਮਜ਼ਾਰ 'ਤੇ ਮੰਨਤ ਮੰਨ ਤੇ ਕਹਿ ਕਿ ਅੱਲ੍ਹਾ ਤਾਅਲਾ ਮੇਰੇ ਜੋ ਪਹਿਲਾ ਬੱਚਾ ਹੋਵੇਗਾ ਉਹਨੂੰ ਚੜ੍ਹਾਵੇ ਦੇ ਰੂਪ ਵਿਚ ਤੁਹਾਡੀ ਖਾਨਗਾਹ 'ਤੇ ਚੜ੍ਹਾਉਂਗੀ।

ਉਹਨੇ ਸਲੀਮਾ ਨੂੰ ਇਹ ਵੀ ਦੱਸਿਆ ਕਿ ਜਦ ਸ਼ਾਹ ਦੌਲੇ ਸਾਬ੍ਹ ਦੇ ਮਜ਼ਾਰ 'ਤੇ ਅਜਿਹੀ ਮੰਨਤ ਮੰਗੀ ਜਾਏ ਤਾਂ ਪਹਿਲਾ ਬੱਚਾ ਅਜਿਹਾ ਪੈਦਾ ਹੁੰਦਾ ਹੈ ਜਿਸ ਦਾ ਸਿਰ ਬਹੁਤ ਹੀ ਛੋਟਾ ਹੁੰਦਾ ਹੈ। ਫਾਤਮਾ ਦੀ ਇਹ ਗੱਲ ਸਲੀਮਾ ਨੂੰ ਪਸੰਦ ਨਾ ਆਈ ਤੇ ਜਦ ਉਹਨੇ ਨਜੀਬ ਨੂੰ ਦੱਸਿਆ ਕਿ ਪਹਿਲਾ ਬੱਚਾ ਉਸ ਦੀ ਖਾਨਗਾਹ 'ਤੇ ਛੱਡ ਕੇ ਆਉਣਾ ਪੈਂਦਾ ਹੈ ਤਾਂ ਉਹਨੂੰ ਦੁੱਖ ਹੋਇਆ।

ਉਸ ਨੇ ਸੋਚਿਆ ਕਿਹੜੀ ਇਹੋ ਜਿਹੀ ਮਾਂ ਹੈ ਜਿਹੜੀ ਆਪਣੇ ਬੱਚੇ ਤੋਂ ਸਦਾ ਲਈ ਅਲੱਗ ਹੋ ਜਾਏ। ਉਹਦਾ ਸਿਰ ਛੋਟਾ ਹੋਵੇ, ਨੱਕ ਚਪਟਾ ਹੋਵੇ, ਅੱਖਾਂ ਭੈਂਗੀਆਂ ਹੋਣ, ਪਰ ਮਾਂ ਉਸ ਨੂੰ ਢੇਰ 'ਤੇ ਨਹੀਂ ਸੁੱਟ ਸਕਦੀ। ਕੁਝ ਵੀ ਹੋਵੇ ਉਹਨੂੰ ਔਲਾਦ ਚਾਹੀਦੀ ਸੀ ਇਸ ਲਈ ਉਹਨੇ ਆਪਣੇ ਤੋਂ ਵੱਧ ਉਮਰ ਵਾਲੀ ਸਹੇਲੀ ਦੀ ਗੱਲ ਮੰਨ ਲਈ। ਉਹ ਗੁਜਰਾਤ ਦੀ ਰਹਿਣ ਵਾਲੀ ਸੀ, ਜਿੱਥੇ ਸ਼ਾਹ ਦੌਲੇ ਦੀ ਮਜ਼ਾਰ ਸੀ। ਉਹਨੇ ਆਪਣੇ ਪਤੀ ਨੂੰ ਕਿਹਾ "ਫਾਤਮਾ ਮਜਬੂਰ ਕਰ ਰਹੀ ਹੈ ਕਿ ਮੇਰੇ ਨਾਲ ਚੱਲ, ਇਸ ਲਈ ਤੁਸੀਂ ਮੈਨੂੰ ਇਜਾਜ਼ਤ ਦੇਵੋ ਕਿ ਉਹਦੇ ਨਾਲ ਚਲੀ ਜਾਂ।" ਉਹਦੇ ਖਾਵੰਦ ਨੂੰ ਕੀ ਇਤਰਾਜ਼ ਹੋ ਸਕਦਾ ਸੀ, ਉਹਨੇ ਕਿਹਾ, "ਜਾਓ...ਪਰ ਛੇਤੀ ਮੁੜ ਆਉਣਾ।"

ਉਹ ਫਾਤਮਾ ਦੇ ਨਾਲ ਗੁਜਰਾਤ ਚਲੀ ਗਈ।

ਸ਼ਾਹ ਦੌਲੇ ਦਾ ਮਜ਼ਾਰ ਜਿਵੇਂ ਕਿ ਉਸ ਸੋਚਿਆ ਸੀ, ਕਿਸੇ ਕੀਮਤੀ ਪੱਥਰ ਦੀ ਇਮਾਰਤ ਨਹੀਂ ਸੀ। ਵਾਹਵਾ ਵੱਡੀ ਜਗ੍ਹਾ ਸੀ ਜੋ ਸਲੀਮਾ ਨੂੰ ਚੰਗੀ ਲੱਗੀ। ਪਰ ਜਦੋਂ ਉਹਨੇ ਇਕ ਪਾਸੇ ਪੀਰ ਸ਼ਾਹ ਦੌਲੇ ਦੇ ਚੂਹੇ ਦੇਖੇ, ਜਿਨ੍ਹਾਂ ਦੇ ਨੱਕਾਂ 'ਚੋਂ ਸੀਂਢ ਵਹਿ ਰਿਹਾ ਸੀ ਤੇ ਉਹ ਝੱਲੇ ਜਾਪਦੇ ਸਨ, ਤਾਂ ਉਹ ਸੁੰਨ ਜਿਹੀ ਹੋ ਗਈ।

ਉਸ ਦੇ ਸਾਹਮਣੇ ਇਕ ਜਵਾਨ ਕੁੜੀ ਸੀ ਜੋ ਆਪਣੇ ਪੂਰੇ ਜੋਬਨ 'ਤੇ ਸੀ, ਪਰ ਉਹ ਅਜਿਹੀਆਂ ਹਰਕਤਾਂ ਕਰਦੀ ਸੀ ਕਿ ਗੰਭੀਰ ਤੋਂ ਗੰਭੀਰ ਵਿਅਕਤੀ ਨੂੰ ਵੀ ਹਾਸਾ ਆ ਸਕਦਾ ਸੀ। ਸਲੀਮਾ ਵੀ ਉਹਨੂੰ ਦੇਖ ਕੇ ਇਕ ਪਲ ਭਰ ਹੱਸੀ ਪਰ ਤੁਰੰਤ ਹੀ ਉਹਦੀਆਂ ਅੱਖਾਂ ਵਿਚ ਹੰਝੂ ਆ ਗਏ। ਸੋਚਣ ਲੱਗੀ ਕਿ ਇਸ ਕੁੜੀ ਦਾ ਕੀ ਬਣੇਗਾ? ਇੱਥੋਂ ਦੇ ਮਾਲਕ ਇਹਨੂੰ ਕਿਸੇ ਦੇ ਹੱਥ ਵੇਚ ਦੇਣਗੇ, ਜੋ ਬਾਂਦਰੀ ਬਣਾ ਕੇ ਇਹਨੂੰ ਥਾਂ-ਥਾਂ ਘੁੰਮਾਉਣਗੇ। ਇਹ ਵਿਚਾਰੀ ਉਨ੍ਹਾਂ ਦੀ ਰੋਜ਼ੀ ਦਾ ਸਹਾਰਾ ਬਣ ਜਾਏਗੀ। ਉਸ ਦਾ ਸਿਰ ਬਹੁਤ ਛੋਟਾ ਸੀ। ਪਰ ਉਹਨੇ ਸੋਚਿਆ ਕਿ ਜੇ ਸਿਰ ਛੋਟਾ ਹੈ ਤਾਂ ਆਦਮੀ ਦਾ ਦਿਮਾਗ ਤਾਂ ਛੋਟਾ ਨਹੀਂ ਹੈ। ਉਹ ਤਾਂ ਪਾਗਲਾਂ ਦੇ ਵੀ ਲੱਗਾ ਹੈ।

ਸ਼ਾਹ ਦੌਲੇ ਦੀ ਇਸ ਚੂਹੀ ਦਾ ਸਰੀਰ ਬਹੁਤ ਸੋਹਣਾ ਸੀ। ਉਸ ਦੇ ਸਭ ਅੰਗ ਜਿਉਂ ਦੇ ਤਿਉਂ ਠੀਕ ਸਨ। ਪਰ ਇਉਂ ਲੱਗਦਾ ਸੀ ਕਿ ਉਸ ਦੀ ਬੌਧਿਕ ਚੇਤਨਾ ਨੂੰ ਜਾਣ ਬੁਝ ਕੇ ਖਤਮ ਕਰ ਦਿੱਤਾ ਗਿਆ ਹੈ। ਉਹ ਇਉਂ ਚਲਦੀ ਫਿਰਦੀ ਅਤੇ ਹੱਸਦੀ ਸੀ ਜਿਵੇਂ ਕੋਈ ਫੂਕ ਭਰਿਆ ਖਿਡੌਣਾ ਹੋਵੇ। ਸਲੀਮਾ ਨੇ ਮਹਿਸੂਸ ਕੀਤਾ, ਇਹ ਇਸੇ ਅਰਥ ਲਈ ਬਣਾਈ ਗਈ ਹੈ।

ਪਰ ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਉਸ ਨੇ ਆਪਣੀ ਸਹੇਲੀ ਫਾਤਮਾ ਦੇ ਕਹਿਣ 'ਤੇ ਸ਼ਾਹ ਦੌਲਾ ਸਾਹਿਬ ਦੇ ਮਜ਼ਾਰ 'ਤੇ ਮੰਨਤ ਮੰਗੀ ਕਿ ਜੇ ਉਸ ਦੇ ਬੱਚਾ ਹੋਇਆ ਤਾਂ ਉਹ ਉਸ ਦੀ ਭੇਟਾ ਕਰ ਦੇਵੇਗੀ।

ਡਾਕਟਰੀ ਇਲਾਜ ਸਲੀਮਾ ਨੇ ਜਾਰੀ ਰੱਖਿਆ। ਦੋ ਮਹੀਨੇ ਦੇ ਬਾਅਦ ਬੱਚੇ ਦੀ ਪੈਦਾਇਸ਼ ਦੇ ਆਸਾਰ ਹੋ ਗਏ। ਉਹ ਬਹੁਤ ਖੁਸ਼ ਹੋਈ। ਠੀਕ ਸੀ 'ਤੇ ਉਸ ਦੇ ਲੜਕਾ ਹੋਇਆ ਜੋ ਬਹੁਤ ਸੁੰਦਰ ਸੀ। ਗਰਭ ਦੌਰਾਨ ਕਿਉਂਕਿ ਚੰਦ ਗ੍ਰਹਿਣ ਲੱਗਾ ਹੋਇਆ ਸੀ ਇਸ ਲਈ ਉਸ ਦੀ ਸੱਜੀ ਗੱਲ੍ਹ 'ਤੇ ਇੱਕ ਛੋਟਾ ਜਿਹਾ ਤਿਲ ਸੀ, ਜੋ ਭੈੜਾ ਨਹੀਂ ਲੱਗਦਾ ਸੀ।

ਫਾਤਮਾ ਆਈ ਤਾਂ ਉਸ ਨੇ ਕਿਹਾ ਕਿ ਬੱਚੇ ਨੂੰ ਤੁਰੰਤ ਸ਼ਾਹ ਦੌਲੇ ਸਾਹਿਬ ਦੀ ਭੇਟਾ ਕਰ ਦੇਣਾ ਚਾਹੀਦੈ। ਸਲੀਮਾ ਖੁਦ ਇਹ ਮੰਨ ਚੁੱਕੀ ਸੀ। ਕਈ ਦਿਨਾਂ ਤੱਕ ਉਹ ਟਾਲ-ਮਟੋਲ ਕਰਦੀ ਰਹੀ। ਉਹਦੀ ਮਮਤਾ ਮੰਨਦੀ ਨਹੀਂ ਸੀ ਕਿ ਉਹ ਆਪਣੀਆਂ ਅੱਖਾਂ ਦੇ ਨੂਰ ਪੁੱਤ ਨੂੰ ਉਥੇ ਸੁੱਟ ਆਵੇ।

ਉਸ ਨੂੰ ਦਸਿਆ ਗਿਆ ਸੀ ਕਿ ਸ਼ਾਹ ਦੌਲੇ ਸਾਹਿਬ ਤੋਂ ਜੋ ਸੰਤਾਨ ਮੰਗਦਾ ਹੈ ਉਸ ਦੇ ਪਹਿਲੇ ਬੱਚੇ ਦਾ ਸਿਰ ਛੋਟਾ ਹੁੰਦਾ ਹੈ ਪਰ ਉਸ ਦੇ ਬੱਚੇ ਦਾ ਸਿਰ ਤਾਂ ਕਾਫ਼ੀ ਵੱਡਾ ਸੀ। ਫਾਤਮਾ ਨੇ ਉਸ ਨੂੰ ਕਿਹਾ, "ਇਹ ਕੋਈ ਇਹੋ ਜਿਹੀ ਗੱਲ ਨਈਂ ਜਿਹਦਾ ਤੂੰ ਬਹਾਨਾ ਬਣਾ ਸਕੇਂ। ਤੇਰਾ ਬੱਚਾ ਸ਼ਾਹ ਦੌਲੇ ਸਾਬ੍ਹ ਦੀ ਅਮਾਨਤ ਹੈ, ਤੇਰਾ ਇਸ ਉਤੇ ਕੋਈ ਹੱਕ ਨਹੀਂ। ਜੇ ਤੂੰ ਆਪਣੇ ਵਾਅਦੇ ਤੋਂ ਫਿਰ ਗਈ ਤਾਂ ਯਾਦ ਰੱਖੀਂ ਤੈਨੂੰ ਅਜਿਹਾ ਸਰਾਪ ਲੱਗੇਗਾ ਕਿ ਤੂੰ ਜ਼ਿੰਦਗੀ ਭਰ ਯਾਦ ਰਖੇਂਗੀ।" ਦੁਖੀ ਮਨ ਨਾਲ ਸਲੀਮਾ ਨੂੰ ਆਪਣਾ ਗੋਭਲਾ ਜਿਹਾ ਪੁੱਤ ਜਿਸ ਦੀ ਸੱਜੀ ਗੱਲ੍ਹ ਉਪਰ ਤਿਲ ਸੀ, ਸ਼ਾਹ ਦੌਲੇ ਦੇ ਸੇਵਕਾਂ ਨੂੰ ਦੇਣਾ ਪਿਆ।

ਉਹ ਇੰਨਾ ਰੋਈ, ਉਸ ਨੂੰ ਇੰਨਾ ਦੁੱਖ ਹੋਇਆ ਕਿ ਬੀਮਾਰ ਹੋ ਗਈ। ਇੱਕ ਵਰ੍ਹਾ ਉਹ ਜ਼ਿੰਦਗੀ ਤੇ ਮੌਤ ਵਿਚਾਲੇ ਉਲਝੀ ਰਹੀ। ਉਹ ਆਪਣੇ ਬੱਚੇ ਨੂੰ ਭੁੱਲ ਨਹੀਂ ਸੀ ਰਹੀ। ਖਾਸ ਤੌਰ 'ਤੇ ਉਹਨੂੰ ਉਹਦੀ ਸੱਜੀ ਗੱਲ੍ਹ ਉਪਰਲਾ ਤਿਲ ਵਾਰ-ਵਾਰ ਯਾਦ ਆਉਂਦਾ ਸੀ, ਜਿਹਨੂੰ ਉਹ ਅਕਸਰ ਚੁੰਮਿਆ ਕਰਦੀ ਸੀ, ਕਿਉਂਕਿ ਉਹ ਜਿੱਥੇ ਵੀ ਸੀ ਸੋਹਣਾ ਲੱਗਦਾ ਸੀ।

ਉਸ ਦੌਰਾਨ ਉਸ ਨੇ ਇੱਕ ਛਿਣ ਭਰ ਲਈ ਵੀ ਆਪਣੇ ਬੱਚੇ ਨੂੰ ਅਲੱਗ ਨਹੀਂ ਕੀਤਾ। ਉਹ ਵਚਿੱਤਰ ਸੁਪਨੇ ਦੇਖਦੀ। ਸ਼ਾਹ ਦੌਲਾ ਚੂਹੇ ਦੇ ਰੂਪ 'ਚ ਪ੍ਰੇਸ਼ਾਨ ਜਿਹਾ ਪ੍ਰਗਟ ਹੁੰਦਾ। ਉਸ ਦੇ ਮਾਸ ਨੂੰ ਆਪਣੇ ਤੇਜ਼ ਦੰਦਾਂ ਨਾਲ ਕੁਤਰਦਾ। ਉਹ ਚੀਖ ਉਠਦੀ ਤੇ ਆਪਣੇ ਪਤੀ ਨੂੰ ਕਹਿੰਦੀ, "ਮੈਨੂੰ ਬਚਾਓ, ਦੇਖੋ ਚੂਹਾ ਮੇਰਾ ਮਾਸ ਖਾ ਰਿਹਾ ਹੈ।"

ਕਦੇ ਉਸ ਦਾ ਬੇਚੈਨ ਦਿਮਾਗ ਇਹ ਸੋਚਦਾ ਕਿ ਉਸ ਦਾ ਬੱਚਾ ਚੂਹਿਆਂ ਦੀ ਖੁੱਡ ਵਿਚ ਦਾਖਲ ਹੋ ਰਿਹਾ ਹੈ। ਉਹ ਉਸ ਦੀ ਪੂਛ ਖਿੱਚ ਰਹੀ ਹੈ ਪਰ ਖੁੱਡ ਦੇ ਅੰਦਰ ਜੋ ਵੱਡੇ ਵੱਡੇ ਚੂਹੇ ਹਨ, ਉਨ੍ਹਾਂ ਨੇ ਉਸ ਦੀ ਬੂਥੀ ਫੜ ਲਈ ਹੈ। ਇਸ ਲਈ ਉਹ ਉਹਨੂੰ ਬਾਹਰ ਨਹੀਂ ਕੱਢ ਸਕਦੀ।

ਕਦੀ ਉਹਦੀਆ ਨਜ਼ਰਾਂ ਦੇ ਸਾਹਮਣੇ ਉਹ ਕੁੜੀ ਆਉਂਦੀ ਜੋ ਪੂਰੇ ਜੋਬਨ 'ਤੇ ਸੀ ਤੇ ਜਿਸ ਨੂੰ ਉਸ ਨੇ ਸ਼ਾਹ ਦੌਲੇ ਸਾਹਿਬ ਦੇ ਮਜ਼ਾਰ ਦੇ ਬਗਲ ਅੰਦਰ ਦੇਖਿਆ ਸੀ। ਸਲੀਮਾ ਹੱਸਦੀ ਪਰ ਥੋੜ੍ਹੀ ਦੇਰ ਬਾਅਦ ਰੋਣ ਲੱਗਦੀ। ਉਹ ਇੰਨੀ ਰੋਂਦੀ ਕਿ ਉਸ ਦੇ ਪਤੀ ਨਜੀਬ ਨੂੰ ਸਮਝ ਨਾ ਆਉਂਦੀ ਕਿ ਉਹ ਉਹਦੇ ਹੰਝੂ ਕਿਵੇਂ ਸੁਕਾਵੇ।

ਸਲੀਮਾ ਨੂੰ ਹਰ ਥਾਂ ਚੂਹੇ ਨਜ਼ਰ ਆਉਂਦੇ, ਬਿਸਤਰੇ 'ਤੇ, ਰਸੋਈ 'ਚ, ਗੁਸਲਖਾਨੇ 'ਚ, ਸੋਫੇ 'ਤੇ, ਦਿਲ 'ਚ, ਕੰਨਾਂ 'ਚ, ਕਦੇ-ਕਦੇ ਤਾਂ ਉਹ ਇਉਂ ਮਹਿਸੂਸ ਕਰਦੀ ਕਿ ਉਹ ਖੁਦ ਚੂਹੀ ਹੈ। ਉਸ ਦੇ ਨੱਕ 'ਚੋਂ ਸੀਂਢ ਵਹਿ ਰਿਹਾ ਹੈ। ਉਹ ਸ਼ਾਹ ਦੌਲੇ ਸਾਹਿਬ ਦੇ ਮਜ਼ਾਰ ਦੇ ਨਿਵਾਸੀਆਂ 'ਚ ਆਪਣਾ ਛੋਟਾ, ਬਹੁਤ ਹੀ ਛੋਟਾ ਸਿਰ ਆਪਣੇ ਕਮਜ਼ੋਰ ਮੋਢਿਆਂ 'ਤੇ ਚੁੱਕੀ ਅਜਿਹਾ ਵਰਤਾਓ ਕਰ ਰਹੀ ਹੈ ਕਿ ਦੇਖਣ ਵਾਲੇ ਹੱਸ-ਹੱਸ ਲੋਟ-ਪੋਟ ਹੋ ਰਹੇ ਹਨ। ਉਸ ਦੀ ਅਜੀਬ ਹਾਲਤ ਸੀ।

ਉਸ ਨੂੰ ਸਾਰੀ ਸ੍ਰਿਸ਼ਟੀ 'ਚ ਕਾਲੇ ਤਿਲ ਹੀ ਤਿਲ ਨਜ਼ਰ ਆਉਂਦੇ, ਜਿਵੇਂ ਉਹ ਇੱਕ ਬਹੁਤ ਵੱਡੀ ਗੱਲ੍ਹ ਹੈ, ਜਿਸ ਉਪਰ ਸੂਰਜ ਟੋਟੇ-ਟੋਟੇ ਹੋ ਕੇ ਥਾਂ-ਥਾਂ ਜੰਮ ਗਿਆ ਹੈ। ਬੁਖਾਰ ਉਤਰਿਆ ਤਾਂ ਸਲੀਮਾ ਦੀ ਹਾਲਤ ਕੁਝ ਸੁਧਰੀ। ਨਜੀਬ ਨੂੰ ਸੁੱਖ ਦਾ ਸਾਹ ਆਇਆ। ਉਹ ਜਾਣਦਾ ਸੀ ਕਿ ਸਲੀਮਾ ਦੀ ਬਿਮਾਰੀ ਦਾ ਕੀ ਕਾਰਨ ਹੈ। ਉਸ ਨੂੰ ਆਪਣੀ ਪਹਿਲੀ ਸੰਤਾਨ ਦੇ ਚੜ੍ਹਾਵੇ 'ਚ ਚਲੇ ਜਾਣ ਦਾ ਕੋਈ ਦੁੱਖ ਨਹੀਂ ਸੀ। ਜੋ ਕੁਝ ਕੀਤਾ ਗਿਆ ਸੀ ਉਹ ਉਹਨੂੰ ਬਿਲਕੁਲ ਠੀਕ ਮੰਨਦਾ ਸੀ। ਉਹ ਤਾਂ ਇਹ ਸੋਚਦਾ ਸੀ ਕਿ ਉਸ ਦੇ ਜੋ ਪੁੱਤਰ ਪੈਦਾ ਹੋਇਆ ਸੀ, ਉਹ ਉਸਦਾ ਨਹੀਂ ਬਲਕਿ ਸ਼ਾਹ ਦੌਲੇ ਸਾਹਿਬ ਦਾ ਸੀ।

ਜਦੋਂ ਸਲੀਮਾ ਦਾ ਬੁਖਾਰ ਉਤਰ ਗਿਆ ਤੇ ਦਿਲ-ਦਿਮਾਗ ਦਾ ਤੁਫਾਨ ਮੱਠਾ ਪੈ ਗਿਆ ਤਾਂ ਨਜੀਬ ਨੇ ਉਸ ਨੂੰ ਕਿਹਾ, "ਮੇਰੀ ਜਾਨ ਆਪਣੇ ਬੱਚੇ ਨੂੰ ਭੁੱਲ ਜਾ, ਉਹ ਮੰਨਤ ਸੀ।"

ਸਲੀਮਾ ਨੇ ਬੜੀ ਦੁਖੀ ਆਵਾਜ਼ 'ਚ ਕਿਹਾ, "ਮੈਂ ਨਹੀਂ ਮੰਨਦੀ। ਸਾਰੀ ਉਮਰ ਮੈਂ ਆਪਣੀ ਮਮਤਾ ਨੂੰ ਲਾਹਣਤਾਂ ਪਾਉਂਦੀ ਰਹਾਂਗੀ ਕਿ ਮੈਂ ਇੰਨਾ ਵੱਡਾ ਪਾਪ ਕੀਤਾ ਕਿ ਆਪਣੀਆਂ ਅੱਖਾਂ ਦਾ ਤਾਰਾ ਮਜ਼ਾਰ ਦੇ ਨੌਕਰਾਂ ਦੇ ਹਵਾਲੇ ਕਰ ਦਿੱਤਾ। ਇਹ ਨੌਕਰ ਮਾਂ ਤਾਂ ਨਹੀਂ ਹੋ ਸਕਦੇ।"

ਇਕ ਦਿਨ ਉਹ ਗਾਇਬ ਹੋ ਗਈ, ਸਿੱਧੀ ਗੁਜਰਾਤ ਪਹੁੰਚੀ ਤੇ ਸੱਤ ਅੱਠ ਦਿਨ ਉਥੇ ਰਹੀ। ਆਪਣੇ ਬੱਚੇ ਸਬੰਧੀ ਪੁੱਛ-ਗਿੱਛ ਕੀਤੀ, ਪਰ ਕੋਈ ਥਹੁ-ਪਤਾ ਨਾ ਲੱਗਾ। ਮਾਯੂਸ ਹੋ ਕੇ ਮੁੜ ਆਈ ਅਤੇ ਆਪਣੇ ਪਤੀ ਨੂੰ ਕਿਹਾ, "ਮੈਂ ਹੁਣ ਉਹਨੂੰ ਯਾਦ ਨਹੀਂ ਕਰਾਂਗੀ।"

ਯਾਦ ਤਾਂ ਉਹ ਕਰਦੀ ਰਹੀ, ਪਰ ਦਿਲ ਹੀ ਦਿਲ ਵਿਚ। ਉਸ ਦੇ ਬੱਚੇ ਦੀ ਸੱਜੀ ਗੱਲ੍ਹ ਉਪਰਲਾ ਤਿਲ ਉਸ ਦੇ ਦਿਲ ਦਾ ਧੱਬਾ ਬਣ ਕੇ ਰਹਿ ਗਿਆ ਸੀ। ਇਕ ਵਰ੍ਹੇ ਬਾਅਦ ਉਹਦੇ ਲੜਕੀ ਹੋਈ। ਉਸ ਦੀ ਸ਼ਕਲ ਉਹਦੇ ਪਲੇਠੀ ਦੇ ਪੁੱਤਰ ਨਾਲ ਬਹੁਤ ਮਿਲਦੀ-ਜੁਲਦੀ ਸੀ। ਉਸ ਦੀ ਸੱਜੀ ਗੱਲ੍ਹ ਉਪਰ ਤਿਲ ਨਹੀਂ ਸੀ। ਉਸ ਦਾ ਨਾਂ ਉਸ ਨੇ ਮੁਜੀਬਾ ਰੱਖਿਆ, ਕਿਉਂਕਿ ਆਪਣੇ ਪੁੱਤਰ ਦਾ ਨਾਂ ਉਸ ਨੇ ਮੁਜੀਬ ਸੋਚਿਆ ਸੀ। ਜਦੋਂ ਉਹ ਦੋ ਮਹੀਨੇ ਦੀ ਹੋਈ ਤਾਂ ਉਸ ਨੇ ਗੋਦ 'ਚ ਲਿਆ ਤੇ ਸੁਰਮੇਦਾਨੀ 'ਚੋਂ ਥੋੜ੍ਹਾ ਜਿਹਾ ਸੁਰਮਾ ਕੱਢ ਕੇ ਉਸ ਦੀ ਸੱਜੀ ਗੱਲ੍ਹ 'ਤੇ ਇਕ ਵੱਡਾ ਜਿਹਾ ਤਿਲ ਬਣਾ ਦਿੱਤਾ ਅਤੇ ਮੁਜੀਬ ਨੂੰ ਯਾਦ ਕਰਕੇ ਰੋਣ ਲੱਗੀ। ਉਸ ਦੇ ਅੱਥਰੂ ਗੱਲ੍ਹਾਂ ਉਪਰ ਟਪਕੇ ਤਾਂ ਉਸ ਨੇ ਤੁਰੰਤ ਹੀ ਆਪਣੇ ਦੁਪੱਟੇ ਨਾਲ ਪੂੰਝੇ ਅਤੇ ਹੱਸਣ ਲੱਗੀ। ਉਹ ਕੋਸ਼ਿਸ਼ ਕਰਨਾ ਚਾਹੁੰਦੀ ਸੀ ਕਿ ਆਪਣਾ ਦੁੱਖ ਭੁੱਲ ਜਾਏ।

ਇਸ ਦੇ ਬਾਅਦ ਸਲੀਮਾ ਦੇ ਦੋ ਲੜਕੇ ਪੈਦਾ ਹੋਏ। ਉਸ ਦਾ ਪਤੀ ਹੁਣ ਬਹੁਤ ਖੁਸ਼ ਸੀ। ਇਕ ਵਾਰ ਸਲੀਮਾ ਨੂੰ ਕਿਸੇ ਸਹੇਲੀ ਦੀ ਸ਼ਾਦੀ ਦੇ ਮੌਕੇ 'ਤੇ ਗੁਜਰਾਤ ਜਾਣਾ ਪਿਆ ਤਾਂ ਉਸ ਨੇ ਫਿਰ ਇਕ ਵਾਰ ਆਪਣੇ ਮੁਜੀਬ ਬਾਰੇ ਪੁੱਛ-ਗਿੱਛ ਕੀਤੀ, ਪਰ ਸਫਲਤਾ ਨਹੀਂ ਮਿਲੀ। ਉਸ ਨੇ ਸੋਚਿਆ ਕਿ ਸ਼ਾਇਦ ਮਰ ਗਿਆ ਹੈ। ਇਸ ਲਈ ਉਸ ਨੇ ਵੀਰਵਾਰ ਨੂੰ ਉਸ ਦੀ ਅੰਤਮ ਰਸਮ ਚੰਗੀ ਤਰ੍ਹਾਂ ਕਰਾਈ।

ਆਂਢ-ਗੁਆਂਢ ਦੀਆਂ ਸਭ ਔਰਤਾਂ ਹੈਰਾਨ ਸਨ ਕਿ ਕਿਸ ਸਬੰਧੀ ਇਹ ਸਾਰਾ ਝੰਜਟ ਕੀਤਾ ਗਿਆ ਹੈ। ਕਿਸੇ-ਕਿਸੇ ਨੇ ਸਲੀਮਾ ਤੋਂ ਪੁੱਛਿਆ ਵੀ, ਪਰ ਉਹਨੇ ਕਿਸੇ ਨੂੰ ਕੋਈ ਜਵਾਬ ਨਹੀਂ ਦਿੱਤਾ।

ਸ਼ਾਮ ਨੂੰ ਉਹਨੇ ਆਪਣੀ ਦਸ ਵਰ੍ਹਿਆਂ ਦੀ ਲੜਕੀ ਮੁਜੀਬਾ ਦਾ ਹੱਥ ਫੜਿਆ, ਅੰਦਰ ਕਮਰੇ 'ਚ ਲੈ ਆਈ। ਸੁਰਮੇ ਨਾਲ ਉਸ ਦੀ ਸੱਜੀ ਗੱਲ੍ਹ 'ਤੇ ਵੱਡਾ ਸਾਰਾ ਤਿਲ ਬਣਾਇਆ ਤੇ ਦੇਰ ਤਕ ਚੁੰਮਦੀ ਰਹੀ।

ਉਹ ਮੁਜੀਬਾ ਨੂੰ ਹੀ ਆਪਣਾ ਵਿਛੜਿਆ ਪੁੱਤਰ ਸਮਝਦੀ ਸੀ। ਹੁਣ ਉਸ ਨੇ ਉਹਦੇ ਬਾਰੇ ਸੋਚਣਾ ਛੱਡ ਦਿੱਤਾ ਸੀ। ਉਸ ਲਈ ਉਸ ਦੀ ਅੰਤਮ ਰਸਮ ਕਰਾਉਣ ਤੋਂ ਬਾਅਦ ਉਸ ਦੇ ਦਿਲ ਦਾ ਬੋਝ ਹਲਕਾ ਹੋ ਗਿਆ ਸੀ। ਉਸ ਨੇ ਆਪਣੇ ਦਿਲ ਦੀ ਦੁਨੀਆਂ 'ਚ ਕਬਰ ਵੀ ਬਣਾਈ ਸੀ, ਜਿਸ ਉਪਰ ਉਹ ਆਪਣੇ ਖਿਆਲਾਂ ਦੀ ਦੁਨੀਆਂ 'ਚੋਂ ਫੁੱਲ ਵੀ ਚੜ੍ਹਾਇਆ ਕਰਦੀ ਸੀ।

ਉਸ ਦੇ ਤਿੰਨੇ ਬੱਚੇ ਸਕੂਲ ਪੜ੍ਹਦੇ ਸਨ। ਉਨ੍ਹਾਂ ਨੂੰ ਹਰ ਰੋਜ਼ ਸਵੇਰੇ ਸਲੀਮਾ ਤਿਆਰ ਕਰਦੀ। ਉਨ੍ਹਾਂ ਲਈ ਨਾਸ਼ਤਾ ਬਣਾਉਂਦੀ। ਹਰ ਇਕ ਨੂੰ ਨੁਹਾਉਂਦੀ ਸੰਵਾਰਦੀ। ਜਦੋਂ ਉਹ ਚਲੇ ਜਾਂਦੇ ਤਾਂ ਇਕ ਛਿਣ ਲਈ ਉਸ ਨੂੰ ਆਪਣੇ ਮੁਜੀਬ ਦਾ ਖਿਆਲ ਆਉਂਦਾ ਬੇਸ਼ਕ ਉਹ ਉਸ ਦੀ ਅੰਤਮ ਰਸਮ ਕਰ ਚੁੱਕੀ ਸੀ ਅਤੇ ਉਸ ਦੇ ਦਿਲ ਦਾ ਬੋਝ ਹਲਕਾ ਹੋ ਗਿਆ ਸੀ, ਫਿਰ ਉਸ ਨੂੰ ਕਦੇ-ਕਦੇ ਇਉਂ ਲੱਗਦਾ ਕਿ ਮੁਜੀਬ ਦੀ ਸੱਜੀ ਗੱਲ੍ਹ ਦਾ ਕਾਲਾ ਤਿਲ ਉਸ ਦੇ ਦਿਮਾਗ 'ਚ ਮੌਜੂਦ ਹੈ। ਇਕ ਦਿਨ ਉਸ ਦੇ ਤਿੰਨੇ ਬੱਚੇ ਦੌੜੇ-ਦੌੜੇ ਆਏ ਤੇ ਉਹਨੂੰ ਕਹਿਣ ਲੱਗੇ, "ਅੰਮੀ ਅਸੀਂ ਤਮਾਸ਼ਾ ਦੇਖਣਾ ਹੈ।"

ਉਸ ਨੇ ਬੜੇ ਪਿਆਰ ਨਾਲ ਕਿਹਾ, "ਕਿਹੜਾ ਤਮਾਸ਼ਾ?"

ਉਸ ਦੀ ਲੜਕੀ ਨੇ ਜੋ ਸਭ ਤੋਂ ਵੱਡੀ ਸੀ, ਕਿਹਾ, "ਅੰਮੀ ਜਾਨ ਇਕ ਆਦਮੀ ਹੈ, ਉਹ ਤਮਾਸ਼ਾ ਦਿਖਾਉਂਦਾ ਹੈ।"

ਸਲੀਮਾ ਨੇ ਕਿਹਾ, "ਜਾਓ ਉਹਨੂੰ ਅੰਦਰ ਬੁਲਾ ਲਿਆਓ। ਘਰ ਦੇ ਅੰਦਰ ਨਾ ਆਏ, ਬਾਹਰ ਤਮਾਸ਼ਾ ਕਰੇ।"

ਬੱਚੇ ਦੌੜਦੇ ਹੋਏ ਗਏ ਤੇ ਉਸ ਆਦਮੀ ਨੂੰ ਬੁਲਾ ਲਿਆਏ ਅਤੇ ਤਮਾਸ਼ਾ ਦੇਖਦੇ ਰਹੇ। ਜਦ ਉਹ ਖਤਮ ਹੋ ਗਿਆ ਤਾਂ ਮੁਜੀਬਾ ਆਪਣੀ ਮਾਂ ਦੇ ਕੋਲ ਆਈ ਤਾਂ ਕਿ ਪੈਸੇ ਦੇ ਦੇਵੇ। ਮਾਂ ਨੇ ਬਟੂਏ 'ਚੋਂ ਚੁਆਨੀ ਕੱਢੀ ਤੇ ਬਾਹਰ ਬਰਾਮਦੇ 'ਚ ਗਈ। ਬਾਹਰ ਦਰਵਾਜ਼ੇ ਕੋਲ ਪਹੁੰਚੀ ਤਾਂ ਸ਼ਾਹ ਦੌਲੇ ਦਾ ਇਕ ਚੂਹਾ ਖੜ੍ਹਾ ਵਚਿਤਰ ਅਦਾ 'ਚ ਆਪਣਾ ਸਿਰ ਹਿਲਾ ਰਿਹਾ ਸੀ। ਸਲੀਮਾ ਨੂੰ ਹਾਸਾ ਆ ਗਿਆ। ਦਸ ਬਾਰਾਂ ਬੱਚੇ ਉਹਦੇ ਆਲੇ-ਦੁਆਲੇ ਜੁੜੇ ਖੜ੍ਹੇ ਸਨ। ਇੰਨਾ ਰੌਲਾ ਪੈ ਰਿਹਾ ਸੀ ਕਿ ਕੰਨ ਪਈ ਆਵਾਜ਼ ਸੁਣ ਨਹੀਂ ਸੀ ਰਹੀ।

ਸਲੀਮਾ ਚੁਆਨੀ ਹੱਥ 'ਚ ਲਈ ਅੱਗੇ ਵਧੀ ਅਤੇ ਸ਼ਾਹ ਦੌਲੇ ਦੇ ਉਸ ਚੂਹੇ ਨੂੰ ਦੇਣੀ ਚਾਹੀ ਤਾਂ ਉਸ ਦਾ ਹੱਥ ਇਕ ਦਮ ਪਿੱਛੇ ਹਟ ਗਿਆ, ਜਿਵੇਂ ਬਿਜਲੀ ਦਾ ਕਰੰਟ ਛੂਹ ਗਿਆ ਹੋਵੇ। ਉਸ ਚੂਹੇ ਦੀ ਸੱਜੀ ਗੱਲ੍ਹ 'ਤੇ ਕਾਲਾ ਤਿਲ ਸੀ। ਸਲੀਮਾ ਨੇ ਧਿਆਨ ਨਾਲ ਉਸ ਵੱਲ ਦੇਖਿਆ। ਉਸ ਦੇ ਨੱਕ 'ਚੋਂ ਸੀਂਢ ਵਹਿ ਰਿਹਾ ਸੀ। ਕੋਲ ਹੀ ਖੜ੍ਹੀ ਮੁਜੀਬਾ ਨੇ ਆਪਣੀ ਮਾਂ ਨੂੰ ਕਿਹਾ, "ਇਹ...ਇਹ ਚੂਹਾ ਅੰਮੀਜਾਨ, ਇਹ ਦੀ ਸ਼ਕਲ ਮੇਰੇ ਨਾਲ ਕਿਉਂ ਮਿਲਦੀ ਹੈ, ਮੈਂ ਵੀ ਕੀ ਚੂਹੀ ਹਾਂ?"

ਸਲੀਮਾ ਨੇ ਉਸ ਸ਼ਾਹ ਦੌਲੇ ਦੇ ਚੂਹੇ ਦਾ ਹੱਥ ਫੜਿਆ ਅਤੇ ਅੰਦਰ ਲੈ ਗਈ। ਦਰਵਾਜ਼ਾ ਬੰਦ ਕਰਕੇ ਉਸ ਨੂੰ ਚੁੰਮਿਆ, ਲਾਡ ਕੀਤਾ। ਉਹ ਉਸ ਦਾ ਮੁਜੀਬ ਹੀ ਸੀ। ਪਰ ਉਹ ਅਜਿਹਾ ਵਿਚਿਤਰ ਵਰਤਾਓ ਕਰਦਾ ਸੀ ਕਿ ਸਲੀਮਾ ਦੇ ਦੁੱਖ ਭਰੇ ਦਿਲ 'ਚ ਹਾਸਾ ਆਉਂਦਾ-ਆਉਂਦਾ ਰਹਿ ਗਿਆ। ਉਸ ਨੇ ਮੁਜੀਬ ਨੂੰ ਕਿਹਾ, "ਪੁੱਤ ਮੈਂ ਤੇਰੀ ਮਾਂ ਹਾਂ।"

ਸ਼ਾਹ ਦੌਲੇ ਦਾ ਚੂਹਾ ਬਹੁਤ ਹੀ ਜ਼ੋਰ ਨਾਲ ਹੱਸਿਆ। ਆਪਣੀ ਨਲੀ ਬਾਂਹ ਨਾਲ ਪੂੰਝ ਕੇ ਉਸ ਨੇ ਆਪਣੀ ਮਾਂ ਦੇ ਸਾਹਮਣੇ ਹੱਥ ਫੈਲਾਇਆ, "ਇਕ ਪੈਸਾ?" ਮਾਂ ਨੇ ਆਪਣਾ ਪਰਸ ਖੋਲ੍ਹਿਆ ਪਰ ਉਸ ਦੀਆਂ ਅੱਖਾਂ ਆਪਣੇ ਅੱਥਰੂਆਂ ਦੀ ਨਹਿਰ ਪਹਿਲਾਂ ਹੀ ਖੋਲ੍ਹ ਚੁੱਕੀਆਂ ਸਨ। ਉਸ ਨੇ ਸੌ ਰੁਪਏ ਦਾ ਨੋਟ ਕੱਢਿਆ ਤੇ ਬਾਹਰ ਜਾ ਕੇ ਉਸ ਆਦਮੀ ਨੂੰ ਦਿੱਤਾ ਜਿਹੜਾ ਉਸਨੂੰ ਤਮਾਸ਼ਾ ਬਣਾਈ ਫਿਰਦਾ ਸੀ। ਉਸ ਨੇ ਇਨਕਾਰ ਕਰ ਦਿੱਤਾ ਕਿ ਇੰਨੀ ਘੱਟ ਕੀਮਤ 'ਤੇ ਆਪਣੀ ਰੋਜ਼ੀ ਦੇ ਸਾਧਨ ਨੂੰ ਨਹੀਂ ਵੇਚ ਸਕਦਾ। ਅੰਤ ਸਲੀਮਾ ਨੇ ਪੰਜ ਸੌ ਰੁਪਏ 'ਚ ਉਸ ਨੂੰ ਰਾਜ਼ੀ ਕਰ ਲਿਆ। ਉਹ ਰਕਮ ਦੇ ਕੇ ਜਦੋਂ ਅੰਦਰ ਆਈ ਤਾਂ ਮੁਜੀਬ ਗਾਇਬ ਸੀ। ਮੁਜੀਬਾ ਨੇ ਉਸ ਨੂੰ ਦੱਸਿਆ ਕਿ ਉਹ ਪਿੱਛਿਓਂ ਬਾਹਰ ਨਿਕਲ ਗਿਆ ਹੈ।

ਸਲੀਮਾ ਦੀ ਕੁੱਖ ਪੁਕਾਰਦੀ ਰਹੀ ਕਿ ਮੁਜੀਬ ਵਾਪਸ ਆ ਜਾਓ, ਪਰ ਉਹ ਅਜਿਹਾ ਗਿਆ ਕਿ ਫਿਰ ਵਾਪਸ ਨਾ ਆਇਆ।

# ਮੇਲਾ ਮਵੇਸ਼ੀਆਂ

**ਗੁਰਦਿਆਲ ਸਿੰਘ**

ਟਿੱਬੀ ਉਤੇ ਈ, ਉਨ੍ਹਾਂ ਦੇ ਪਿੰਡ ਦਾ ਭੂਰੂ ਟਾਂਗਰੀ ਆਪਣੀ ਦਾਤੀ-ਸਿੰਗੀ ਮੱਝ ਦੇ ਸਿੰਗ ਤੇਲ ਨਾਲ ਲਿਸ਼ਕਾਈ, ਉਹਦੀਆਂ ਚਿਚੜੀਆਂ ਤੋੜਨ ਮੰਡਿਆ ਪਿਆ ਸੀ। ਬਿੰਦੇ-ਝੱਟੇ ਉਹ ਮੂੰਹ ਚੁੱਕ ਕੇ ਸਾਹਮਣੇ ਪਸ਼ੂਆਂ 'ਤੇ ਬੰਦਿਆਂ ਦੀ ਭੀੜ ਵੱਲ ਇੰਜ ਝਾਕਦਾ ਜਿਵੇਂ ਉਹਨੂੰ ਅਜੇ ਵੀ ਕਿਸੇ ਗਾਹਕ ਦੀ ਆਸ ਹੋਵੇ।

ਸੰਤੂ ਨੇ ਉਸ ਵੱਲ ਵੇਖ ਕੇ ਪਾਲੇ ਨੂੰ ਕਿਹਾ, "ਵੇਖੀਂ ਉਇ ਬਾਈ, ਇਹਦੀਆਂ ਲੱਤਾਂ ਵੇਖੀਂ।"

ਪਾਲਾ ਉਸ ਵੱਲ ਝਾਕ ਕੇ ਹੱਸ ਪਿਆ। ਭੂਰੂ ਦੀਆਂ ਲੱਤਾਂ ਸੱਚੀਂ ਈ ਕੱਟੇ ਵਰਗੀਆਂ ਸਨ।

ਟਿੱਬੀ ਤੋਂ ਹੇਠ ਲਹਿੰਦਿਆਂ ਉਹ ਜਿਵੇਂ ਕਿਸੇ ਹੋਰ ਦੁਨੀਆਂ ਵਿਚ ਆ ਵੜੇ ਹੋਣ। ਖੁੱਲ੍ਹੇ ਚੌੜੇ ਰਾਹ ਦੇ ਦੋਹੀਂ ਪਾਸੀਂ ਤੰਬੂਆਂ ਵਿਚ ਭਾਂਤ-ਭਾਂਤ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਸਪਰਿੰਗਾਂ ਵਾਲੇ ਲਾਟੂ, ਚਿੱਟੀਆਂ ਡੰਡੀਆਂ ਵਾਲੇ ਚਾਕੂ, ਰਬੜ ਦੇ ਬਾਵੇ, ਰੰਗ-ਬਰੰਗੀਆਂ ਡੋਰੀਆਂ, ਧਲਿਆਰੇ, ਝਾਂਜਰਾਂ, ਘੁੰਗਰਾਲਾਂ-ਸਭ ਕੁਝ ਸੀ। ਸੰਤੂ ਨੇ ਖੀਸੇ ਵਿਚ ਪਾਈ ਚੁਆਨੀ ਟੋਹ ਕੇ ਵੇਖੀ ਤੇ ਰੁੱਖੇ ਬੁੱਲ੍ਹਾਂ ਤੇ ਜੀਭ ਫੇਰਨ ਲੱਗ ਪਿਆ। ਫੇਰ ਕੁਝ ਜੇਰਾ ਕਰਕੇ ਪਾਲੇ ਦੇ ਮੋਢੇ ਤੇ ਹੱਥ ਧਰਦਿਆਂ ਬੋਲਿਆ, "ਉਇ ਬਾਈ। ਕੁਸ ਖਾਣ ਵਾਲੀ ਚੀਜ ਲਈਏ?"

"ਕੀ ਲਏਂਗਾ?"

"ਕੁਸ ਲੈ ਲੈਨੇ ਐਂ।" ਸੰਤੂ ਨੇ ਸਧਰਾਈਆਂ ਨਜ਼ਰਾਂ ਨਾਲ, ਤੰਬੂਆਂ ਵੱਲ ਤੱਕਦਿਆਂ ਕਿਹਾ।

"ਕੁਸ ਕੀ ਤੂੰ ਊਠ-ਘੋੜਾ ਲਏਂਗਾ? ਡੂਢ ਆਨੇ ਦੀ ਤਾਂ ਤੇਰੇ ਕੋਲ ਭਾਨ ਐਂ।"

"ਕਾਹਨੂੰ, ਚੁਆਨੀ ਐ।"

"ਚੰਗਾ। ਗਾਹਾਂ ਚੱਲ ਕੇ ਜਲੇਬੀਆਂ ਖਾਵਾਂਗੇ। ਸਾਂਭ ਕੇ ਰੱਖੀਂ, ਐਵੇਂ ਭੀੜ 'ਚ ਕਿਤੇ ਡੇਗ ਬੈਠੇਂਗਾ।"

ਜਲੇਬੀਆਂ ਦਾ ਨਾਂ ਸੁਣ ਕੇ ਸੰਤੂ ਨੇ ਫੇਰ ਬੁੱਲ੍ਹਾਂ ਤੇ ਜੀਭ ਫੇਰੀ, ਤੇ ਮੋੜ ਉਤੇ ਲੱਗੇ ਵੱਡੇ ਤੰਬੂਆਂ ਵੱਲ ਝਾਕਣ ਲੱਗ ਪਿਆ। ਕਿੱਕਰ-ਬੇਰੀ ਦੇ ਫੱਟਾਂ ਉਤੇ ਬੈਠੇ ਜੱਟ, ਮੂਹਰੇ ਇੱਟਾਂ ਉਤੇ ਟਿਕਾਈਆਂ ਪੁਰਾਣੀਆਂ ਸ਼ਤੀਰੀਆਂ ਤੇ ਧਰੇ ਵੱਡੇ-ਵੱਡੇ ਪਿੱਤਲ ਦੇ ਥਾਲਾਂ ਵਿਚ ਰੋਟੀ ਖਾਈ ਜਾਂਦੇ ਸਨ। ਸੰਤੂ ਨੂੰ ਹੈਰਾਨੀ ਹੋਈ ਕਿ ਰੋਟੀ ਖਾਣ ਦਾ ਇਹ ਕਿਹੜਾ ਵੇਲਾ ਹੋਇਆ? ਓਦੋਂ ਉਹਦੀ ਨਿਗਾਹ ਵੱਡੇ-ਵੱਡੇ ਬੁਰਕ ਮਾਰਦੇ ਇੱਕ ਧੱਕੜ ਜਿਹੇ ਬੰਦੇ ਤੇ ਜਾ ਪਈ। ਉਹ ਇੱਕ ਰੋਟੀ ਦੀ ਜਿਵੇਂ ਇੱਕੋ ਬੁਰਕੀ ਕਰਦਾ ਸੀ, ਤੇ ਇਸ 'ਬੁਰਕੀ' ਨਾਲ ਬਾਟੀ ਦੀ ਸਾਰੀ ਦਾਲ ਵੀ ਸਮੇਟ ਲੈਂਦਾ ਸੀ। ਤਵੇ ਜਿਡੀਆਂ-ਜਿਡੀਆਂ ਤੰਦੂਰ ਦੀ ਰੋਟੀਆਂ ਦੀ ਗਿੱਠ ਉਚੀ ਥਹੀ ਉਹਦੇ ਮੂਹਰੇ ਧਰੀ ਹੋਈ ਸੀ।

"ਬਾਈ, ਵੇਖੀਂ, ਵੇਖੀਂ ਅਹੁ ਬੰਦਾ ਰੋਟੀ ਕਿਮੇਂ ਖਾਂਦੈ।"

"ਖਾਂਦਾ ਕਾਹਨੂੰ ਐ, ਚਰਦੈ।" ਪਾਲੇ ਨੇ ਓਧਰ ਝਾਕ ਕੇ ਕਿਹਾ, ਤੇ ਉਹ ਮੁਸਕਰਾ ਪਏ।

ਆਲੇ-ਦੁਆਲੇ ਜਲੇਬੀਆਂ ਵਾਲੀ ਕੋਈ ਦੁਕਾਨ ਨਹੀਂ ਸੀ ਦਿਸਦੀ। ਇੱਕ ਪਾਟੇ, ਮੈਲੇ-ਜਿਹੇ ਤੰਬੂ ਵਿਚ ਮਖਾਣੇ, ਫਿੱਕੀਆਂ ਖਿੱਲਾਂ ਤੇ ਰਿਉੜੀਆਂ-ਪਤਾਸਿਆਂ ਵਾਲੀਆਂ ਲੋਹੇ ਦੀ ਪਰਾਤਾਂ ਰੱਖੀ ਇੱਕ ਕਾਲਾ-ਧੂਤ, ਘੋਨ-ਮੋਨ ਹਲਵਾਈ ਜਰੂਰ ਬੈਠਾ ਸੀ। ਪਤਾਸਿਆਂ ਉਤੇ ਮੱਖੀਆਂ ਤੇ ਭਰਿੰਡਾਂ ਦਾ ਜਿਵੇਂ ਖੱਖਰ ਲੱਗਿਆ ਹੋਇਆ ਹੋਵੇ। ਉਹ ਹਲਵਾਈ ਜਦੋਂ ਉਚਾ ਸਾਰਾ ਹੋਕਾ ਦਿੰਦਾ ਤਾਂ ਬੱਕਰੀ ਦੇ ਮੇਮਣੇ ਵਾਂਗੂੰ ਮਿਆਂਕਦਾ ਲੱਗਦਾ। ਉਹਦੇ ਕਾੜ੍ਹਨੀ ਜਿੱਡੇ ਸਿਰ ਤੇ ਊਠ ਵਰਗੇ ਬੁੱਲ੍ਹਾਂ ਵਿਚੋਂ ਏਨੀ ਬਰੀਕ-ਜਿਹੀ ਆਵਾਜ਼ ਬੜੀ ਓਪਰੀ ਲੱਗਦੀ।

"ਉਇ ਬਾਈ।" ਸੰਤੂ ਨੇ ਉਭੜਵਾਹਿਆਂ ਪਾਲੇ ਨੂੰ ਕਿਹਾ, "ਅਹੁ ਰੇੜ੍ਹੀ ਆਲੇ ਤੋਂ ਮਿੱਠੇ

***(ਬਾਕੀ ਅਗਲੇ ਸਫੇ 'ਤੇ)***

# ਮੇਲਾ ਮਵੇਸ਼ੀਆਂ

ਛੋਲੇ ਲਈਏ, ਪੰਜਾਂ ਪੈਸਿਆਂ ਦੇ?"

"ਜਾਹ ਉਇ! ਕਿਧਰੋਂ ਭਾਲਿਐ, ਪਸ਼ੂਆਂ ਆਲਾ ਖਾਈਆ! ਘਰੇ ਕਦੇ ਛੋਲੇ ਨ੍ਹੀਂ ਵੇਖੇ?" ਪਾਲੇ ਨੇ ਉਸ ਵੱਲ ਘੂਰ ਕੇ ਤੱਕਿਆ।

ਸੰਤੂ ਨੇ ਨੀਵੀਂ ਪਾ ਲਈ ਤੇ ਹੱਥ ਬਾਹਰ ਕੱਢ ਕੇ, ਖੀਸਾ ਬਾਹਰੋਂ ਘੁੱਟ ਕੇ ਫੜ ਲਿਆ।

ਉਨ੍ਹਾਂ ਦੇ ਸਾਹਮਣੇ ਇੱਕ ਬੰਦੇ ਦੇ ਦੁਆਲੇ 'ਕੱਠੇ ਹੋਏ ਦਸ ਪੰਦਰਾਂ ਜਣੇ ਇਉਂ ਰੌਲਾ ਪਾ ਰਹੇ ਸਨ ਜਿਵੇਂ ਉਹ ਉਨ੍ਹਾਂ ਦਾ ਕੁਝ ਚੁੱਕ-ਚੁਰਾ ਲਿਆਇਆ ਹੋਵੇ। ਉਸ ਬੰਦੇ ਨੇ ਇੱਕ ਹੱਥ ਨਾਲ ਤਾਂ ਮੁਰਦੜੇ-ਜਿਹੇ ਵਹਿੜਕੇ ਦੀ ਨੱਥ ਫੜੀ ਹੋਈ ਸੀ, ਪਰ ਦੂਜੀ ਬਾਹੋਂ ਫੜ ਕੇ ਉਹਨੂੰ ਦੋ ਬੰਦੇ ਜਿਵੇਂ ਧੂਣ ਲੱਗੇ ਹੋਏ ਸਨ। ਉਨ੍ਹਾਂ ਵਿਚੋਂ ਇੱਕ ਵੱਡੀਆਂ-ਵੱਡੀਆਂ ਭੂਰੀਆਂ ਮੁੱਛਾਂ ਤੇ ਲਾਲ-ਅੱਖਾਂ ਵਾਲਾ ਬੰਦਾ ਵਹਿੜਕੇ ਵਾਲੇ ਨੂੰ ਕੁਦ-ਕੁਦ ਪੈ ਰਿਹਾ ਸੀ।

"ਉਇ ਤੂੰ ਬੰਦੈਂ ਕਿ ਪਸੂ? ਰੁਪਈਆ ਫੜ ਚੁੱਪ ਕਰਕੇ! ਕੱਲ੍ਹ ਨੂੰ ਏਸ ਕਾਰੰਗੇ ਨੂੰ ਕਿਸੇ ਪਸੇਰੀ ਛੋਲਿਆਂ ਵੱਟੇ ਨ੍ਹੀਂ ਸਿਆਨਣਾ-ਭਾਲਦੇ ਸਾਢੇ ਪੰਜ ਸੌ! ਤੂੰ ਸ਼ੁਕਰ ਕਰ ਬੀਮਾਰੀ ਤੇਰੇ ਮਗਰੋਂ ਲਹਿੰਦੀ ਐ।"

ਪਰ ਵਹਿੜਕੇ ਵਾਲਾ "ਊਂਹੂੰ, ਊਂਹੂੰ" ਕਰਦਾ ਸਿਰ ਮਾਰੀ ਜਾਂਦਾ ਸੀ। ਆਲੇ-ਦੁਆਲੇ ਖੜੋਤੇ ਬੰਦਿਆਂ 'ਚੋਂ ਕਈ ਘੂਰ-ਘੂਰ ਉਸ ਵੱਲ ਵੇਖ ਰਹੇ ਸਨ, ਕਈ ਚੁੱਪ-ਕੀਤੇ ਮੁਸਕੜੀਏਂ ਹੱਸ ਰਹੇ ਸਨ।

ਖੱਬੇ ਪਾਸੇ ਦੂਰ ਤੱਕ ਰੁੱਖਾਂ ਹੇਠ ਪਸ਼ੂ ਈ ਪਸ਼ੂ ਖੜੋਤੇ ਸਨ-ਮੱਝਾਂ, ਬਲਦ, ਗਾਈਆਂ, ਊਠ। ਚਾਰ ਚੁਫੇਰਿਓਂ ਹਰੇ-ਸੁੱਕੇ ਪੱਠਿਆਂ ਤੇ ਗੋਹੇ ਦਾ ਰਲਵਾਂ ਮੁਸ਼ਕ ਆ ਰਿਹਾ ਸੀ ਤੇ ਇਸ ਨਾਲ ਸੰਤੂ ਨੂੰ ਜਿਵੇਂ ਨਸ਼ਾ-ਜਿਹਾ ਚੜ੍ਹਨ ਲੱਗ ਪਿਆ ਸੀ।

ਸਾਹਮਣੇ ਪਿੱਪਲ ਹੇਠ 'ਬਾਵਾ ਜੀ' ਦਾ ਵੱਡਾ ਛਤਰ ਗੱਡਿਆ ਹੋਇਆ ਸੀ। ਸੰਤੂ ਨੇ ਪਾਲੇ ਨੂੰ ਬਾਹੋਂ ਹਲੂਣਦਿਆਂ ਕਿਹਾ, "ਓਇ ਬਾਈ! ਆ ਆਉਥੇ ਦਰਿਆਈ-ਘੋੜੇ ਵੇਖੀਏ।"

"ਛੱਡ ਉਇ ਪਰ੍ਹੇ, ਲੱਗਦਾ ਕੁਸ਼ ਦਰਿਆਈ-ਘੋੜਿਆਂ ਦਾ। ਉਹ ਤਾਂ ਠੱਗ 'ਕੱਠੇ ਹੋਏ ਵੇ ਐ-ਓਦੋਂ ਇੰਦਾ ਚਾਚਾ ਦਸਦਾ ਨ੍ਹੀਂ ਸੀ ਬਈ ਕਿਵੇਂ ਠੱਗ ਲੈਂਦੇ ਐ ਏ?"

ਸੰਤੂ ਨੇ ਹਿਰਖੀ ਨਜ਼ਰ ਨਾਲ ਪਾਲੇ ਵੱਲ ਵੇਖਿਆ ਤੇ ਫੇਰ ਛਤਰ ਵੱਲ ਨਿਗ੍ਹਾ ਗੱਡ ਲਈ। ਨਿੱਕੇ-ਨਿੱਕੇ ਕਈ ਮੁੰਡੇ ਵਾਹਣ 'ਚ ਬੈਠੀਆਂ ਭੇਡਾਂ ਵਾਂਗ ਛਤਰ ਦੇ ਆਲੇ-ਦੁਆਲੇ, ਕੱਠੇ ਹੋਏ ਬੈਠੇ ਸਨ। ਟੁੱਟੀ ਬਾਲਟੀ ਵਰਗੇ ਲਾਊਡ ਸਪੀਕਰ ਵਿਚੋਂ ਇੱਕ ਗੀਤ ਦੀ 'ਚੂੰ-ਚੂੰ' ਸੁਣਾਈ ਦੇ ਰਹੀ ਸੀ। 'ਬਾਵਾ ਜੀ', ਦੁਆਈਆਂ ਵਾਲੀਆਂ ਰੰਗ-ਬਰੰਗੀਆਂ ਸ਼ੀਸ਼ੀਆਂ ਮੂਹਰੇ ਰੱਖੀ, ਵੱਡੇ ਸਾਰੇ ਟਰੰਕ ਦਾ ਢਾਸਣਾ ਲਾ ਕੇ ਪਸਰੇ ਪਏ ਸਨ। ਭਾਰਾ ਢਿੱਡ, ਮੋਟੀ ਧੌਣ ਤੇ ਘੋਨ-ਮੋਨ ਸਿਰ ਬੜਾ ਓਪਰਾ ਜਿਹਾ ਲੱਗਦਾ ਸੀ। (ਦੋ ਵਰ੍ਹੇ ਪਹਿਲਾਂ ਜਦੋਂ ਉਹ ਦੋਏ ਭਰਾ ਇਉਂ ਈ ਕਪਾਹ ਦੀ ਰੁੱਤੇ, ਖੇਤੋਂ, ਚੋਰੀਓਂ ਭੱਜ ਕੇ ਮੇਲਾ ਵੇਖਣ ਆਏ ਸਨ, ਓਦੋਂ ਇਹ 'ਬਾਵਾ ਜੀ' ਏਨੇ ਨਰੋਏ ਨਹੀਂ ਸਨ, ਪਰ ਹੁਣ ਤਾਂ ਮਾਨਾਂ ਦੇ ਭੂਰੇ ਸਾਨ੍ਹ ਵਰਗੇ ਹੋਏ ਲੱਗਦੇ ਸਨ।) ਮਰਿਆ ਹੋਇਆ ਦਰਿਆਈ-ਘੋੜਾ, ਮਗਰਮੱਛ ਤੇ ਸਰਾਲ੍ਹ ਵੀ ਨਹੀਂ ਦਿਸੇ, ਸ਼ਾਇਦ ਉਹ ਮੁੰਡਿਆਂ ਦੇ ਉਹਲੇ ਸਨ।

"ਬਾਈ! ਮੈਂ ਵੇਖ ਲਾਂ, ਅਹੁ," ਝਕਦਿਆਂ ਝਕਦਿਆਂ ਸੰਤੂ ਨੇ ਜੇਰਾ ਕਰਕੇ ਪਾਲੇ ਤੋਂ ਪੁੱਛਿਆ।

ਪਰ ਪਾਲੇ ਦਾ ਧਿਆਨ ਸਾਹਮਣਿਓਂ ਆਉਂਦੇ ਇੱਕ ਘੁੰਗਰਾਲਾਂ ਵੇਚਣ ਵਾਲੇ ਵੱਲ ਸੀ। ਸੰਤੂ ਨੂੰ ਵੀ ਉਹ ਬੰਦਾ ਅਜੀਬ ਲੱਗਿਆ। ਤੇੜ ਡੱਬ-ਖੜੱਬਾ ਭੋਥਾ ਤੇ ਪੈਰੋਂ ਸਿਰੋਂ ਨੰਗਾ ਸੀ। ਮੋਢਿਆਂ ਉਤੇ ਧਲਿਆਰੇ, ਘੁੰਗਰਾਲਾਂ ਤੇ ਲਾਲ ਹਰੇ ਰੰਗ ਦੀਆਂ ਗਾਨੀਆਂ ਲਮਕਾਈਆਂ ਹੋਈਆਂ ਸਨ। ਪਸਲੀਆਂ ਤੇ ਹਸਲੀ ਦੇ ਹੱਡ ਵੱਛਰੂ ਦੇ ਸਿੰਗਾਂ ਵਾਂਗ ਉਭਰੇ ਹੋਏ ਸਨ। ਦੋਹਾਂ ਹੱਥਾਂ ਵਿਚ ਦੋ ਘੁੰਗਰਾਲਾਂ ਫੜ ਕੇ ਉਹ ਪਹਿਲਾਂ ਉਨ੍ਹਾਂ ਨੂੰ ਜ਼ੋਰ-ਜ਼ੋਰ ਦੀ ਛਣਕਾਉਂਦਾ ਤੇ ਪਿੱਛੋਂ, "ਲੈ ਜਾ ਬੇਲੀਆ, ਲੈ ਜਾ ਬੇਲੀਆ" ਕਹਿੰਦਿਆਂ, ਉਭੜਵਾਹਾ "ਹਊ" ਕਰਕੇ ਢੱਠੇ ਵਾਂਗ ਬੜ੍ਹਕਦਿਆਂ ਟਪੂਸੀ ਮਾਰ ਕੇ ਦੋ ਕਦਮ ਅਗਾਂਹ ਜਾਂਦਾ। ਸਾਹਮਣੇ ਆ ਕੇ ਉਹਨੇ ਬੜ੍ਹਕ ਮਾਰਨ ਤੋਂ ਪਹਿਲਾਂ, ਘੱਗੀ-ਪਾਟੀ ਵਾਜ ਨਾਲ ਇੱਕ ਬੇਮੇਲ ਗੀਤ ਜਿਹਾ ਵੀ ਗਾਇਆ-

"ਸਾਵਾ ਬੜ੍ਹਕਾਂ ਮਾਰੂ –
ਤੋਰ ਪੰਜਾਬਣ ਦੀ।"

ਸੰਤੂ ਨੂੰ ਮੱਲੋਮੱਲੀ ਹਾਸੀ ਵੀ ਆ ਗਈ। ਉਸ ਪਾਲੇ ਤੋਂ ਪੁੱਛਿਆ, "ਇਹ ਕੀ ਕਹਿੰਦੈ, ਬਾਈ?"

ਪਾਲਾ ਮੁਸਕਰਾਉਂਦਿਆਂ ਉਸ ਬੰਦੇ ਵੱਲ ਵੇਂਹਦਾ ਰਿਹਾ। ਪਰ ਅਚਾਨਕ ਉਹਨੂੰ ਡਰ ਜਿਹਾ ਲੱਗਿਆ ਤੇ ਉਸ ਸੰਤੂ ਦੀ ਬਾਂਹ ਫੜ ਕੇ ਆਖਿਆ, "ਛੇਤੀ ਛੇਤੀ ਵੇਖ ਲੈ ਜਿਹੜਾ ਕੁਸ਼ ਵੇਖਣੈਂ ਕੰਜਰਾ, ਦਿਨ ਤਾਂ ਗਿਆ।"

ਸੰਤੂ ਨੇ ਆਸੇ-ਪਾਸੇ ਨਿਗ੍ਹਾ ਮਾਰੀ: ਕੀ ਵੇਖੇ, ਕੀ ਨਾ ਵੇਖੇ। ਕਾਹਲੇ ਕਾਹਲ ਤੁਰਦਿਆਂ ਉਨ੍ਹਾਂ ਸਾਰੇ ਮੇਲੇ ਵਿਚ ਦੋ ਗੇੜੇ ਹੋਰ ਲਾਏ। ਕਿਤੇ-ਕਿਤੇ ਪਲ-ਝੱਟ ਖੜੋਤੇ ਵੀ। ਸੰਤੂ ਨੇ ਦੋ ਤਿੰਨ ਵਾਰੀ ਪਾਲੇ ਤੋਂ ਚੁਆਨੀ ਖ਼ਰਚਣ ਦੀ ਸਲਾਹ ਫੇਰ ਪੁੱਛੀ, ਪਰ ਉਹਨੇ ਖ਼ਰਚਣ ਨਾ ਦਿੱਤੀ। ਭੁੱਖ ਦੋਹਾਂ ਨੂੰ ਬੜੀ ਲੱਗੀ ਹੋਈ ਸੀ। ਜਦੋਂ 'ਘੁੰਗਰੂਆਂ ਵਾਲੀ' ਸ਼ਰਦਾਈ ਵਾਲੇ ਕੋਲ ਆ ਕੇ ਖਲੋਤੇ ਤਾਂ ਤਿਹ ਵੀ ਲੱਗ ਆਈ।

"ਹੈਂ ਉਇ ਬਾਈ, ਇਹਨੂੰ ਘੁੰਗਰੂਆਂ ਆਲੀ ਸ਼ਰਦਾਈ' ਕਿਉਂ ਕਹਿੰਦੇ ਐ?" ਸੰਤੂ ਨੇ ਪੁੱਛਿਆ।

"ਤੈਨੂੰ ਆਪ ਨ੍ਹੀਂ ਦੀਂਹਦਾ?-ਇਹ ਘੁੰਗਰੂਆਂ ਆਲੇ ਘੋਟੇ ਨਾਲ ਰਗੜ ਕੇ ਪਿਉਂਦੈ।"

ਸੰਤੂ ਨੂੰ ਫੇਰ ਹਾਸੀ ਆ ਗਈ। ਸ਼ਰਦਾਈ ਰਗੜਨ ਵਾਲਾ ਬੰਦਾ, ਘੋਟੇ ਨਾਲ ਬੰਨ੍ਹੇ ਘੁੰਗਰੂਆਂ ਦੀ ਤਾਲ ਨਾਲ ਈ ਆਪਣੀਆਂ ਵਿੰਗੜ ਤੇ ਸੁਕੜੂ ਲੱਤਾਂ ਇਉਂ ਹਿਲਾਉਂਦਾ ਸੀ, ਜਿਵੇਂ ਵਹਿੜ ਦੇ ਮੱਖ ਲੜਦੀ ਹੋਵੇ।

"ਵੇਖੀਂ ਉਇ ਬਾਈ, ਹੇਠੋਂ ਛੜਾਂ-ਜੀਆਂ ਕਿਮੇਂ ਮਾਰਦੈ, ਆਪਣੇ ਵਛਰੂ ਆਂਗੂੰ।" ਸੰਤੂ ਠਹਾਕਾ ਮਾਰ ਕੇ ਹੱਸਿਆ।

ਪਰ ਜਿਵੇਂ ਜਿਵੇਂ ਸੂਰਜ ਹੇਠਾਂ ਲਹਿੰਦਾ ਜਾ ਰਿਹਾ ਸੀ, ਪਾਲੇ ਨੂੰ ਫ਼ਿਕਰ ਪੈਂਦਾ ਜਾਂਦਾ ਸੀ। ਉਸ ਸੰਤੂ ਦੀ ਬਾਂਹ ਫੜ ਕੇ ਖਿੱਚਦਿਆਂ ਕਿਹਾ, "ਚੱਲ ਹੁਣ ਪਿੰਡ ਨੂੰ ਚੱਲੀਏ, ਨਹੀਂ ਤਾਂ ਬਾਪੂ ਸਾਰੀ ਰਾਤ ਘਮਟੱਟੂ ਬਣਾ ਕੇ ਕੀੜਿਆਂ ਆਲੇ ਭੌਣਾਂ ਤੇ ਸਿਟ ਛਡੂ, ਕਿਸੇ ਨੇ ਗੋਤ ਨ੍ਹੀਂ ਪੁੱਛਣਾ।"

ਸੰਤੂ ਵੀ ਬਾਪੂ ਦਾ ਨਾਂ ਸੁਣ ਕੇ ਤ੍ਰਹਿ ਗਿਆ। ਬਾਪੂ ਜਦੋਂ ਉਨ੍ਹਾਂ ਨੂੰ ਕੁੱਟਣ ਲੱਗਦਾ, ਇੱਕ ਅੱਧੀ ਪਰਾਣੀ ਤੋੜੇ ਬਿਨਾਂ ਨਹੀਂ ਸੀ ਹਟਦਾ। ਸੰਤੂ ਨੂੰ ਇੰਜ ਲੱਗਦਾ ਜਿਵੇਂ ਉਹਨੇ ਉਨ੍ਹਾਂ ਦੋਹਾਂ ਭਰਾਵਾਂ ਉਤੇ, ਬਲਦਾਂ ਨਾਲੋਂ ਵਧੇਰੇ ਪਰਾਣੀਆਂ ਤੋੜੀਆਂ ਸਨ।

ਦਿਨ ਛਿਪ ਚੱਲਿਆ ਸੀ। ਉਹ ਕਾਹਲੇ ਪੈਰੀਂ ਮੁੜ ਪਏ। ਪਰ ਪਾਲੇ ਨੇ ਦਾਣਿਆਂ ਵਾਲੀ ਰੇੜ੍ਹੀ ਕੋਲ ਆ ਕੇ, ਆਪੇ ਈ ਆਖਿਆ, "ਭੂਕੜੇ ਚੱਬਣੇ ਐਂ?"

ਸੰਤੂ ਨੇ ਖੀਸੇ ਵਿਚ ਚੁਆਨੀ ਰੜਕਾਈ ਤੇ ਸਿਰ ਹਿਲਾ ਦਿੱਤਾ ਪਰ ਜਦੋਂ ਰੇੜ੍ਹੀ ਵਾਲਾ ਦਾਣੇ ਤੋਲਣ ਲੱਗਿਆ ਤਾਂ ਪਾਲੇ ਨੇ ਨਿਮਕੀ-ਜਿਹੀ ਨਾਲ ਉਹਨੂੰ ਕਿਹਾ, "ਬਾਈ, ਹਾਅ ਮਾੜੇ-ਜੇ ਮਿੱਠੇ ਭੂਕੜੇ ਵੀ ਪਾ ਦੀਂ, ਪੰਜਾ ਪੈਸਿਆਂ ਦੇ।"

"ਆਹਾ! ਮੂੰਹ ਤਾਂ ਵੇਖ ਮਿੱਠੇ ਭੂਕੜੇ ਖਾਣ ਆਲਿਆਂ ਦਾ!" ਦਾਣਿਆਂ ਵਾਲੇ ਨੇ ਉਨ੍ਹਾਂ ਨੂੰ ਟਿੱਚਰ ਕਰਦਿਆਂ ਕਿਹਾ ਪਰ ਮਿੱਠੇ ਛੋਲੇ ਫੇਰ ਵੀ ਨਾ ਪਾਏ।

"ਮਾਮੇ ਮੇਰੇ ਨੇ ਕੁਸ਼ ਵੀ ਨ੍ਹੀਂ ਉਇ ਦਿਤੇ।" ਅਗਾਂਹ ਆ ਕੇ ਝੋਲੀ ਵਿਚ ਪਾਏ ਭੂਕੜਿਆਂ ਵੱਲ ਝਾਕਦਿਆਂ, ਰੇੜ੍ਹੀ ਵਾਲੇ ਵੱਲ ਘੂਰ ਕੇ ਪਾਲੇ ਨੇ ਕਿਹਾ, ਤੇ ਡੂਢ-ਡੂਢ ਲੱਪ ਦਾਣੇ ਉਨ੍ਹਾਂ ਵੰਡ ਲਏ। ਫੇਰ ਉਥੇ ਈ ਖੜੋ ਕੇ ਲੱਪ-ਲੱਪ ਦਾ ਫੱਕਾ ਮਾਰ ਕੇ ਮੂੰਹ ਭਰ ਲਏ ਤੇ ਹਾਬੜਿਆਂ ਵਾਂਗ ਅੱਧ-ਨਿਗਲੇ ਕਰ ਕੇ ਨਘਾਰਦਿਆਂ ਪਿੰਡ ਨੂੰ ਭੱਜ ਤੁਰੇ। ਰਹਿੰਦੀ ਅੱਧੀ ਲੱਪ ਉਨ੍ਹਾਂ ਭੱਜਦਿਆਂ ਈ ਚੱਬੀ। ਪਾਲੇ ਕੋਲ ਬਚੇ ਦਾਣਿਆਂ ਵਿਚੋਂ ਚਾਰ ਕੁ ਦਾਣੇ ਅੱਧੇ ਰਿਹਾੜ ਕਰ ਕੇ ਸੰਤੂ ਲੈ ਗਿਆ। ਫੇਰ ਦਾਣੇ ਚਬੋਲਦਿਆਂ ਖ਼ਾਸੀ ਵਾਟ ਉਹ ਉਵੇਂ ਛਿੱਤਰ-ਘਸਾਊ ਰੇਵੀਆਂ ਚਾਲ ਭੱਜੇ ਗਏ ਤੇ ਇੰਜ ਦਾਣੇ ਚਬੋਲਦਿਆਂ ਪਾਲੇ ਨੂੰ ਖੁਰਲੀ ਦੇ ਖੂੰਜਿਆਂ ਵਿਚੋਂ ਚਰ੍ਹੀ ਦੇ ਕੁਤਰੇ ਦੀਆਂ ਬਚੀਆਂ-ਖੁਚੀਆਂ ਗੰਢਾਂ ਨੂੰ ਮੂੰਹ ਮਾਰਦਾ ਆਪਣਾ ਕੱਟਾ ਚੇਤੇ ਆ ਗਿਆ। ਉਸ ਮੁਸਕਰਾ ਕੇ ਪਿਛਾਂਹ ਵੇਖਿਆ, ਪਰ ਸੰਤੂ ਕਿਧਰੇ ਨਾ ਦਿੱਸਿਆ। ਉਚੀ-ਉਚੀ ਦੋ ਤਿੰਨ ਵਾਜਾਂ ਮਾਰੀਆਂ ਤਾਂ ਸੰਤੂ ਇੱਕ ਮੌਲੇ ਬਲਦ ਦੇ ਕੋਲੋਂ ਦੀ ਬਤਾਰੂ ਵਾਂਗ ਤੜਾਫੇ ਮਾਰਦਾ ਨਿਕਲਿਆ।

"ਓ ਬਾਈ, ਓ ਬਾਈ! ਅਹੁ ਡੰਗਰਾਂ ਆਲੇ ਹਸਪਤਾਲ ਦੀ ਕੰਧ ਤੇ ਇੱਕ ਅਕਬਾਰ ਲੱਗਿਆ ਵਿਐ। ਓਸ ਤੇ ਲਿਖਿਐ 'ਮਬੇਸੀਆਂ'-ਨਾਲੇ ਬਲਦ ਤੇ ਮ੍ਹੈਂਸ ਦੀ ਮੂਰਤ ਬਣੀ ਵੀ ਐ- ਇਹ 'ਮਬੇਸੀਆਂ' ਕੀ ਹੋਇਆ?" ਸੰਤੂ ਨੇ ਪਾਲੇ ਦੇ ਬਰਾਬਰ ਆ ਕੇ ਪੁੱਛਿਆ।

"ਪਹਿਲਾਂ ਤੂੰ ਸਾਹ ਲੈ ਲੈ। ਲੱਗਦਾ ਕੁਸ਼ 'ਮੇਲੇ ਮਬੇਸ਼ੀਆਂ' ਦਾ ਡੂਢ ਅੱਖਰ ਪੜ੍ਹ ਕੇ ਵੱਡਾ ਪੜ੍ਹਾਕੂ ਬਣਿਆ ਫਿਰਦੈ।" ਪਾਲਾ ਚਲਾਕੀ ਨਾਲ ਆਪਣਾ ਅਣਜਾਣਪੁਣਾ ਲੁਕਾ ਲਿਆ।

ਟਿੱਬੀ ਤੇ ਆ ਕੇ ਉਹ ਹੌਲੀ ਹੋ ਗਏ ਤੇ ਬਿੰਦ ਦਾ ਬਿੰਦ ਖੜੋ ਕੇ ਪਿਛਾਂਹ ਤੱਕਣ ਲੱਗ ਪਏ। ਦੂਰ ਤੱਕ, ਕਾਲੇ-ਘਸਮੈਲੇ ਰੰਗ ਦੇ ਪਸ਼ੂਆਂ ਤੇ ਬੰਦਿਆਂ ਦੀਆਂ ਸ਼ਕਲਾਂ ਅੱਡੋ-ਅੱਡ ਪਛਾਣੀਆਂ ਨਹੀਂ ਸਨ ਜਾਂਦੀਆਂ। ਸੰਤੂ ਜਿਵੇਂ ਗਹੁ ਨਾਲ ਵੇਖ ਕੇ ਜਾਚਣ ਦਾ ਯਤਨ ਕਰ ਰਿਹਾ ਸੀ ਕਿ ਬੰਦੇ ਪਸ਼ੂਆਂ ਨੂੰ ਧੂਹੀ ਫਿਰਦੇ ਸਨ ਜਾਂ ਪਸ਼ੂ ਬੰਦਿਆਂ ਨੂੰ। ਕਈ ਜੱਟ ਭੁੰਜੇ ਚਾਦਰੇ ਵਿਛਾ ਕੇ ਲੰਮੇ ਵੀ ਪੈ ਗਏ ਸਨ। ਉਨ੍ਹਾਂ ਦੇ ਕੱਟੇ-ਵੱਛੇ ਇਉਂ ਕੋਲ ਖੜੋਤੇ ਸਨ ਜਿਵੇਂ ਉਨ੍ਹਾਂ 'ਤੇ ਪਹਿਰਾ ਦੇ ਰਹੇ ਹੋਣ। ਅਸਮਾਨ ਦੂਰ ਤੱਕ ਧੂੜ ਨਾਲ ਅੱਟਿਆ ਹੋਇਆ ਸੀ। ਧੂੜ ਉਤੇ ਪਸਰੀ ਘਸਮੈਲੀ-ਲਾਲੀ ਬੜੀ ਡਰਾਉਣੀ ਲੱਗਦੀ ਸੀ।

"ਉਇ ਤੂੰ ਗਾਹਾਂ ਤੁਰ, ਅਜੇ ਵੇਖ-ਵੇਖ ਰੱਜਿਆ ਨ੍ਹੀਂ? ਬਾਪੂ ਦਾ ਪਤੈ ਕਿ ਨਹੀਂ, ਪਤੰਦਰ ਦਾ-ਮਾਰ-ਮਾਰ ਸੁਜਾ ਦੂ। ਫੇਰ ਤਾਂ ਅੱਧਾ-ਅੱਧਾ ਪਹਿਰ ਬੁਕਣੋਂ ਨ੍ਹੀਂ ਹਟਦਾ ਹੁੰਦਾ।" ਪਾਲੇ ਨੇ ਉਹਨੂੰ ਮੌਜ ਨਾਲ ਖੜੋਤਾ ਵੇਖ ਕੇ ਝਿੜਕਿਆ।

ਸੰਤੂ ਦੀਆਂ ਧੂੜ ਭਰੀਆਂ ਲੱਤਾਂ ਕੰਬਣ ਲੱਗ ਪਈਆਂ ਨੰਗੇ ਪੈਰਾਂ ਦੀਆਂ ਪਾਤਲੀਆਂ ਵਿਚੋਂ ਸੇਕ ਨਿਕਲਦਾ ਜਾਪਿਆ। ਉਹ ਭੱਜ ਕੇ ਪਾਲੇ ਦੇ ਨਾਲ ਜਾ ਰਲਿਆ।

ਫੇਰ ਜਿਉਂ-ਜਿਉਂ ਵਾਹੋ-ਦਾਹੀ ਪਿੰਡ ਦੇ ਨੇੜੇ ਹੁੰਦੇ, ਮੇਲੇ ਦੀਆਂ ਗੱਲਾਂ ਭੁੱਲਣ ਲੱਗ ਪਈਆਂ। ਹੌਲੀ-ਹੌਲੀ ਖ਼ਲਾਅ ਵਿਚ, ਸੰਘਣੇ ਭਾਰੇ, ਪਰੇਤਾਂ ਵਰਗੇ ਰੁੱਖਾਂ ਦੀਆਂ ਟੀਸੀਆਂ ਉਤੋਂ ਦੀ, ਭੂਤ ਵਾਂਗ ਬਾਪੂ ਦਾ ਪਰਛਾਵਾਂ ਪਸਰਦਾ ਦਿਸਿਆ।

"ਇਹ ਚੁਆਨੀ ਤੂੰ ਕਿੱਥੋਂ ਲਈ ਸੀ ਉਇ?-ਬਾਪੂ ਦੀ ਜੇਬ 'ਚੋਂ ਕੱਢੀ ਸੀ?" ਸੂਏ ਦੇ ਪੁਲ ਤੇ ਆ ਕੇ ਪਾਲੇ ਨੇ ਪੁੱਛਿਆ।

"ਕਾਹਨੂੰ, ਕਪਾਹ ਵੇਚੀ ਸੀ।"

"ਅੱਜ ਤੇਰੀਆਂ ਟੰਗਾਂ ਤਾਂ ਫੇਰ ਸਾਬਤ ਹੈ-ਨੀਂ ਸਮਝ।"


ਸੰਤੂ ਦਾ ਪਿੰਡਾ ਜਿਵੇਂ ਨਾਲ ਦੀ ਨਾਲ ਸੁੰਨ ਹੋ ਗਿਆ। ਪਰ ਦੂਜੇ ਪਲ ਈ ਉਹਦੇ ਅੰਦਰ ਭਬੂਕੇ ਵਾਂਗ ਕੁਝ ਮੱਚ ਪਿਆ। ਉਸ ਵਹਿੜਕੇ ਵਾਂਗ ਮੱਛਰਦਿਆਂ ਬੜ੍ਹਕ ਜਿਹੀ ਮਾਰ ਕੇ ਕਿਹਾ, "ਦੇਖੀ ਜਾਊ ਫੇਰ। ਮੈਂ ਵੀ ਉਹਨੂੰ...ਉਹਨੂੰ, ਫੇਰ ਅੱਜ ਦੇਊਂ ਧਨੇਸੜੀ। ਅਸੀਂ ਕੋਈ ਮੇਲਾ ਮਬੇਸੀ-ਐਂ।"

ਤੇ ਸੰਤੂ ਖ਼ਾਲੀ ਖੀਸੇ ਤੇ ਜੇਬ ਨੂੰ ਹੱਥ ਪਾਈ, ਮੇਮਣੇ ਵਾਂਗ ਕੁਦਾੜੀਆਂ ਮਾਰਦਾ ਪਾਲੇ ਦੇ ਮੂਹਰੇ ਭੱਜ ਤੁਰਿਆ। ਪਾਲਾ ਹੈਰਾਨ ਹੋਇਆ ਉਸ ਵੱਲ ਵੇਂਹਦਾ, ਪਿਛਾਂਹ ਰਹਿ ਗਿਆ।

*('ਮਸਤੀ ਬੋਤਾ' ਵਿਚੋਂ)*

# ਨਿਆਗਰਾ ਫਾਲਜ਼ ਕੁਦਰਤ ਦੀ ਖੂਬਸੂਰਤ ਸਿਰਜਣਾ

**ਸੁਖਪਾਲ ਸਿੰਘ***



ਕੁਦਰਤ ਨੇ ਮਨੁੱਖ ਨੂੰ ਬਹੁਤ ਸਾਰੀਆਂ ਨਿਆਮਤਾਂ ਬਖ਼ਸ਼ੀਆਂ ਹਨ। ਬਹੁਤ ਸਾਰੀਆਂ ਮਨੁੱਖ ਨੇ ਆਪਣੇ ਸੁਹਜ ਨਾਲ ਸਿਰਜੀਆਂ ਹਨ। ਉਂਜ ਤਾਂ ਕੁਦਰਤ ਸਾਰੇ ਕੈਨੇਡਾ ਉਪਰ ਹੀ ਮਿਹਰਬਾਨ ਹੈ। ਇਥੇ ਕੁਦਰਤ ਦੇ ਰੰਗ ਹਰ ਮੌਸਮ ਵਿਚ ਪੂਰੀ ਖੁੱਲ੍ਹਦਿਲੀ ਨਾਲ ਖਿਲਰਦੇ ਹਨ। ਗੱਲ ਕੀ ਹਰ ਰੁੱਤ ਪੱਤਝੜ ਹੋਵੇ ਜਾਂ ਬਹਾਰ ਇਹ ਧਰਤੀ ਖ਼ੂਬਸੂਰਤੀ ਦੀ ਅਭੁੱਲ ਦਾਸਤਾਨ ਸਿਰਜਦੀ ਹੈ ਪਰ ਨਿਆਗਰਾ ਫ਼ਾਲਜ਼ ਇਸ ਧਰਤੀ ਨੂੰ ਕੁਦਰਤ ਦੁਆਰਾ ਬਖਸ਼ੇ ਸੱਤ ਕੁਦਰਤੀ ਅਜੂਬਿਆਂ ਵਿਚ ਇੱਕ ਹੈ, ਜਿਸ ਨੂੰ ਮਨੁੱਖ ਨੇ ਬਹੁਤ ਕਮਾਲ ਦੇ ਪ੍ਰਬੰਧਾਂ ਨਾਲ ਖ਼ੂਬਸੂਰਤੀ ਦਾ ਇੱਕ ਲਾਸਾਨੀ ਨਜ਼ਾਰਾ ਬਣਾ ਦਿੱਤਾ ਹੈ। ਇਸ ਨੂੰ ਵੇਖ-ਵੇਖ ਅੱਖਾਂ ਨਹੀਂ ਰੱਜਦੀਆਂ ਅਤੇ ਜਿਸ ਨੂੰ ਮਾਣ-ਮਾਣ ਰੂਹ ਨਹੀਂ ਰੱਜਦੀ।

ਲਗਭਗ ਦਸ ਹਜ਼ਾਰ ਸਾਲ ਪਹਿਲਾਂ ਹਿਮਯੁਗ ਦੀ ਸਮਾਪਤੀ ਵੇਲੇ ਜਦੋਂ ਗਲੇਸ਼ੀਅਰ ਪਿਘਲੇ ਤੇ ਉਤਰੀ ਅਮਰੀਕਾ ਦੀਆਂ ਮਹਾਨ ਝੀਲਾਂ ਹੋਂਦ ਵਿਚ ਆਈਆਂ। ਐਰੀ ਝੀਲ ਦੇ ਪਾਣੀ ਨੇ ਓਨਟਾਰੀਓ ਝੀਲ ਨਾਲ ਮਿਲਣ ਲਈ ਜਿਸ ਰਸਤੇ ਨੂੰ ਚੁਣਿਆ, ਉਹ ਨਿਆਗਰਾ ਦਰਿਆ ਬਣ ਗਿਆ। ਨਿਆਗਰਾ ਦਰਿਆ ਦੇ ਵੇਗ ਸਦਕਾ ਰਸਤੇ ਵਿਚਲੀਆਂ ਕਮਜ਼ੋਰ ਚਟਾਨਾਂ ਦੇ ਖੁਰਨ ਨਾਲ ਬਣਿਆ ਕੁਦਰਤ ਦੇ ਸੁਹੱਪਣ ਦਾ ਜਿਉਂਦਾ ਜਾਗਦਾ ਪ੍ਰਮਾਣ ਅਟੱਲ, ਅਡੋਲ, ਅਸੀਮ ਅਤੇ ਅਨੰਤ ਨਿਆਗਰਾ ਫ਼ਾਲਜ਼। ਮੰਤਰ ਮੁਗੱਧ ਕਰ ਦੇਣ ਵਾਲਾ ਇਲਾਹੀ ਸੁੰਦਰਤਾ ਦਾ ਕ੍ਰਿਸ਼ਮਾ, ਜਿਸ ਦੇ ਅਨੰਤ ਪਾਣੀਆਂ ਦਾ ਸੰਗੀਤ ਸਦਾ ਲਈ ਰੂਹ ਵਿਚ ਰਚ ਜਾਂਦਾ ਹੈ।

ਕੈਨੇਡਾ ਦੇ ਓਨਟਾਰੀਓ ਅਤੇ ਅਮਰੀਕਾ ਦੇ ਨਿਊ ਯਾਰਕ ਸੂਬੇ ਦੀ ਹੱਦ ਤੇ ਵਹਿਣ ਵਾਲੇ ਦਰਿਆ ਨਿਆਗਰਾ ਉਤੇ ਸਥਿਤ ਹੈ ਕੁਦਰਤ ਦਾ ਇਹ ਕ੍ਰਿਸ਼ਮਾ। ਕੁਦਰਤ ਦੀ ਇਹ ਹੁਸੀਨ ਕਾਰੀਗਰੀ ਓਨਟਾਰੀਓ ਦੇ ਸ਼ਹਿਰ ਟੋਰਾਂਟੋ ਤੋਂ 110 ਕਿਲੋਮੀਟਰ ਅਤੇ ਨਿਊ ਯਾਰਕ ਦੇ ਬਫਲੋ ਸ਼ਹਿਰ ਤੋਂ ਸਿਰਫ਼ 27 ਕਿਲੋਮੀਟਰ ਦੂਰ ਹੈ।

ਕੁਦਰਤ ਦੀ ਇਸ ਖ਼ੂਬਸੂਰਤ ਸਿਰਜਣਾ ਨੂੰ ਪਹਿਲੀ ਵਾਰ 1604 'ਚ ਇੱਕ ਫ਼ਰਾਸੀਸੀ ਸੈਮੂਅਲ ਡੀ ਫੈਮਪਲੇਨ ਨੇ ਵੇਖਿਆ ਅਤੇ ਮਾਣਿਆ ਤੇ ਹੋਰ ਦੁਨੀਆਂ ਨੂੰ ਇਸ ਦੀ ਜਾਣਕਾਰੀ ਦਿੱਤੀ। ਉਦੋਂ ਤੋਂ ਹੀ ਇਹ ਅਦੁੱਤੀ ਦ੍ਰਿਸ਼ ਕਲਾਕਾਰਾਂ, ਲਿਖਾਰੀਆਂ, ਘੁਮੱਕੜਾਂ ਤੇ ਫ਼ਿਲਮਾਂ ਬਣਾਉਣ ਵਾਲਿਆਂ ਲਈ ਲਗਾਤਾਰ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਹ ਜਾਦੂਮਈ ਨਜ਼ਾਰਾ ਹਰ ਕਲਾ ਵਿਚ ਆਪਣਾ ਸਥਾਨ ਬਣਾਈ ਬੈਠਾ ਹੈ। ਗਾਉਣ ਵਾਲਿਆਂ ਨੇ ਇਸ 'ਤੇ ਗਾਣੇ ਗਾਏ, ਫ਼ਿਲਮਾਂ ਵਾਲਿਆਂ ਨੇ ਇਸ 'ਤੇ ਫ਼ਿਲਮਾਂ ਬਣਾਈਆਂ ਜੋ ਕਾਫ਼ੀ ਸਫ਼ਲ ਰਹੀਆਂ। 1953 'ਚ ਪ੍ਰਸਿੱਧ ਅਭਿਨੇਤਰੀ ਮਰਲਿਨ ਮੁਨਰੋ ਵਾਲੀ ਫ਼ਿਲਮ ਤੋਂ ਬਾਦ ਇਸ ਨੂੰ ਵੇਖਣ ਲਈ ਸੈਲਾਨੀਆਂ ਦੀ ਆਮਦ ਵਧ ਗਈ। ਚਿੱਤਰਕਾਰਾਂ ਦੀ ਕੈਨਵਸ ਦਾ ਵੀ ਇਹ ਸ਼ਿੰਗਾਰ ਬਣਿਆ। ਫਰੈਂਚ ਇਤਿਹਾਸਕਾਰ ਰੁਦੇਰੋਸੈਲ ਨੇ ਲੱਕੜ 'ਚ ਖੁਣ ਕੇ ਇਸ ਦਾ ਚਿੱਤਰ ਬਣਾਇਆ ਸੀ।

ਨਿਆਗਰਾ ਫ਼ਾਲਜ਼ ਦਾ ਇੱਕ ਹਿੱਸਾ ਕੈਨੇਡਾ ਅਤੇ ਦੂਜਾ ਅਮਰੀਕਾ ਵਿਚ ਆਉਂਦਾ ਹੈ। ਅਮਰੀਕਾ ਵਾਲਾ ਹਿੱਸਾ ਅੱਗੋ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਜੇ ਸਿੱਧੀ ਤਰਤੀਬ ਵਿਚ ਦੇਖੀਏ ਤਾਂ ਪਹਿਲਾਂ ਅਮਰੀਕੀ ਫ਼ਾਲ, ਫਿਰ ਲੂਨਾ ਆਈਲੈਂਡ, ਫਿਰ ਬਰਾਈਡਲਵੇਲ ਫ਼ਾਲ, ਫਿਰ ਗੋਟ ਆਈਲੈਂਡ ਤੋਂ ਬਾਅਦ ਕੈਨੇਡਾ ਦਾ ਹਿੱਸਾ ਹੈ ਜਿਸ ਨੂੰ ਹਾਰਸ ਸ਼ੂ ਫ਼ਾਲ ਕਿਹਾ ਜਾਂਦਾ ਹੈ। ਕੈਨੇਡਾ ਦੇ ਹਿੱਸੇ ਵਾਲੇ ਫ਼ਾਲ ਦੀ ਸ਼ਕਲ ਘੋੜੇ ਦੀ ਨਾਲ ਵਰਗੀ ਹੈ। ਇਹੀ ਹਿੱਸਾ ਇਸ ਸਾਰੇ ਫ਼ਾਲ ਦਾ ਸਭ ਤੋਂ ਖ਼ੂਬਸੂਰਤ ਹਿੱਸਾ ਹੈ। ਨਿਆਗਰਾ ਨਦੀ ਦਾ 85 ਫ਼ੀਸਦੀ ਪਾਣੀ ਇਸੇ ਹਿੱਸੇ ਵਿਚੋਂ ਡਿੱਗਦਾ ਹੈ। 2600 ਫੁਟ ਲੰਬੇ ਹਾਰਸ ਸ਼ੂ ਵਾਲੇ ਫ਼ਾਲ ਦਾ ਤੂਫ਼ਾਨੀ ਪਾਣੀ 173 ਫੁੱਟ ਦੀ ਉਚਾਈ ਤੋਂ ਜਦੋਂ ਗਰਜਦਾ, ਲਰਜਦਾ ਡਿੱਗਦਾ ਹੈ ਤਾਂ ਧਰਤੀ ਦੇ ਰੋਮਾਂਚਕਾਰੀ ਨਜ਼ਾਰਿਆਂ ਵਿਚੋਂ ਇੱਕ ਨਜ਼ਾਰਾ ਪੇਸ਼ ਕਰਦਾ ਹੈ। ਅਮਰੀਕਾ ਵਾਲੇ ਫ਼ਾਲ ਦੀ ਉਚਾਈ 70 ਤੋਂ 100 ਫੁੱਟ ਹੈ। ਹਾਲਾਂਕਿ ਦੋਨੋਂ ਦੇਸ਼ ਸੈਲਾਨੀਆਂ ਨੂੰ ਖਿੱਚਣ ਲਈ ਆਪੋ ਆਪਣੇ ਹਿੱਸੇ ਨੂੰ ਵਧੇਰੇ ਖ਼ੂਬਸੂਰਤ ਬਣਾਉਣ ਲਈ ਲੱਗੇ ਰਹਿੰਦੇ ਹਨ ਪਰ ਕੈਨੇਡਾ ਵਲੋਂ ਵੇਖਣ ਨਾਲ ਹੀ ਇਸ ਦੀ ਅਸਲੀ ਅਤੇ ਸਮੁੱਚੀ ਦਿੱਖ ਦਿਖਾਈ ਦਿੰਦੀ ਹੈ।

ਕੈਨੇਡੀਆਈ ਸਰਕਾਰ ਨੇ ਵੀ ਇਸ ਅਜੂਬੇ ਨੂੰ ਵੇਖ/ਮਾਣ ਸਕਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਹਰ ਸੰਭਵ ਸਹੂਲਤ ਉਪਲਬਧ ਕਰਵਾਈ ਹੈ। ਹਵਾਈ ਦ੍ਰਿਸ਼ ਵੇਖਣ ਲਈ ਹੈਲੀਕਾਪਟਰ ਸੇਵਾਵਾਂ ਹਨ। ਪਾਣੀ ਵਿਚ ਜਾ ਕੇ ਵੇਖਣ ਲਈ ਅਤਿ ਆਧੁਨਿਕ ਬੇੜੀਆਂ 'ਮੇਡ ਆਫ਼ ਦਾ ਮਿਸਟ' ਹਨ, ਜਿਹੜੀਆਂ ਸੈਲਾਨੀਆਂ ਨੂੰ ਦਰਿਆ ਦੇ ਵਿਚਕਾਰ ਚਲਦੀਆਂ ਹੋਈਆਂ ਐਨ ਫ਼ਾਲ ਦੇ ਨੇੜੇ ਅਤੇ ਸਾਹਮਣੇ ਲੈ ਜਾਂਦੀਆਂ ਹਨ। ਦਰਿਆ ਦੀ ਸਤਹ 'ਤੇ ਡਿੱਗਦੇ ਪਾਣੀ ਦੀਆਂ ਫੁਹਾਰਾਂ ਕਈ ਸੱਤ ਰੰਗੀ ਪੀਘਾਂ ਨੂੰ ਜਨਮ ਦਿੰਦੀਆਂ ਹਨ ਜੋ ਹਵਾ ਦੇ ਵੇਗ ਨਾਲ ਤੁਹਾਡੇ ਅੱਗੇ ਪਿੱਛੇ ਫਿਰਦੀਆਂ ਇਸ ਤਰ੍ਹਾਂ ਲਗਦੀਆਂ ਹਨ ਜਿਵੇਂ ਹੁਣੇ ਤੁਸੀਂ ਉਨ੍ਹਾਂ ਨੂੰ ਹੱਥਾਂ ਵਿਚ ਫੜ ਲਵੋਗੇ। ਜ਼ਮੀਨਦੋਜ਼ ਸੁਰੰਗਾਂ ਰਾਹੀਂ ਵੀ ਸੈਲਾਨੀਆਂ ਨੂੰ ਨਿਆਗਰਾ ਫ਼ਾਲ ਦੇ ਬਿਲਕੁਲ ਸਾਹਮਣੇ ਛੂਹ ਲੈਣ ਜਿੰਨੀ ਦੂਰੀ 'ਤੇ ਪਹੁੰਚਾਇਆ ਜਾਂਦਾ ਹੈ। ਉਥੇ ਰੇਨ ਕੋਟ ਪਾਇਆ ਹੋਣ ਦੇ ਬਾਵਜੂਦ ਪਾਣੀ ਦੀਆਂ ਮਦਮਸਤ ਫੁਹਾਰਾਂ ਸੈਲਾਨੀ ਦੇ ਸਰੀਰ ਨੂੰ ਗਹਿਗੱਚ ਕਰ ਦਿੰਦੀਆਂ ਹਨ ਅਤੇ ਅਲੌਕਿਕ ਅਨੰਦ ਉਸ ਦੀ ਰੂਹ ਨੂੰ।

ਨਿਆਗਰਾ ਦੁਨੀਆਂ ਦੇ ਸਭ ਤੋਂ ਵੱਡੇ ਸੈਲਾਨੀ ਆਕਰਸ਼ਣਾਂ ਵਿਚੋਂ ਇੱਕ ਤਾਂ ਹੈ। 20ਵੀਂ ਸਦੀ ਵਿਚ ਦੂਜੇ ਸੰਸਾਰ ਯੁੱਧ ਤੋਂ ਬਾਅਦ ਜਦੋਂ ਮੋਟਰ ਗੱਡੀਆਂ ਦਾ ਯੁਗ ਆਇਆ ਤਾਂ ਇੱਥੇ ਪਹੁੰਚਣਾ ਆਸਾਨ ਹੋ ਗਿਆ। ਸਭ ਤੋਂ ਪਹਿਲਾਂ ਨੈਪੋਲੀਅਨ ਦਾ ਭਰਾ ਜੇਰੋਮ ਬੋਨਾਪਾਰਟ ਅਤੇ ਉਸ ਦੀ ਪਤਨੀ (ਏਰੋਨ ਬਰ ਦੀ ਬੇਟੀ) ਸੰਨ 1803 ਵਿਚ ਇੱਥੇ ਹਨੀਮੂਨ ਲਈ ਆਏ ਸਨ। ਅੱਜ ਵੀ ਇਸ ਨੂੰ ਹਨੀਮੂਨ ਕੈਪੀਟਲ ਆਫ਼ ਵਰਲਡ ਕਿਹਾ ਜਾਂਦਾ ਹੈ। ਗਰਮੀਆਂ ਦਾ ਮੌਸਮ ਇੱਥੇ ਆਉਣ ਲਈ ਸਭ ਤੋਂ ਵਧੀਆ ਹੈ।


ਨਿਆਗਰਾ ਜਿੰਨਾ ਖ਼ੂਬਸੂਰਤ ਹੈ ਉਨਾ ਹੀ ਖ਼ਤਰਨਾਕ ਵੀ। ਖ਼ਤਰਿਆਂ ਨੂੰ ਮੁੱਲ ਲੈਣ ਵਾਲੇ ਖਿਡਾਰੀ ਵੀ ਇਸ ਵੱਲ ਖਿੱਚੇ ਚਲੇ ਆਉਂਦੇ ਹਨ। ਮਾਰੀਆ ਸਪੈਲੇਟਰੀਨੀ ਨੇ 4 ਜੁਲਾਈ 1876 ਨੂੰ ਰੱਸੀ 'ਤੇ ਚੱਲ ਕੇ ਇਸ ਨੂੰ ਪਾਰ ਕੀਤਾ ਸੀ। ਸੰਨ 1829 ਨੂੰ ਸਮਪੈਚ ਨਾਂ ਦੇ ਇੱਕ ਵਿਅਕਤੀ ਨੇ ਨਿਆਗਰਾ ਫਾਲ ਦੇ ਸਿਖ਼ਰ ਤੋਂ ਛਲਾਂਗ ਲਗਾ ਦਿੱਤੀ ਸੀ। ਇਸੇ ਤਰ੍ਹਾਂ 1901 ਨੂੰ ਐਨੀ ਐਡਰਸਨ ਨਾਂ ਦੀ ਇੱਕ 63 ਸਾਲਾ ਅਧਿਆਪਕਾ ਪਹਿਲੀ ਔਰਤ ਸੀ ਜਿਸ ਨੇ ਇੱਕ ਬੈਰਲ ਵਿਚ ਹੇਠਾਂ ਛਲਾਂਗ ਲਗਾਈ ਜੋ ਬਚ ਤਾਂ ਗਈ ਪਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਇਸ ਤਰ੍ਹਾਂ ਖ਼ਤਰਨਾਕ ਸਟੰਟ ਕਰਦੇ ਹੋਏ ਬਹੁਤ ਸਾਰੇ ਲੋਕ ਇਨ੍ਹਾਂ ਬੇਸ਼ੁਮਾਰ ਪਾਣੀਆਂ ਵਿਚ ਸਦਾ ਲਈ ਸਮਾ ਗਏ। ਜੋ ਬਚ ਗਏ ਉਨ੍ਹਾਂ ਨੂੰ ਜੁਰਮਾਨੇ ਭੁਗਤਣੇ ਪਏ ਕਿਉਂਕਿ ਇਥੇ ਸਟੰਟ ਕਰਨਾ ਕਾਨੂੰਨੀ ਅਪਰਾਧ ਹੈ।

ਨਿਆਗਰਾ ਜਿੱਥੇ ਪ੍ਰਸਿੱਧ ਸੈਲਾਨੀ ਕੇਂਦਰ ਹੈ ਉਥੇ ਊਰਜਾ ਦਾ ਵੀ ਬਹੁਤ ਵੱਡਾ ਸਰੋਤ ਹੈ ਜਿਸ ਸਦਕਾ ਨਿਆਗਰਾ ਖੇਤਰ ਵਿਚ ਸਨਅਤ ਨੇ ਬਹੁਤ ਤਰੱਕੀ ਕੀਤੀ ਹੈ। ਰਾਤ ਹੁੰਦਿਆਂ ਹੀ ਨਿਆਗਰਾ ਤੋਂ ਬਣੀ ਬਿਜਲੀ ਇਸ ਨੂੰ ਇੱਕ ਹੁਸੀਨ ਪੋਸ਼ਾਕ ਪਹਿਨਾ ਦਿੰਦੀ ਹੈ। ਵੰਨ ਸਵੰਨੀਆਂ ਲਾਈਟਾਂ ਤੇ ਹਲਕਾ ਜਿਹਾ ਸੰਗੀਤ ਇਸ ਦੀ ਸੁੰਦਰਤਾ ਵਿਚ ਬੇਅੰਤ ਵਾਧਾ ਕਰ ਦਿੰਦੇ ਹਨ। ਪੰਜਾਬੀ ਦੇ ਪ੍ਰਸਿੱਧ ਗਾਇਕ ਕੁਲਦੀਪ ਪਾਰਸ ਨੇ ਵੀ ਨਿਆਗਰਾ ਫ਼ਾਲਜ਼ 'ਤੇ ਇੱਕ ਗੀਤ ਗਾਇਆ ਸੀ। ਪੰਜਾਬੋਂ ਨਵੀਂ ਵਿਆਹ ਕੇ ਕਨੈਡਾ ਗਈ ਮੁਟਿਆਰ ਦਾ ਦਿਲ ਨਿਆਗਰਾ ਫ਼ਾਲਜ਼ ਨੂੰ ਵੇਖਣ ਲਈ ਮਚਲਦਾ ਹੈ ਤਾਂ ਉਹ ਆਪਣੇ ਮਾਹੀ ਨੂੰ ਆਖਦੀ ਹੈ, "ਮੈਂ ਵੇਖਣਾ ਨਿਆਗਰਾ ਫਾਲ ਮਾਹੀ ਮੈਨੂੰ ਲੈ ਚੱਲ ਵੇ, ਪਾਣੀ ਡਿੱਗੇ ਜਿੱਥੇ ਅਰਸ਼ੋਂ ਪਾਤਾਲ ਮਾਹੀ ਮੈਨੂੰ ਲੈ ਚੱਲ ਵੇ।"

ਨਿਆਗਰਾ ਦਾ ਸਾਥ ਇੱਕ ਨਿੱਘੇ ਦੋਸਤ ਵਰਗਾ ਹੈ ਜਿਸ ਕੋਲ ਫਿਰਦਿਆਂ ਵਕਤ ਦਾ ਪਤਾ ਹੀ ਨਹੀਂ ਚਲਦਾ।

*ਮੋਬਾਈਲ:098767-92893

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

# ਛਿੱਤਰ-ਪਰੇਡ

ਜੇ ਮੇਰੀ ਕਿਸੇ ਬੱਜਰ ਗਲਤੀ ਕਾਰਨ ਕੋਈ ਸੂਟਿਡ-ਬੂਟਿਡ ਬੰਦਾ ਮੈਨੂੰ ਧਮਕੀ ਦੇਵੇ, "ਛਿੱਤਰ ਲਾਵਾਂਗਾ ਤੇਰੇ!" ਤਾਂ ਮੈਂ ਉਸ ਨੂੰ ਫੱਟ ਜਵਾਬ ਦੇਵਾਂਗਾ, "ਲਾ ਕੇ ਦਿਖਾਲ, ਤੇਰੇ ਕੋਲ ਛਿੱਤਰ ਹੈ ਹੀ ਨਹੀਂ।" ਉਹ ਭਾਵੇਂ ਮੈਨੂੰ ਆਪਣੇ ਬੂਟ ਦੀ ਨੋਕ ਦਿਖਾਲਣ ਲੱਗ ਪਵੇ ਪਰ ਬੂਟ ਛਿੱਤਰ ਨਹੀਂ ਹਨ। ਹਾਂ, ਇਹ ਸੱਚਾਈ ਜ਼ਰੂਰ ਹੈ ਕਿ ਅੱਜ ਕੱਲ੍ਹ ਖੜਕ-ਮੱਸਿਆ ਹਰ ਤਰ੍ਹਾਂ ਦੇ ਬੂਟਾਂ, ਚੱਪਲਾਂ, ਸੈਂਡਲਾਂ ਜਾਂ ਪੈਰ ਵਿਚ ਕਿਸੇ ਵੀ ਅੜਾਉਣ ਵਾਲੀ ਸ਼ੈਅ ਨਾਲ ਕਰ ਦਿੱਤੀ ਜਾਂਦੀ ਹੈ। ਛਿੱਤਰ ਫੇਰਨ ਵਾਲਾ ਬੰਦਾ ਉਚੇ ਜੋੜਾਂ ਵਾਲਾ ਹੁੰਦਾ ਹੈ, ਉਸ ਦੇ ਸੂਰੈਕ ਵਿਚ ਘਿਸਿਆਰੇ ਛਿੱਤਰ ਹੁੰਦੇ ਹੀ ਕਿਥੇ ਹਨ। ਨਾਲੇ ਹੁਣ ਤਾਂ ਪੁਲਿਸ ਵੀ ਅਕਸਰ ਹੀ ਮੁਜਰਮਾਂ ਦੀ ਛਿੱਤਰ-ਪਰੇਡ ਕਰਦੀ ਹੈ। ਕਈ ਫਿਟ-ਲਾਹਣਤੀਆਂ ਦਾ 'ਸੌ ਛਿੱਤਰ ਪੈਣ ਇਹੋ ਜਿਹੇ ਦੇ' ਗਾਲ ਸੁਣ ਕੇ ਹੀ ਛੁਟਕਾਰਾ ਹੋ ਜਾਂਦਾ ਹੈ, ਕਈਆਂ ਨੂੰ ਸਿਰਫ ਛਿੱਤਰ ਦਿਖਾਲੇ ਹੀ ਜਾਂਦੇ ਹਨ, ਕਈਆਂ ਤੇ ਚੁੱਕ ਲਏ ਜਾਂਦੇ ਹਨ, ਕਈ ਹੋਰਨਾਂ ਦੇ ਭੌਂ ਭੌਂ ਕੇ ਵੱਜਦੇ ਹਨ। ਮਜਨੂੰਆਂ, ਪਖੰਡੀ ਸਾਧਾਂ, ਚਰੋਟਿਆਂ, ਏਥੋਂ ਤੱਕ ਕਿ ਹੁਣ ਤਾਂ ਪਾਲੇਟੀਸ਼ਨਾਂ ਦੀ ਵੀ ਅਕਸਰ ਹੀ ਛਿੱਤਰ-ਪੌਲੇ ਹੁੰਦੀ ਰਹਿੰਦੀ ਹੈ। ਘੋਰ ਬੇਸ਼ਰਮਾਂ ਦੇ ਛਿੱਤਰੌਲ ਫਿਰਦੇ ਹਨ। ਸਭ ਤੋਂ ਵਧ ਜ਼ਲਾਲਤ ਉਨ੍ਹਾਂ ਦੀ ਹੁੰਦੀ ਹੈ ਜੋ ਸੌ ਛਿੱਤਰ ਵੀ ਖਾਂਦੇ ਹਨ, ਸੌ ਗੰਢਾ ਵੀ ਪਰ ਮੁੜ ਦੰਡ ਦੇ ਭਾਗੀ ਬਣੇ ਰਹਿੰਦੇ ਹਨ। ਕਿਸੇ ਦੀ ਸ਼ਾਬਦਿਕ ਲਾਹ ਪਾਹ ਦੇ ਭਾਵ ਦਰਸਾਉਣ ਲਈ ਵੀ 'ਉਸ ਦੇ ਖੂਬ ਛਿੱਤਰ ਪਏ' ਮੁਹਾਵਰਾ ਵਰਤ ਲਿਆ ਜਾਂਦਾ ਹੈ। ਜ਼ਰਾ ਸੋਚਿਆ ਜਾਵੇ, ਕੀ ਛਿੱਤਰ ਕਿਸੇ ਦੇ ਮਾਰਨ ਲਈ ਹੀ ਰੱਖੇ ਹੋਏ ਹਨ, ਹੋਰ ਕਿਸੇ ਕੰਮ ਦੇ ਨਹੀਂ? ਸਪਾਟ ਸ਼ਬਦਾਂ ਵਿਚ, ਕੀ ਛਿੱਤਰ ਸ਼ਬਦ ਮਾਰਨ ਵਾਲੀ ਜੁੱਤੀ ਲਈ ਹੀ ਵਰਤਿਆ ਜਾਂਦਾ ਹੈ? ਪੈਰੀਂ ਜੁੱਤੀ ਪਾਉਣ ਲੱਗੇ ਅਸੀਂ ਕਿਉਂ ਨਹੀਂ ਕਹਿੰਦੇ, "ਲਿਆਈਂ ਭਾਗਵਾਨੇ ਮੇਰੇ ਛਿੱਤਰ।" ਕੀ ਸਾਡਾ ਸਮਾਜ ਏਨਾ ਐਸਪ੍ਰਸਤ ਹੈ/ਸੀ ਕਿ ਮਾਰਨ ਲਈ ਹੋਰ ਤੇ ਪਹਿਨਣ ਲਈ ਹੋਰ ਚਰਨਦਾਸੀਆਂ ਰੱਖਦਾ ਫਿਰਦਾ ਹੈ?

ਗੱਲ ਕੁਝ ਇਸੇ ਤਰ੍ਹਾਂ ਦੀ ਹੈ। ਅੱਖਰੀਂ ਅਰਥਾਂ ਤੋਂ ਛਿੱਤਰ ਸਾਬਤ ਜੁੱਤੀ ਨਹੀਂ ਬਲਕਿ ਅਜਿਹੀ ਜੁੱਤੀ ਸਾਬਿਤ ਹੁੰਦੀ ਹੈ ਜਿਸ ਵਿਚ ਛੇਕ ਹੀ ਛੇਕ ਹੋਣ। ਇਸ ਦਾ ਭਾਵ ਇਹ ਨਹੀਂ ਕਿ ਕਿਸੇ ਦੇ ਮਾਰਨ ਲਈ ਜੁੱਤੀ ਵਿਚ ਮੋਰੀਆਂ ਕਰਵਾ ਲਈਆਂ ਜਾਂਦੀਆਂ ਸਨ। ਸਾਡੇ ਬਜ਼ੁਰਗ ਸਿਆਣੇ ਸਨ, ਕਿਸੇ ਨੂੰ ਘੋਰ ਲਾਹਣਤ ਪਾਉਣੀ ਹੋਵੇ, ਉਸ ਦੇ ਸਿਰ 'ਤੇ ਪੈਰਾਂ 'ਚ ਪਾਉਣ ਵਾਲੀ ਚੀਜ਼ ਮਾਰੋ ਤੇ ਮਾਰੋ ਵੀ ਉਹ ਜੁੱਤੀ ਜੋ ਨਖਿਧ ਹੋਵੇ, ਜੋ ਪਾ ਪਾ ਕੇ ਹੰਢਾਈ, ਚਿੱਬਿਆਈ, ਠਿੱਬਿਆਈ, ਘਸਾਈ ਤੇ ਫਿਰ ਛੇਕੋ-ਛੇਕ ਕਰਕੇ ਕੋਠੜੀ 'ਚ ਸਿੱਟ-ਪਸਿੱਟੀ ਕੀਤੀ ਹੋਈ ਹੋਵੇ। ਕੌਣ ਨਹੀਂ ਜਾਣਦਾ ਕਿ ਜੇ ਪਹਿਨਣਯੋਗ ਜੁੱਤੀ ਨਾਲ ਕਿਸੇ ਦੀ ਭੁਗਤ ਸਵਾਰੀ ਜਾਵੇ ਤਾਂ ਇਸ ਵਿਚ ਲਗਾਤਾਰ ਚੁਭਦੀਆਂ ਤੇ ਖੁਭਦੀਆਂ ਹੱਡੀਆਂ ਕਾਰਨ ਇਹ ਜ਼ਾਰ ਜ਼ਾਰ ਹੋ ਕੇ ਛਿੱਤਰ ਹੀ ਬਣ ਜਾਵੇਗੀ। ਭਲਾ ਕੌਣ ਅਜਿਹਾ ਘਾਟੇਵੰਦ ਸੌਦਾ ਕਰੇਗਾ? ਪਰ ਟੁੱਟੀਆਂ ਜੁੱਤੀਆਂ ਅਰਥਾਤ ਛਿੱਤਰ ਮਾਰਨ ਵਾਲਾ ਸਮਾਜਕ ਤੌਰ 'ਤੇ ਜ਼ਿਮੇਵਾਰਾਨਾ, ਲਾਭਵੰਦਾ ਤੇ ਸਦਾਚਾਰਕ ਕੰਮ ਓਨਾ ਚਿਰ ਹੀ ਚੱਲ ਸਕਦਾ ਸੀ ਜਿੰਨਾ ਚਿਰ ਲੋਕਾਂ ਨੂੰ ਪਤਾ ਸੀ ਕਿ ਛਿੱਤਰ ਪੁਰਾਣੀਆਂ ਟੁੱਟੀਆਂ-ਫੁੱਟੀਆਂ ਜੁੱਤੀਆਂ ਨੂੰ ਕਹਿੰਦੇ ਹਨ। ਸਮਾਂ ਪੈਣ ਨਾਲ ਇਸ ਸ਼ਬਦ ਵਿਚੋਂ ਇਹ ਅਰਥ ਅਲੋਪ ਹੋ ਗਏ ਤੇ ਲੋਕਾਂ ਦੀ ਸਿਮ੍ਰਤੀ ਵਿਚ ਇਹ ਗੱਲ ਰਹਿ ਗਈ ਕਿ ਕਿਸੇ ਦਾ ਮਾੜਾ ਪੋਲਾ ਕਰਨ ਲੱਗੇ ਚੰਗੀ ਭਲੀ ਜੁੱਤੀ ਨੂੰ ਵੀ ਛਿੱਤਰ ਕਹਿ ਕੇ ਪੁਕਾਰਨਾ ਹੈ। ਇਸ ਗੱਲ ਦਾ ਸਬੂਤ ਹੈ 'ਟੁੱਟੇ ਹੋਏ ਛਿੱਤਰ' ਵਾਕੰਸ਼। ਕੋਈ ਕਿਸੇ ਝਗੜੇ ਆਦਿ ਦਾ ਬਹੁਤਾ ਹੀ ਵਾਧਾ ਕਰੇ ਤਾਂ ਅਸੀਂ ਆਖ ਦਿੰਦੇ ਹਾਂ ਕਿ ਉਹ ਤਾਂ ਟੁੱਟੇ ਛਿੱਤਰ ਵਾਂਗ ਵਧੀ ਜਾਂਦਾ ਹੈ। ਭਲਾ ਜੋ ਪਹਿਲਾਂ ਹੀ ਟੁੱਟ ਚੁੱਕਾ ਹੈ ਉਸ ਦਾ ਹੋਰ ਕੀ ਤੋੜਨਾ!



ਜਿਸ ਤਨ ਲਾਗੇ ਸੋ ਤਨ ਜਾਣੇ ਦੇ ਮਹਾਵਾਕ ਅਨੁਸਾਰ ਸਮੇਂ ਦੇ ਬੀਤਣ ਨਾਲ ਛਿੱਤਰ ਖਾਣ ਵਾਲਾ ਵੀ ਕੌੜ ਖਾਣ ਲੱਗ ਪਿਆ। ਉਹ ਮੁਕਾਬਲੇ ਵਿਚ ਅੜਨ ਲੱਗ ਗਿਆ, ਉਸ ਨੇ ਬਰਾਬਰ ਦੀ ਜੁੱਤੀ ਚੱਕ ਲਈ। ਅਜਿਹੀ ਸਥਿਤੀ ਲਈ ਸਾਡੇ ਤਰਸਭਾਵੀ ਸਮਾਜ ਨੇ ਸ਼ਰਮੋਂ ਸ਼ਰਮੀ ਸ਼ਬਦ ਯੁਗਮ ਘੜ ਲਿਆ, ਛਿੱਤਰੋ-ਛਿੱਤਰੀ ਅਰਥਾਤ ਪਹਿਲੇ ਨੇ ਦੂਜੇ ਦੇ ਜੁੱਤੀਆਂ ਮਾਰੀਆਂ ਤੇ ਦੂਜੇ ਨੇ ਪਹਿਲੇ ਦੇ। ਮਾਰੂ ਹਥਿਆਰਾਂ ਦੀ ਗੈਰਹਾਜ਼ਰੀ ਵਿਚ ਇਹ ਲੜਾਈ ਦੀ ਇੰਤਹਾ ਹੈ ਜਿਸ ਨੂੰ ਹਿੰਦੀਨੁਮਾ ਪੰਜਾਬੀ ਵਿਚ 'ਘਾਤਕ ਸ਼ਸਤਰਾਂ ਦੀ ਅਣਉਪਸਥਿਤੀ ਵਿਚ ਇਹ ਭਿੜੰਤ ਦੀ ਚਰਮ ਸੀਮਾ ਹੈ' ਕਿਹਾ ਜਾ ਸਕਦਾ ਹੈ।

ਚਲੋ ਗੱਲ ਦਾ ਟੁੱਟੇ ਛਿੱਤਰ ਵਾਂਗ ਕੀ ਵਧਾਉਣਾ, ਛਿੱਤਰ ਸ਼ਬਦ ਦੇ ਛੇਕ ਤਾਂ ਘੋਖੀਏ। 'ਛਿੱਤਰ' ਦਾ ਧਾਤੂ 'ਛਿਦ' ਹੈ ਜਿਸ ਦਾ ਅਰਥ ਕੱਟਣਾ, ਲਾਪਰਨਾ, ਪਾੜਨਾ, ਲੰਗਾਰਨਾ, ਛੇਕ ਕਰਨਾ, ਲਾਹ ਸੁੱਟਣਾ ਆਦਿ ਹੈ। ਕੱਟਣ, ਪਾੜਨ ਨਾਲ ਗਲੀਆਂ ਹੁੰਦੀਆਂ ਹਨ। ਧਿਆਨ ਰਹੇ ਏਥੇ ਕੱਟਣ ਆਦਿ ਤੋਂ ਭਾਵ ਜਤਨ ਕਰਕੇ ਕੱਟਣ ਤੋਂ ਨਹੀਂ ਬਲਕਿ ਸਮੇਂ ਦੀ ਚਲਦੀ ਮਸ਼ੀਨ ਨਾਲ ਚੀਜ਼ਾਂ ਦੀ ਆਟੋਮੈਟਿਕ ਘਸਾਈ ਵੱਲ ਸੰਕੇਤ ਹੈ। ਛਿੱਤਰ ਦਾ ਪ੍ਰਾਕਿਰਤ ਰੂਪ 'ਛਿਤਰੁ' ਹੈ। ਅਸਲ ਵਿਚ ਉਸ ਜ਼ਮਾਨੇ ਵਿਚ ਘਰ ਦੀ ਹਰ ਘਸੀ ਪਿਟੀ ਚੀਜ਼ ਨੂੰ ਛਿਤਰੂ ਕਿਹਾ ਜਾਂਦਾ ਸੀ ਜਿਵੇਂ ਛੱਜ, ਛਿੱਕੂ, ਚਟਾਈ ਆਦਿ। ਪੰਜਾਬੀ ਵਿਚ ਹੌਲੀ ਹੌਲੀ ਇਹ ਸ਼ਬਦ ਸਿਰਫ ਫਟੀ ਪੁਰਾਣੀ ਜੁੱਤੀ ਲਈ ਹੀ ਰੂੜ ਹੋ ਗਿਆ। ਪਰ ਛਿੱਤਰ ਫੇਰਨ ਲੱਗੇ ਅਸੀਂ ਇਹ ਨਹੀਂ ਦੇਖਦੇ ਕਿ ਕੋਲੇ ਫਟੀ ਪੁਰਾਣੀ ਜੁੱਤੀ ਹੈ ਵੀ ਕਿ ਨਹੀਂ। ਅੰਗਰੇਜ਼ਾਂ ਨੇ ਸਾਡੇ ਲਾਠੀਆਂ ਵੀ ਵਰ੍ਹਾਈਆਂ ਤੇ ਨਾਲ ਹੀ ਸਾਨੂੰ ਲਾਠੀ-ਚਾਰਜ, ਡੰਡਾ-ਚਾਰਜ ਜਿਹੇ ਸ਼ਬਦ ਵੀ ਦਿੱਤੇ। ਪਰ ਛਿੱਤਰ ਤੋਂ ਹੋਰ ਸਮਾਸ ਬਣਾਉਣ ਲੱਗਿਆਂ ਅਸੀਂ ਨਾਲ 'ਚਾਰਜ' ਨਹੀਂ ਬਲਕਿ ਅੰਗਰੇਜ਼ਾਂ ਦਾ ਇਕ ਹੋਰ ਫੌਜਕਾਰੀ ਸ਼ਬਦ ਚੁੱਕਿਆ 'ਪਰੇਡ'। ਲਾਠੀ-ਚਾਰਜ ਅੰਧਾ ਧੁੰਦ ਕੀਤੀ ਜਾਂਦੀ ਹੈ ਪਰ ਛਿੱਤਰ ਪਰੇਡ-ਆਰਾਮ ਨਾਲ, ਗਿਣ ਗਿਣ ਕੇ, ਪਰੇਡ ਦੀ ਤਰ੍ਹਾਂ, ਏਕ ਦੋ...।

ਤਰਖਾਣ ਭਰਾਵਾਂ ਨੂੰ ਛਿੱਤਰ ਸ਼ਬਦ ਏਨਾ ਚੰਗਾ ਲੱਗਾ ਕਿ ਉਨ੍ਹਾਂ ਦਰਵਾਜ਼ੇ ਤਾਕੀਆਂ ਨੂੰ ਲਾਉਣ ਵਾਲੀ ਇਕ ਕਿਸਮ ਦੀ ਕੁੰਡੀ ਦਾ ਨਾਂ ਹੀ ਛਿੱਤਰ-ਕੁੰਡੀ ਰੱਖ ਦਿੱਤਾ। ਇਸ ਚਿਟਕਣੀ ਦੇ ਆਧਾਰ ਦੀ ਸ਼ਕਲ ਜੁੱਤੀ ਨਾਲ ਮਿਲਦੀ ਹੁੰਦੀ ਹੈ। ਸੁਰਾਖਦਾਰ ਦਾ ਅਰਥਾਵਾਂ ਹੋਣ ਕਾਰਨ ਇਕ ਤਰਾਂ ਦੇ ਰੇਤ-ਪੱਥਰਾਂ ਨੂੰ ਛਿੱਤਰ ਕਿਹਾ ਜਾਂਦਾ ਹੈ। ਜੋਧਪੁਰ ਵਿਚ ਇਕ ਮਹੱਲ ਦਾ ਨਾਂ ਹੀ ਛਿੱਤਰ ਮਹੱਲ ਹੈ ਕਿਉਂਕਿ ਇਸ ਵਿਚ ਅਜਿਹੇ ਪੱਥਰਾਂ ਦੀ ਵਰਤੋਂ ਕੀਤੀ ਗਈ ਹੈ। ਸੋਚੋਗੇ, ਕਿਥੇ ਛਿੱਤਰ, ਕਿਥੇ ਮਹੱਲ-ਭਾਈ ਸਾਹਿਬ ਇਹ ਤਾਂ ਆਪਣੇ ਆਪਣੇ ਸ਼ੌਕ ਹਨ, ਕਈ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿੰਦੇ ਹਨ ਤੇ ਕਈ ਮੋਰੀ ਦੀ ਇੱਟ ਚੁਬਾਰੇ ਨੂੰ। ਛਿੱਤਰ ਦਾ ਅਰਥ ਬਿਖਰਿਆ ਵੀ ਬਣ ਜਾਂਦਾ ਹੈ ਇਸੇ ਲਈ ਕਈ ਇਲਾਕਿਆਂ ਵਿਚ ਤਿਤਰ ਬਿਤਰ ਹੋਣਾ ਦੀ ਥਾਂ ਛਿੱਤਰ ਬਿਤਰ ਹੋਣਾ ਕਹਿ ਦਿੱਤਾ ਜਾਂਦਾ ਹੈ। ਕਈ ਬੰਦਿਆਂ ਦੇ ਨਾਂ ਛਿੱਤਰ ਮੱਲ, ਛਿੱਤਰ ਸਿੰਘ ਮਿਲਦੇ ਹਨ। ਸੁੱਖਾਂ ਲੱਧੇ ਬੱਚੇ ਨੂੰ ਈਰਖਾਲੂ ਨਜ਼ਰਾਂ ਤੋਂ ਬਚਾਉਣ ਲਈ ਅਜਿਹੇ ਨਾਂ ਰੱਖੇ ਜਾਂਦੇ ਹਨ। ਇਸੇ ਮੰਤਵ ਅਧੀਨ ਨਜ਼ਰਬੱਟੂ ਦੀ ਤਰ੍ਹਾਂ ਆਲੀਸ਼ਾਨ ਘਰ ਦੇ ਬਨੇਰੇ 'ਤੇ ਵੀ ਛਿੱਤਰ ਟੰਗ ਦਿੱਤੇ ਜਾਂਦੇ ਹਨ। ਕਹਿੰਦੇ ਹਨ, ਛਿੱਤਰ ਸੁੰਘਾਉਣ ਨਾਲ ਮਿਰਗੀ ਦਾ ਦੌਰਾ ਹਟ ਜਾਂਦਾ ਹੈ। ਸਿੱਧੀ ਗੱਲ ਹੈ, ਛਿੱਤਰ ਦੇਖ ਕੇ ਮਿਰਗੀ ਤਾਂ ਕੀ ਮਿਰਗ ਵੀ ਦੌਰੇ 'ਤੇ ਜਾਣ ਤੋਂ ਤੌਬਾ ਕਰੇਗਾ। ਮਿਰਗ ਕੋਈ ਆਦਮੀਆਂ ਦੀ ਤਰ੍ਹਾਂ ਢੀਠ ਜਾਨਵਰ ਤਾਂ ਹੈ ਨਹੀਂ।

'ਛਿਦ' ਧਾਤੂ ਦੇ ਧੰਨ ਭਾਗ ਹਨ ਕਿ ਇਸ ਨੇ ਛਿੱਤਰ ਜਿਹੇ ਮਹਾਂਉਪਯੋਗੀ ਸ਼ਬਦ ਨੂੰ ਜਨਮ ਦਿੱਤਾ। ਇਸ ਨੇ ਹੋਰ ਵੀ ਸੈਂਕੜੇ ਸ਼ਬਦਾਂ ਦੀ ਉਤਪਤੀ ਕੀਤੀ, ਨਾਲੇ ਦੂਰ ਦੂਰ ਤੱਕ ਰਿਸ਼ਤੇਦਾਰੀਆਂ ਗੰਢੀਆਂ ਪਰ ਮੈਂ ਇਹ ਸਭ ਇਕੋ ਵਾਰੀ ਥੋੜਾ ਦੱਸਣ ਲੱਗਾ ਹਾਂ, ਆਖਰ ਮੇਰੀ ਉਮਰ ਭਰ ਦੀ ਕਮਾਈ ਹੈ।

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*
*ਫੋਨ:91-98141-78883

# ਹਲਕੀ ਗਾਇਕੀ ਤੇ 'ਬੱਲੇ ਬੱਲੇ' ਦੀਆਂ ਕੋਸ਼ਿਸ਼ਾਂ

ਲੋਕ ਗੀਤਾਂ ਦੀ ਮਾਂ ਸੁਰਿੰਦਰ ਕੌਰ ਦੇ ਸਦਾਬਹਾਰ ਗੀਤਾਂ ਨੂੰ ਅੱਜ ਵੀ ਅਨੇਕਾਂ ਮੁੰਡੇ-ਕੁੜੀਆਂ ਵੱਲੋਂ ਚਾਅ ਨਾਲ ਗਾਇਆ ਜਾਂਦੈ। ਜਾਣਦੇ ਗਾਉਣ ਵਾਲੇ ਵੀ ਨੇ ਤੇ ਸੁਣਨ ਵਾਲੇ ਵੀ ਕਿ ਸੁਰਿੰਦਰ ਕੌਰ ਵਾਲਾ ਮੁਕਾਮ ਕਦੇ ਹਾਸਲ ਨਹੀਂ ਹੋ ਸਕਦਾ ਪਰ ਸ਼ਰਧਾ ਦਾ ਕੋਈ ਮੁੱਲ ਨਹੀਂ ਹੁੰਦਾ। ਦੂਜੇ ਪਾਸੇ ਅਮਰ ਸਿੰਘ ਚਮਕੀਲਾ ਦੇ ਗੀਤਾਂ ਨੂੰ ਤੋੜ-ਮਰੋੜ ਕੇ ਗਾਉਣ ਦਾ ਸਿਲਸਿਲਾ ਅੱਜ ਵੀ ਜਾਰੀ ਹੈ ਕਿਉਂਕਿ ਗਾਉਣ ਵਾਲੇ ਜਾਣਦੇ ਨੇ ਕਿ ਉਹਦੀਆਂ ਤਰਜ਼ਾਂ ਤੇ ਬੋਲਾਂ ਦਾ ਕੋਈ ਬਦਲ ਨਹੀਂ। ਉਨ੍ਹਾਂ ਦੇ ਗਾਉਣ ਵਿਚੋਂ ਸਿਰਫ ਇੱਕੋ ਸੋਚ ਝਲਕਦੀ ਹੈ ਤੇ ਉਹ ਹੈ 'ਜੁਗਾੜ' ਦੀ ਤਾਂਘ।



ਧਰਮਪ੍ਰੀਤ

ਸਮੇਂ-ਸਮੇਂ ਕਈ ਕਲਾਕਾਰਾਂ 'ਤੇ ਇਲਜ਼ਾਮ ਲੱਗਦਾ ਰਿਹੈ ਕਿ ਉਨ੍ਹਾਂ ਫਲਾਣੇ ਦਾ ਗੀਤ ਗਾ ਛੱਡਿਆ, ਕਦੇ-ਕਦੇ ਇਹ ਗੱਲ ਮੀਡੀਏ ਵਿਚ ਵੀ ਉਛਲਦੀ ਹੈ ਪਰ ਬਹੁਤੀ ਵਾਰ ਮਿਲ-ਮਿਲਾ ਕੇ ਦੱਬ ਲਈ ਜਾਂਦੀ ਹੈ। ਚੰਗੇ ਕੰਮ ਦੀ ਨਕਲ 'ਤੇ ਜਗ ਨੂੰ ਘੱਟ ਇਤਰਾਜ਼ ਹੁੰਦੈ, ਕਿਉਂਕਿ ਚੰਗਿਆਈ ਲਗਾਤਾਰ ਖਤਮ ਹੋ ਰਹੀ ਹੈ ਪਰ ਕੱਲ੍ਹ ਨੂੰ ਜੇ ਕੋਈ ਮੀਕੇ ਦੀ ਨਕਲ ਕਰਦਿਆਂ ਕਿਸੇ ਕੁੜੀ ਨਾਲ ਭੱਦੀ ਹਰਕਤ ਕਰ ਦੇਵੇ ਤਾਂ ਲੋਕਾਂ ਮੂੰਹੋਂ ਇਹੀ ਨਿਕਲੇਗਾ, 'ਪਹਿਲੇ ਤੋਂ ਬਾਂਦਰਪੁਣਾ ਕਰਨ 'ਚ ਕੋਈ ਕਸਰ ਰਹਿ ਗਈ ਹੋਣੀ ਏ, ਏਸੇ ਕਰਕੇ ਇਹਨੇ ਕਸਰ ਪੂਰੀ ਕੀਤੀ ਏ।'

ਕੱਲ੍ਹ ਨੂੰ ਕੋਈ 'ਤਲਵਾਰ ਮੈਂ ਕਲਗੀਧਰ ਦੀ ਹਾਂ' ਗੀਤ ਮੁੜ ਗਾਵੇਗਾ ਤਾਂ ਬਰਦਾਸ਼ਤ ਕੀਤਾ ਜਾ ਸਕੇਗਾ ਕਿ ਇਸ ਬੰਦੇ ਨੇ ਗੁਰੂ ਸਾਹਿਬਾਨ ਦੀ ਵਡਿੱਤਣ ਕੀਤੀ ਏ ਪਰ ਜੇ ਕੋਈ ਚਮਕੀਲੇ ਦਾ ਗੀਤ 'ਕੰਡਾ ਕੱਢਿਆ ਨਾ ਭੈਣ ਦੀ ਨਣਾਨ ਦਾ' ਦੁਬਾਰਾ ਗਾਵੇਗਾ ਤਾਂ ਸ਼ਾਇਦ ਗੈਰਤਮੰਦ ਲੋਕ ਉਸ ਨੂੰ ਵੀ ਸੋਧਣ ਦੀਆਂ ਸਕੀਮਾਂ ਬਣਾਉਣ ਲੱਗਣਗੇ।

ਜੇ ਕੋਈ ਬੰਦਾ ਸ਼ਾਇਨੀ ਆਹੂਜਾ ਦੀ ਨਕਲ ਕਰਦਿਆਂ ਘਰ 'ਚ ਕੰਮ ਕਰਦੀ ਨੌਕਰਾਣੀ ਨਾਲ ਕੁਕਰਮ ਕਰਨ ਮਗਰੋਂ ਜਵਾਬ ਦੇਵੇ ਕਿ ਸ਼ਾਇਨੀ ਨੂੰ ਪੂਰੀ ਪਬਲੀਸਿਟੀ ਨਹੀਂ ਮਿਲੀ, ਸੋ ਮੈਂ ਸੋਚਿਆ ਕਿ ਰਹਿੰਦੀ ਕਸਰ ਪੂਰੀ ਕਰ ਦੇਵਾਂ ਤਾਂ ਇਸ ਗੱਲ 'ਚੋਂ ਲਫੰਡਰ ਭਾਵੇਂ ਸਵਾਦ ਲੈਂਦੇ ਰਹਿਣ ਪਰ ਅਕਲਮੰਦਾਂ ਨੂੰ ਗੁੱਸਾ ਜ਼ਰੂਰ ਆਵੇਗਾ।

ਇਹ ਸਭ ਗੱਲਾਂ ਇਸ ਕਰਕੇ ਕਰਨੀਆਂ ਪੈ ਰਹੀਆਂ ਨੇ ਕਿਉਂਕਿ ਅੱਜਕੱਲ੍ਹ ਬਦਨਾਮੀ ਨੂੰ ਵੀ 'ਮਸ਼ਹੂਰੀ' ਨਾਲ ਜੋੜ ਕੇ ਦੇਖਿਆ ਜਾਣ ਲੱਗਾ ਹੈ। ਬਦਨਾਮ ਹੋਣ ਦੀ ਇੱਛਾ ਰੱਖਣ ਵਾਲਿਆਂ ਨੂੰ ਇੱਕੋ ਸ਼ੇਅਰ ਆਉਂਦਾ ਹੈ, 'ਬਦਨਾਮ ਹੋਂਗੇ ਤੋ ਕਿਆ ਨਾਮ ਨਾ ਹੋਗਾ।' ਪਾਠਕਾਂ ਨੂੰ ਯਾਦ ਹੋਵੇਗਾ, ਕਈ ਸਾਲ ਪਹਿਲਾਂ ਹੈਰੀ ਮਿਰਜ਼ਾ ਨਾਂ ਦੇ ਇੱਕ ਕਲਾਕਾਰ ਨੇ ਗੀਤ ਗਾਇਆ ਸੀ, 'ਯਾਰੋ ਆਉਂਦੀਆਂ ਰਹਿੰਦੀਆਂ ਕੁੜੀਆਂ ਤੇ ਬੱਸਾਂ', ਤੇ ਸਿਆਣੇ ਲੋਕਾਂ ਉਸ ਨੂੰ ਖੂਬ ਮੰਦਾ-ਚੰਗਾ ਆਖਿਆ ਸੀ। ਕਈ ਮੂਰਖਮਤੀਆਂ ਨੇ ਇਸ ਨੂੰ ਵੀ ਪਸੰਦ ਕੀਤਾ ਸੀ। ਜਦੋਂ ਮੈਂ ਹੈਰੀ ਨਾਲ ਗੱਲ ਕੀਤੀ ਤਾਂ ਕਹਿਣ ਲੱਗਾ, 'ਪੰਜਾਬ 'ਚੋਂ ਅਤਿਵਾਦ ਖਤਮ ਹੋ ਜਾਣਾ ਸੀ, ਜੇ ਪੁਲਿਸ ਵਾਲੇ ਭੋਲੇ-ਭਾਲੇ ਨੌਜਵਾਨਾਂ 'ਤੇ ਜ਼ੁਲਮ ਨਾ ਕਰਦੇ...ਜੇ ਹੁਣ ਤੁਸੀਂ ਮੇਰੇ ਖਿਲਾਫ਼ ਕੁਝ ਲਿਖਿਆ ਤਾਂ ਮੈਂ ਭਟਕ ਜਾਵਾਂਗਾ ਤੇ ਭਵਿੱਖ ਵਿਚ ਉਹ-ਉਹ ਕੁਝ ਗਾਵਾਂਗਾ, ਜਿਸ ਨਾਲ ਗਾਇਕੀ 'ਚ ਨਵਾਂ ਅਤਿਵਾਦ ਸ਼ੁਰੂ ਹੋ ਜਾਵੇਗਾ।'

ਉਹ ਮੂਰਖ ਸੀ, ਲੋਕਾਂ ਉਸ ਨੂੰ ਗਾਲ੍ਹਾਂ ਵੀ ਕੱਢੀਆਂ ਤੇ ਹੌਲੀ-ਹੌਲੀ ਗੱਲ ਆਈ-ਗਈ ਹੋ ਗਈ। ਪਰ ਥੋੜ੍ਹੀ ਦੇਰ ਪਹਿਲਾਂ ਇਹੀ ਗਾਣਾ 'ਯਾਰ ਅਣਮੁੱਲੇ' ਨਾਲ ਚਰਚਾ 'ਚ ਆਉਣ ਵਾਲੇ ਸ਼ੈਰੀ ਮਾਨ ਨੇ ਦੁਬਾਰਾ ਗਾ ਛੱਡਿਆ। ਜਦੋਂ ਸ਼ੈਰੀ ਨਾਲ ਗੱਲ ਹੋਈ ਤਾਂ ਜਵਾਬ ਸੀ, 'ਇਹ ਗੀਤ ਹੈਰੀ ਤੋਂ ਵਧੀਆ ਢੰਗ ਨਾਲ ਨਹੀਂ ਗਾਇਆ ਗਿਆ ਸੀ, ਇਸ ਲਈ ਮੈਂ ਬੜੀ ਮਿਹਨਤ ਨਾਲ ਪੇਸ਼ ਕੀਤੈ।' ਪਹਿਲੇ ਤੋਂ ਕਿਤੇ ਕਸਰ ਰਹਿ ਗਈ ਤੇ ਦੂਜੇ ਨੇ ਇਹਨੂੰ ਕਿਹੜੀਆਂ 'ਸਰਗਮਾਂ' ਲਾ-ਲਾ ਗਾਇਐ, ਇਹਦੇ ਬਾਰੇ ਵੀ ਸਾਰੇ ਜਾਣਦੇ ਨੇ।

ਚੰਗਾ ਕੰਮ ਕਰਦਿਆਂ-ਕਰਦਿਆਂ ਸਿਰੇ ਦੀ ਹਲਕੀ ਗੱਲ ਕਰ ਦੇਣੀ ਕਲਾਕਾਰਾਂ ਦੀ ਪੁਰਾਣੀ ਆਦਤ ਹੈ ਤੇ ਇਹ ਆਦਤ ਦੋ ਸੂਰਤਾਂ ਵਿਚ ਜ਼ਿਆਦਾ ਉਭਰਦੀ ਹੈ। ਇੱਕ ਉਦੋਂ ਜਦੋਂ ਕਲਾਕਾਰ 'ਸਟਾਰ' ਹੁੰਦੈ ਤੇ ਸ਼ੋਹਰਤ ਦੇ ਨਸ਼ੇ 'ਚ ਉਹਨੂੰ ਪਤਾ ਨਹੀਂ ਲੱਗਦਾ ਕਿ ਉਹ ਜੋ ਕਰ ਰਿਹੈ, ਉਹ ਸਹੀ ਹੈ ਜਾਂ ਗਲਤ ਤੇ ਦੂਜਾ ਉਦੋਂ, ਜਦੋਂ ਉਸ ਦੀ ਪ੍ਰਸਿੱਧੀ ਦਾ ਸੂਰਜ ਢਲਣ ਲੱਗਦੈ। ਉਦੋਂ ਮਾਨਸਿਕ ਪ੍ਰੇਸ਼ਾਨੀ 'ਚ ਉਹ ਅਜਿਹੀਆਂ ਹਰਕਤਾਂ ਕਰਦੈ, ਜਿਸ ਨਾਲ ਉਸ ਦਾ ਭੱਠਾ ਪਹਿਲਾਂ ਨਾਲੋਂ ਵੀ ਤੇਜ਼ੀ ਨਾਲ ਬੈਠਣ ਲੱਗਦੈ। ਸੁਭਾਵਨ ਬੰਦੇ ਨੂੰ ਅੱਜ ਤੱਕ ਸਮਝ ਨਹੀਂ ਆਉਂਦੀ ਕਿ 'ਯਾਰ ਅਣਮੁੱਲੇ' ਵਰਗੇ ਗੀਤ ਨਾਲ ਟੀਸੀ 'ਤੇ ਪਹੁੰਚਣ ਵਾਲੇ ਭੱਦਰ ਪੁਰਸ਼ ਦਾ ਇਹੋ ਜਿਹਾ ਕਿਹੜਾ ਗੱਡਾ ਫਸ ਗਿਆ ਸੀ, ਜਿਹੜਾ ਏਸੇ ਗੀਤ ਨਾਲ ਹੀ ਬਾਹਰ ਨਿਕਲ ਸਕਦਾ ਸੀ।



ਸ਼ੈਰੀ ਮਾਨ

ਕੁੱਝ ਸਮਾਂ ਪਹਿਲਾਂ ਪੰਜਾਬ ਦੇ ਇੱਕ ਅਖੌਤੀ ਗਾਇਕ ਨੇ 'ਮਿੱਤਰਾਂ ਦੇ ਪਿੰਡ 'ਚੋਂ ਪਟੋਲੇ ਮੁੱਕ ਗਏ' ਗੀਤ ਗਾ ਕੇ ਆਪਣੀ ਝੋਲੀ ਬਦਨਾਮੀ ਨਾਲ ਭਰ ਲਈ ਸੀ। ਗੀਤ ਵਿਚ ਉਸ ਨੇ ਆਪਣੇ ਪਿੰਡ ਦੀਆਂ ਕੁੜੀਆਂ ਦੇ ਨਾਂ ਵੀ ਲੈ ਛੱਡੇ ਸਨ ਤੇ ਸੁਣਨ 'ਚ ਆਇਆ ਸੀ ਕਿ ਇਹ ਗੀਤ ਗਾਉਣ ਦੇ ਇਨਾਮ ਵਜੋਂ ਪਿੰਡ ਵਾਲਿਆਂ ਉਸ ਦੇ ਖੂਬ ਛਿੱਤਰੌਲ ਫੇਰਿਆ ਸੀ।

ਜਿਨ੍ਹਾਂ-ਜਿਨ੍ਹਾਂ ਉਸ ਦੀ ਭੁਗਤ ਸੰਵਾਰੀ, ਸਾਡੀ ਜਾਚੇ ਸਨਮਾਨ ਦੇ ਅਸਲ ਹੱਕਦਾਰ ਉਹੀ ਨੇ। ਇਹ ਖਬਰ ਮੀਡੀਏ ਵਿਚ ਫੈਲਣੀ ਚਾਹੀਦੀ ਸੀ ਪਰ ਪਤਾ ਨਹੀਂ ਕਿਹੜੇ ਕਾਰਨਾਂ ਕਰਕੇ ਦੱਬੀ ਰਹਿ ਗਈ। ਲਫੰਡਰਾਂ ਨੇ ਇਸ ਗੀਤ ਦੀ ਵੀ ਪ੍ਰਸ਼ੰਸਾ ਕੀਤੀ ਸੀ ਕਿਉਂਕਿ ਉਹ ਆਪਣੀਆਂ ਧੀਆਂ-ਭੈਣਾਂ ਦੀ ਪ੍ਰਵਾਹ ਕੀਤੇ ਬਿਨਾਂ ਦੂਜਿਆਂ ਦੀਆਂ ਨੂੰ 'ਮਾਸ਼ੂਕਾਂ' ਮੰਨਦੇ ਰਹਿੰਦੇ ਨੇ।

ਹੁਣ ਧਾਹਾਂ ਵਾਲੀ ਗਾਇਕੀ ਵਜੋਂ ਮਸ਼ਹੂਰ ਧਰਮਪ੍ਰੀਤ ਨੇ ਨਵਾਂ ਚੰਦ ਚਾੜ੍ਹ ਛੱਡਿਐ। ਇਸ ਗੀਤ ਨੂੰ ਉਸ ਨੇ ਦੁਬਾਰਾ ਇੰਜ ਪੇਸ਼ ਕੀਤੈ, ਜਿਵੇਂ ਇਸ ਬਦਲੇ ਉਹਨੂੰ 'ਪਦਮ ਸ੍ਰੀ' ਐਵਾਰਡ ਮਿਲ ਜਾਵੇਗਾ। ਜਦੋਂ ਧਰਮਪ੍ਰੀਤ ਨੂੰ ਇੱਕ ਸੱਜਣ ਨੇ ਇਹ ਮੂਰਖਮੱਤਾ ਗੀਤ ਗਾਉਣ ਦਾ ਕਾਰਨ ਪੁੱਛਿਆ ਤਾਂ ਜਵਾਬ ਸੀ, 'ਫਲਾਣੇ ਭਾਅ ਜੀ ਨੇ ਕਹਿ ਦਿੱਤਾ ਤਾਂ ਮੈਂ ਗਾ ਛੱਡਿਆ, ਮੈਂ ਤਾਂ ਕਿਹਾ ਸੀ ਕਿ ਮੈਥੋਂ ਨਾ ਗਵਾਓ ਪਰ ਉਨ੍ਹਾਂ ਜ਼ਿਦ ਕਰ ਲਈ।' ਜਦੋਂ ਉਹਦੇ ਭਾਅ ਜੀ ਨੂੰ ਪੁੱਛਿਆ, ਤਾਂ ਜਵਾਬ ਸੀ, 'ਬਥੇਰਾ ਚੰਗਾ ਕੰਮ ਕਰ-ਕਰ ਦੇਖ ਲਿਆ, ਏਥੇ ਗਧੇ-ਘੋੜੇ ਦਾ ਇੱਕੋ ਮੁੱਲ ਐ। ਹੁਣ ਏਦਾਂ ਦੇ ਗੀਤ ਹੀ ਰਿਕਾਰਡ ਕਰਾਂਗੇ, ਜਿੰਨੀ ਵਿਰੋਧਤਾ ਹੁੰਦੀ ਏ ਹੋ ਲੈਣ ਦਿਓ।' ਭਲਾ ਇਸ ਸੋਚ 'ਤੇ ਕਿਹੋ ਜਿਹਾ ਮਾਣ ਕੀਤਾ ਜਾ ਸਕਦੈ ਕਿ ਚੰਗੇ ਕੰਮ ਦੀ ਪ੍ਰਸ਼ੰਸਾ ਨਾ ਹੋਣ ਕਾਰਨ ਭਟਕਿਆ ਬੰਦਾ ਮਾੜੇ ਰਾਹ 'ਤੇ ਤੁਰ ਪਵੇ। ਜੇ ਪਾਲੀ ਦੇਤਵਾਲੀਆ 'ਤੱਤੇ' ਗੀਤ ਲਿਖਣ ਮਗਰੋਂ ਪਰਿਵਾਰਕ ਗੀਤਾਂ ਵੱਲ ਮੋੜ ਕੱਟ ਸਕਦੈ ਤਾਂ ਬਾਕੀ ਕਲਾਕਾਰ ਚੰਗੇ ਤੋਂ ਬਾਅਦ ਮਾੜੇ ਰਾਹ ਕਿਉਂ ਤੁਰ ਪਏ ਨੇ?

ਪਿੰਡ ਦੀਆਂ ਕੁੜੀਆਂ ਨੂੰ ਪਟੋਲੇ ਦੱਸਣ ਵਾਲੇ ਪਹਿਲੇ ਕਲਾਕਾਰ ਦੇ ਤਾਂ ਜੁੱਤੀਆਂ ਪੈ ਗਈਆਂ ਪਰ ਜੇ ਕੱਲ੍ਹ ਨੂੰ ਧਰਮਪ੍ਰੀਤ ਦੁਆਲੇ ਵੀ ਕੋਈ ਹੋ ਗਿਆ ਤਾਂ ਨਾ ਰਾਇ ਦੇਣ ਵਾਲਿਆਂ ਨੇੜੇ ਆਉਣਾ ਹੈ ਤੇ ਨਾ ਹੀ ਉਸ ਵਰਗ ਨੇ, ਜਿਹੜੇ ਕਹਿੰਦੇ ਨੇ ਕਿ ਤੱਤੇ ਗੀਤ ਮੋਬਾਈਲ 'ਚ ਪਾ ਕੇ ਪਰਦੇ ਨਾਲ ਸੁਣਨ ਦਾ ਮਜ਼ਾ ਹੀ ਵੱਖਰਾ ਹੁੰਦੈ।

ਇਹ ਸੱਚ ਹੈ ਕਿ ਸਰੋਤਿਆਂ ਦਾ ਰੁਝਾਨ ਚੰਗੀ ਗਾਇਕੀ ਵੱਲੋਂ ਘਟ ਰਿਹੈ ਪਰ ਇਹ ਘਟਣ ਦਾ ਇੱਕੋ-ਇੱਕ ਕਾਰਨ ਹੈ ਕਿ ਚੰਗੀ ਗਾਇਕੀ ਉਨ੍ਹਾਂ ਅੱਗੇ ਪਰੋਸੀ ਹੀ ਨਹੀਂ ਜਾ ਰਹੀ। ਜਦੋਂ 'ਰਿਸਕ' ਤੋਂ ਬਚਣ ਲਈ ਚੰਗਾ ਗਾਇਆ ਹੀ ਨਾ ਜਾਵੇਗਾ ਤਾਂ ਚੰਗਾ ਸੁਣਨ ਦੀ ਆਦਤ ਕਿਵੇਂ ਪਵੇਗੀ? ਮਾੜਾ ਗਾਉਣ ਵਾਲੇ ਕਲਾਕਾਰ ਵੀ ਹਰ ਇੰਟਰਵਿਊ ਮੌਕੇ ਇਹੀ ਆਖਦੇ ਨੇ, 'ਗੁਰਦਾਸ ਮਾਨ, ਹੰਸ ਰਾਜ ਹੰਸ, ਹਰਭਜਨ ਮਾਨ, ਮਨਮੋਹਨ ਵਾਰਿਸ ਤੇ ਹੋਰ ਸੀਨੀਅਰ ਕਲਾਕਾਰਾਂ ਨੂੰ ਅਸੀਂ ਮਾਰਗ ਦਰਸ਼ਕ ਮੰਨਦੇ ਹਾਂ...' ਪਰ ਕਦੇ ਨਹੀਂ ਸੋਚਿਆ ਗਿਆ ਕਿ ਜਿਨ੍ਹਾਂ ਨੂੰ ਮਾਰਗ ਦਰਸ਼ਕ ਮੰਨਿਆ, ਉਨ੍ਹਾਂ ਨੇ ਕਦੇ ਮਾੜਾ ਗਾਇਆ ਨਹੀਂ।

ਜਿਹੜੇ ਲੋਕ ਮਾੜਾ ਗਾਉਣ ਸਬੰਧੀ ਤਰਕ ਦਿੰਦੇ ਨੇ ਕਿ 'ਚਰਚਾ 'ਚ ਆਉਣ ਲਈ ਸਭ ਕੁੱਝ ਕਰਨਾ ਪੈਂਦੈ, ਚੰਗੇ ਦੀ ਕਦਰ ਨਹੀਂ ਪੈਂਦੀ', ਉਨ੍ਹਾਂ ਨੂੰ ਬੱਗਾ ਸਫ਼ਰੀ ਤੇ ਉਹਦੇ ਵਰਗੇ ਹੋਰ ਅਖੌਤੀ ਕਲਾਕਾਰਾਂ ਵੱਲ ਧਿਆਨ ਮਾਰਨਾ ਚਾਹੀਦਾ ਹੈ ਕਿ ਉਨ੍ਹਾਂ ਮਾੜਾ ਗਾ-ਗਾ ਕਿਹੜੇ ਮਹਿਲ ਮੁਨਾਰੇ ਖੜੇ ਕਰ ਲਏ।

## ਚੱਲਦੇ ਚੱਲਦੇ

ਕਈ ਕਲਾਕਾਰਾਂ ਨੂੰ ਜਦੋਂ ਉਨ੍ਹਾਂ ਦੇ ਗਾਏ ਦੋ ਅਰਥੀ ਗੀਤਾਂ ਬਾਬਤ ਪੁੱਛੋ ਤਾਂ ਉਹ ਪੱਲਾ ਝਾੜਦੇ ਕਹਿ ਛੱਡਦੇ ਨੇ, 'ਐਵੇਂ ਨਾ ਤਵਾ ਲਾਇਆ ਕਰੋ...ਗੀਤ ਸਿਰਫ ਗੀਤ ਹੁੰਦੈ, ਇਹ ਮਾੜਾ ਹੋਵੇ ਜਾਂ ਚੰਗਾ, ਲੋਕਾਂ ਸਿਰਫ ਮਸਤੀ ਮਾਰਨੀ ਹੁੰਦੀ ਏ। ਗੀਤ ਨੂੰ ਨਿੱਜੀ ਜ਼ਿੰਦਗੀ ਨਾਲ ਜੋੜ ਕੇ ਦੇਖੋਗੇ ਤਾਂ ਕੁੱਝ ਵੀ ਨਹੀਂ ਚੰਗਾ ਲੱਗੇਗਾ।'

ਸਾਡੀ ਗਲੀ 'ਚੋਂ ਜਵਾਨ ਭੈਣ-ਭਰਾ ਲੰਘ ਰਹੇ ਸਨ ਤੇ ਭਰਾ ਮਸਤੀ 'ਚ ਆਇਆ ਭੈਣ ਦੇ ਗੁਲਾਬੀ ਰੰਗੇ ਸੂਟ 'ਤੇ ਟਕੋਰਾਂ ਕਰਦਾ ਜਾ ਰਿਹਾ ਸੀ, 'ਭੈਣੇ ਅੱਜ ਤੂੰ ਤੁਰਦੀ ਏਂ ਪਿੰਕ ਸੂਟ ਦਾ ਪਹੁੰਚਾ ਚੁੱਕ ਚੁੱਕ ਕੇ...।' ਜਦੋਂ ਗੀਤ ਜਵਾਨੀ ਦੇ ਦਿਮਾਗ਼ 'ਤੇ ਅਸਰ ਕਰਦੈ ਤਾਂ ਪਤਾ ਨਹੀਂ ਰਹਿੰਦਾ ਕਿ ਉਸ ਦੇ ਬੋਲ ਕਿਹੜੇ ਵੇਲੇ ਮੂੰਹੋਂ ਨਿਕਲਣ ਲੱਗਦੇ ਨੇ। ਜਿਹੜੇ ਕਹਿੰਦੇ ਨੇ ਗੀਤ ਨਾਲ ਨਿੱਜੀ ਜ਼ਿੰਦਗੀ 'ਤੇ ਕੋਈ ਫ਼ਰਕ ਨਹੀਂ ਪੈਂਦਾ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ 'ਮੁੰਨੀ ਬਦਨਾਮ ਹੂਈ' ਗੀਤ ਤੋਂ ਤੰਗ ਆਈ ਲਾਹੌਰ 'ਚ ਕਰਿਆਨੇ ਦੀ ਦੁਕਾਨ ਕਰਨ ਵਾਲੀ ਮੁੰਨੀ ਨਾਂ ਦੀ ਔਰਤ ਨੂੰ ਦੁਕਾਨ ਬੰਦ ਕਰਨੀ ਪਈ, ਕਿਉਂਕਿ ਉਥੇ ਆਉਣ ਵਾਲੇ ਸ਼ਰਾਰਤੀ ਉਹਨੂੰ 'ਬਦਨਾਮ ਮੁੰਨੀ, ਬਦਨਾਮ ਮੁੰਨੀ' ਕਹਿਣ ਲੱਗੇ ਸਨ।

ਜਦੋਂ 'ਸ਼ੀਲਾ ਕੀ ਜਵਾਨੀ' ਗੀਤ ਆਇਆ ਤਾਂ ਲਖਨਊ ਵੱਲ ਦੀ ਇੱਕ ਮੁਟਿਆਰ ਨੂੰ ਚੰਗੀ-ਭਲੀ ਨੌਕਰੀ ਛੱਡਣ ਲਈ ਮਜਬੂਰ ਹੋਣਾ ਪਿਆ, ਕਿਉਂਕਿ ਉਹਦਾ ਨਾਂ ਵੀ ਸ਼ੀਲਾ ਸੀ ਤੇ ਸਟਾਫ ਮੈਂਬਰ ਉਸ ਨੂੰ ਛੇੜਦੇ ਰਹਿੰਦੇ, 'ਅੱਜ-ਕੱਲ੍ਹ ਸ਼ੀਲਾ ਦੀ ਜਵਾਨੀ ਬੜੇ ਜਲਵੇ ਦਿਖਾ ਰਹੀ ਏ...।'

# ਕੰਗਨਾ ਰਣਾਉਤ: ਗੰਭੀਰ ਕਿਰਦਾਰ ਵੱਡੀ ਵੰਗਾਰ

ਕੰਗਨਾ ਰਣਾਉਤ ਦਾ ਕਹਿਣੈ ਕਿ ਉਸ ਨੂੰ ਕਾਮੇਡੀ ਕਿਰਦਾਰ ਵਧੇਰੇ ਸੌਖੇ ਲੱਗਦੇ ਹਨ ਜਦਕਿ ਅਸਲੀ ਚੁਣੌਤੀ ਤਾਂ ਗੰਭੀਰ ਕਿਰਦਾਰ ਕਰਨ 'ਚ ਹੀ ਹੈ। ਕਰੀਅਰ ਦੀ ਸ਼ੁਰੂਆਤ 'ਚ 'ਗੈਂਗਸਟਰ' ਤੇ 'ਫੈਸ਼ਨ' ਜਿਹੀਆਂ ਫਿਲਮਾਂ 'ਚ ਗੰਭੀਰ ਤੇ ਭਾਵਨਾਤਮਕ ਕਿਰਦਾਰਾਂ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਣ ਲਈ ਪ੍ਰਸਿੱਧੀ ਪ੍ਰਾਪਤ ਕਰਨ ਵਾਲੀ ਕੰਗਨਾ ਰਣਾਉਤ ਨੇ ਹੁਣੇ ਜਿਹੇ ਕਾਮੇਡੀ ਫਿਲਮ 'ਡਬਲ ਧਮਾਲ' ਤੇ ਉਸ ਤੋਂ ਪਹਿਲਾਂ 'ਤਨੂ ਵੈੱਡਸ ਮਨੂ' ਤੇ 'ਨੋ ਪ੍ਰਾਬਲਮ' 'ਚ ਦਰਸ਼ਕਾਂ ਨੂੰ ਹਸਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਉਂਜ ਕੰਗਨਾ ਮੰਨਦੀ ਹੈ ਕਿ ਬੇਸ਼ੱਕ ਉਹ ਵੱਡੇ ਪਰਦੇ 'ਤੇ ਗੰਭੀਰ ਕਿਰਦਾਰ ਨਿਭਾਉਂਦੀ ਰਹੀ ਹੈ ਪਰ ਦਿਲੋਂ ਉਹ ਫਨ ਲਵਿੰਗ ਪਰਸਨ ਹੈ। ਉਹ ਕਹਿੰਦੀ ਹੈ, "ਮੈਨੂੰ ਮੌਜ-ਮਸਤੀ ਕਾਫੀ ਪਸੰਦ ਹੈ ਤੇ ਕਾਮੇਡੀ 'ਚ ਮੈਂ ਸੁਭਾਵਿਕ ਰੂਪ 'ਚ ਹੀ ਨਿਪੁੰਨ ਹਾਂ ਪਰ ਫਿਲਮ ਨਗਰੀ 'ਚ ਆਊਟਸਾਈਡਰ ਹੋਣ ਕਾਰਨ ਤੁਹਾਡੇ ਕੋਲ ਕਿਰਦਾਰਾਂ ਦੀ ਚੋਣ ਦੇ ਬਹੁਤੇ ਬਦਲ ਨਹੀਂ ਹੁੰਦੇ।" ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਹੋ ਚੁੱਕੀ ਕੰਗਨਾ ਦਾ ਕਹਿਣਾ ਹੈ ਕਿ ਉਸ ਨੂੰ ਆਪਣੇ ਪਿਛਲੇ ਕਿਰਦਾਰਾਂ 'ਤੇ ਪਛਤਾਵਾ ਨਹੀਂ ਹੈ ਤੇ ਅੱਜ ਉਨ੍ਹਾਂ ਦੀ ਬਦੌਲਤ ਉਹ ਇਸ ਮੁਕਾਮ 'ਤੇ ਹੈ ਪਰ ਅੱਜਕਲ ਉਹ ਕਾਮੇਡੀ ਕਿਰਦਾਰਾਂ ਨੂੰ ਪੂਰੀ ਤਰ੍ਹਾਂ ਇੰਜੁਆਏ ਕਰ ਰਹੀ ਹੈ।



ਛੇਤੀ ਹੀ ਕੰਗਨਾ ਇਕ ਹੋਰ ਕਾਮੇਡੀ ਫ਼ਿਲਮ 'ਰਾਸਕਲਸ' 'ਚ ਨਜ਼ਰ ਆਏਗੀ। ਉਹ ਫ਼ਿਲਮ 'ਚ ਉਹ ਸੰਜੇ ਦੱਤ ਤੇ ਅਜੇ ਦੇਵਗਨ ਨਾਲ ਅਦਾਕਾਰੀ ਕਰ ਰਹੀ ਹੈ। ਸਿਰਫ ਪੰਜ ਸਾਲਾਂ 'ਚ ਇਕ ਰਾਸ਼ਟਰੀ ਫਿਲਮ ਪੁਰਸਕਾਰ ਤੇ ਕਈ ਹਿੱਟ ਫਿਲਮਾਂ ਨਾਲ ਅੱਜ ਕੰਗਨਾ ਫ਼ਿਲਮ ਨਗਰੀ ਦੀਆਂ ਸਫਲ ਤੇ ਸਭ ਤੋਂ ਚਰਚਿਤ ਅਭਿਨੇਤਰੀਆਂ 'ਚੋਂ ਇਕ ਹੈ। ਘਰ ਵਸਾਉਣ ਦੀ ਯੋਜਨਾ ਬਾਰੇ ਕੰਗਣਾ ਦਾ ਕਹਿਣਾ ਹੈ ਕਿ ਉਹ ਬਸ 24 ਸਾਲਾਂ ਦੀ ਹੈ ਤੇ ਅਜੇ ਇਸ ਲਈ ਉਸ ਕੋਲ ਬਹੁਤ ਸਮਾਂ ਹੈ।

# ਲੁਧਿਆਣੇ ਦੀ ਧੀ ਜੂਹੀ ਚਾਵਲਾ



ਮਨਮੋਹਣੀ ਮੁਸਕਰਾਹਟ, ਚੁਲਬੁਲੇ ਚਰਿੱਤਰ ਤੇ ਕਮਾਲ ਦੀ ਅਦਾਕਾਰੀ ਲਈ ਪ੍ਰਸਿੱਧ ਜੂਹੀ ਚਾਵਲਾ ਬਾਲੀਵੁੱਡ ਦੀਆਂ ਕੁਝ ਸਭ ਤੋਂ ਚਰਚਿਤ ਅਭਿਨੇਤਰੀਆਂ 'ਚੋਂ ਇਕ ਹੈ। ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ 'ਚ ਪੰਜਾਬੀ ਪਿਤਾ ਡਾ. ਐਸ. ਚਾਵਲਾ ਤੇ ਗੁਜਰਾਤੀ ਮਾਂ ਮੋਨਾ ਚਾਵਲਾ ਦੇ ਘਰ ਪੈਦਾ ਹੋਈ ਜੂਹੀ ਚਾਵਲਾ ਨੇ ਇਥੇ ਸਕੂਲੀ ਪੜ੍ਹਾਈ ਪੂਰੀ ਕੀਤੀ ਜਿਸ ਪਿੱਛੋਂ ਉਸ ਦਾ ਪਰਿਵਾਰ ਮੁੰਬਈ ਆ ਗਿਆ। ਮੁੰਬਈ 'ਚ ਉਸ ਨੇ ਗ੍ਰੈਜੂਏਸ਼ਨ ਕੀਤੀ। ਇਸੇ ਦੌਰਾਨ ਉਹ 1984 'ਚ ਮਿਸ ਇੰਡੀਆ ਬਣਨ 'ਚ ਸਫਲ ਰਹੀ। ਇਸੇ ਸਾਲ ਮਿਸ ਯੂਨੀਵਰਸ ਮੁਕਾਬਲੇ 'ਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਉਸ ਨੂੰ ਬੈਸਟ ਕਾਸਟਿਊਮ ਐਵਾਰਡ ਮਿਲਿਆ।

ਮਿਸ ਇੰਡੀਆ ਬਣਨ ਪਿੱਛੋਂ ਉਸ ਨੂੰ ਗਲੈਮਰ ਜਗਤ 'ਚ ਕਾਫੀ ਪਛਾਣ ਮਿਲ ਚੁੱਕੀ ਸੀ। ਇਸੇ ਪਛਾਣ ਨੇ ਉਸ ਨੂੰ 1986 'ਚ ਉਸ ਦੀ ਪਹਿਲੀ ਫ਼ਿਲਮ 'ਸਲਤਨਤ' ਦਿਵਾਈ ਪਰ ਬਾਲੀਵੁੱਡ 'ਚ ਉਸ ਦਾ ਮੁੱਖ ਰੋਲ ਉਸ ਨੂੰ 1988 'ਚ ਆਮਿਰ ਖਾਨ ਦੇ ਆਪੋਜ਼ਿਟ ਫ਼ਿਲਮ 'ਕਯਾਮਤ ਸੇ ਕਯਾਮਤ ਤਕ' ਦੇ ਰੂਪ 'ਚ ਮਿਲਿਆ। ਬਾਲੀਵੁੱਡ ਦੀਆਂ ਸਭ ਤੋਂ ਸਫਲ ਫ਼ਿਲਮਾਂ 'ਚੋਂ ਇਕ ਇਸ ਫ਼ਿਲਮ ਨੇ ਮਾਇਆ ਨਗਰੀ 'ਚ ਜੂਹੀ ਨੂੰ ਬੁਲੰਦੀਆਂ 'ਤੇ ਸਥਾਪਤ ਕਰਨ ਦਾ ਕੰਮ ਕੀਤਾ।ਇਸ ਤੋਂ ਬਾਅਦ ਹੀ ਜੂਹੀ ਬਾਲੀਵੁੱਡ 'ਚ ਕਈ ਬੇਹਤਰੀਨ ਫ਼ਿਲਮਾਂ 'ਚ ਕੰਮ ਕਰ ਚੁੱਕੀ ਹੈ। 1990 'ਚ ਉਸ ਨੇ 'ਪ੍ਰਤੀਬੰਧ' ਤੇ 'ਸਵਰਗ' ਵਰਗੀਆਂ ਫ਼ਿਲਮਾਂ 'ਚ ਕੰਮ ਕੀਤਾ ਤਾਂ 1992 'ਚ ਉਸ ਦੀ ਇਕ ਹੋਰ ਸੁਪਰਹਿੱਟ ਫ਼ਿਲਮ 'ਬੋਲ ਰਾਧਾ ਬੋਲ' ਰਿਲੀਜ਼ ਹੋਈ।

ਸਾਲ 1993 'ਚ ਤਾਂ ਉਸ ਨੇ ਇਕ ਤੋਂ ਬਾਅਦ ਇਕ ਕਈ ਹਿੱਟ ਫ਼ਿਲਮਾਂ ਦਿੱਤੀਆਂ ਤੇ ਬਾਲੀਵੁੱਡ ਦੀਆਂ ਮੁੱਖ ਹੀਰੋਇਨਾਂ 'ਚ ਉਸ ਦੀ ਗਿਣਤੀ ਹੋਣ ਲੱਗੀ। ਇਸ ਸਾਲ ਉਸ ਨੇ 'ਆਈਨਾ' ਤੇ ਸੰਨੀ ਦਿਓਲ ਦੇ ਆਪੋਜ਼ਿਟ ਹਿੱਟ ਫਿਲਮ 'ਲੁਟੇਰੇ' 'ਚ ਕੰਮ ਕੀਤਾ। 'ਹਮ ਹੈਂ ਰਾਹੀ ਪਿਆਰ ਕੇ' ਉਸ ਦੀ ਇਕ ਹੋਰ ਵੱਡੀ ਹਿੱਟ ਫ਼ਿਲਮ ਸਿੱਧ ਹੋਈ। ਇਸ ਪਿੱਛੋਂ ਉਸ ਦੀ ਫ਼ਿਲਮ 'ਡਰ' ਸਾਲ ਦੀ ਸਭ ਤੋਂ ਵੱਡੀ ਹਿੱਟ ਫ਼ਿਲਮ ਸਿੱਧ ਹੋਈ। ਫ਼ਿਲਮ 'ਚ ਸ਼ਾਹਰੁਖ ਖਾਨ ਤੇ ਸੰਨੀ ਦਿਓਲ ਦੇ ਦਮਦਾਰ ਕਿਰਦਾਰਾਂ ਵਿਚਾਲੇ ਵੀ ਜੂਹੀ ਚਾਵਲਾ ਦੀ ਅਦਾਕਾਰੀ ਸਭ ਨੂੰ ਪ੍ਰਭਾਵਿਤ ਕਰ ਗਈ। ਜੂਹੀ ਦੀਆਂ ਸਾਰੀਆਂ ਫ਼ਿਲਮਾਂ 'ਚ ਉਸ ਦੇ ਕਿਰਦਾਰ ਕਾਫੀ ਦਮਦਾਰ ਰਹੇ ਜਿਨ੍ਹਾਂ ਦੀ ਛਾਪ ਫ਼ਿਲਮ ਖਤਮ ਹੋਣ 'ਤੇ ਦਰਸ਼ਕਾਂ ਦੇ ਦਿਲੋ-ਦਿਮਾਗ 'ਤੇ ਚੰਗੀ ਤਰ੍ਹਾਂ ਕਾਇਮ ਰਹਿੰਦੀ ਸੀ। ਇਸ ਦਾ ਕਾਰਨ ਆਪਣੀ ਫ਼ਿਲਮ ਚੁਣਨ ਪ੍ਰਤੀ ਉਸ ਦੀ ਗੰਭੀਰ ਸੋਚ ਰਹੀ ਜੋ ਅੱਜ ਵੀ ਕਾਇਮ ਹੈ।

ਇਸ ਪਿੱਛੋਂ ਦੋ ਸਾਲ ਉਸ ਦੇ ਕਰੀਅਰ ਲਈ ਹਲਕੇ ਸਿੱਧ ਹੋਏ ਜਦੋਂ ਉਸ ਦੀ ਕਿਸੇ ਫ਼ਿਲਮ ਨੂੰ ਬਾਕਸ ਆਫਿਸ 'ਤੇ ਧਮਾਕੇਦਾਰ ਸਫਲਤਾ ਨਹੀਂ ਮਿਲੀ ਪਰ 1997 'ਚ ਉਸ ਨੇ ਕਾਮੇਡੀ ਫ਼ਿਲਮਾਂ 'ਚ ਸਫਲ ਵਾਪਸੀ ਕੀਤੀ ਜਿਨ੍ਹਾਂ 'ਚ 'ਯੈੱਸ ਬੌਸ', 'ਦੀਵਾਨਾ ਮਸਤਾਨਾ' ਤੇ 'ਇਸ਼ਕ' ਵਰਗੀਆਂ ਸਫਲ ਫ਼ਿਲਮਾਂ ਸ਼ਾਮਲ ਰਹੀਆਂ। ਸਾਲ 2000 ਤੋਂ ਬਾਅਦ ਜੂਹੀ ਚਾਵਲਾ ਨਵੀਂ ਕਿਸਮ ਦੇ ਕਿਰਦਾਰਾਂ 'ਚ ਦਿਲਚਸਪੀ ਲੈਣ ਲੱਗੀ ਤੇ ਉਸ ਨੇ 'ਤੀਨ ਦੀਵਾਰੇਂ', 'ਸਾਢੇ ਸਾਤ ਫੇਰੇ', 'ਮਾਈ ਬ੍ਰਦਰ ਨਿਖਿਲ', 'ਸਲਾਮੇ ਇਸ਼ਕ', 'ਬਸ ਏਕ ਪਲ', 'ਸਵਾਮੀ', 'ਭੂਤਨਾਥ', 'ਕ੍ਰੇਜ਼ੀ 4, 'ਲਕ ਬਾਈ ਚਾਂਸ' ਵਰਗੀਆਂ ਫ਼ਿਲਮਾਂ ਕੀਤੀਆਂ।

ਜੂਹੀ ਚਾਵਲਾ ਦੀਆਂ ਹੋਰ ਮੁੱਖ ਫ਼ਿਲਮਾਂ 'ਚ 'ਭਾਬੀ', 'ਰਾਧਾ ਕਾ ਸੰਗਮ', 'ਸ਼ਤਰੰਜ', 'ਤੜੀਪਾਰ', 'ਰਾਮ ਜਾਨੇ', 'ਬੰਦਿਸ਼', 'ਅਰਜੁਨ ਪੰਡਿਤ' ਸ਼ਾਮਲ ਹਨ। ਜੂਹੀ ਚਾਵਲਾ ਨੇ ਕੁਝ ਇਕ ਦੱਖਣ ਭਾਰਤੀ ਭਾਸ਼ਾਵਾਂ ਸਮੇਤ ਆਪਣੀ ਮਾਂ ਬੋਲੀ ਪੰਜਾਬੀ 'ਚ ਵੀ ਕਈ ਫ਼ਿਲਮਾਂ ਕੀਤੀਆਂ ਹਨ ਜਿਨ੍ਹਾਂ 'ਚ 'ਸ਼ਹੀਦ ਊਧਮ ਸਿੰਘ', 'ਦੇਸ ਹੋਇਆ ਪਰਦੇਸ', 'ਵਾਰਿਸ ਸ਼ਾਹ' ਤੇ 'ਸੁਖਮਨੀ' ਸ਼ਾਮਲ ਹਨ। ਉਸ ਨੇ ਸ਼ਾਹਰੁਖ ਖਾਨ ਤੇ ਨਿਰਦੇਸ਼ਕ ਅਜ਼ੀਜ਼ ਮਿਰਜ਼ਾ ਨਾਲ ਮਿਲ ਕੇ 'ਡ੍ਰੀਮਜ਼ ਅਨਲਿਮਟਿਡ' ਨਾਮੀ ਆਪਣਾ ਪ੍ਰੋਡਕਸ਼ਨ ਹਾਊਸ ਵੀ ਸ਼ੁਰੂ ਕੀਤਾ ਹੈ।

ਇਸ ਤਹਿਤ ਉਸ ਨੇ ਹੁਣ ਤਕ ਤਿੰਨ ਫ਼ਿਲਮਾਂ ਦਾ ਨਿਰਮਾਣ ਵੀ ਕੀਤਾ ਹੈ ਜਿਨ੍ਹਾਂ 'ਚ 'ਫਿਰ ਭੀ ਦਿਲ ਹੈ ਹਿੰਦੁਸਤਾਨੀ', 'ਅਸ਼ੋਕਾ' ਤੇ 'ਚਲਤੇ-ਚਲਤੇ' ਸ਼ਾਮਲ ਹਨ। ਜੂਹੀ ਚਾਵਲਾ ਉਦਯੋਗਪਤੀ ਜੈ ਮਹਿਤਾ ਨਾਲ ਵਿਆਹੀ ਹੋਈ ਹੈ। ਉਸ ਦੀ ਇਕ ਬੇਟੀ ਜਾਹਨਵੀ ਤੇ ਬੇਟਾ ਅਰਜੁਨ ਹਨ ਪਰ ਵਿਆਹ ਪਿੱਛੋਂ ਵੀ ਉਸ ਨੇ ਚੋਣਵੀਆਂ ਫ਼ਿਲਮਾਂ 'ਚ ਆਪਣੀ ਅਦਾਕਾਰੀ ਦਾ ਸਫਰ ਜਾਰੀ ਰੱਖਿਆ ਹੋਇਆ ਹੈ। ਜੂਹੀ ਚਾਵਲਾ ਆਪਣੀ ਮਿੱਠੀ ਆਵਾਜ਼ ਲਈ ਵੀ ਪ੍ਰਸਿੱਧ ਰਹੀ ਹੈ। ਉਹ ਸ਼ਾਸਤਰੀ ਸੰਗੀਤ ਵੀ ਸਿੱਖਦੀ ਰਹੀ ਹੈ ਤੇ ਫ਼ਿਲਮ 'ਭੂਤਨਾਥ' 'ਚ ਉਸ ਨੇ ਇਕ ਗੀਤ 'ਚਲੋ ਜਾਨੇ ਦੋ' ਨੂੰ ਪਹਿਲੀ ਵਾਰ ਆਪਣੀ ਆਵਾਜ਼ ਦਿੱਤੀ। ਜੂਹੀ ਚਾਵਲਾ ਇਕ ਬੇਹਤਰੀਨ ਨ੍ਰਤਕੀ ਵੀ ਹੈ।

# ਜਦੋਂ ਸੰਜੀਵ ਕੁਮਾਰ ਨੂੰ ਫਿਲਮ 'ਚੋਂ ਕੱਢਿਆ

ਅਭਿਨੇਤਾ ਸੰਜੀਵ ਕੁਮਾਰ ਦਾ ਅਸਲ ਨਾਂ ਹਰੀਹਰ ਜ਼ਰੀਵਾਲਾ ਸੀ ਤੇ ਉਹ ਇਕ ਗਰੀਬੜੇ ਜਿਹੇ ਗੁਜਰਾਤੀ ਪਰਿਵਾਰ ਵਿਚ ਜਨਮਿਆ ਸੀ। ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਰੱਖਣ ਵਾਲੇ ਸੰਜੀਵ ਨੇ 'ਫ਼ਿਲਮਾਲਯ ਐਕਟਿੰਗ ਸਕੂਲ' ਤੋਂ ਅਦਾਕਾਰੀ ਦੀ ਸਿਖਲਾਈ ਲਈ ਤੇ ਆਪਣੀ ਦਮਦਾਰ ਅਦਾਕਾਰੀ ਦੇ ਜਲਵੇ ਵਿਖਾਉਣ ਲਈ ਉਹ ਮਾਇਆਨਗਰੀ ਮੁੰਬਈ ਆ ਪੁੱਜਿਆ। ਇਥੇ ਆ ਕੇ ਉਸ ਨਾਲ ਦੋ ਬਹੁਤ ਹੀ ਦਿਲਚਸਪ ਘਟਨਾਵਾਂ ਵਾਪਰੀਆਂ।

1960 ਦੀ ਗੱਲ ਹੈ ਕਿ ਅਦਾਕਾਰ ਏ.ਕੇ. ਹੰਗਲ ਬਤੌਰ ਨਿਰਦੇਸ਼ਕ 'ਇੰਡੀਅਨ ਪੀਪਲਜ਼ ਥੀਏਟਰ' ਭਾਵ 'ਇਪਟਾ' ਨਾਮਕ ਨਾਟ ਸੰਸਥਾ ਲਈ ਇਕ ਨਾਟਕ 'ਮਜਮਾ' ਬਣਾ ਰਿਹਾ ਸੀ। ਉਸ ਨਾਟਕ ਵਿਚ ਇਕ ਕਾਮੇਡੀਅਨ ਦੀ ਭੂਮਿਕਾ ਅਦਾ ਕਰਨ ਵਾਲਾ ਕਲਾਕਾਰ ਨਾਟਕ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ ਗਾਇਬ ਹੋ ਗਿਆ। ਇਹ ਖ਼ਬਰ ਮਿਲਦਿਆਂ ਹੀ ਏ.ਕੇ. ਹੰਗਲ ਦੇ ਹੋਸ਼ ਉੱਡ ਗਏ ਕਿਉਂਕਿ ਟਿਕਟਾਂ ਵਿਕ ਚੁੱਕੀਆਂ ਸਨ ਤੇ ਸਮਾਂ ਬਹੁਤ ਘੱਟ ਸੀ। ਸੰਜੀਵ ਉਨ੍ਹਾਂ ਦਿਨਾਂ ਵਿਚ ਕੰਮ ਦੀ ਤਲਾਸ਼ ਵਿਚ ਇਧਰ-ਉਧਰ ਭਟਕਦਾ ਫਿਰਦਾ ਸੀ ਤੇ ਕੁਝ ਖਾਸ ਨਹੀਂ ਸੀ ਕਰ ਪਾ ਰਿਹਾ। ਏ.ਕੇ. ਹੰਗਲ ਨੇ ਉਸ ਨੂੰ ਸੱਦਿਆ ਤੇ ਤੁਰੰਤ ਆਪਣੀ ਪ੍ਰੇਸ਼ਾਨੀ ਦੱਸੀ। ਸੰਜੀਵ ਨੇ ਆਪਣੇ ਇਸ ਮਿੱਤਰ ਦੀ ਪ੍ਰੇਸ਼ਾਨੀ ਦੂਰ ਕਰਨ ਲਈ ਤੁਰੰਤ ਹਾਂ ਕਰ ਦਿੱਤੀ ਤੇ ਦ੍ਰਿਸ਼ ਸਮਝਣ ਦੇ ਨਾਲ-ਨਾਲ ਸੰਵਾਦ ਯਾਦ ਕਰਨੇ ਸ਼ੁਰੂ ਕਰ ਦਿੱਤੇ। ਇਸ ਤੋਂ ਪਹਿਲਾਂ ਉਸ ਨੇ ਕੋਈ ਵੀ ਹਾਸਰਸ ਵਾਲੀ ਭੂਮਿਕਾ ਨਹੀਂ ਨਿਭਾਈ ਸੀ। ਨਾਟਕ ਜਦ ਖਤਮ ਹੋਇਆ ਤਾਂ ਏ.ਕੇ. ਹੰਗਲ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਸੰਜੀਵ ਦੀ ਜ਼ਬਰਦਸਤ ਕਾਮੇਡੀ ਵੇਖ ਕੇ



ਦਰਸ਼ਕਾਂ ਨੇ ਨਾ ਸਿਰਫ਼ ਦਿਲ ਖੋਲ੍ਹ ਤਾੜੀਆਂ ਹੀ ਵਜਾਈਆਂ ਸਗੋਂ ਖੜ੍ਹੇ ਹੋ ਕੇ ਉਸ ਦੀ ਅਦਾਕਾਰੀ ਨੂੰ ਸਨਮਾਨ ਵੀ ਦਿੱਤਾ। ਇਸੇ ਤਰ੍ਹਾਂ ਹੀ 1962 'ਚ ਜਦੋਂ ਪ੍ਰਸਿੱਧ ਫਿਲਮ ਕੰਪਨੀ 'ਰਾਜ ਸ੍ਰੀ ਪ੍ਰੋਡਕਸ਼ਨ' ਨੇ ਉਸ ਨੂੰ ਫਿਲਮ 'ਆਰਤੀ' ਲਈ ਮੀਨਾ ਕੁਮਾਰੀ ਨਾਲ ਲੈਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਸੰਜੀਵ ਨੂੰ 'ਸਕਰੀਨ ਟੈਸਟ' ਦੀ ਤਿਆਰੀ ਲਈ ਚਾਰ ਮਹੀਨਿਆਂ ਦਾ ਸਮਾਂ ਵੀ ਦਿੱਤਾ ਪਰ ਸੰਜੀਵ ਕੁਮਾਰ ਸਕਰੀਨ ਟੈਸਟ ਪਾਸ ਨਾ ਕਰ ਸਕਿਆ ਤੇ ਕੰਪਨੀ ਨੇ ਉਸ ਨੂੰ ਫਿਲਮ 'ਚੋਂ ਬਾਹਰ ਕਰ ਦਿੱਤਾ।

1960 ਵਿਚ ਫ਼ਿਲਮ 'ਹਮ ਹਿੰਦੁਸਤਾਨੀ' ਵਿਚ ਇਕ ਛੋਟੀ ਜਿਹੀ ਤੇ 1965 ਵਿਚ ਬਣੀ ਫ਼ਿਲਮ 'ਨਿਸ਼ਾਨ' ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਸੰਜੀਵ ਕੁਮਾਰ ਦੀ ਅਦਾਕਾਰੀ ਬਾਕਮਾਲ ਤੇ ਲਾਸਾਨੀ ਸੀ। ਸੰਨ 1968 ਵਿਚ ਫ਼ਿਲਮ 'ਸ਼ਿਕਾਰ' ਲਈ ਸਰਵ-ਸ੍ਰੇਸ਼ਟ ਸਹਾਇਕ ਅਭਿਨੇਤਾ 'ਦਸਤਕ' (1970) ਤੇ 'ਕੋਸ਼ਿਸ਼' (1973) ਲਈ ਸਰਵ-ਸ੍ਰੇਸ਼ਟ ਅਭਿਨੇਤਾ ਦਾ ਰਾਸ਼ਟਰੀ ਪੁਰਸਕਾਰ ਪ੍ਰਦਾਨ ਕੀਤੇ ਜਾਣ ਤੋਂ ਇਲਾਵਾ 'ਆਂਧੀ' (1976) ਤੇ 'ਅਰਜੁਨ ਪੰਡਿਤ' (1977) ਆਦਿ ਫ਼ਿਲਮਾਂ ਲਈ ਉਸ ਨੂੰ ਸਰਬੋਤਮ ਅਭਿਨੇਤਾ ਦਾ 'ਫ਼ਿਲਮ ਫੇਅਰ ਪੁਰਸਕਾਰ' ਵੀ ਪ੍ਰਦਾਨ ਕੀਤਾ ਗਿਆ ਸੀ। 'ਸ਼ੋਅਲੇ', 'ਤ੍ਰਿਸ਼ੂਲ', 'ਅੰਗੂਰ', 'ਕਾਤਿਲ ਕੌਨ', 'ਵਿਧਾਤਾ', 'ਪਰਿਚੈ', 'ਸੀਤਾ ਔਰ ਗੀਤਾ', 'ਜਾਨੀ ਦੁਸ਼ਮਨ' ਅਤੇ 'ਹੀਰੋ' ਉਸ ਦੇ ਕੈਰੀਅਰ ਦੀਆਂ ਬਿਹਤਰੀਨ ਫ਼ਿਲਮਾਂ ਸਨ। ਬੜੇ ਹੀ ਦੁੱਖ ਦੀ ਗੱਲ ਸੀ ਕਿ ਆਪਣੀ ਜ਼ਿੰਦਗੀ ਦੇ ਪੰਜਾਹ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਉਹ ਇਸ ਜਹਾਨ ਤੋਂ ਸਦਾ-ਸਦਾ ਲਈ ਤੁਰ ਗਿਆ ਸੀ।



# ਸੋਨਮ ਕਪੂਰ: ਨੋ ਚਮਚਾਗਿਰੀ

ਸੋਨਮ ਕਪੂਰ ਇਹ ਜਾਣਦੀ ਹੈ ਕਿ ਲੋਕਾਂ ਨੂੰ ਉਸ ਦਾ 'ਬਿੰਦਾਸਪੁਣਾ' ਪਸੰਦ ਨਹੀਂ ਪਰ ਉਹ ਮੁੜ ਬਾਜ ਨਹੀਂ ਆਉਂਦੀ। ਉਲਟਾ ਅਨਿਲ ਕਪੂਰ ਦੀ ਇਹ ਲਾਡਲੀ ਕਹਿ ਰਹੀ ਹੈ ਕਿ ਇਥੇ ਕਿਸੇ ਦੀਆਂ ਲੱਤਾਂ ਖਿੱਚਣ ਵਾਲੀ ਬਿਮਾਰੀ ਪੁਰਾਣੀ ਹੈ। ਆਪਣੇ ਫ਼ੈਸਲੇ ਖੁਦ ਲੈ ਰਹੀ ਸੋਨਮ ਉਸਾਰੂ ਸੋਚ ਰੱਖਦੀ ਹੈ। ਆਪਣੇ ਪੈਸਿਆਂ ਨਾਲ ਉਸ ਨੇ ਗੱਡੀ ਲਈ ਹੈ ਤੇ ਇਸ ਦੀਆਂ ਕਿਸ਼ਤਾਂ ਉਤਾਰ ਰਹੀ ਹੈ। ਮਾਣ ਨਾਲ ਮਿਸ ਕਪੂਰ ਕਹਿ ਰਹੀ ਹੈ ਕਿ ਮੇਰੀ ਮਾਂ ਨੇ ਸਾਨੂੰ ਵਿਗੜੀ ਔਲਾਦ ਨਹੀਂ ਬਣਨ ਦਿੱਤਾ। ਸਹੀ ਹੈ ਕਿਉਂਕਿ ਕਾਨਵੈਂਟਾਂ ਦੀ ਥਾਂ ਸੋਨਮ ਆਮ ਸਕੂਲ 'ਚ ਪੜ੍ਹੀ ਹੈ। ਅਣਖ ਵਾਲੀ ਸੋਨਮ ਕਿਸੇ ਦੀ ਚਮਚਾਗਿਰੀ ਨਹੀਂ ਕਰ ਸਕਦੀ। ਦੀਦੀ ਰੀਆ ਤੇ ਵੀਰੇ ਹਰਸ਼ਵਰਧਨ ਨਾਲ ਉਸ ਦਾ ਬਹੁਤ ਪਿਆਰ ਹੈ। ਘੁੰਮਣਾ ਫਿਰਨਾ, ਦੋਸਤੀ ਪਾਉਣੀ, ਕੈਂਡਲ ਨਾਈਟ ਡਿਨਰ ਕਰਨੇ ਤੇ ਨੈੱਟ 'ਤੇ ਚੈਟਿੰਗ ਸਭ ਕੁਝ ਸੋਨਮ ਕਰਦੀ ਹੈ। ਸੋਨਮ ਨੂੰ ਫੈਸ਼ਨ ਆਈ ਕਾਨ ਕਿਹਾ ਜਾ ਰਿਹਾ ਹੈ। ਸੋਨਮ ਨੂੰ ਦੁੱਖ ਹੈ ਕਿ ਬਾਲੀਵੁੱਡ ਔਰਤਾਂ ਦੀ ਜ਼ਿਆਦਾ ਨਹੀਂ ਸੁਣਦਾ। ਮੂੰਹ ਫਟ ਸੋਨਮ ਕਹਿ ਰਹੀ ਹੈ ਕਿ ਮੁੜ 'ਗਾਈਡ' ਤੇ 'ਚਾਂਦਨੀ' ਵਰਗੀਆਂ ਫ਼ਿਲਮਾਂ ਬਣਨਗੀਆਂ। ਰਣਬੀਰ ਕਪੂਰ ਦੇ ਸਬੰਧ 'ਚ ਜੋ ਉਸ ਨੇ ਟੀ.ਵੀ. ਤੇ ਕਿਹਾ ਉਸ 'ਤੇ ਉਹ ਅਟੱਲ ਹੈ। ਜ਼ੋਰ ਨਾਲ ਕਹਿੰਦੀ ਹੈ ਸੋਨਮ ਕਿ ਉਹ 'ਗਾਂਧੀ' ਨਹੀਂ ਕਿ ਇਕ ਗੱਲ੍ਹ 'ਤੇ ਚਪੇੜ ਵੱਜੀ ਤਾਂ ਦੂਸਰੀ ਅੱਗੇ ਕਰ ਦਿੱਤੀ।



ਨਵੀਂ ਉਮੀਦ ਨਵਾਂ ਇਨਕਲਾਬ ਆਓ ਸਿਰਜੀਏ ਨਵਾਂ ਪੰਜਾਬ
ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉਜੱੜੇ ਘਰਾਂ ਨੂੰ
ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ
PEOPLE'S PARTY OF PUNJAB
ਨਵੇਂ ਇਨਕਲਾਬ ਦੇ ਮੋਢੀ
ਸ. ਮਨਪ੍ਰੀਤ ਸਿੰਘ ਬਾਦਲ
ਨੂੰ ਸਮੁੱਚੇ ਮਿਡਵੈਸਟ ਅਤੇ ਨਿਊ ਯਾਰਕ
ਵਸਦੇ ਸਮੂਹ ਪੰਜਾਬੀਆਂ ਵਲੋਂ
ਨਿੱਘੀ ਜੀ ਆਇਆਂ
FRIDAY, 12TH AUGUST 2011
CHICAGO (IL)
Avalon Banquets
1905 East Higgins Rd. Elk Grove Village IL 60007
Timing : 7:00 PM
Contact : Darshan Singh Basraon 815-557-4991
Sarwan Singh Tiwana 219-670-4579
ਪਰਵਾਸੀ ਪੰਜਾਬੀਆਂ ਨੂੰ ਸਾਡਾ ਨਿੱਘਾ ਸੱਦਾ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਹਰਪਾਲ ਸਿੰਘ ਪੰਮਾ 269-420-8135
ਨਰਿੰਦਰ ਸਿੰਘ ਮੁੰਦਰ 269-615-0216
ਦਰਬਾਰਾ ਸਿੰਘ ਮਾਂਗਟ 269-267-9621
ਕਰਨ ਗਿੱਲ 734-612-9984
ਸਤਵੰਤ ਸਿੰਘ ਕਾਲੇਕਾ 414-737-0137
ਬੇਅੰਤ ਸਿੰਘ ਬੋਪਾਰਾਏ 414-349-3449
ਪਰਮਿੰਦਰ ਸਿੰਘ ਵਾਲੀਆ 847-477-1613
ਬੀਬੀ ਜਸਵੀਰ ਕੌਰ ਮਾਨ 847-890-2390
ਬਿੱਕਰ ਸਿੰਘ ਸੇਖੋਂ 414-687-8414
ਬੀਬੀ ਸੁਖਦੇਵ ਕੌਰ ਘੁਮਾਣ 224-595-8849
ਜਸਵੰਤ ਸਿੰਘ ਜੱਸਾ, ਨਿਊ ਯਾਰਕ 347-249-2473
ਜਰਨੈਲ ਸਿੰਘ ਗਿਲਜੀਆਂ 917-709-4663
ਸਰਵਣ ਸਿੰਘ ਟਿਵਾਣਾ 219-670-4579
ਦਰਸ਼ਨ ਸਿੰਘ ਬਸਰਾਓਂ 815-557-4991
ਸੰਨੀ ਕੁਲਾਰ 312-318-4428
ਬਲਜੀਤ ਸਿੰਘ ਸਿੱਧੂ 630-862-0941
ਹੈਪੀ ਹੀਰ 630-205-6575
ਜੈਰਾਮ ਸਿੰਘ ਕਾਹਲੋਂ 224-456-8096
ਜਗਮੀਤ ਸਿੰਘ 847-606-3664
ਦਰਸ਼ਨ ਸਿੰਘ ਦਰੜ 317-557-4278
ਰੇਸ਼ਮ ਸਿੰਘ ਫੋਰਟਵਿਨ 260-341-7667
ਪਰਮਿੰਦਰ ਸਿੰਘ ਗਰੇਵਾਲ, ਆਇਓਆ
ਰਾਣਾ ਸੇਖੋਂ
ਪੀ ਐਸ ਮਾਨ, ਮਿਜ਼ੌਰੀ
Party Co-ordinator: Bhagwant Mann, Tel:001-91-98159-23450, e-mail: bhagwantmann@gmail.com
Media Co-ordinator (Punjab): Arunjot Singh Sodhi Tel.: 001-91-9814100400, 9780900400 Email : arunjotsodhi@manpreetbadal.com
Head Office : # MLA Flat No. 9, Sector 3, Chandigarh (INDIA) Website : www.manpreetbadal.com Email : ppp@manpreetbadal.com
Designed & Printed by Quik Signs *661-703-8795 *661-900-7357

ਨਵੀਂ ਉਮੀਦ ਨਵਾਂ ਇਨਕਲਾਬ, ਆਓ ਸਿਰਜੀਏ ਨਵਾਂ ਪੰਜਾਬ

ਆਓ ਪੰਜਾਬ ਦੀ ਦਸ਼ਾ ਅਤੇ ਦਿਸ਼ਾ ਸੁਧਾਰਨ ਲਈ ਅਤੇ ਆਪਣੇ ਉਜੜੇ ਘਰਾਂ ਨੂੰ ਮੁੜ ਵਸਾਉਣ ਲਈ ਰਲ ਕੇ ਹੰਭਲਾ ਮਾਰੀਏ



Dr Navjot S. Dahyia

ਸਮੂਹ ਪੰਜਾਬੀਆਂ ਨੂੰ ਅਪੀਲ
ਨਵੇਂ ਇਨਕਲਾਬ ਦੇ ਮੋਢੀ
ਸ. ਮਨਪ੍ਰੀਤ ਸਿੰਘ ਬਾਦਲ ਨੂੰ
ਸੁਣਨ ਲਈ ਜ਼ਰੂਰ ਪਹੁੰਚੋ



ਜਾਰੀ ਕਰਤਾ:

**Dr Navjot S. Dahyia,**

Orthopaedic Surgeon, Johal Hospital Rama Mandi Jalandhar
Member Peoples Party of Punjab Vidhan Sahbha area Shakhot
Contact in US - Harpreet S. Dahyia 916-752-0178
Contact in India 98140-55576

ਬਚਾਓ ਪਰਵਾਸੀਓ ਪੰਜਾਬ ਆਪਣਾ, ਮਨਪ੍ਰੀਤ ਦਾ ਹੈ ਇਹੋ ਆਖਣਾ

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF | MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Indo American Cultural Org. (Bay Area)

# ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ

## 27 ਅਗਸਤ 2011

(ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ)

**Cal State University, Hayward, CA**
25800 Carlos Bee Blvd., Hayward, CA 94542





**Free Admission**

**Gadar Movement Exhibition**

**Enjoy Indian Food & Lots More.**

## Open & Under-21 Kabaddi ਓਪਨ ਅਤੇ ਅੰਡਰ 21 ਕਬੱਡੀ

Tournament organized under rules & regulations of USA Kabaddi Fedration

## Executive Committee

Avtar Singh Tari 510-750-5152
Kashmir Dhugga 510-816-9044
Manjeet S. Virk 510-676-8992
Mehnga S. Sarpanch 510-755-0767
Kamaljit Singh Atwal 510-750-4303
Bhupinder S. Parmar 510-305-8351

Davinder Singh 510-750-5757
Parkash Singh
Manjit S. Gill 510-415-2368
Jagwinder Singh (Biittu)
Sukhjit Sandhu (Sita)
Manjit Sandhu & Kuldip S. Shergill